# ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ:
## ਇੱਕ ਆਲੋਚਨਾਤਮਿਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ
ਵਿਖੇ
ਆਰਟਸ ਅਤੇ ਕਲਚਰ ਫ਼ੈਕਲਟੀ
ਅਧੀਨ
ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ
**ਖੋਜ-ਪ੍ਰਬੰਧ**
2013


ਨਿਗਰਾਨ | ਖੋਜਾਰਥੀ

ਡਾ. ਰਜਿੰਦਰ ਕੌਰ ਪਸਰੀਚਾ
ਪ੍ਰਿੰਸੀਪਲ,
ਸਰਕਾਰੀ ਕਾਲਜ ਲੜਕੀਆਂ,
ਪਟਿਆਲਾ।

ਮਨਵੀਰ ਕੌਰ

**ਸ. ਸੋਭਾ ਸਿੰਘ ਫ਼ਾਈਨ ਆਰਟਸ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ:
## ਇੱਕ ਆਲੋਚਨਾਤਮਿਕ ਅਧਿਐਨ



ਪੰਜਾਬੀ ਯੂਨੀਵਰਸਿਟੀ, ਪਟਿਆਲਾ
ਵਿਖੇ
ਆਰਟਸ ਅਤੇ ਕਲਚਰ ਫ਼ੈਕਲਟੀ
ਅਧੀਨ
ਪੀਐਚ.ਡੀ. ਡਿਗਰੀ ਲਈ ਪ੍ਰਸਤੁਤ
ਖੋਜ-ਪ੍ਰਬੰਧ


**ਮਨਵੀਰ ਕੌਰ**

**ਸ. ਸੋਭਾ ਸਿੰਘ ਫ਼ਾਈਨ ਆਰਟਸ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**


**2013**

ਸਮਰਪਿਤ

ਅਕਾਲ ਪੁਰਖ ਵਾਹਿਗੁਰੂ ਜੀ ਨੂੰ

# ਪ੍ਰਮਾਣ ਪੱਤਰ

**ਪ੍ਰ**ਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਮਨਵੀਰ ਕੌਰ ਨੇ **"ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ : ਇੱਕ ਆਲੋਚਨਾਤਮਿਕ ਅਧਿਐਨ"** ਵਿਸ਼ੇ ਉਤੇ ਪੀਐਚ.ਡੀ. ਦਾ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਖੋਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤਿਫਲ ਹੈ। ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਕਿਸੇ ਵੀ ਯੂਨੀਵਰਸਿਟੀ ਵਿੱਚ, ਕਿਸੇ ਹੋਰ ਡਿਗਰੀ ਲਈ ਪ੍ਰਸਤੁਤ ਨਹੀਂ ਕੀਤਾ ਗਿਆ। ਮੈਂ ਇਸ ਖੋਜ-ਪ੍ਰਬੰਧ ਨੂੰ ਪੀਐਚ.ਡੀ. ਦੀ ਡਿਗਰੀ ਲਈ ਪੂਰੀ ਤਰ੍ਹਾਂ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਲਈ ਪ੍ਰਸਤੁਤ ਕਰਨ ਵਾਸਤੇ ਸਿਫ਼ਾਰਸ਼ ਕਰਦੀ ਹਾਂ।

**ਨਿਗਰਾਨ**

ਮਿਤੀ:

(ਡਾ. ਰਜਿੰਦਰ ਕੌਰ ਪਸਰੀਚਾ)
ਪ੍ਰਿੰਸੀਪਲ,
ਸਰਕਾਰੀ ਕਾਲਜ ਲੜਕੀਆਂ,
ਪਟਿਆਲਾ।

# ਘੋਸ਼ਣਾ ਪੱਤਰ

**ਮੈਂ** ਬਿਆਨ ਕਰਦੀ ਹਾਂ ਕਿ **"ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ : ਇੱਕ ਆਲੋਚਨਾਤਮਿਕ ਅਧਿਐਨ"** ਵਿਸ਼ੇ ਉਤੇ ਪੀਐਚ.ਡੀ. ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਖੋਜ-ਪ੍ਰਬੰਧ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ ਅਤੇ ਇਸ ਵਿੱਚ ਕੋਈ ਹੋਰ ਭਾਈਵਾਲ ਨਹੀਂ ਹੈ। ਇਸ ਖੋਜ-ਪ੍ਰਬੰਧ ਨੂੰ ਪਹਿਲਾਂ ਕਿਸੇ ਡਿਗਰੀ ਲਈ ਕਿਸੇ ਹੋਰ ਯੂਨੀਵਰਸਿਟੀ ਵਿੱਚ ਪੇਸ਼ ਨਹੀਂ ਕੀਤਾ ਗਿਆ।

**ਨਿਗਰਾਨ** **ਖੋਜਾਰਥੀ**

(ਡਾ. ਰਜਿੰਦਰ ਕੌਰ ਪਸਰੀਚਾ) (ਮਨਵੀਰ ਕੌਰ)
ਪ੍ਰਿੰਸੀਪਲ,
ਸਰਕਾਰੀ ਕਾਲਜ ਲੜਕੀਆਂ,
ਪਟਿਆਲਾ।

# ਪ੍ਰਸਤਾਵਨਾ

# ਪ੍ਰਸਤਾਵਨਾ

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ : ਇੱਕ ਆਲੋਚਨਾਤਮਿਕ ਅਧਿਐਨ ਮੇਰੇ ਖੋਜ-ਪ੍ਰਬੰਧ ਦਾ ਵਿਸ਼ਾ ਹੈ। ਇਸ ਖੋਜ ਰਾਹੀਂ ਮੇਰਾ ਮੁੱਖ ਮੰਤਵ ਪੰਜਾਬ ਦੀ ਕੰਧ ਚਿੱਤਰਕਾਰੀ ਦੀ ਕਲਾ ਦੇ ਉੱਘੇ ਕੇਂਦਰ ਗੁਰਦੁਆਰਾ ਪੋਥੀਮਾਲਾ, ਕਸਬਾ ਗੁਰੂ ਹਰਸਹਾਇ, ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਚਿੱਤਰੇ ਕੰਧ-ਚਿੱਤਰ ਜੋ ਕਿ ਅਜੇ ਤੱਕ ਅਣਛੂਹੇ ਹਨ, ਦਾ ਡੂੰਘਾ ਅਧਿਐਨ ਕੀਤਾ ਗਿਆ ਹੈ। ਇਹਨਾਂ ਚਿੱਤਰਾਂ ਦਾ ਪੰਜਾਬ ਦੇ ਕਲਾ-ਜਗਤ ਵਿੱਚ ਇੱਕ ਵਿਸ਼ੇਸ਼ ਸਥਾਨ ਹੈ। ਗੁਰੂ ਹਰਸਹਾਇ ਨਗਰ ਦੀ ਨੀਂਹ ਗੁਰੂ ਰਾਮ ਦਾਸ ਜੀ ਦੇ ਵੰਸ਼ਜ ਸੋਢੀ ਪਰਿਵਾਰ ਵੱਲੋਂ ਰੱਖੀ ਗਈ ਸੀ। ਸੋਢੀ ਪਰਿਵਾਰ ਕੋਲ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਇੱਕ ਪੋਥੀ ਅਤੇ ਮਾਲਾ ਸੀ, ਜਿਸਦੇ ਲਈ ਇਹਨਾਂ ਨੇ ਇੱਥੇ ਇੱਕ ਇਮਾਰਤ ਬਣਵਾਈ ਜਿਸਦਾ ਨਾਮ ‘ਗੁਰਦੁਆਰਾ ਪੋਥੀਮਾਲਾ’ ਰੱਖਿਆ ਗਿਆ। ਇਮਾਰਤ ਅੰਦਰ ਵੱਡੀ ਗਿਣਤੀ ਵਿੱਚ ਜੋ ਕੰਧ-ਚਿੱਤਰ ਬਣਵਾਏ ਗਏ ਉਹ ਪੰਜਾਬੀ ਸਭਿਆਚਾਰ ਦੇ ਲਗਭਗ ਹਰ ਵਿਸ਼ੇ ਨੂੰ ਛੂੰਹਦੇ ਸਨ, ਇਸ ਲਈ ਇਹ ਛੇਤੀ ਹੀ ਚਰਚਾ ਦਾ ਵਿਸ਼ਾ ਬਣ ਗਏ, ਜਿਸ ਕਾਰਨ ਇਹਨਾਂ ਨੂੰ ਦੇਖਣ ਅਤੇ ਘੋਖਣ ਲਈ ਅਨੇਕਾਂ ਕਲਾ-ਪ੍ਰੇਮੀ ਅਤੇ ਆਲੋਚਕ ਇੱਥੇ ਆਉਂਦੇ ਰਹੇ ਪਰ ਇਹਨਾਂ ਦਾ ਸੁਚੱਜਾ ਮੁਲਾਂਕਣ ਨਹੀ ਹੋਇਆ। ਇਸੇ ਲਈ ਮੈਂ ਇਹਨਾਂ ਕੰਧ-ਚਿੱਤਰਾਂ ਨੂੰ ਆਪਣੇ ਖੋਜ-ਕਾਰਜ ਲਈ ਚੁਣਿਆ। ਇਸ ਖੋਜ-ਕਾਰਜ ਦੌਰਾਨ ਪਤਾ ਲੱਗਾ ਕਿ ਉਕਤ ਵਰਣਿਤ ਵਿਸ਼ੇ ਬਾਰੇ ਖੋਜ-ਸਮਗਰੀ ਦੀ ਕਾਫ਼ੀ ਘਾਟ ਹੈ, ਕਿਉਂਕਿ ਕੁਝ ਇੱਕ ਪੁਸਤਕਾਂ ਹੀ ਮਿਲਦੀਆਂ ਹਨ ਜਿਹਨਾਂ ਵਿੱਚ ਇਸ ਬਾਰੇ ਕਾਫ਼ੀ ਘੱਟ ਲਿਖਿਆ ਮਿਲਦਾ ਹੈ। ਚੋਖੀ ਮਿਹਨਤ ਬਾਅਦ ਹੀ ਇਹ ਸਮੱਗਰੀ ਪ੍ਰਾਪਤ ਹੋ ਸਕੀ ਹੈ, ਜਿਸਨੂੰ ਅਧਾਰ ਬਣਾਕੇ ਅਤੇ ਆਪਣੇ ਅਧਿਐਨ ਤੋਂ ਇਹ ਆਖਿਆ ਜਾ ਸਕਦਾ ਹੈ ਕਿ ਇਸਦੇ ਕਲਾਤਮਿਕ ਪੱਖ ਦੀਆਂ ਕਈ ਦਿਸ਼ਾਂਵਾਂ ਉਜਾਗਰ ਹੋ ਸਕਣ ਦੀ ਪੂਰਨ ਸੰਭਾਵਨਾ ਹੈ।

ਇਸ ਖੋਜ-ਪ੍ਰਬੰਧ ਨੂੰ ਪੰਜ ਅਧਿਆਇਵਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਪੰਜਾਬ ਦੇ ਕੰਧ-ਚਿੱਤਰਾਂ ਦੇ ਇਤਿਹਾਸਕ ਪਿਛੋਕੜ ਬਾਰੇ ਵਿਚਾਰ ਕਰਦਿਆਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਪੰਜਾਬ ਵਿੱਚ ਕੰਧ-ਚਿੱਤਰਾਂ ਦੀ ਪਰੰਪਰਾ ਬਹੁਤ ਪੁਰਾਣੀ ਹੈ ਪਰ ਸਿੱਖ ਰਾਜ ਦੇ ਦੌਰਾਨ ਇਹ ਆਪਣੇ ਜੋਬਨ ਤੇ ਆਈ। ਸਿੱਖ ਰਾਜ-ਕਾਲ ਸਮੇਂ ਪੰਜਾਬ ਦੇ ਵੱਖ-ਵੱਖ ਖੇਤਰਾਂ ਜਿਵੇਂ ਪਟਿਆਲਾ, ਹੁਸ਼ਿਆਰਪੁਰ, ਬਟਾਲਾ, ਫ਼ਰੀਦਕੋਟ, ਫ਼ਿਰੋਜ਼ਪੁਰ, ਆਦਿ ਇਲਾਕਿਆਂ ਵਿੱਚ ਹੋਈ ਕੰਧ-ਚਿੱਤਰਕਾਰੀ ਦਾ ਵਰਣਨ ਕੀਤਾ ਗਿਆ ਹੈ।

ਦੂਜੇ ਅਧਿਆਇ ਵਿਚ ਫ਼ਿਰੋਜ਼ਪੁਰ ਅਤੇ ਗੁਰਦੁਆਰਾ ਪੋਥੀਮਾਲਾ, ਕਸਬਾ ਗੁਰੂ ਹਰਸਹਾਇ ਦੇ ਇਤਿਹਾਸਕ ਪਿਛੋਕੜ ਬਾਰੇ ਜਾਣਕਾਰੀ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਸੋਢੀ ਵੰਸ਼ ਦਾ ਪਿਛੋਕੜ, ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਬਾਬਾ ਪ੍ਰਿਥੀ ਚੰਦ ਨਾਲ ਜੁੜਦੀ ਵੰਸ਼ਾਵਲੀ, ਗੁਰੂ ਹਰਸਹਾਇ ਵਸਾਉਣਾ, ਗੁਰੂ ਨਾਨਕ ਸਾਹਿਬ ਦੀ ਪੋਥੀ ਅਤੇ ਮਾਲਾ ਲਈ ਇਮਾਰਤ ਬਣਾਉਣ ਦਾ ਵਰਣਨ ਹੈ। ਫਿਰ ਇਸ ਇਮਾਰਤ ਦੀ ਭਵਨ-ਨਿਰਮਾਣ ਕਲਾ ਬਾਰੇ ਚਰਚਾ ਕੀਤੀ ਗਈ ਹੈ।

ਤੀਸਰੇ ਅਧਿਆਇ ਵਿੱਚ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੇ ਵਿਸ਼ੇ ਵਸਤੂ ਨੂੰ ਬਿਆਨ ਕੀਤਾ ਗਿਆ ਹੈ। ਹਿੰਦੂ ਵਿਸ਼ੇ, ਸਿੱਖ ਵਿਸ਼ੇ, ਲੋਕ-ਪ੍ਰੇਮ-ਗਾਥਾਵਾਂ ਆਦਿ ਵਿੱਚ ਵੰਡ ਕੇ ਇਨ੍ਹਾਂ ਚਿੱਤਰਾਂ ਦਾ ਵਰਗੀਕਰਨ ਅਤੇ ਮੁਲਾਂਕਣ ਕੀਤਾ ਗਿਆ ਹੈ।

ਚੌਥੇ ਅਧਿਆਇ ਵਿੱਚ ਕੰਧ-ਚਿੱਤਰਾਂ ਨਾਲ ਸਬੰਧਤ ਸਮੱਗਰੀ, ਨਿਰਮਾਣ ਵਿਧੀ ਅਤੇ ਕੰਧ-ਚਿੱਤਰਾਂ ਦਾ ਕਲਾਤਮਿਕ ਅਧਿਐਨ ਕੀਤਾ ਗਿਆ ਹੈ। ਪੰਜਾਬ ਵਿੱਚ ਪ੍ਰਾਪਤ ਕੰਧ-ਚਿੱਤਰਾਂ ਦੀ ਨਿਰਮਾਣ-ਵਿਧੀ ਨੂੰ ਤਕਨੀਕੀ ਪੱਖ ਤੋਂ ਵੰਡ ਕੇ ਵਿਚਾਰਿਆ ਹੈ ਅਤੇ

ਪ੍ਰਾਪਤ ਸਮੱਗਰੀ ਦਾ ਕਲਾਤਮਿਕ ਅਤੇ ਸੁਹਜਾਤਮਿਕ ਪੱਖਾਂ ਤੋਂ ਅਧਿਐਨ ਕੀਤਾ ਗਿਆ ਹੈ।

ਪੰਜਵੇਂ ਅਧਿਆਇ ਵਿਚ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦਾ ਪੰਜਾਬ ਵਿੱਚ ਪ੍ਰਾਪਤ ਹੋਰ ਸਥਾਨਾਂ ਦੇ ਕੰਧ-ਚਿੱਤਰਾਂ ਨਾਲ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ ਅਤੇ ਇਹਨਾਂ ਦੀ ਵਿਸ਼ੇਸ਼ਤਾ ਦਾ ਵਰਣਨ ਕੀਤਾ ਹੈ।

ਮੇਰਾ ਇਹ ਖੋਜ-ਕਾਰਜ ਸ਼ਾਇਦ ਕਦੀ ਵੀ ਪੂਰਾ ਨਾ ਹੋ ਸਕਦਾ ਜੇ ਹਰ ਪੜਾਅ ’ਤੇ ਮੈਨੂੰ ਮੇਰੇ ਮਾਤਾ-ਪਿਤਾ, ਵੀਰ ਜੀ, ਦੋਸਤਾਂ ਅਤੇ ਮੇਰੇ ਪਿਆਰੇ ਵਿਦਿਆਰਥੀਆਂ ਵੱਲੋਂ ਸਹਿਯੋਗ ਨਾ ਮਿਲਦਾ। ਮੈਂ ਵਿਸ਼ੇਸ਼ ਕਰਕੇ ਆਪਣੇ ਅਧਿਆਪਕਾਂ ਦਾ ਤਹਿ-ਦਿਲੋਂ ਧੰਨਵਾਦ ਕਰਦੀ ਹਾਂ ਜਿਨ੍ਹਾਂ ਦੇ ਅਸ਼ੀਰਵਾਦ ਸਦਕਾ ਅਤੇ ਯੋਗ ਅਗਵਾਈ ਕਾਰਨ ਮੈਂ ਆਪਣੇ ਖੋਜ-ਕਾਰਜ ਨੂੰ ਅੰਤਿਮ ਰੂਪ ਦੇਣ ਵਿਚ ਸਫਲ ਹੋ ਸਕੀ ਹਾਂ। ਮੈਂ ਆਪਣੇ ਬਹੁਤ ਹੀ ਅਜ਼ੀਜ਼ ਦੋਸਤਾਂ ਦਾ ਵੀ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਪ੍ਰਤੱਖ-ਅਪ੍ਰਤੱਖ ਰੂਪ ਵਿੱਚ ਮੇਰੀ ਸਹਾਇਤਾ ਕੀਤੀ। ਮੈਂ ਧੰਨਵਾਦੀ ਹਾਂ ਡਾ. ਸਰੋਜ ਚਮਨ, ਡਾ. ਗੁਰਮੁਖ ਸਿੰਘ, ਡਾ. ਸੁਭਾਸ਼ ਪਰਿਹਾਰ, ਸ. ਸੰਤੋਖ ਸਿੰਘ ਸ਼ਹਿਰਯਾਰ, ਸਵ: ਏ.ਸੀ. ਸਾਗਰ, ਡਾ. ਐੱਸ.ਕੇ. ਖੁਸ਼ਵਾਹਾ ਆਦਿ ਜਿਨ੍ਹਾਂ ਦੀ ਅਗਵਾਈ ਨੇ ਖੋਜ-ਕਾਰਜ ਨੂੰ ਅੰਤਿਮ ਰੂਪ ਪ੍ਰਦਾਨ ਕਰਨ ਵਿਚ ਮੇਰੀ ਭਰਪੂਰ ਸਹਾਇਤਾ ਕੀਤੀ।

ਮੈਂ ਮਾਤਾ ਗੁਜਰੀ ਕਾਲਜ, ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਪ੍ਰਿੰਸੀਪਲ ਡਾ.ਜਤਿੰਦਰ ਸਿੰਘ ਸਿੱਧੂ, ਵਿਦਿਆਰਥੀਆਂ ਅਤੇ ਸਮੂਹ ਸਟਾਫ਼, ਸੈਂਟਰਲ ਸਟੇਟ ਲਾਇਬ੍ਰੇਰੀ ਪਟਿਆਲਾ, ਦੀ ਵੀ ਰਿਣੀ ਹਾਂ, ਜਿਨ੍ਹਾਂ ਨੇ ਹਰ ਸਮੇਂ ਮੇਰੀ ਸਹਾਇਤਾ ਕੀਤੀ।

ਮੈਂ ਆਪਣੀ ਨਿਗਰਾਨ ਡਾ.ਰਜਿੰਦਰ ਕੌਰ ਪਸਰੀਚਾ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਪ੍ਰਗਟ ਕਰਦੀ ਹਾਂ ਕਿਉਂਕਿ ਉਨ੍ਹਾਂ ਦੀ ਯੋਗ ਅਗਵਾਈ ਹੇਠ ਮੈਂ ਆਪਣਾ

ਕਾਰਜ ਸੰਪੰਨ ਕੀਤਾ ਅਤੇ ਸਮੇਂ-ਸਮੇਂ 'ਤੇ ਮਿਲੀ ਸਲਾਹ ਤੋਂ ਖੋਜ-ਕਾਰਜ ਦੀ ਸ਼ੈਲੀ ਬਾਰੇ ਬਹੁਤ ਕੁੱਝ ਸਿੱਖਿਆ।

ਮੇਰਾ ਇਹ ਖੋਜ-ਪ੍ਰਬੰਧ ਇਸ ਵਿਸ਼ੇ ਬਾਰੇ ਪ੍ਰਥਮ ਯਤਨ ਹੈ ਜਿਸ ਕਾਰਨ ਇਸ ਵਿੱਚ ਕਮੀਆਂ ਰਹਿਣ ਦੀ ਸੰਭਾਵਨਾ ਹੈ ਪਰ ਮੈਂ ਆਪਣੀ ਸਮਰੱਥਾ ਅਨੁਸਾਰ ਪੂਰੀ ਸੁਹਿਰਦਤਾ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਦਾ ਯਤਨ ਕੀਤਾ ਹੈ।

ਹਰ ਪ੍ਰਕਾਰ ਦੇ ਸਹਿਯੋਗ ਲਈ ਸਭ ਮਿਹਰਬਾਨਾਂ ਦਾ ਹਾਰਦਿਕ ਧੰਨਵਾਦ ਕਰਦੀ ਹਾਂ।

ਖੋਜਾਰਥੀ

**ਮਨਵੀਰ ਕੌਰ**

# ਤਤਕਰਾ


| | ਪੰਨਾ |
|---|---|
| **ਪ੍ਰਸਤਾਵਨਾ** | **iv-vii** |
| **ਅਧਿਆਇ-ਪਹਿਲਾ** | |
| ਪੰਜਾਬ ਦੇ ਕੰਧ-ਚਿੱਤਰਾਂ ਦਾ ਇਤਿਹਾਸਕ ਪਿਛੋਕੜ | 1-32 |
| **ਅਧਿਆਇ-ਦੂਜਾ** | |
| ਫ਼ਿਰੋਜ਼ਪੁਰ ਅਤੇ ਗੁਰਦੁਆਰਾ ਪੋਥੀਮਾਲਾ, ਗੁਰੂ ਹਰਸਹਾਇ ਦਾ ਇਤਿਹਾਸਕ ਪਿਛੋਕੜ | 33-57 |
| **ਅਧਿਆਇ-ਤੀਜਾ** | |
| ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦਾ ਵਿਸ਼ਾ-ਵਸਤੂ | 58-116 |
| **ਅਧਿਆਇ-ਚੌਥਾ** | |
| ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੀ ਨਿਰਮਾਣ ਵਿਧੀ ਅਤੇ ਕਲਾਤਮਿਕ ਅਧਿਐਨ | 117-166 |
| **ਅਧਿਆਇ-ਪੰਜਵਾਂ** | |
| ਤੁਲਨਾਤਮਕ ਅਧਿਐਨ | 167-188 |
| **ਨਿਚੋੜ** | 189-195 |
| **ਚਿੱਤਰਾਂ ਦੀ ਸੂਚੀ** | 196-205 |
| **ਚਿੱਤਰ** | 206-410 |
| **ਪੁਸਤਕ-ਸੂਚੀ** | 411-421 |




◯ GuruHarsahai.




GuruHarsahai.



ਗੁਰਦੁਆਰਾ ਪੋਥੀਮਾਲਾ ਵਿਖੇ ਬਾਬਾ ਪ੍ਰਿਥੀਚੰਦ ਦੇ ਪ੍ਰੀਵਾਰ ਨੂੰ ਬਖ਼ਸ਼ਿਸ਼ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਨਿਸ਼ਾਨੀਆਂ (ਪੋਥੀ, ਮਾਲਾ ਅਤੇ ਪਦਮ)। ਇਸ ਸਮੇਂ ਪ੍ਰੀਵਾਰ ਕੋਲ ਪਦਮ ਅਤੇ ਮਾਲਾ ਦੇ ਕੁੱਝ ਮਣਕੇ ਹੀ ਹਨ। ਇਹ ਤਸਵੀਰ ਸੰਬੰਧਤ ਪ੍ਰੀਵਾਰ ਕੋਲੋਂ ਲਈ ਗਈ।

# ਅਧਿਆਇ-ਪਹਿਲਾ

# ਪੰਜਾਬ ਦੇ ਕੰਧ-ਚਿੱਤਰਾਂ ਦਾ ਇਤਿਹਾਸਕ ਪਿਛੋਕੜ

ਪੰਜਾਬ, ਉੱਤਰ-ਪੱਛਮੀ ਭਾਰਤ ਦਾ ਇਕ ਵੱਡਾ ਅਤੇ ਮਹੱਤਵਪੂਰਨ ਰਾਜ ਹੈ। ਇਸ ਦੀ ਸਰਹੱਦ ਉੱਤਰ ਵਿੱਚ ਜੰਮੂ ਅਤੇ ਕਸ਼ਮੀਰ, ਉੱਤਰ-ਪੂਰਬ ਵਿੱਚ ਹਿਮਾਚਲ ਪ੍ਰਦੇਸ਼, ਦੱਖਣ-ਪੂਰਬ ਵਿੱਚ ਹਰਿਆਣਾ, ਦੱਖਣ-ਪੱਛਮ ਵਿੱਚ ਰਾਜਸਥਾਨ ਅਤੇ ਪੱਛਮ ਵਿੱਚ ਪਾਕਿਸਤਾਨੀ ਪੰਜਾਬ ਨਾਲ ਲਗਦੀ ਹੈ । ਪੰਜਾਬ ਸ਼ਬਦ, ਫ਼ਾਰਸੀ ਦੇ ਦੋ ਸ਼ਬਦਾਂ ਪੰਜ ਅਤੇ ਆਬ ਤੋਂ ਮਿਲ ਕੇ ਬਣਿਆ ਜਿਸਦਾ ਅਰਥ ਹੈ- ਪੰਜ ਪਾਣੀਆਂ ਜਾਂ ਪੰਜ ਦਰਿਆਵਾਂ ਦੀ ਧਰਤੀ। ਇਹ ਪੰਜ ਦਰਿਆ ਹਨ : ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜਿਹਲਮ। ਇਹ ਪ੍ਰਾਚੀਨ ਸਭਿਅਤਾਵਾਂ ਵਿੱਚੋਂ ਇੱਕ ਸੱਭਿਅਤਾ ਦਾ ਪੰਘੂੜਾ ਹੈ, ਜੋ ਪੰਜਾਹ ਹਜ਼ਾਰ ਸਾਲ ਪਹਿਲਾਂ ਵਿਕਸਿਤ ਹੋਈ, ਜਿਸਨੂੰ ਪ੍ਰਸਿੱਧ ਸਿੰਧੂ ਘਾਟੀ ਸਭਿਅਤਾ ਵੱਜੋਂ ਜਾਣਿਆ ਜਾਂਦਾ ਸੀ। ਰਿਗਵੇਦ-ਕਾਲ ਦੌਰਾਨ ਇਸ ਭੂ-ਖੰਡ ਨੂੰ ਸਪਤ-ਸਿੰਧੂ ਆਖਿਆ ਜਾਂਦਾ ਸੀ, ਭਾਵ ਸੱਤ ਦਰਿਆਵਾਂ ਦੀ ਧਰਤੀ। ਯੂਨਾਨੀ ਇਸਨੂੰ ‘ਪੈਂਟਾਪੋਟਾਮੀਆ’ ਆਖਦੇ ਸਨ। ਪੈਂਟਾਂ ਦਾ ਅਰਥ ਹੈ ਪੰਜ, ਤੇ ਪੋਟਾਮੀਆ ਦਾ ਅਰਥ ਹੈ ਦਰਿਆ[1]।ਪੰਜਾਬ ਦੇ ਕਈ ਸਥਾਨਾਂ ਤੇ ਪੁਰਾਤੱਤਵੀ ਖੁਦਾਈ ਤੋਂ ਇਹ ਪਤਾ ਲੱਗਾ ਹੈ ਕਿ ਪੰਜਾਬ ਦੇ ਪ੍ਰਾਚੀਨ ਨਿਵਾਸੀ ਲਗਭਗ ਸਾਰੇ ਹੀ ਮੂਲ ਤੱਤਾਂ ਤੋਂ ਪਰਿਚਿਤ ਸਨ ਜੋ ਸਭਿਆਚਾਰ ਦੀ ਸਿਰਜਣਾ ਕਰਦੇ ਹਨ, ਜਿਹਨਾਂ ਵਿੱਚ ਨਗਰ ਯੋਜਨਾਬੰਦੀ, ਭਵਨ-ਕਲਾ, ਬੁੱਤ-ਤਰਾਸ਼ੀ ਅਤੇ ਚਿੱਤਰਕਲਾ ਆਦਿ ਆਉਂਦੇ ਹਨ। ਰਾਜਨੀਤਿਕ ਕਾਰਨਾਂ ਕਰਕੇ ਪੰਜਾਬ ਹੁਣ ਤੱਕ ਕਈ ਭਾਗਾਂ ਵਿੱਚ ਵੰਡਿਆ ਗਿਆ ਰਾਜ ਹੈ। 1947 ਵਿੱਚ ਭਾਰਤ ਦੀ ਵੰਡ ਦੇ ਸਿੱਟੇ ਵੱਜੋਂ ਪਹਿਲਾਂ ਇਸਨੂੰ ਪੱਛਮੀ ਪੰਜਾਬ (ਹੁਣ ਪਾਕਿਸਤਾਨ) ਤੇ ਪੂਰਬੀ ਪੰਜਾਬ ਵਿੱਚ ਵੰਡਿਆ ਗਿਆ। ਪ੍ਰਾਚੀਨ ਪੰਜਾਬ ਦੇ ਇਤਿਹਾਸ ਦਾ ਉੱਤਰਕਾਲੀਨ ਇਤਿਹਾਸ ਇੱਕ ਸ਼ਾਨਦਾਰ ਕਾਲ ਦੀ ਦੱਸ ਪਾਉਂਦਾ ਹੈ, ਜਿਸ ਵਿੱਚ ਇੱਥੋਂ ਦੇ ਨਿਵਾਸੀ ਸਭਿਆਚਾਰ ਤੇ ਯੁੱਧਕਲਾ ਵਿੱਚ ਨਿਪੁੰਨਤਾ ਪੱਖੋਂ ਸਿਖਰਾਂ ਨੂੰ ਛੂੰਹਦੇ ਸਨ। ਪੰਜਾਬ ਸਦੀਵ-ਕਾਲ ਤੋਂ ਹੀ ਰਿਸ਼ੀਆਂ, ਅਵਤਾਰਾਂ, ਪੀਰਾਂ, ਗੁਰੂਆਂ, ਸ਼ਹੀਦਾਂ ਤੇ ਸੁਤੰਤਰਤਾ ਸੰਗਰਾਮੀਆਂ ਦੀ ਧਰਤੀ ਰਿਹਾ ਹੈ।[2] ਮੌਖਿਕ ਰਵਾਇਤਾਂ ਅਨੁਸਾਰ ਰਾਮਾਇਣ ਦੇ ਸ਼੍ਰੀ ਰਾਮ ਨੇ ਘੜਾਮ (ਹੁਣ ਪਟਿਆਲਾ ਜ਼ਿਲ੍ਹੇ ਵਿੱਚ ਹੈ ਅਤੇ ਪੁਰਾਤਨ ਰਿਵਾਇਤ ਅਨੁਸਾਰ ਅਯੁਧਿਆ ਨਿਵਾਸੀ ਰਾਮਚੰਦਰ ਦੇ ਨਾਨਕਿਆਂ ਦਾ ਪਿੰਡ ਸੀ।) ਵਿੱਚ ਜਨਮ ਲਿਆ।[3] ਸਵਰਗੀ ਸ਼੍ਰੀ

---

1 **Gupta., S.P. (Dr.).** (2004). *The Punjab (An overview)*, Ess Pee Publication, Chandigarh, p.1

2 ***Punjab-The Possible Dream***, (1976). Punjab Public Relation Dept., p.1

3. Punjab Govt. Phulkian States Gazetteer (Vol. XVII) (1909), Lahore, p.194

ਧਨੀ ਰਾਮ ਚਾਤ੍ਰਿਕ ਨੇ ਪੰਜਾਬ ਨੂੰ 'ਭਾਰਤ ਦਾ ਛਤਰ' ਆਖਿਆ।[4] ਭਾਰਤ ਵਿੱਚ ਮਾਨਵ ਵਸੇਬੇ ਦਾ ਧੁਰਾ ਖੋਜ, ਸਭ ਤੋਂ ਪਹਿਲਾਂ ਪੰਜਾਬ, ਜੋ ਅੱਜ ਤੋਂ ਪੰਜ ਤੋਂ ਛੇ ਲੱਖ ਵਰ੍ਹੇ ਪਹਿਲਾਂ ਸੋਨ ਘਾਟੀ, ਸਿੰਧੂ ਤੇ ਜਿਹਲਮ ਦਰਿਆਵਾਂ ਦੇ ਦਰਮਿਆਨ ਸੀ, ਮਿਲਦਾ ਹੈ।[5]

ਮਾਨਵ ਦੇ ਆਰੰਭਿਕ ਜੀਵਨ, ਉਸਦੇ ਵਿਕਾਸ ਅਤੇ ਸੱਭਿਅਤਾ ਦਾ ਗਿਆਨ ਸਾਨੂੰ ਕਲਾ ਨੇ ਹੀ ਕਰਾਇਆ ਹੈ। ਕਲਾ ਦੀ ਵਿਆਖਿਆ ਵੱਖੋ-ਵੱਖ ਸਮਿਆਂ ਵਿੱਚ ਵੱਖੋ-ਵੱਖਰੇ ਢੰਗਾਂ ਨਾਲ ਕੀਤੀ ਜਾਂਦੀ ਰਹੀ ਹੈ। ਪੁਰਾਣੇ ਗ੍ਰੰਥਾਂ ਵਿੱਚ ਕਲਾ ਦੀ ਵਿਆਖਿਆ ਅਤੇ ਕਲਾ ਦਾ ਰੂਪ ਢੰਗ, ਅੱਜ ਦੀ ਕਲਾ ਵਿਆਖਿਆ ਤੇ ਰੂਪ ਢੰਗ ਨਾਲੋਂ ਬਹੁਤ ਭਿੰਨ ਹੈ। ਪੁਰਾਤਨ ਗ੍ਰੰਥਾਂ ਅਨੁਸਾਰ ਕਲਾ ਨੂੰ ਕੇਵਲ ਵਸਤਾਂ ਨੂੰ ਸੁੰਦਰ ਬਣਾਉਣ ਦਾ ਸਾਧਨ ਜਾਂ ਹੱਥ ਕੌਸ਼ਲਤਾ ਦਾ ਦਰਜਾ ਹੀ ਦਿੱਤਾ ਗਿਆ ਹੈ। 400 ਈ: ਪੂ: ਵਿੱਚ ਕੌਟੱਲਿਆ ਨੇ ਕਲਾ ਨੂੰ ਦੋ ਮੁੱਖ ਰੂਪਾਂ ਵਿੱਚ ਵੰਡਿਆ ਹੈ (1) ਉਪਯੋਗਤਾਵਾਦੀ ਕਲਾ-ਜਿਸ ਵਿੱਚ ਕੇਵਲ ਉਪਯੋਗਤਾ ਨੂੰ ਹੀ ਵਧੇਰੇ ਮਹੱਤਤਾ ਦਿੱਤੀ ਜਾਂਦੀ ਸੀ। (2) ਲਲਿਤ ਕਲਾ- ਇਸ ਖੇਤਰ ਵਿੱਚ ਆਰਥਿਕ ਅਤੇ ਸਮਾਜਿਕ ਉਪਯੋਗਤਾ ਦੇ ਨਾਲ-ਨਾਲ ਕੋਮਲਤਾ, ਸੂਖਮਤਾ, ਨਾਜ਼ੁਕਤਾ, ਸੁਹੱਪਣ ਅਤੇ ਮਨੋਰੰਜਨ, ਸੂਖਮ ਤੱਤ ਰੱਖਣ ਵਾਲੇ ਖੇਤਰ ਕਵਿਤਾ, ਸੰਗੀਤ, ਚਿੱਤਰਕਲਾ, ਮੂਰਤੀਕਲਾ, ਭਵਨ ਨਿਰਮਾਣ ਕਲਾ ਅਤੇ ਨਾਟਕ ਨੂੰ ਰੱਖਿਆ ਗਿਆ ਹੈ।[6] ਆਧੁਨਿਕ ਪਰਿਪੇਖ ਵਿੱਚ ਜਦ ਵੀ ਕਿਸੇ ਕੌਮ, ਖ਼ਿੱਤੇ ਜਾਂ ਉਸਦੀ ਕਲਾ ਵਿੱਚ ਸੱਭਿਆਚਾਰ ਦੀ ਪ੍ਰਭਾਵਸ਼ਾਲੀ ਤਸਵੀਰ ਵਿਖਾਈ ਦਿੰਦੀ ਹੈ ਤਾਂ ਯਕੀਨਨ ਉਸਦੇ ਪਿਛੋਕੜ ਵਿੱਚ ਸਦੀਆਂ ਲੰਮਾ ਸੰਘਰਸ਼ ਅਤੇ ਉੱਚੇਰੀ ਘਾਲਣਾ ਵਿਦਮਾਨ ਹੁੰਦੀ ਹੈ।

ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਦੇਸ਼ ਬਹੁਤ ਵੱਡਾ ਸੀ ਜਿਸਨੇ ਕਿ ਪੱਥਰ-ਯੁਗ ਤੋਂ ਲੈ ਕੇ ਇਲੈਕਟ੍ਰਾਨਿਕਸ-ਯੁੱਗ ਤੱਕ ਬਹੁਤ ਵਿਕਾਸ ਕੀਤਾ। ਸੁਤੰਤਰਤਾ ਪ੍ਰਾਪਤੀ ਲਈ ਪੰਜਾਬ ਦੇ ਲੋਕਾਂ ਨੂੰ ਬੇਹੱਦ ਦੁੱਖ ਸਹਿਣੇ ਪਏ, ਜਿਸਦੇ ਫਲਸਰੂਪ ਪੰਜਾਬ ਦੋ ਭਾਗਾਂ ਵਿੱਚ ਪੂਰਬੀ ਪੰਜਾਬ ਅਤੇ ਪੱਛਮੀ ਪੰਜਾਬ (ਹੁਣ ਪਾਕਿਸਤਾਨ) ਵਿੱਚ ਵੰਡ ਦਿੱਤਾ ਗਿਆ। 1956 ਈ: ਵਿੱਚ PEPSU ਦੇ ਨਾਲ ਚੈਲ, ਜੋ ਕਿ ਮਹਾਰਾਜਾ ਪਟਿਆਲਾ ਦੀ ਗਰਮੀਆਂ ਦੀ ਰਾਜਧਾਨੀ ਸੀ, ਪ੍ਰਾਪਤ ਹੋਇਆ ਪਰ ਭਾਸ਼ਾਈ ਆਧਾਰ ਤੇ 1966 ਵਿੱਚ ਇਸਦੀ ਫਿਰ ਤੋਂ ਵੰਡ ਕਰ ਦਿੱਤੀ ਗਈ। ਵਿਸ਼ਾਲ ਪੰਜਾਬ ਨੂੰ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼

---

4. **Gupta, S.P. (Dr.)** (2004). *The Punjab (An overview)*, Ess Pee Publication, Chandigarh, p.41.
5 **Gupta, Sher Singh.** (1971). *Punjab*, Govt. of India, Publication, p.2.
6 **ਸੇਖੋਂ, ਇੰਦਰਪਾਲ ਸਿੰਘ**. (1970). *ਭਾਰਤੀ ਕਲਾ ਦਾ ਇਤਿਹਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ,ਪੰਨਾ-1।

ਵਿੱਚ ਵੰਡ ਦਿੱਤਾ। ਪ੍ਰਾਚੀਨ ਗ੍ਰੰਥਾਂ ਵੇਦਾਂ ਅਤੇ ਉਪਨਿਸ਼ਦਾਂ ਦੇ ਰਚੈਤਾ ਵੀ ਇਸੇ ਧਰਤੀ ਨਾਲ ਸੰਬੰਧ ਰੱਖਦੇ ਸਨ। ਏਕਤਾ, ਭਾਈਚਾਰਾ ਅਤੇ ਸਮਾਨਤਾ ਦਾ ਸੰਦੇਸ਼ ਵੀ ਗੁਰੂ ਗ੍ਰੰਥ ਸਾਹਿਬ ਜੀ ਨੇ ਇਸੇ ਧਰਤੀ ਤੇ ਦਿੱਤਾ।

ਆਰੰਭ ਤੋਂ ਹੀ ਪੰਜਾਬ ਕਲਾ ਦੀਆਂ ਵੱਖੋ ਵੱਖਰੀਆਂ ਧਾਰਾਵਾਂ ਦਾ ਸੰਗਮ ਰਿਹਾ ਹੈ। ਸ਼ਾਂਤਚਿਤ ਸੈਲਾਨੀ ਜਾ ਫਿਰ ਸ਼ਤਰੂ ਭਾਵਨਾ ਵਾਲੇ ਧਾੜਵੀ, ਜੋ ਵੀ ਇਥੇ ਆਏ ਆਪਣੇ ਨਾਲ ਕਲਾ ਦੇ ਸਰਵੋਤਮ ਤੱਤ ਲੈ ਕੇ ਆਏ। ਹਰ ਕਲਾ ਨੂੰ ਪ੍ਰਫੁਲਤ ਹੋਣ ਲਈ ਸੁਖਾਵੇਂ ਵਾਤਾਵਰਣ ਦੀ ਲੋੜ ਹੁੰਦੀ ਹੈ। ਪੰਜਾਬ ਦੇ ਕਲਾਕਾਰਾਂ ਨੂੰ ਅਜਿਹਾ ਵਾਤਾਵਰਨ ਬਹੁਤ ਘੱਟ ਸਮੇਂ ਲਈ ਮਿਲਿਆ ਅਤੇ ਇਸ ਸਮੇਂ ਦੌਰਾਨ ਹੀ ਉਹਨਾਂ ਨੇ ਆਪਣੀ ਕਲਾ ਦੇ ਖੇਤਰ ਨੂੰ ਵਿਸ਼ਾਲ ਕਰਨ ਲਈ, ਉਸਨੂੰ ਸਜਾਉਣ, ਚਮਕਾਉਣ ਲਈ ਹਰ ਅੰਦਰੂਨੀ ਅਤੇ ਵਿਦੇਸ਼ੀ ਪ੍ਰਭਾਵ ਨੂੰ ਵੀ ਸਵੀਕਾਰ ਕੀਤਾ ਹੈ।

19ਵੀਂ ਸ਼ਤਾਬਦੀ ਦੇ ਆਰੰਭ ਤੱਕ ਆਪਣੀ ਪੱਕੀ ਸੱਪਸ਼ਟ ਰੂਪ-ਰੇਖਾ ਧਾਰਨ ਕਰ ਚੁੱਕੀ ਪੰਜਾਬ ਦੀ ਚਿੱਤਰਕਲਾ, ਪਿਛਲੇ ਅੱਧ ਵਿੱਚ ਮੌਜੂਦ ਸੀ ਅਤੇ ਤਿੰਨ ਸ਼ਤਾਬਦੀਆਂ ਤੋਂ ਵਿਗਸਦੀ ਚੱਲੀ ਆ ਰਹੀ ਸੀ। ਇਹ ਸਮਾਂ ਕਲਾਤਮਿਕ ਪ੍ਰਗਟਾ ਦੇ ਪੂਰਨ ਵਿਕਸਿਤ ਰੂਪ ਦਾ ਅੰਤਿਮ ਪੱਖ ਸੀ।[7] ਸਿੱਖ ਰਾਜ ਤੋਂ ਪਹਿਲਾਂ ਪੰਜਾਬ ਦੀ ਚਿੱਤਰਕਾਰੀ ਬਾਰੇ ਕੋਈ ਸਰਗਰਮੀ ਨਹੀਂ ਸੀ। ਪਹਾੜੀ ਚਿੱਤਰਕਾਰਾਂ ਦੇ ਪੰਜਾਬ ਵਿੱਚ ਆਬਾਦ ਹੋਣ ਅਤੇ ਸੁਤੰਤਰ ਵਾਤਾਵਰਣ ਮਿਲਣ ਕਾਰਨ ਕਲਾਤਮਿਕ ਕੰਮ ਦਾ ਆਰੰਭ ਹੋਇਆ। ਲਾਹੌਰ ਦਰਬਾਰ ਦਾ ਵਾਤਾਵਰਣ ਪਹਾੜੀ ਦਰਬਾਰਾਂ ਨਾਲੋਂ ਵੱਖਰਾ ਹੋਣ ਦੇ ਬਾਵਜੂਦ ਮਹਾਰਾਜਾ ਰਣਜੀਤ ਸਿੰਘ ਦੀ ਦਿਆਲਤਾ ਮਿਲਣ ’ਤੇ ਇਹਨਾਂ ਚਿੱਤਰਕਾਰਾਂ ਨੇ ਲਾਹੌਰ ਦਰਬਾਰ ਦੇ ਵਾਤਾਵਰਣ ਅਤੇ ਨਵੇਂ ਸਰਪ੍ਰਸਤਾਂ ਦੇ ਅਨੁਸਾਰ ਆਪਣੇ ਆਪ ਨੂੰ ਢਾਲ ਲਿਆ। ਸਦੀ ਦੇ ਆਰੰਭਿਕ ਕਾਲ ਵਿੱਚ ਪਹਾੜੀ ਰਾਜਾਂ ਦੀ ਸਥਿਤੀ ਅਤੇ ਰਾਜਨੀਤਿਕ ਪੱਖੋਂ ਇਹਨਾਂ ਸਰਪ੍ਰਸਤਾਂ ਦਾ ਪਤਨ ਸ਼ੁਰੂ ਹੋ ਗਿਆ ਅਤੇ ਨਵੀਂ ਤਾਕਤ ਉੱਭਰ ਕੇ ਸਾਮ੍ਹਣੇ ਆਈ। ਕੋਟਲਾ ਅਤੇ ਗੁਲੇਰ ਦੇ ਇਲਾਕੇ ਸਿੱਖ ਰਾਜ ਅਧੀਨ ਸਨ ਅਤੇ ਹੋਰ ਵੀ ਪਹਾੜੀ ਰਾਜਪੂਤ ਘਰਾਣੇ ਸਿੱਖ ਰਾਜ ਅਧੀਨ ਆਉਂਦੇ ਸਨ, ਜਿਸ ਕਾਰਨ ਪਹਾੜੀ ਚਿੱਤਰਕਾਰਾਂ ਅਤੇ ਸਿੱਖ ਹਾਕਮਾਂ ਦਾ ਮੇਲ ਹੋਇਆ। ਸਿੱਖ ਹਾਕਮਾਂ ਨੇ ਆਪਣੇ ਅਧੀਨ ਆਉਂਦੇ ਰਾਜਾਂ ਵਿੱਚ ਸੁਖਾਵਾਂ ਤੇ ਸੁਮੇਲਵਾਂ ਸੰਬੰਧ ਸਥਾਪਿਤ

7 **ਆਰਿਅਨ, ਕੇ.ਸੀ.,** *ਪੰਜਾਬ ਪੇਂਟਿੰਗਜ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-13

ਕਰਕੇ ਰੱਖਣ ਦੀ ਕੋਸ਼ਿਸ਼ ਕੀਤੀ ਜਿਸ ਕਾਰਨ ਕਲਾ ਦੇ ਖੇਤਰ ’ਚ ਵੀ ਸੁਖਾਵਾਂ ਮਾਹੌਲ ਨਜ਼ਰ ਆਉਣ ਲੱਗਾ। ਪਹਾੜੀ ਚਿੱਤਰਕਾਰਾਂ ਨੇ ਸਿੱਖ ਸਰਦਾਰਾਂ ਦੀ ਸਰਪ੍ਰਸਤੀ ਨੂੰ ਸਵੀਕਾਰਦੇ ਹੋਏ ਸਿੱਖਾਂ ਨੂੰ ਵਿਸ਼ਿਆਂ ਦੇ ਰੂਪ ਵਿੱਚ ਹੌਲੀ-ਹੌਲੀ ਅਪਣਾਉਣਾ ਸ਼ੁਰੂ ਕਰ ਦਿੱਤਾ। ਰਾਜਪੂਤੀ ਉਪਰਾਮਤਾ ਸਿੱਖ ਗਰਮਜੋਸ਼ੀ ਅਤੇ ਖ਼ੁਸ਼ਮਿਜ਼ਾਜੀ ਅੱਗੇ ਹਾਰ ਗਈ ਪਰੰਤੂ ਫਿਰ ਵੀ 19ਵੀਂ ਸਦੀ ਦੇ ਦੂਜੇ ਚਰਨ ਤੱਕ ਸਿੱਖ ਕਹੇ ਜਾਣ ਵਾਲਾ ਕੋਈ ਚਿੱਤਰ ਉਪਲੱਬਧ ਨਹੀਂ ਹੈ।[8] ਸਿੱਖ-ਕਲਾ ਤੋਂ ਐਨ ਪਹਿਲਾਂ ਦੇ ਪੰਜਾਬ ਦੀ ਚਿਤੱਰਕਲਾ ਦੀ ਅਸਲ ਹਾਲਤ ਦੇ ਕੋਈ ਚਿੰਨ੍ਹ ਨਹੀਂ ਮਿਲਦੇ। ਮਹਾਰਾਜਾ ਰਣਜੀਤ ਸਿੰਘ ਰਾਜ ਦੇ ਸੁਤੰਤਰ ਵਾਤਾਵਰਨ ਨੇ ਇਹਨਾਂ ਪਹਾੜੀ ਚਿੱਤਰਕਾਰਾਂ ਨੂੰ ਆਪਣੇ ਵੱਲ ਖਿੱਚਿਆ ਅਤੇ ਇਹਨਾਂ ਸਿੱਖ ਹਾਕਮਾਂ ਦੀ ਨਿਗਰਾਨੀ ਹੇਠ ਬਣੇ ਚਿੱਤਰ ਹੀ ਖ਼ਾਲਸ ਸਿੱਖ ਸਕੂਲ ਤਹਿਤ ਆਏ। ਅੰਗਰੇਜ਼ੀ ਰਾਜ ਸਮੇਂ ਪੰਜਾਬ ਦੇ ਕੁੱਝ ਚਿੱਤਰਕਾਰਾਂ ਨੇ ਪੱਛਮੀ ਢੰਗ ’ਤੇ ਕੰਮ ਕਰਨਾ ਆਰੰਭ ਕੀਤਾ। ਬਹੁਸੰਮਤੀ ਬਾਹਰਲੇ ਪ੍ਰਭਾਵ ਤੋਂ ਅਭਿੱਜ ਰਹੀ ਅਤੇ ਪਰੰਪਰਾਵਾਦੀ ਸ਼ੈਲੀ ਨਾਲ ਕਰੜਾਈ ਨਾਲ ਜੁੜੀ ਰਹੀ, ਪਰੰਤੂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਪੰਜਾਬ ਵਿੱਚ ਰਾਜਨੀਤਿਕ ਅਤੇ ਸਮਾਜਿਕ ਉਥਲ-ਪੁਥਲ ਕਾਰਨ ਇਹਨਾਂ ਪਰੰਪਰਾਵਾਦੀ ਚਿੱਤਰਕਾਰਾਂ ਨੂੰ ਕੋਈ ਸਰਪ੍ਰਸਤੀ ਨਾ ਮਿਲੀ ਅਤੇ ਪਹਿਲਾਂ ਹੋ ਰਹੇ ਕਾਗ਼ਜ਼ੀ ਚਿੱਤਰਾਂ ਦੀ ਮੰਗ ਨਾ-ਮਾਤਰ ਹੋ ਗਈ ਸੀ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਇਹ ਆਪਣੇ ਪਰੰਪਰਾਵਾਦੀ ਹੁਨਰ ਨੂੰ ਕੰਧ-ਚਿੱਤਰਕਾਰੀ ਲਈ ਵਰਤਣ ਲੱਗੇ। ਇਹ ਪਰੰਪਰਾਵਾਦੀ ਕੰਧ-ਚਿੱਤਰਕਾਰੀ ਪੰਜਾਬ ਵਿੱਚ ਬਹੁਤ ਪ੍ਰਫੁਲਤ ਹੋਈ। ਅੰਮ੍ਰਿਤਸਰ ਸ਼ਹਿਰ ਧਾਰਮਿਕ ਅਤੇ ਵਪਾਰਕ ਕੇਂਦਰ ਸੀ ਇਸ ਕਾਰਨ ਇਹ ਕਲਾ ਇੱਥੇ ਸਭ ਤੋਂ ਪਹਿਲਾਂ ਪ੍ਰਚਲਿਤ ਹੋ ਗਈ। ਅਮੀਰ, ਵਜ਼ੀਰ, ਧਨਵਾਨ ਲੋਕਾਂ ਨੇ ਬਹੁਤ ਸਾਰੀਆਂ ਇਮਾਰਤਾਂ ਦੀ ਉਸਾਰੀ ਕਰਵਾਈ ਅਤੇ ਕੰਧਾਂ ਦੀ ਸਜਾਵਟ ਲਈ ਪਰੰਪਰਾਵਾਦੀ ਚਿੱਤਰਕਾਰਾਂ ਨੂੰ ਬੁਲਾਇਆ ਜਾਂਦਾ ਸੀ। ਮਹਿਲਾਂ, ਹਵੇਲੀਆਂ, ਮੰਦਰਾਂ, ਗੁਰਦੁਆਰਿਆਂ ਅਤੇ ਸਮਾਧਾਂ ਦੀਆਂ ਕੰਧਾਂ ਨੂੰ ਵੀ ਚਿੱਤਰਾਂ ਨਾਲ ਸਜਾਇਆ ਗਿਆ। ਚਿੱਤਰਕਾਰੀ ਦੀ ਪਰੰਪਰਾਵਾਦੀ ਸ਼ੈਲੀ ਕੰਧ-ਚਿੱਤਰਾਂ ਲਈ ਕੁਦਰਤੀ ਤੌਰ ’ਤੇ ਮੇਲ ਖਾਂਦੀ ਸੀ। ਪੰਜਾਬ ਦੇ ਤਕਰੀਬਨ ਹਰ ਹਿੱਸੇ ਨੂੰ ਚਿੱਤਰਕਾਰਾਂ ਨੇ ਸਜਾਇਆ ਅਤੇ ਸ਼ਿੰਗਾਰਿਆ ਹੈ ਪਰ ਬਦਕਿਸਮਤੀ ਨਾਲ ਕੁਝਕੁ ਥਾਵਾਂ ਤੋਂ ਛੁੱਟ ਬਾਕੀਆਂ ਦੇ ਚਿਤੇਰਿਆਂ ਦੇ ਨਾਮ ਹੀ ਨਹੀਂ ਮਿਲਦੇ। ਇਸ ਕੰਧ-ਚਿੱਤਰਕਲਾ

---

8 **Archer, W.G.,** (1966). *Paintings of the Sikhs*, Her Majesty's Stationary Office, London, p.18

ਦਾ ਪਹਾੜੀ ਕੰਧ-ਚਿੱਤਰਕਲਾ ਨਾਲ ਗਹਿਰਾ ਸੰਬੰਧ ਹੈ ਕਿਉਂਕਿ ਇਹਨਾਂ ਦੇ ਵਿਸ਼ੇ, ਰੰਗ-ਯੋਜਨਾ, ਤਕਨੀਕ, ਸ਼ੈਲੀ ਵਿੱਚ ਸਮਾਨਤਾ ਵੇਖਣ ਨੂੰ ਮਿਲਦੀ ਹੈ। ਕੰਧ-ਚਿੱਤਰਕਾਰੀ ਦੇ ਇਹੀ ਵਿਸ਼ੇ ਅਤੇ ਤਕਨੀਕਾਂ ਆਪਣੇ ਮੌਲਿਕ ਰੂਪ ਵਿੱਚ ਲੰਮੇ ਸਮੇਂ ਤਕ ਇੱਥੋਂ ਤੱਕ ਕਿ 1925 ਈ: ਤੱਕ ਵਰਤੀਆਂ ਜਾਂਦੀਆਂ ਰਹੀਆਂ।[9]

ਪ੍ਰਾਚੀਨ ਪੰਜਾਬ ਵਿੱਚ ਕੰਧ-ਚਿੱਤਰਕਾਰੀ ਨੂੰ ਪ੍ਰਮਾਣਿਕ ਬਣਾਉਣ ਵਾਲਾ ਕੋਈ ਵੀ ਪ੍ਰਮਾਣ ਸਾਹਮਣੇ ਨਹੀਂ ਆਉਂਦਾ, ਪਰ ਫਿਰ ਵੀ ਕੁਝ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਪ੍ਰਮਾਣਾਂ ਦੇ ਨਾ ਹੋਣ ਦੇ ਬਾਵਜੂਦ ਵੀ ਕੰਧ-ਚਿੱਤਰਕਾਰੀ ਦੀ ਪ੍ਰਥਾ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਚਲਿਤ ਹੋਵੇਗੀ।[10] ਚਿੱਤਰਕਲਾ ਪਰੰਪਰਾ ਨਾ ਹੁੰਦੇ ਹੋਏ ਵੀ ਉੱਤਰੀ ਭਾਰਤ ਵਿੱਚ ਰਾਜ ਕਰ ਰਹੇ ਮੁਸਲਿਮ ਹਾਕਮਾਂ ਵਿੱਚੋਂ ਕਈਆਂ ਨੇ ਕੰਧ-ਚਿੱਤਰਕਾਰੀ ਨੂੰ ਪ੍ਰੋਤਸਾਹਨ ਦਿੱਤਾ। ਐੱਸ.ਅਮਜਦ ਅਲੀ ਨੇ ਇਤਿਹਾਸਕਾਰ ਤਾਜ ਰੇਜ਼ਾ ਦਾ ਹਵਾਲਾ ਦਿੰਦਿਆਂ ਲਿਖਿਆ ਹੈ:

'ਇਤਿਹਾਸਕਾਰ ਤਾਜ ਰੇਜ਼ਾ ਰਾਹੀਂ ਅਲਤਮਸ਼ (1210-1236ਈ:) ਦੇ ਰਾਜ-ਕਾਲ ਦੀ ਦਿੱਲੀ ਸ਼ਹਿਰ ਦੀ ਝਲਕ ਇਹ ਸਪੱਸ਼ਟ ਕਰ ਦਿੰਦੀ ਹੈ ਕਿ ਉੱਤਰੀ ਭਾਰਤ ਦੇ ਪ੍ਰਾਰੰਭਿਕ ਮੁਸਲਿਮ ਹਾਕਮਾਂ ਨੇ ਵੀ ਕੰਧਾਂ ਦੀ ਚਿੱਤਰਕਾਰੀ ਨੂੰ ਉਤਸਾਹਿਤ ਕੀਤਾ। ਉਹਨਾਂ ਕੰਧ-ਚਿੱਤਰਾਂ ਦਾ, ਜਿਸ ਵਿੱਚ ਸੁਲਤਾਨ ਦਾ ਵੀ ਇੱਕ ਵੱਡਾ ਚਿੱਤਰ ਸੀ, ਵਰਣਨ ਕਰਦਾ ਹੈ ਜੋ ਦਿੱਲੀ ਦੀਆਂ ਗਲੀਆਂ ਨੂੰ ਖ਼ਲੀਫ਼ਾ ਮੁਸਤਅਸਿਮ ਬਿੱਲਾਹ ਦੇ ਏਲਚੀ ਦੀ 1224ਈ: ਵਿੱਚ ਆਮਦ ਸਮੇਂ ਸਜਾਉਣ ਲਈ ਬਣਾਏ ਗਏ ਸਨ।'[11] ਸਿੱਖਾਂ ਦੀ ਤਰ੍ਹਾਂ ਮੁਗ਼ਲਾਂ ਦੇ ਰਾਜ-ਕਾਲ ਵਿੱਚ ਕੰਧ-ਚਿੱਤਰਾਂ ਦੀ ਕਲਾ ਨੂੰ ਹੋਰ ਪ੍ਰਫੁੱਲਤ ਹੋਣ ਦਾ ਮੌਕਾ ਮਿਲਿਆ ਕਿਉਂਕਿ ਉਹ ਅਕਸਰ ਹੀ ਆਪਣੇ ਮਹਿਲਾਂ ਮਕਬਰਿਆਂ ਦੀਆਂ ਅੰਦਰਲੀਆਂ ਕੰਧਾਂ ਉੱਤੇ ਕੰਧ-ਚਿੱਤਰਕਾਰੀ ਕਰਵਾਉਂਦੇ ਸਨ। ਮੁਗ਼ਲ ਬਾਦਸ਼ਾਹ ਅਕਬਰ ਅਤੇ ਜਹਾਂਗੀਰ ਨੇ ਵੀ ਚਿੱਤਰਕਾਰੀ ਨੂੰ ਭਵਨਾਂ ਦੀ ਸਜਾਵਟ ਲਈ ਵਰਤਿਆ। ਜਹਾਂਗੀਰ ਨੇ ਆਪਣੀ ਸਵੈ-ਜੀਵਨੀ ਤੁਜ਼ਕ-ਏ-ਜਹਾਂਗ਼ੀਰੀ ਵਿੱਚ ਖ਼ੁਦ ਜ਼ਿਕਰ ਕੀਤਾ ਹੈ ਕਿ ਉਸਨੇ ਆਪਣੇ ਪਰਿਵਾਰ ਅਤੇ ਦਰਬਾਰ ਦੇ ਮੈਂਬਰਾਂ ਦੇ ਚਿੱਤਰ ਬਣਵਾਉਣ ਦਾ ਹੁਕਮ ਦਿੱਤਾ ਸੀ। ਕੰਧ- ਚਿੱਤਰਾਂ ਦਾ ਰਿਵਾਜ ਕੇਵਲ ਸ਼ਾਹੀ ਘਰਾਣਿਆਂ ਤੱਕ ਹੀ ਸੀਮਿਤ ਨਹੀਂ ਸੀ ਰਿਹਾ ਸਗੋਂ ਹੇਠਲੇ ਤਬਕੇ

---

9 **ਆਰਿਅਨ, ਕੇ.ਸੀ.,** *ਪੰਜਾਬ ਪੇਟਿੰਗਜ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-21

10 **ਕੰਗ,ਕੰਵਰਜੀਤ ਸਿੰਘ., (ਡਾ.)** (1988) *ਪੰਜਾਬ ਦੇ ਕੰਧ ਚਿੱਤਰ*, ਪਬਲੀਕੇਨ ਬਿਉਰੋ, ਪੰਜਾਬ ਯੂਨੀਵਰਸਿਟੀ ਪਟਿਆਲਾ, ਪੰਨਾ-3

11 **Ikram, S.M. and Spear, Percival (ed.)**(1955). *The Cultural Heritage of Pakistan,* p.63

ਦਿਆਂ ਲੋਕਾਂ ਵਿੱਚ ਵੀ ਕੰਧ-ਚਿੱਤਰਾਂ ਪ੍ਰਤੀ ਰੁਚੀ ਵਧਣ ਲੱਗੀ। ਮਕਬਰਿਆਂ ਤੇ ਡੇਰਿਆਂ ਆਦਿ ਵਿੱਚ ਵੀ ਕੰਧ-ਚਿੱਤਰਕਾਰੀ ਦੇ ਨਮੂਨੇ ਵੇਖਣ ਵਿੱਚ ਆਏ। ਮੁਗ਼ਲ ਕਾਲ ਵਿੱਚ ਮੁਹਰਾਕਸ਼ੀ ਨੂੰ ਕਾਸ਼ੀ ਦੀ ਤਕਨੀਕ ਨਾਲ ਸੰਯੋਗਿਕ ਰੂਪ ਵਿੱਚ ਚਿੱਤਰ ਉਲੀਕਣ ਲਈ ਵਰਤਿਆ ਜਾਂਦਾ ਸੀ।[12] ਇਮਾਰਤ ਦੇ ਅੰਦਰਲੇ ਪਾਸੇ ਮੁਹਰਾਕਸ਼ੀ ਅਤੇ ਬਾਹਰਲੇ ਪਾਸੇ ਕਾਸ਼ੀ ਦਾ ਕੰਮ ਕੀਤਾ ਜਾਂਦਾ ਸੀ।

ਪੰਜਾਬ 19ਵੀਂ ਸਦੀ ਦੇ ਪਹਿਲੇ ਅੱਧ ਵਿੱਚ ਸਿੱਖ, ਹਿੰਦੂ ਅਤੇ ਮੁਸਲਮਾਨ ਤਿੰਨ ਪ੍ਰਮੁੱਖ ਫ਼ਿਰਕਿਆਂ ਵਾਲਾ ਘੱਟ ਆਬਾਦੀ ਵਾਲਾ ਦੇਸ਼ ਸੀ। ਤਿੰਨੋ ਫ਼ਿਰਕੇ ਦੇ ਲੋਕ ਸਜ਼ਾਵਟ ਦੇ ਸ਼ੌਕੀਨ ਸਨ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਸਿੱਖ ਧਰਮ ਨੂੰ ਸ਼ਾਹੀ ਸਰਪ੍ਰਸਤੀ ਮਿਲਣ ਨਾਲ ਧਾਰਮਿਕ ਸਥਾਨਾਂ ਨੂੰ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਬਣਾਉਣ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਹੁਣ ਸਿੱਖਾਂ ਵਿੱਚ ਵੀ ਆਪਣੇ ਗੁਰੂਆਂ ਪ੍ਰਤੀ ਸ਼ਰਧਾ ਕਾਰਨ ਕਲਾਤਮਕ ਅਭਿਵਿਅੰਜਨਾ ਦੀ ਮੰਗ ਹੋਣ ਲੱਗੀ। ਪੰਜਾਬ ਵਿੱਚ ਸਿੱਖ ਗੁਰੂਆਂ ਨਾਲ ਸੰਬੰਧਿਤ ਕਈ ਧਾਰਮਿਕ ਸਥਾਨਾਂ ਦੀਆਂ ਕੰਧਾਂ ਨੂੰ ਕੰਧ-ਚਿੱਤਰ ਨਾਲ ਸ਼ਿੰਗਾਰਿਆ ਗਿਆ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਉੱਭਾਰ ਨਾਲ ਸਿੱਖਾਂ ਦੇ ਹਾਲਾਤ ਵਿੱਚ ਕਾਫ਼ੀ ਅੰਤਰ ਆ ਗਿਆ ਜੋ ਕਿ 17ਵੀਂ ਅਤੇ 18ਵੀਂ ਸਦੀ ਵਿੱਚ ਆਪਣੀ ਹੋਂਦ ਕਾਇਮ ਰੱਖਣ ਵਿੱਚ ਲੱਗੇ ਹੋਏ। ਇਸ ਮਗਰੋਂ ਤਸਵੀਰ-ਕਲਾ ਨੂੰ ਪ੍ਰੋਤਸਾਹਨ ਮਿਲਿਆ ਅਤੇ ਸਿੱਖ ਸਰਦਾਰਾਂ ਨੇ ਆਪਣੇ ਸ਼ਾਨਦਾਰ ਪੋਰਟਰੇਟਸ ਬਣਵਾਏ।

ਸੁੰਦਰਤਾ ਦੇ ਇੱਕ ਵਿਸ਼ੇਸ਼ ਸਮੇਂ ਦੇ ਘੇਰੇ ਅਤੇ ਸਮਾਜ ਦੇ ਇੱਕ ਵਿਸ਼ੇਸ਼ ਵਰਗ ਅੰਦਰ ਵਿਗਸੇ ਸੰਕਲਪ ਦੀਆਂ ਜੜ੍ਹਾਂ ਉਨ੍ਹਾਂ ਇਤਿਹਾਸਿਕ ਹਾਲਾਤਾਂ ਵਿੱਚ ਹੁੰਦੀਆਂ ਹਨ ਜਿਨ੍ਹਾਂ ਵਿੱਚ ਇਹ ਸਮਾਜ ਜਾਂ ਵਰਗ ਪੁੰਗਰਿਆ ਅਤੇ ਜੀਵਿਆ ਹੋਵੇ।[13]

ਸਿੱਖਾਂ ਵਿਚਲੇ ਖ਼ੁਸ਼ਹਾਲ ਮਾਹੌਲ ਨੇ ਹੀ ਨਹੀਂ ਸਗੋਂ ਹਿੰਦੂਆਂ ਨਾਲ ਸੁਖਾਵੇਂ ਸੰਬੰਧ ਵੀ ਕੰਧ'-ਚਿੱਤਰਾਂ ਦੇ ਵਿਕਾਸ ਦਾ ਇੱਕ ਪ੍ਰਮੁੱਖ ਪੱਖ ਸੀ, ਜਿਸਦੀ ਉਦਾਹਰਣ ਅਸੀਂ ਵੱਖੋ-ਵੱਖਰੀਆਂ ਇਮਾਰਤਾਂ, ਧਾਰਮਿਕ ਸਥਾਨਾਂ 'ਤੇ ਬਣੇ ਕੰਧ-ਚਿੱਤਰਾਂ ਦੇ ਵਿਸ਼ਿਆਂ ਵਿੱਚ ਵੇਖ ਸਕਦੇ ਹਨ। ਇਹਨਾਂ ਕੰਧ-ਚਿੱਤਰਾਂ ਵਿੱਚ ਹਿੰਦੂ ਤੇ ਸਿੱਖ ਦੋਵੇਂ ਵਿਸ਼ਿਆਂ ਨੂੰ ਚਿੱਤਰਤ

---

12 **ਕੰਗ, ਕੰਵਰਜੀਤ ਸਿੰਘ. (ਡਾ.)**(1988), *ਪੰਜਾਬ ਦੇ ਕੰਧ ਚਿੱਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-5.

13 ਉਹੀ, ਪੰਨਾ-7.

ਕੀਤਾ ਗਿਆ ਹੈ। ਸਿੱਖ ਧਰਮ ਵਿੱਚ ਬੇਸ਼ੱਕ ਮੂਰਤੀਪੂਜਾ ਦੀ ਮਨਾਹੀ ਹੈ ਪਰ ਫਿਰ ਵੀ ਸਿੱਖ ਗੁਰੂਆਂ ਦੇ ਪੋਰਟਰੇਟਸ ਕੰਧਾਂ ਅਤੇ ਕਾਗ਼ਜ਼ਾਂ ਦੋਹਾਂ ਉੱਤੇ ਹੀ ਚਿੱਤਰਿਤ ਹੋਣ ਲੱਗੇ। ਇਸ ਦੇ ਨਾਲ ਕਈ ਗੁਰਦੁਆਰਿਆਂ ਵਿੱਚ ਅਤੇ ਜਨਮਸਾਖੀਆਂ ਦੀਆਂ ਹੱਥ-ਲਿਖਤ ਪੋਥੀਆਂ ਵੀ ਗੁਰੂ ਚਿੱਤਰਾਂ ਨਾਲ ਸਚਿੱਤਰਤ ਹੋਣ ਲੱਗੀਆਂ ਸਨ। ਗੁਰਦੁਆਰਾ ਬਾਬਾ ਅੱਟਲ, ਅੰਮ੍ਰਿਤਸਰ ਦੇ ਕੰਧ-ਚਿੱਤਰ ਜਨਮਸਾਖੀ ’ਤੇ ਹੀ ਆਧਾਰਿਤ ਹਨ।[14] ਵੇਲ, ਬੂਟਿਆਂ ਦੇ ਅਤਿ ਸੁੰਦਰ ਨਮੂਨੇ, ਜਿਨ੍ਹਾਂ ਦੇ ਚਿੱਤਰਨ ਵਿੱਚ ਮੁਸਲਮਾਨ ਪੂਰੀ ਤਰ੍ਹਾਂ ਨਿਪੁੰਨ ਸਨ, ਹਿੰਦੂਆਂ ਅਤੇ ਸਿੱਖਾਂ ਨੇ ਅਪਣਾ ਲਏ ਅਤੇ ਇਹ ਉਨ੍ਹਾਂ ਦੀਆਂ ਇਮਾਰਤਾਂ ਦੀਆਂ ਕੰਧ-ਚਿੱਤਰ ਸਜਾਵਟਾਂ ਦਾ ਅਨਿਖੜਵਾਂ ਅੰਗ ਬਣ ਗਏ। ਹਿੰਦੂਆਂ ਲਈ ਕਿਸੇ ਕਿਸਮ ਦੀ ਪਾਬੰਦੀ ਨਾ ਹੋਣ ਕਰਕੇ ਉਹ ਚਿੱਤਰਕਾਰੀ ਦਾ ਖੁੱਲ੍ਹਾ ਪ੍ਰਯੋਗ ਕਰਦੇ ਸਨ। ਧਾਰਮਿਕ ਉਤਸਵਾਂ ਦੇ ਅਵਸਰਾਂ ’ਤੇ ਕੰਧ-ਚਿੱਤਰਾਂ ਦਾ ਰਸਮੀ ਚਿੱਤਰਕਾਰੀ ਦੇ ਰੂਪ ਵਿੱਚ ਪ੍ਰਯੋਗ ਕੀਤਾ ਜਾਂਦਾ ਸੀ ਜੋ ਕਿ ਸਦੀਵੀਂ ਰਚਨਾ ਵਾਲੇ ਕੰਧ-ਚਿੱਤਰਾਂ ਤੋਂ ਵੱਖਰੀ ਪ੍ਰਕਾਰ ਦੇ ਸਨ।

ਪੰਜਾਬ ਦੇ ਪਿੰਡਾਂ ਵਿੱਚ ਵੱਡੇ ਵਡੇਰਿਆਂ ਦੀਆਂ ਸਮਾਧਾਂ ਅਤੇ ਸ਼ਾਹੀ ਸਮਾਧਾਂ ’ਤੇ ਵੀ ਕੰਧ-ਚਿੱਤਰ ਵੇਖਣ ਨੂੰ ਮਿਲਦੇ ਹਨ। ਇਹ ਕੰਧ-ਚਿੱਤਰ ਸਜਾਵਟ ਦੇ ਨਾਲ-ਨਾਲ ਪਵਿੱਤਰਤਾ ਅਤੇ ਸ਼ਾਨ ਦੇ ਪ੍ਰਭਾਵ ਨੂੰ ਵੀ ਵਿਅਕਤ ਕਰਦੇ ਹਨ। ਪੰਜਾਬ ਵਿੱਚ ਕੰਧ-ਚਿੱਤਰਕਾਰੀ ਦੀ ਚੋਖੀ ਪ੍ਰਸਿੱਧੀ ਅਮੀਰ ਘਰਾਣਿਆਂ ਅਤੇ ਮਿਸਲਾਂ ਦੇ ਸਰਦਾਰਾਂ ਵੱਲੋਂ ਕੰਧ-ਚਿੱਤਰ ਬਣਾਉਣ ਨਾਲ ਹੋਈ। ਉਨ੍ਹਾਂ ਨੇ ਆਪਣੀ ਠਾਠ-ਬਾਠ ਦੇ ਪ੍ਰਗਟਾਅ ਲਈ ਚਿੱਤਰ ਬਣਵਾਏ। ਹਰੀ ਸਿੰਘ ਨਲਵਾ, ਊਨੇ ਦੇ ਬੇਦੀ, ਅਟਾਰੀ ਵਾਲੇ, ਸੰਧਾਵਾਲੀਏ ਅਤੇ ਹੋਰ ਮਿਸਲਾਂ ਦੇ ਸਰਦਾਰਾਂ ਨੇ ਵੀ ਕੰਧ-ਚਿੱਤਰ ਬਣਵਾਏ। ਇਸ ਸਮੇਂ ਤੱਕ ਕੰਧ-ਚਿੱਤਰ ਸਮਾਜਿਕ ਰੁਤਬੇ ਦੇ ਚਿੰਨ੍ਹ ਬਣ ਚੁੱਕੇ ਸਨ। ਜਿੱਥੇ ਵਪਾਰੀ ਵਰਗ ਵੀ ਕੰਧ-ਚਿੱਤਰਾਂ ਨੂੰ ਆਪਣੇ ਘਰਾਂ ਦੇ ਸ਼ਿੰਗਾਰ ਲਈ ਲੋੜੀਂਦਾ ਸਮਝਦੇ ਸਨ ਉਥੇ ਵਪਾਰ ਲਈ ਆਏ ਮਾਰਵਾੜੀ ਵਪਾਰੀਆਂ ਅਤੇ ਹੋਰ ਵੀ ਕਈ ਛੋਟੇ-ਵੱਡੇ ਸਾਰੇ ਸਰਦਾਰ ਕਿਸੇ ਨਾ ਕਿਸੇ ਪ੍ਰਕਾਰ ਦੀ ਗੜ੍ਹੀ ਜਾਂ ਕਿਲ੍ਹੇ ਵਿੱਚ ਜਗੀਰਦਾਰ ਦੇ ਰੂਪ ਵਿੱਚ ਰਹਿੰਦੇ ਸਨ ਜ਼ਿਆਦਾਤਰ ਉਨ੍ਹਾਂ ਦੇ ਸਿੰਘ-ਦੁਆਰ, ਰਿਹਾਇਸ਼ੀ ਕਮਰੇ, ਵਰਾਂਡੇ ਜਾ ਫਿਰ ਮਹਿਮਾਨ ਘਰ ਕੰਧ-ਚਿੱਤਰਾਂ ਨਾਲ

---

14 **ਸ਼ਹਰਯਾਰ,ਸੰਤੋਖ ਸਿੰਘ,** (2007), *ਸਿੱਖ ਮਾਨਸਿਕਤਾ ਅਤੇ ਬਾਬਾ ਅਟੱਲ ਦੇ ਕੰਧ ਚਿੱਤਰ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ-5.

ਸ਼ਿੰਗਾਰੇ ਜਾਂਦੇ ਸਨ।[15] ਘਰਾਂ ਦੀਆਂ ਪੱਕੀਆਂ ਇੱਟਾਂ ਦੀਆਂ ਕੰਧਾਂ ’ਤੇ ਚੂਨੇ ਦੇ ਮਹੀਨ ਪਲਸਤਰ ’ਤੇ ਗੁਰੂਆਂ ਦੇ ਪੋਰਟਰੇਟਸ, ਸਿੱਖ ਸਰਦਾਰਾਂ ਦੇ ਚਿੱਤਰ, ਇਤਿਹਾਸਿਕ ਘਟਨਾਵਾਂ ਦੇ ਚਿੱਤਰ, ਹਿੰਦੂ ਮਿਥਿਹਾਸਿਕ ਚਿੱਤਰਾਂ ਦੇ ਨਾਲ-ਨਾਲ ਪੰਜਾਬ ਦੀਆਂ ਪ੍ਰੀਤ ਗਾਥਾਵਾਂ ਦੇ ਚਿੱਤਰ ਬਣਾਉਂਦੇ ਸਨ। ਕੱਚੀਆਂ ਕੰਧਾਂ ਨੂੰ ਚਿੱਤਰਨ ਲਈ ਮਿੱਟੀ ਤੇ ਗੋਹੇ ਦੀ ਮਿਲਾਵਟ ਨਾਲ ਬਣਿਆ ਪਲੱਸਤਰ ਕਰਕੇ ਉੱਤੇ ਚਿੱਤਰ ਬਣਾਇਆ ਜਾਂਦਾ ਸੀ।[16]

ਪੰਜਾਬ ਵਿੱਚ ਕੰਧ-ਚਿੱਤਰਕਲਾ 19ਵੀਂ ਸਦੀ ਦੇ ਅੰਤ ਤੱਕ ਅਤੇ ਇਸ ਤੋਂ ਬਾਅਦ ਵੀ ਪ੍ਰਚਲਿਤ ਰਹੀ। 1708 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸਿੱਖਾਂ ਵਿੱਚ 12 ਫ਼ੌਜੀ ਜਥੇਬੰਦੀਆਂ ਬਣ ਗਈਆਂ ਜਿਨ੍ਹਾਂ ਨੂੰ ਮਿਸਲਾਂ ਕਿਹਾ ਜਾਂਦਾ ਸੀ। ਹਰ ਮਿਸਲ ਦਾ ਆਪਣਾ ਇੱਕ ਖੇਤਰ ਹੁੰਦਾ ਸੀ। ਇਹਨਾਂ ਮਿਸਲਾਂ ਦੇ ਹੋਂਦ ਵਿੱਚ ਆਉਣ ਦਾ ਸਮਾਂ ਅਸਥਿਰਤਾ ਦਾ ਸਮਾਂ ਸੀ। ਸਿਆਸੀ ਅਸਥਿਰਤਾ ਦੇ ਚਲਦਿਆਂ ਕਿਸੇ ਵੀ ਕਲਾ ਦਾ ਵੱਧਣਾ ਫੁਲਣਾ ਸੰਭਵ ਨਹੀਂ ਹੁੰਦਾ। ਇਸ ਲਈ ਇਹ ਸਮਾਂ ਚਿੱਤਰਕਾਰੀ ਲਈ ਬਹੁਤਾ ਕਿਰਿਆਸ਼ੀਲ ਨਹੀਂ ਸੀ ਪਰ ਜੋ ਵੀ ਕੰਧ-ਚਿੱਤਰਾਂ ਦੇ ਸੁਰੱਖਿਅਤ ਉਦਾਹਰਣ ਮਿਲੇ ਹਨ ਉਨ੍ਹਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਸਮੇਂ ਵੀ ਕਲਾ ਮੂਲ ਰੂਪ ਵਿੱਚ ਖਤਮ ਨਹੀਂ ਹੋਈ ਸੀ। 1870 ਵਿੱਚ ਹੋਏ ਗੁਰੂਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਨੂੰ ਵੇਖ ਕੇ ਕਲਾਤਮਿਕ ਸਿਰਜਣਾ ਦੀ ਨਿਰੰਤਰਤਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਕੰਧ-ਚਿੱਤਰਕਾਰੀ ਦੀਆਂ ਹੋਰ ਉਦਾਹਰਣਾਂ ਵਿੱਚ 19ਵੀਂ ਸਦੀ ਦੇ ਅੰਮ੍ਰਿਤਸਰ ਦੇ ਬਾਬਾ ਅਟੱਲ ਦੇ ਕੰਧ-ਚਿੱਤਰ, ਜ਼ਿਲ੍ਹਾ ਫ਼ਰੀਦਕੋਟ ਵਿੱਚ ਬਾਘੇਪੁਰਾਣੇ ਨੇੜੇ ਪਿੰਡ ਮਾੜੀ ਮੁਸਤਫ਼ਾ ਵਿੱਚ ਬਣੀ ਬਾਬਾ ਸਿੱਧ ਦੀ ਮਾੜੀ ਦੇ ਕੰਧ-ਚਿੱਤਰ, ਫ਼ਤਿਹਗੜ੍ਹ ਚੂੜੀਆਂ, ਅੰਮ੍ਰਿਤਸਰ ਵਿਖੇ ਇੱਕ ਮੰਦਰ ਦੇ ਕੰਧ-ਚਿੱਤਰ ਵੇਖੇ ਜਾ ਸਕਦੇ ਹਨ। ਇਹ ਕੰਧ-ਚਿੱਤਰ ਸਿੱਖ ਅਤੇ ਹਿੰਦੂ ਦੋਹਾਂ ਧਰਮਾਂ ਦੇ ਵਿਸ਼ਿਆਂ ’ਤੇ ਆਧਾਰਿਤ ਹਨ। ਗੁਰਦੁਆਰਿਆਂ, ਮੰਦਰਾਂ, ਹਵੇਲੀਆਂ, ਸਮਾਧਾਂ, ਅਖਾੜਿਆਂ ਅਤੇ ਇਮਾਰਤਾਂ ਦੀਆਂ ਕੰਧਾਂ ਨੂੰ ਸਚਿੱਤਰ ਕਰਵਾਉਣ ਦੀ ਸਿੱਖ ਰਾਜ ਸਮੇਂ ਮਿਲੀ ਲੋਕ-ਪ੍ਰਿਅਤਾ ਸਿੱਖ ਰਾਜ ਦੇ 19ਵੀਂ ਸਦੀ ਦੇ ਅੱਧ ਵਿੱਚ ਹੋਏ ਅੰਤ ਨਾਲ ਸਮਾਪਤ ਨਹੀਂ ਹੋਈ ਸਗੋਂ ਅੰਤ ਤੱਕ ਪ੍ਰਚਲਤ ਰਹੀ। ਲਾਹੌਰ ਦੇ ਸਿੱਖ ਹਕੂਮਤਾਂ ਹੇਠ ਆਉਂਦੇ

---

15 **Barr, Lt. William**, Journal of a March from Delhi to Peshawar and from thence to Cabul, pp.69-71.

16 **Kang.,Kanwarjeet Singh(Dr.)**, (1985), *Wall Painting of Punjab & Haryana*, Atma Ram Sons, Delhi-Lucknow, p.18, Ref. No.90.

ਇਲਾਕਿਆਂ ਵਾਂਗ ਪੰਜਾਬ ਦੀਆਂ ਸਿੱਖ ਰਿਆਸਤਾਂ ਨਾਭਾ, ਜੀਂਦ, ਪਟਿਆਲਾ ਅਤੇ ਫ਼ਰੀਦਕੋਟ ਆਦਿ ਵਿੱਚ ਇਹ ਪ੍ਰਥਾ ਬਹੁਤ ਪ੍ਰਫੁੱਲਤ ਹੋਈ ਅਤੇ ਇਹਨਾਂ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਵੀ ਪ੍ਰਭਾਵ ਪਿਆ ਅਤੇ ਉਥੇ ਵੀ ਕੰਧ-ਚਿੱਤਰਕਾਰੀ ਦੇ ਨਮੂਨੇ ਵੇਖਣ ਵਿੱਚ ਆਏ ਜੋ 19ਵੀਂ ਸਦੀ ਵਿੱਚ ਉਲੀਕੇ ਗਏ। ਪ੍ਰਾਚੀਨ ਪੰਜਾਬ ਦੀ ਜੇਕਰ ਭੂਗੋਲਿਕ ਸਥਿਤੀ ਨੂੰ ਮੁੱਖ ਰੱਖਦੇ ਹੋਏ ਸਰਵੇਖਣ ਕੀਤਾ ਜਾਵੇ ਤਾਂ ਅਜਿਹੀਆਂ ਇਮਾਰਤਾਂ ਦੀ ਗਿਣਤੀ ਬਹੁਤ ਹੈ।

ਪੰਜਾਬ ਵਿੱਚ ਮੁਸਲਮਾਨਾਂ ਦੇ ਰਾਜਕਾਲ ਸਮੇਂ ਦੇ ਕੰਧ ਚਿੱਤਰ ਬਹੁਤੇ ਵੇਲ-ਬੂਟਿਆਂ ਦੀ ਸਜਾਵਟ ਤੱਕ ਹੀ ਸੀਮਿਤ ਸਨ। ਇਸਲਾਮ ਵਿੱਚ ਆਕ੍ਰਿਤਕ ਧਾਰਮਿਕ ਮਨਾਹੀ ਹੋਣ ਕਾਰਨ ਵੀ ਉੱਤਰੀ ਭਾਰਤ ਵਿੱਚ ਮੁਸਲਮਾਨ ਸੁਲਤਾਨਾਂ ਨੇ ਕੰਧ-ਚਿੱਤਰਾਂ ਦੀ ਕਲਾ ਨੂੰ ਪ੍ਰੋਤਸਾਹਨ ਦਿੱਤਾ। ਗ਼ੁਲਾਮ ਅਤੇ ਖਿਲਜੀ ਵੰਸ਼ ਦੀ ਹਕੂਮਤ ਸਮੇਂ ਪੰਜਾਬ ਦੀ ਕੰਧ ਚਿੱਤਰਕਾਰੀ ਵਿੱਚ ਇੱਕ ਨਵੀਂ ਸ਼ੈਲੀ ਦਾ ਪ੍ਰਵੇਸ਼ ਹੋਇਆ। ਇਹ ਸੀ 'ਕਾਸ਼ੀ ਦੀ ਕਲਾ' ਜਿਸਨੂੰ ਸ਼ੀਸ਼ੇ ਦੇ ਰੋਗ਼ਨ ਦਾ ਕੰਮ ਵੀ ਆਖਦੇ ਸਨ।[17] ਕਾਸ਼ੀ ਦੇ ਕੰਮ ਦੀ ਕੰਧ-ਚਿੱਤਰਕਾਰੀ ਦਾ ਨਮੂਨਾ ਮੁਲਤਾਨ ਸਥਿਤ ਸ਼ਾਹ ਯੂਸਫ਼ ਗਰਦੀਜ਼ੀ ਦਾ ਮਕਬਰਾ ਹੈ।[18]

19ਵੀਂ ਸਦੀ ਵਿੱਚ ਪੰਜਾਬ ਦੀ ਚਿੱਤਰਕਾਰੀ ਦੇ ਮੁੱਖ ਕੇਂਦਰ ਅੰਮ੍ਰਿਤਸਰ ਦੇ ਮੁਗ਼ਲ ਬਜ਼ਾਰ ਵਿੱਚ ਇੱਕ ਗਲੀ ਸੀ ਜਿਸਨੂੰ 'ਗਲੀ ਨੱਕਾਸ਼ਾਂ' ਜਾਂ 'ਚਿੱਤਰਕਾਰਾਂ ਦੀ ਗਲੀ' (ਇਸਦਾ ਵਰਤਮਾਨ ਨਾਂ 'ਪ੍ਰਤਾਪ ਗਲੀ' ਹੈ) ਕਿਹਾ ਜਾਂਦਾ ਸੀ, ਜਿਥੇ ਇਹ ਪਰੰਪਰਾਵਾਦੀ ਕਲਾਕਾਰ ਜਿਵੇਂ ਪੂਰਨ ਸਿੰਘ ਮੁਸੱਵਰ, ਅਮੀਰ ਸਿੰਘ ਆਦਿ ਵਸਦੇ ਸਨ ਇਹਨਾਂ ਨੂੰ ਨਕਾਸ਼ ਆਖਿਆ ਜਾਂਦਾਂ ਸੀ।[19] ਵੇਲ-ਬੂਟਿਆਂ ਦੀ ਸਜਾਵਟ ਇਹਨਾਂ ਦਾ ਪ੍ਰਧਾਨ ਗੁਣ ਸੀ। ਅੰਮ੍ਰਿਤਸਰ, ਫ਼ਰੀਦਕੋਟ, ਪਟਿਆਲਾ, ਨਾਭਾ, ਜੀਂਦ ਅਤੇ ਹੁਸ਼ਿਆਰਪੁਰ ਆਦਿ ਸਥਾਨਾਂ 'ਤੇ ਕੰਧ-ਚਿੱਤਰਾਂ ਦੇ ਬਿਹਤਰੀਨ ਨਮੂਨੇ ਵੇਖਣ ਨੂੰ ਮਿਲਦੇ ਹਨ। ਸਮਾਜਿਕ ਅਤੇ ਧਾਰਮਿਕ ਦੋਹਾਂ ਵਿਸ਼ਿਆਂ ਨੂੰ ਇਮਾਰਤ ਦੀਆਂ ਕੰਧਾਂ ਉੱਪਰ ਤਰਤੀਬਵਾਰ ਚਿੱਤਰਤ ਕੀਤਾ ਜਾਂਦਾ ਸੀ। ਸਰਪ੍ਰਸਤਾਂ ਦੀ ਪ੍ਰਮੁੱਖਤਾ ਨੂੰ ਵੇਖਦੇ ਹੋਏ ਵਿਸ਼ਿਆਂ ਦੀ ਵੰਡ ਕੀਤੀ ਜਾਂਦੀ ਸੀ। ਕਈ ਵਾਰ

---

17 **ਕੰਗ, ਕੰਵਰਜੀਤ ਸਿੰਘ (ਡਾ.),**(1988) *ਪੰਜਾਬ ਦੇ ਕੰਧ ਚਿੱਤਰ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-15.

18 ਉਹੀ

19 **ਆਰਿਅਨ,ਕੇ.ਸੀ,** *ਪੰਜਾਬ ਪੇਟਿੰਗਜ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ -21.

ਕੰਧਾਂ ਨੂੰ ਵਿਸ਼ਿਆਂ ਦੇ ਅਧਾਰ 'ਤੇ ਵੰਡ ਲਿਆ ਜਾਂਦਾ ਸੀ। ਗੁਰਦੁਆਰਾ ਪੋਥੀਮਾਲਾ ਕਸਬਾ ਗੁਰੂ ਹਰਸਹਾਇ, ਫ਼ਿਰੋਜ਼ਪੁਰ ਦੇ ਕੰਧ-ਚਿੱਤਰ, ਜੋ ਕਿ ਸਿੱਖ ਗੁਰੂਆਂ, ਮਹਾਂਭਾਰਤ, ਰਾਮਾਇਣ ਅਤੇ ਪ੍ਰੀਤ ਗਾਥਾਵਾਂ 'ਤੇ ਆਧਾਰਿਤ ਹਨ, ਨੂੰ ਵੱਖ-ਵੱਖ ਪੈਨਲਾਂ ਵਿੱਚ ਚਿੱਤਰਤ ਕੀਤਾ ਗਿਆ ਹੈ। ਜਨਮਸਾਖੀਆਂ 'ਤੇ ਆਧਾਰਤ ਕੰਧ-ਚਿੱਤਰ ਹਰ ਇਮਾਰਤ ਵਿੱਚ ਜ਼ਰੂਰ ਵੇਖਣ ਨੂੰ ਮਿਲਦੇ ਹਨ। ਗੁਰਦੁਆਰਾ ਬਾਬਾ ਅਟੱਲ ਰਾਏ ਜੀ, ਅੰਮ੍ਰਿਤਸਰ ਦੇ ਕੰਧ-ਚਿੱਤਰ ਜਨਮਸਾਖੀਆਂ 'ਤੇ ਹੀ ਆਧਾਰਿਤ ਹਨ। 'ਜਨਮਸਾਖੀ ਪਰੰਪਰਾ' ਵਿੱਚ ਮਿਹਰਬਾਨ ਵਾਲੀ ਜਨਮਸਾਖੀ ਦੀ ਇਤਿਹਾਸਿਕ ਪੱਖ ਤੋਂ ਮਹਾਨਤਾ ਬਾਰੇ ਦੱਸਿਆ ਹੈ।[20] ਭਾਈ ਬਾਲੇ ਵਾਲੀ ਜਨਮਸਾਖੀ ਸਭ ਤੋਂ ਪੁਰਾਤਨ ਹੈ।[21]

ਸਿੱਖ ਚਿੱਤਰਕਲਾ ਨਾਲ ਸੰਬੰਧਿਤ ਇੱਕ ਹੋਰ ਮਹੱਤਵਪੂਰਨ ਉਦਾਹਰਣ ਦੇ ਰੂਪ ਵਿੱਚ ਸਿੱਖ ਗੁਰੂ ਸਾਹਿਬਾਨ ਦੇ ਵਿਅਕਤੀ-ਚਿੱਤਰ ਮਿਲਦੇ ਹਨ, ਜਿਨ੍ਹਾਂ ਨੂੰ ਸਿੱਖ ਗੁਰੂ ਸ਼੍ਰੀ ਹਰਿ ਰਾਏ ਸਾਹਿਬ ਦੇ ਵੱਡੇ ਪੁੱਤਰ ਸ਼੍ਰੀ ਰਾਮਰਾਏ (1646 ਈ:) ਨੇ ਇੱਕ ਮੁਗ਼ਲ ਚਿੱਤਰਕਾਰ ਤੋਂ ਬਣਵਾਇਆ ਸੀ, ਜਦੋਂ ਸ਼੍ਰੀ ਰਾਮਰਾਏ ਔਰੰਗਜ਼ੇਬ ਦੇ ਦਰਬਾਰ ਵਿੱਚ ਰਹਿੰਦੇ ਸਨ। ਸ਼੍ਰੀ ਰਾਮਰਾਏ ਨੂੰ ਗੜ੍ਹਵਾਲ ਦੇ ਇਲਾਕੇ ਵਿੱਚ ਦੇਹਰਾਦੂਨ ਦੀ ਜਗੀਰ ਸਿੱਖ ਪੰਥ ਦੇ ਵਿਰੁੱਧ ਖੜ੍ਹਾ ਹੋਣ ਲਈ ਦਿੱਤੀ ਗਈ ਸੀ ਅਤੇ ਉਥੇ ਹੀ ਸ਼੍ਰੀ ਰਾਮਰਾਏ ਨੇ ਇੱਕ ਗੁਰਦੁਆਰਾ ਬਣਵਾਇਆ। ਇਹ ਵਿਅਕਤੀ-ਚਿੱਤਰ ਦੇਹਰਾਦੂਨ ਵਿੱਚ ਉਨ੍ਹਾਂ ਦੇ ਵਾਰਸਾਂ ਪਾਸ ਸੁਰੱਖਿਅਤ ਹੈ।[22] ਰਾਮਰਾਏ ਜੀ ਦਾ ਇਹ ਵਿਅਕਤੀ-ਚਿੱਤਰ ਗੁਰੂ ਵਿਅਕਤੀ-ਚਿੱਤਰ ਦੀ ਪ੍ਰਥਮ ਉਦਾਹਰਣ ਮੰਨੀ ਜਾਂਦੀ ਹੈ।[23] ਇਹਨਾਂ ਚਿੱਤਰਾਂ ਨੂੰ ਦਰਬਾਰੀ ਮੁਗ਼ਲ ਸ਼ੈਲੀ ਵਿੱਚ ਬਣਾਇਆ ਗਿਆ ਸੀ ਅਤੇ ਬਾਅਦ ਵਿੱਚ ਵਿਕਸਿਤ ਹੋਈ ਚਿੱਤਰਕਲਾ ਦਾ ਇਹਨਾਂ ਨਾਲ ਕੋਈ ਸਬੰਧ ਨਹੀਂ ਹੈ।

ਡਬਲਿਯੂ. ਜੀ. ਆਰਚਰ, ਡਾ. ਕੰਵਰਜੀਤ ਸਿੰਘ ਕੰਗ, ਬੀ.ਐੱਨ ਗੋਸਵਾਮੀ, ਜੇ. ਸੀ. ਆਰਿਅਨ, ਐੱਫ.ਐੱਸ. ਇਜਾਜ਼ੁਦੀਨ, ਏ.ਕੇ. ਕੁਮਾਰਾਸੁਆਮੀ, ਮੁਲਕ ਰਾਜ ਅਨੰਦ,

---

20 **ਸਿੰਘ, ਕਿਰਪਾਲ,** (1969), *ਜਨਮਸਾਖੀ ਪਰੰਪਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ-12.

21 **Mcload, W.H**. (1975). *The Evaluation of the Sikh Community,* Delhi Oxford Univ. Press, p. 4.

22 **Randhawa., M.S. (Dr.)** *Painting of the Sikh Guru in the Collection of Mahants of Gurudwara Ram Rai*, Dehradun, Roopa- Lekha XXXIX.1, AIFACS, Rafi Marg,New Delhi, p. 13-20. **Mcleod., W.H.** (1991). *Popular Sikh Art*, Delhi Oxford Univ. Press, Oxford New York, p. 7.

23 Ibid, pp. 7-8.

ਡਾ. ਐੱਮ. ਐੱਸ. ਰੰਧਾਵਾ, ਹਰਿੰਦਰ ਸਿੰਘ ਰੂਪ, ਖੁਸ਼ਵੰਤ ਸਿੰਘ, ਡਬਲਿਯੂ. ਐੱਚ. ਮੈਕਲੋਡ, ਇਮਾਲੀ ਏਡਨ, ਜੇ.ਸੀ.ਫੈਂਚ, ਆਦਿ ਇਤਿਹਾਸਕਾਰਾਂ ਨੇ ਸਿੱਖ ਕਲਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ।[24]

ਪੰਜਾਬ ਦੇ ਹਾਕਮਾਂ ਤੇ ਚਿੱਤਰਕਾਰਾਂ ਦਾ ਸੋਫਤ ਦੀਆਂ ਕਿਰਤਾਂ ਰਾਹੀਂ ਪੱਛਮੀ ਕਲਾ ਨਾਲ ਪਹਿਲੀ ਵਾਰ ਸੰਪਰਕ ਹੋਇਆ। ਮਹਾਰਾਜਾ ਰਣਜੀਤ ਸਿੰਘ ਦਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਨ ਦਾ ਦ੍ਰਿਸ਼, ਮਹਾਰਾਜਾ ਸ਼ੇਰ ਸਿੰਘ, ਸ਼ਹਿਜ਼ਾਦਾ ਦਲੀਪ ਸਿੰਘ, ਦਰਬਾਰੀਆਂ ਨਾਲ ਸ਼ੇਰ ਸਿੰਘ, ਮਹਾਰਾਣੀ ਜਿੰਦਾਂ ਅਤੇ 1850-55 ਵਿੱਚ ਵੀਨਸ ਵਿੱਚ ਬਣਾਇਆ ਗਿਆ 'ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ' ਆਦਿ। ਸੋਫਤ ਦੁਆਰਾ ਬਣਾਏ ਚਿੱਤਰ ਪਾਕਿਸਤਾਨ ਦੇ ਪ੍ਰਸਿੱਧ ਕਲਾ ਵਿਸ਼ੇਸ਼ਗ ਅਤੇ ਸਿੱਖ ਚਿੱਤਰਕਲਾ ਦੇ ਅੰਤਰਰਾਸ਼ਟਰੀ ਵਿਸ਼ਲੇਸ਼ਕ F.S.Aijazuddin ਨੇ ਆਪਣੀ ਪੁਸਤਕ "Sikh Portraits by European Artist" ਵਿੱਚ ਪ੍ਰਕਾਸ਼ਤ ਕੀਤੇ ਹਨ।[25]

1849 ਈ: ਵਿੱਚ ਅੰਗਰੇਜ਼ਾਂ ਦਾ ਪੰਜਾਬ ਉੱਪਰ ਅਧਿਕਾਰ ਹੋਣ ਕਾਰਨ ਸਥਿਤੀ ਵਿੱਚ ਪਰਿਵਰਤਨ ਆਉਣਾ ਆਰੰਭ ਹੋ ਗਿਆ। ਇਸੇ ਸਦੀ ਦੇ ਅੰਤ ਵਿੱਚ ਲਾਹੌਰ ਵਿੱਚ ਕੰਧ-ਚਿੱਤਰਕਾਰਾਂ ਦੀ ਚਿੱਤਰਕਾਰੀ ਦਾ ਧੰਦਾ ਬਿਲਕੁਲ ਬੰਦ ਹੋ ਗਿਆ ਕਿਉਂਕਿ ਸਿੱਖ ਸਰਦਾਰਾਂ ਦੀ ਥਾਂ ਤੇ ਆਏ ਅੰਗਰੇਜ਼ ਅਫਸਰਾਂ ਨੂੰ ਭਾਰਤੀ ਵਸਤੂਆਂ ਵਿੱਚ ਕੋਈ ਦਿਲਚਸਪੀ ਨਹੀਂ ਸੀ। 1900 ਈ: ਵਿੱਚ ਅੰਗਰੇਜ਼ਾਂ ਦੇ ਵਾਪਸ ਜਾਣ ਤੋਂ ਬਾਅਦ ਕਈ ਥਾਂਵਾਂ ਤੇ ਕੰਧ ਚਿੱਤਰਾਂ ਦੀ ਪ੍ਰਥਾ 20ਵੀਂ ਸ਼ਤਾਬਦੀ ਤੱਕ ਜਾਰੀ ਰਹੀ। ਤਰਨਤਾਰਨ ਅਤੇ ਸ੍ਰੀ

---

24 **Archer., W.G.** (1966). *Painting of the Sikhs*, Her Majestry and Stationery office,Victoria & Albert Museum, London. **Kang., Kanwarjeet Singh. (Dr.)** (1985). *Wall paintings of Punjab & Harayana*, Atma Ram & Sons (H.O.) Kashmere Gate, Delhi. ***Pb. Art and Culture,*** (1988). Atma Ram & Sons (H.O.) Kashmere Gate Delhi.
***ਮਿੱਟੀ ਆਪੋ ਆਪਣੀ*** (1985) ਆਰਸੀ ਪਬਲੀਕੇਸ਼ਨਜ਼, ਦਿੱਲੀ।
**Aijazuddin., F.S.** (1979). *Sikh Portraits by European Artist*, Sotheby Parke Bernet London New York Oxford University Press, Karachi, Delhi.
**Aryan., K.C.** (1977), *Punjab Paintings*, Pb. University Patiala. ***Cultural Heritage of Pb.,*** (1983). Rekha Parkashan, New Delhi. ***Punjab Murals***, (1977). Rekha Prakashan, New Delhi.
**Eden, Emily.** (1844). *Portraits of Princes & people of India*, London.
**Goswamy, B.N. (Dr.)** (1981). ***A Matter of Taste: Some Notes on the context of Painting in Sikh Pb.,*** Marg Pub.
**Fench, S.C.** (1931). *Himalayan Art*, Oxford.

25 **Ajazzuddin., F.S.** (1979). *Sikh Portraits by European Artists*, London, New York,Oxford University Press, Karachi Delhi, Plates I, II, III, IV, V, IX.

ਦਰਬਾਰ ਸਾਹਿਬ ਅੰਮ੍ਰੀਤਸਰ ਦੇ ਚਿੱਤਰ 1905 ਈ: ਅਤੇ ਗੁਰਦੁਆਰਾ ਬਾਉਲੀ ਸਾਹਿਬ, ਗੋਇੰਦਵਾਲ ਦੇ ਚਿੱਤਰ ਲਗਭਗ 1920 ਈ: ਦੇ ਨੇੜੇ ਬਣਾਏ ਗਏ ਹਨ। ਗੁਰਦੁਆਰਾ ਪੋਥੀਮਾਲਾ,ਕਸਬਾ ਗੁਰੂ ਹਰਸਹਾਏ ਦੇ ਕੰਧ-ਚਿੱਤਰ 19ਵੀਂ ਸਦੀ ਦੇ ਅੰਤਲੇ ਚਰਣ ਦੇ ਹਨ। 19ਵੀਂ ਸਦੀ ਦੇ ਦੂਜੇ ਅੱਧ ਵਿੱਚ ਚਿੱਤਰਕਾਰਾਂ ਨੂੰ ਹੋਰ ਵਧਣ-ਫੁੱਲਣ ਦਾ ਮੌਕਾ ਮਿਲਿਆ।[26] ਇਮਾਮ ਬਖ਼ਸ਼ ਲਾਹੌਰੀ ਇਸ ਸਮੇਂ ਦਾ ਸਭ ਤੋਂ ਪ੍ਰਸਿੱਧ ਦਰਬਾਰੀ ਚਿੱਤਰਕਾਰ ਸੀ।[27]

ਅੰਮ੍ਰਿਤਸਰ ਵਿਖੇ 1750 ਈ: ਵਿੱਚ ਉਸਾਰਿਆ ਗਿਆ ਰਘੂਨਾਥ ਦਾਸ ਠਾਕੁਰਦੁਆਰਾ, ਜੋ ਕਿ ਹੁਣ ਖੰਡਰ ਦਾ ਰੂਪ ਧਾਰਨ ਕਰ ਚੁੱਕਾ ਹੈ, ਦੀਆਂ ਕੰਧਾਂ ਤੋਂ ਸਪੱਸ਼ਟ ਜ਼ਾਹਿਰ ਹੈ ਕਿ ਉਸ ਵੇਲੇ ਉਹਨਾਂ ਉੱਪਰ ਕੰਧ ਚਿੱਤਰਕਾਰੀ ਦਾ ਵਧੀਆ ਦਰਜੇ ਦਾ ਕੰਮ ਹੋਇਆ ਸੀ।[28]ਕਸਬਾ ਘੁਮਾਣ, ਜ਼ਿਲ੍ਹਾ ਗੁਰਦਾਸਪੁਰ ਵਿਖੇ ਭਗਤ ਨਾਮਦੇਵ ਜੀ ਦੇ ਮੰਦਰ ਵਿੱਚ 18ਵੀਂ ਸਦੀ ਦੀ ਕੰਧ-ਚਿੱਤਰਕਾਰੀ ਦੇ ਅੰਸ਼ ਦੇਖਣ ਨੂੰ ਮਿਲਦੇ ਹਨ।[29] ਸਿੱਖ ਸਮੇਂ ਦੀ ਚਿੱਤਰਕਲਾ ਅਸਲ ਵਿੱਚ ਕਾਂਗੜਾ ਕਲਾ ਤੇ ਬਸੌਲੀ, ਚੰਬਾ, ਕੁਲੂ ਵਾਦੀ ਦੀਆਂ ਪਹਾੜੀ ਪਰਪਾਟੀਆਂ ਦੀ ਚਿੱਤਰਕਲਾ ਦੇ ਬਚੇ-ਖੁਚੇ ਅੰਸ਼ ਹਨ।[30] ਭਿੰਨ-ਭਿੰਨ ਸ਼ੈਲੀਆਂ ਦਾ ਰਲਗਡ ਹੋਣ ਕਰਕੇ ਇਸਨੂੰ 'ਹਿਮਾਲਿਆ ਦੀ ਕਲਾ' ਕਿਹਾ ਗਿਆ।[31]

ਰਾਜ ਪ੍ਰਾਪਤੀ ਦੀ ਲਾਲਸਾ ਕਾਰਨ ਪਹਾੜੀ ਰਾਜ ਦੇ ਵਰਤਮਾਨ ਆਗੂਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਭੜਕਾਅ ਦਿੱਤਾ।[32] ਇਹ ਸਾਰੀ ਕਾਰਵਾਈ ਕੁਝ ਹੱਦ ਤੱਕ ਗ਼ੈਰ ਰਾਜਪੂਤੀ ਸੀ ਅਤੇ ਪਹਾੜੀ ਸੱਭਿਅਤਾ ਦੇ ਆਮ ਬਾਈਕਾਟ ਦੇ ਬਾਵਜੂਦ ਇਹ ਇੱਕ ਅਸਾਧਾਰਣ ਗੱਲ ਸੀ ਜੋ ਦਰਬਾਰੀ ਪੱਖਪਾਤ ਦੇ ਹੁੰਦਿਆਂ ਵੀ ਗੁਲੇਰ ਦੇ ਚਿੱਤਰਕਾਰਾਂ ਨੇ ਆਪਣਾ ਸਥਾਨ ਬਣਾ ਲਿਆ।[33] ਉਸ ਸਮੇਂ ਸਿੱਖ ਹਾਕਮਾਂ ਦਾ ਮਿਲਾਪ ਕਾਂਗੜੇ ਦੇ ਚਿੱਤਰਕਾਰਾਂ ਨਾਲ ਹੋਇਆ। ਕਾਂਗੜਾ ਅਤੇ ਗੁਲੇਰ-ਕਲਾ 'ਤੇ ਜ਼ਿਆਦਾ ਰਾਜਪੂਤ-ਕਲਾ ਦਾ

---

26 **Alam., Nadeem.** (2009). Article, *Painting in the Sikh Period,* March 29.
27 Ibid.
28 Dist. Gazztteer Ferozepur, 1965, p. 47.
29 **Kang., Kanwerjeet Singh.** (Dr.) (1985). *Wall Paintings of Punjab & Haryana*,Atma Ram & Sons, New Delhi, p. 22.
30 **ਰੰਧਾਵਾ, ਐੱਮ.ਐੱਸ.(ਡਾ.)**, (2006) *ਪੰਜਾਬ,* ਭਾਸ਼ਾ ਵਿਭਾਗ, ਪਟਿਆਲਾ,ਪੰਨਾ 96.
31 ਉਹੀ, ਪੰਨਾ-90.
32 **Archer., W.G.** (1966). *Painting of the Sikhs,* Her Majestry & Stationrey Office, Victoria & Albert Museum, London.
33 **Kang., Kanwarjeet Singh.** (Dr.)(1985). *Wall Paintings of Punjab & Haryana.* Atma Ram & Sons, New Delhi, p. 22.

ਅਸਰ ਸੀ ਜੋ ਜਜ਼ਬਾਤੀ, ਰੁਮਾਂਟਿਕ ਅਤੇ ਰਹੱਸਪੂਰਨ ਸੀ। ਇਹਨਾਂ ਗੁਣਾਂ ਤੋਂ, ਜੋ ਪਹਾੜੀ ਕਲਾ ਦੀ ਜ਼ਿੰਦ-ਜਾਨ ਸਨ, ਸਿੱਖ ਸਰਦਾਰ ਨਾਵਾਕਫ਼ ਸਨ। ਉਹ ਕੇਵਲ ਯਥਾਰਥਕ ਮਨੁੱਖੀ ਚਿੱਤਰ ਜਾਂ ਉਹ ਚਿੱਤਰ ਜਿਨ੍ਹਾਂ ਵਿੱਚ ਹਿੰਦੂ ਮਿਥਿਹਾਸ ਦੀ ਸਿੱਖ ਧਰਮ ਨਾਲ ਸਾਂਝ ਸੀ, ਪਸੰਦ ਕਰਦੇ ਸਨ। 19ਵੀਂ ਸਦੀ ਦੇ ਆਖ਼ਰੀ ਦਹਾਕਿਆਂ ਵਿੱਚ ਹੀ ਕਾਂਗੜਾ ਕਲਾ ਦੀਆਂ ਖ਼ੂਬੀਆਂ ਬਾਰੇ ਸੋਝੀ ਹੋਈ ਪਰ ਇਤਨੇ ਚਿਰ ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਕਾਰਨ ਸਿੱਖ ਰਾਜ ਦੀ ਅਧੋਗਤੀ ਹੋਣੀ ਸ਼ੁਰੂ ਹੋ ਗਈ। ਮਹਾਰਾਜਾ ਰਣਜੀਤ ਸਿੰਘ ਦਾ ਇੱਕ ਪੁੱਤਰ ਸ਼ੇਰ ਸਿੰਘ ਕਲਾ-ਰਸਿਕ ਅਤੇ ਚਿੱਤਰਕਾਰੀ ਦਾ ਵੱਡਾ ਪਾਰਖੂ ਸੀ। ਉਸਦੀ ਇਸ ਦਿਆਲਤਾ ਨੇ ਉਸਦੇ ਪ੍ਰਭਾਵ ਨੂੰ ਵਧਾਉਣ ਵਿੱਚ ਸਹਾਇਤਾ ਕੀਤੀ।

ਗੁਰਦੁਆਰੇ, ਠਾਕੁਰਦੁਆਰੇ ਅਤੇ ਸਮਾਧਾਂ ਉਸਾਰੀਆਂ ਜਾਂਦੀਆਂ ਅਤੇ ਇੱਕ ਮੰਤਵ ਹਿਤ ਕੰਧ ਚਿੱਤਰਾਂ ਨਾਲ ਸਜਾਈਆਂ ਜਾਂਦੀਆਂ ਹਨ।[34] ਕੰਧ-ਚਿੱਤਰਾਂ ਦੀ ਇਸ ਟੁੱਟਵੀਂ ਪਰੰਪਰਾ ਨੇ ਜੋ ਕਿ ਕਾਫ਼ੀ ਹੱਦ ਤੱਕ ਸੁਰੱਖਿਅਤ ਹੈ, ਕਲਾ ਦੇ ਖੇਤਰ ਵਿੱਚ ਨਿਰਸੰਦੇਹ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ ਹੈ। ਧਰਮ ਇੱਕ ਭਾਈਚਾਰਕ ਜੀਵਨ ਦੀ ਮੰਗ ਕਰਦਾ ਸੀ ਜਿਸਨੂੰ ਕੰਧਾਂ ਉੱਤੇ ਚਿੱਤਰਾਂ ਰਾਹੀਂ ਦਰਸਾਈਆਂ ਆਂਤਰਿਕ ਕੀਮਤਾਂ ਦਾ ਹਰ ਸ਼ਰਧਾਲੂ ਦੇ ਸਹਿਭਾਗੀ ਹੋਣ ਨਾਲ ਜਿਉਂਦਾ ਰੱਖਿਆ ਜਾ ਸਕਦਾ ਸੀ, ਭਾਵੇਂ ਉਹ ਇਹਨਾਂ ਦੀ ਸੁੰਦਰਤਾ ਦੇ ਤੱਤ ਨੂੰ ਮਾਣ ਸਕਦਾ ਜਾਂ ਧਾਰਮਿਕ ਸਥਾਨ ਦੀ ਵਿਸ਼ਾਲਤਾ, ਸ਼ਾਨ ਅਤੇ ਸ਼ਕਤੀ ਤੋਂ ਪ੍ਰਭਾਵਤ ਹੋ ਸਕਦਾ। ਬਹੁਤ ਘੱਟ ਲੋਕ ਆਪਣੇ ਨਿੱਜੀ ਘਰਾਂ ਦੀਆਂ ਕੰਧਾਂ ਲਈ ਤਸਵੀਰਾਂ ਖ਼ਰੀਦ ਸਕਦੇ ਸਨ ਅਤੇ ਕੰਧ-ਚਿੱਤਰ ਇੱਕ ਆਮ ਲੋੜ ਨੂੰ ਪੂਰਾ ਕਰਦੇ ਸਨ।[35]

ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਨਾਲ ਸਥਿਤੀ ਵਿੱਚ ਤੇਜ਼ੀ ਨਾਲ ਪਰਿਵਰਤਨ ਆਉਣਾ ਆਰੰਭ ਹੋ ਗਿਆ ਅਤੇ ਪੰਜਾਬ ਵਿੱਚ ਚਿੱਤਰਕਾਰੀ ਦਾ ਚੋਖਾ ਕੰਮ ਹੋਇਆ। ਕੰਧ ਚਿੱਤਰਕਲਾ ਜਿਸਨੇ ਇਸ ਸਮੇਂ ਆਪਣੀ ਸ਼ਕਤੀਸ਼ਾਲੀ ਪਰੰਪਰਾ ਦਾ ਵਿਕਾਸ ਕਰ ਲਿਆ ਸੀ, ਆਪਣੀਆਂ ਨਵੀਆਂ ਸਮਾਜਿਕ ਤਬਦੀਲੀਆਂ ਕਾਰਣ ਪਤਨ ਵੱਲ ਜਾਣ ਲੱਗੀ। ਲਾਹੌਰ ਵਿਖੇ ਕੰਧ-ਚਿੱਤਰਾਂ ਦੇ ਚਿੱਤੇਰਿਆਂ ਦੀ ਦਸਤਕਾਰੀ ਦਾ ਅਮਲੀ ਤੌਰ ਤੇ ਅੰਤ ਹੋ ਗਿਆ ਸੀ।[36] ਸਿੱਖ ਸਰਦਾਰਾਂ ਦੀ ਥਾਂ ਤੇ ਅੰਗਰੇਜ਼ ਅਫ਼ਸਰਾਂ ਨੂੰ ਭਾਰਤੀ ਵਸਤੂਆਂ ਕਲਾ ਸੰਬੰਧੀ

---

34 **Dovie, J.M.** (1887). *Guru Guga as a Snake God,* Indian Antiquary, XXVI, March, p. 84.

35 **Anand, Mulk Raj. (Dr.)** *The world of colour,* Marg XVII, No. 3, p. 3.

36 **ਕੰਗ, ਕੰਵਰਜੀਤ ਸਿੰਘ. (ਡਾ.)**, (1988), *ਪੰਜਾਬ ਦੇ ਕੰਧ ਚਿੱਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-14.

ਕੋਈ ਖ਼ਾਸ ਦਿਲਚਸਪੀ ਨਹੀਂ ਸੀ। ਉਨ੍ਹਾਂ ਲਈ ਇਹ ਅਜੀਬ ਵਸਤੂਆਂ ਤੋਂ ਵੱਧ ਕੁਝ ਨਹੀਂ ਸੀ। ਦੂਜੇ ਪਾਸੇ ਜਿਸ ਪ੍ਰਕਾਰ ਦੀ ਕਲਾ ਦਾ ਅੰਗਰੇਜ਼ ਵਾਧਾ ਕਰਨਾ ਚਾਹੁੰਦੇ ਸਨ, ਉਹ ਪਰੰਪਰਵਾਦੀ ਚਿੱਤਰਕਾਰਾਂ ਦੇ ਕੰਮ ਤੋਂ ਬਿਲਕੁਲ ਹੀ ਵੱਖ ਸੀ। ਅੰਗਰੇਜ਼ਾਂ ਦੁਆਰਾ ਸੰਗਠਿਤ ਕੀਤੀ ਗਈ ਸਿੱਖਿਆ ਪ੍ਰਣਾਲੀ ਦੇ ਅਧਾਰ ’ਤੇ ਲਲਿਤ ਕਲਾਵਾਂ ਅਤੇ ਦਸਤਕਾਰੀਆਂ ਵੱਲ ਵੀ ਧਿਆਨ ਦਿੱਤਾ ਗਿਆ।

ਪੰਜਾਬ ਵਿੱਚ ਕੰਧ-ਚਿੱਤਰਾਂ ਦੀ ਚਿੱਤਰਕਾਰੀ ਜਿਨ੍ਹਾਂ ਵੀ ਇਮਾਰਤਾਂ ਵਿੱਚ ਹੋਈ, ਬੇਸ਼ੱਕ ਉਹ ਅੱਜ ਮੌਜੂਦ ਹਨ ਜਾਂ ਫਿਰ ਸਮੇਂ ਦੀ ਭੇਂਟ ਚੜ ਚੁੱਕੀਆਂ ਹਨ, ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ- ਧਾਰਮਿਕ ਅਤੇ ਗ਼ੈਰ-ਧਾਰਮਿਕ। ਧਾਰਮਿਕ ਇਮਾਰਤਾਂ ਵਿੱਚ ਗੁਰਦੁਆਰਿਆਂ, ਮੰਦਰਾਂ ਅਤੇ ਡੇਰਿਆਂ ਆਦਿ ਨੂੰ ਲਿਆ ਗਿਆ ਹੈ ਅਤੇ ਗ਼ੈਰ-ਧਾਰਮਿਕ ਇਮਾਰਤਾਂ ਵਿੱਚ, ਮਹਿਲਾਂ, ਸਮਾਧਾਂ ਅਤੇ ਹਵੇਲੀਆਂ ਬਾਰੇ ਵਰਣਨ ਕੀਤਾ ਗਿਆ ਹੈ।

**ਧਾਰਮਿਕ ਇਮਾਰਤਾਂ:** ਗੁਰਦੁਆਰਾ ਬਾਬਾ ਅਟੱਲ ਰਾਏ ਦੇ ਮੀਨਾਰ ਕੰਧ-ਚਿੱਤਰ ਅਤੇ ਪੱਥਰ ਵਿੱਚ ਤਰਾਸ਼ੇ ਚਿੱਤਰਾਂ ਲਈ ਪ੍ਰਸਿੱਧ ਹੈ। ਅੰਮ੍ਰਿਤਸਰ ਦਾ ਇੱਕ ਹੋਰ ਪ੍ਰਸਿੱਧ ਅਜਾਇਬ ਘਰ ਜੋ ਹਰਿਮੰਦਰ ਸਾਹਿਬ ਦੇ ਨੇੜੇ, ਅਖਾੜਾ ਬਾਲਾ ਨੰਦ ਹੈ, ਜਿਸਦੀ ਪਹਿਲੀ ਮੰਜ਼ਿਲ ਤੇ ਇੱਕ ਅਜਾਇਬ ਘਰ ਦਾ ਵੱਡਾ ਹਾਲ ਹੈ, ਜਿਸ ਦੀਆਂ ਕੰਧਾਂ ਧਾਰਮਿਕ ਵਿਸ਼ਿਆਂ ਨਾਲ ਸੰਬੰਧਤ ਚਿੱਤਰਾਂ ਨਾਲ ਸ਼ਿੰਗਾਰੀਆਂ ਗਈਆਂ ਹਨ। ਮਹਾਰਾਜਾ ਕਰਮ ਸਿੰਘ ਦੇ ਸਮੇਂ ਪ੍ਰਫੁੱਲਤ ਹੋਈ ਚਿੱਤਰਕਲਾ ਦੀ ਇੱਕ ਹੋਰ ਸ਼ਾਖ ਸੀ, ਜਿਸਨੂੰ ‘ਪਟਿਆਲਾ ਚਿੱਤਰਕਲਾ ਸਕੂਲ’ ਦਾ ਨਾਂ ਦਿੱਤਾ ਗਿਆ। ਮਹਾਰਾਜਾ ਕਰਮ ਸਿੰਘ ਅਤੇ ਨਰਿੰਦਰ ਸਿੰਘ ਨੇ ਕਈ ਚਿੱਤਰਕਾਰਾਂ ਨੂੰ ਆਪਣੇ ਪਾਸ ਦਰਬਾਰ ਵਿੱਚ ਰੱਖਿਆ ਅਤੇ ਇਹਨਾਂ ਚਿੱਤਰਕਾਰਾਂ ਨੇ ਗੁਰੂ ਸਾਹਿਬਾਨ, ਰਾਸ ਲੀਲ੍ਹਾ, ਰਾਗ-ਰਾਗਣੀਆਂ ਆਦਿ ਚਿੱਤਰ ਬਣਾਏ।

ਪ੍ਰਸਿੱਧ ਵਿਦਵਾਨਾਂ ਨੇ ਪੰਜਾਬ ਅਤੇ ਹਰਿਆਣਾ ਦੇ ਨਾਲ-ਨਾਲ ਪਾਕਿਸਤਾਨੀ ਪੰਜਾਬ ਦੇ ਕੰਧ-ਚਿੱਤਰਾਂ ਦਾ ਵੀ ਬੇਹੱਦ ਡੂੰਘਾਈ ਨਾਲ ਸਰਵੇਖਣ ਕੀਤਾ ਹੈ, ਜਿਨ੍ਹਾਂ ਦਾ ਵਿਸ਼ਾ ਕੇਵਲ ਸਿੱਖ ਇਤਿਹਾਸ ਹੀ ਨਹੀਂ ਸਗੋਂ ਹਿੰਦੂ ਮਿਥਿਹਾਸ ਵੀ ਸੀ। ਧਾਰਮਿਕ ਇਮਾਰਤਾਂ ਵਿੱਚ ਅੰਮ੍ਰਿਤਸਰ ਵਿਖੇ ਫ਼ਤਿਹਗੜ੍ਹ ਚੂੜੀਆਂ ਦਾ ‘ਪੰਚ ਮੰਦਰ’ 19ਵੀਂ ਸਦੀ ਦੇ ਬੇਹੱਦ ਦਿਲਕਸ਼ ਕੰਧ-ਚਿੱਤਰਾਂ ਨਾਲ ਸਚਿੱਤਰਤ ਹੈ। ਅੰਮ੍ਰਿਤਸਰ ਤੋਂ 26 ਕੁ ਕਿਲੋਮੀਟਰ ਦੀ ਦੂਰੀ ਤੇ ਜ਼ਿਲ੍ਹਾ ਗੁਰਦਾਸਪੁਰ ’ਚ ਆਬਾਦ ਇਤਿਹਾਸਕ ਕਸਬਾ ਫ਼ਤਿਹਗੜ੍ਹ ਚੂੜੀਆਂ ਦੇ ਬੱਸ ਅੱਡੇ ਦੇ ਕੋਲ

ਹੀ ਬਾਜ਼ਾਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਖੜਕ ਸਿੰਘ ਦੀ ਪਤਨੀ ਰਾਣੀ ਚੰਦ ਕੌਰ ਦੁਆਰਾ ਬਣਵਾਇਆ 170 ਸਾਲ ਪੁਰਾਣਾ 'ਪੰਚ ਮੰਦਰ' ਬੇਹੱਦ ਸੁੰਦਰ ਕੰਧ-ਚਿੱਤਰਕਾਰੀ ਦੇ ਨਮੂਨਿਆਂ ਨਾਲ ਸੁਸੱਜਿਤ ਹੈ। ਮੰਦਰ ਦੇ ਮੌਜੂਦਾ ਮਹੰਤ ਮਹਿੰਦਰ ਦਾਸ ਦੇ ਦੱਸਣ ਅਨੁਸਾਰ ਇਹ ਮੰਦਰ 1838-39 ਈ: ਦਾ ਬਣਿਆ ਹੋਇਆ ਹੈ। ਕਿਸੇ ਮਕਬਰੇ ਦੇ ਗੁੰਬਦ ਦੀ ਸ਼ਕਲ ਵਰਗਾ ਮੁੱਖ ਮੰਦਰ ਦਾ ਗੁੰਬਦ ਕਰੀਬ 20 ਫੁੱਟ ਉੱਚਾ ਅਤੇ 18 ਫੁੱਟ ਚੌੜਾ ਹੈ। ਇਸ ਮੰਦਰ ਵਿੱਚ 19ਵੀਂ ਸਦੀ ਦੇ 150 ਦੇ ਕਰੀਬ ਦਿਲਕਸ਼ ਕੰਧ-ਚਿੱਤਰ ਬਣੇ ਹੋਏ ਹਨ ਪਰ ਇਹਨਾਂ ਵਿੱਚ ਅੱਧੇ ਨਾਲੋਂ ਜ਼ਿਆਦਾ ਕੰਧ-ਚਿੱਤਰ ਰੰਗ-ਰੋਗਨ ਕਰਕੇ ਨਸ਼ਟ ਕਰ ਦਿੱਤੇ ਗਏ ਹਨ। ਇਸ ਮੰਦਰ ਦੀ ਦੇਖ-ਰੇਖ ਮਹੰਤ ਮਹਿੰਦਰ ਦਾਸ ਸਪੁੱਤਰ ਪੰਡਤ ਗੋਪੀ ਚੰਦ ਕਰ ਰਹੇ ਹਨ।

ਗੁਰਦੁਆਰਾ ਬਾਬਾ ਬੀਰ ਸਿੰਘ, ਜਿਲ੍ਹਾ ਅੰਮ੍ਰਿਤਸਰ ਵਿੱਚ ਤਰਨਤਾਰਨ- ਗੋਇੰਦਵਾਲ ਸੜਕ ਉੱਤੇ ਪਿੰਡ ਨੌਰੰਗਾਬਾਅਦ ਵਿਖੇ ਸਥਿਤ ਹੈ। ਇਹ ਬਾਬਾ ਬੀਰ ਸਿੰਘ ਦੀ ਯਾਦ ਵਿੱਚ ਬਣਵਾਇਆ ਗਿਆ ਸੀ। ਛੋਟੀਆਂ ਇੱਟਾਂ ਨਾਲ ਉਸਾਰੇ ਇਸ ਗੁਰਦੁਆਰੇ ਦੀਆਂ ਕੰਧਾਂ ਉੱਪਰ 19ਵੀਂ ਸਦੀ ਦੇ ਬੇਹੱਤਰੀਨ ਕੰਧ-ਚਿੱਤਰ ਸਨ।[37] ਗੁਰਦੁਆਰਾ ਬਾਬਾ ਅਟੱਲ ਰਾਏ ਜੀ ਜਿਲ੍ਹਾ ਅੰਮ੍ਰਿਤਸਰ, ਹਰਿਮੰਦਰ ਸਾਹਿਬ ਦੀ ਦੱਖਣ ਦੀ ਸਰਾਂ ਤੋਂ 150 ਗਜ਼ ਦੂਰ ਹੈ। ਇਹ ਅੱਠ ਕੋਣੀ ਨੌਂ ਮੰਜ਼ਲੀ ਇਮਾਰਤ ਅਸਲ ਵਿੱਚ ਇੱਕ ਸਮਾਧ ਰੂਪ ਹੈ, ਜੋ ਕਿ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਬਾਬਾ ਅਟੱਲ ਰਾਏ ਜੀ ਦੀ ਹੈ। ਇਹ ਅੰਮ੍ਰਿਤਸਰ ਦੀ ਸਭ ਤੋਂ ਉੱਚੀ ਇਮਾਰਤ ਹੈ। 18ਵੀਂ ਸਦੀ ਦੇ ਅੰਤਮ ਸਮੇਂ ਇਸ ਦੀ ਉਸਾਰੀ ਹੋਈ ਅਤੇ 19ਵੀਂ ਸਦੀ ਵਿੱਚ ਕੰਧ-ਚਿੱਤਰਾਂ ਦਾ ਕੰਮ ਹੋਇਆ। ਗੁਰਦੁਆਰਾ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਦੀ ਜੀਵਨ-ਕਥਾ ਕੰਧ-ਚਿੱਤਰਾਂ ਰਾਹੀ ਦਰਸਾਈ ਗਈ ਹੈ।[38] ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪਣ ਤੱਕ ਦੀਆਂ ਸਾਰੀਆਂ ਘਟਨਾਵਾਂ ਇੱਕ ਚਲਚਿੱਤਰਨੁਮਾ ਢੰਗ ਨਾਲ ਚਿੱਤਰੀਆਂ ਗਈਆਂ ਹਨ।

ਗੁਰਦੁਆਰਾ ਲੋਹਗੜ੍ਹ ਸਾਹਿਬ, ਫ਼ਰੀਦਕੋਟ ਜ਼ਿਲ੍ਹੇ ਦੀ ਤਹਿਸੀਲ ਮੋਗਾ ਵਿੱਚ ਸਥਿਤ ਦੀਨਾ ਨਾਂ ਦਾ ਪਿੰਡ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਪ੍ਰਮੁੱਖ ਸਥਾਨਾਂ ਵਿੱਚੋਂ ਇੱਕ ਹੈ।

---

37 **Kang., Kanwarjeet Singh. (Dr.)** (1985). *Wall Paintings of Punjab & Haryana*,Atma Ram & Sons, New Delhi, , p. 25.

38 **ਸ਼ਹਰਯਾਰ, ਸੰਤੋਖ ਸਿੰਘ.** (2007). *ਸਿੱਖ ਮਾਨਸਿਕਤਾ ਅਤੇ ਬਾਬਾ ਅੱਟਲ ਦੇ ਕੰਧ ਚਿੱਤਰ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ-5.

ਇੱਥੇ ਗੁਰਦੁਆਰਾ ਜ਼ਫ਼ਰਨਾਮਾ ਲੋਹਗੜ੍ਹ ਸਾਹਿਬ ਸਥਿਤ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਪੱਕੀ ਉਸਾਰੀ ਰਿਆਸਤ ਫ਼ਰੀਦਕੋਟ ਦੇ ਰਾਜਾ ਵਜ਼ੀਰ ਸਿੰਘ ਨੇ 1857 ਈ ਵਿੱਚ ਕਰਵਾਈ ਸੀ।[39] ਇਮਾਰਤ ਦੀਆਂ ਕੰਧਾਂ ਅਤੇ ਥਮਲ੍ਹਿਆਂ ਉੱਤੇ ਚੂਨੇ ਦਾ ਬਹੁਤ ਸੁੰਦਰ ਪਲਸਤਰ ਕੀਤਾ ਹੋਇਆ ਹੈ, ਜਿਸ ਤੇ ਕਈਆਂ ਥਾਵਾਂ ਤੇ 19ਵੀਂ ਸਦੀ ਦੇ ਕੰਧ- ਚਿੱਤਰ ਅੰਕਿਤ ਹਨ। ਇਹਨਾਂ ਦਾ ਵਿਸ਼ਾ ਸਿੱਖ ਧਰਮ ਹੈ ਪਰ ਅੱਜ ਇਹਨਾਂ ਚਿੱਤਰਾਂ ਦੀ ਹੋਂਦ ਖ਼ਤਰੇ ਵਿੱਚ ਹੈ।

ਸ਼੍ਰੀ ਪਲਕਿਆਣਾ ਸਾਹਿਬ, ਜਿਲ੍ਹਾ ਅੰਮ੍ਰਿਤਸਰ ਵਿੱਚ ਤਰਨਤਾਰਨ-ਪੱਟੀ ਸੜਕ ਉੱਤੇ ਪਿੰਡ ਜੌੜਾ ਦੇ ਉੱਤਰ-ਪੱਛਮ ਵੱਲ ਸਥਿਤ ਹੈ। ਮੰਦਰ ਦੇ ਅੰਦਰ ਬਣੀ ਪਰਿਕਰਮਾ ਦੀਆਂ ਦੋਹਾਂ ਕੰਧਾਂ ਉੱਤੇ ਚਿੱਤਰ ਬਣੇ ਹੋਏ ਸਨ ਜਿਹਨਾਂ ਵਿੱਚ ਅੱਜ ਬਹੁਤ ਘੱਟ ਸੰਖਿਆ ਵਿੱਚ ਚਿੱਤਰ ਸੁਰੱਖਿਅਤ ਬਚੇ ਹਨ।[40] ਇਸ ਮੰਦਰ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਵੱਲੋਂ ਦਿੱਤੀ ਜ਼ਮੀਨ ਦੀ ਆਮਦਨ ਤੋਂ ਹੋਈ। ਕੰਧ-ਚਿੱਤਰਾਂ ਵਿੱਚ ਧਾਰਮਿਕ ਅਤੇ ਗੈਰ-ਧਾਰਮਿਕ ਦੋਵੇ ਵਿਸ਼ੇ ਚਿਤੱਰਤ ਕੀਤੇ ਗਏ ਹਨ।

ਵੈਸ਼ਨਵ ਸੰਪ੍ਰਦਾਇ ਨਾਲ ਜੁੜਿਆ ਬੈਰਾਗੀਆਂ ਦਾ ਮੰਦਰ ਠਾਕੁਰਦੁਆਰਾ, ਰਾਮਟਟਵਾਲੀ ਨਾਂ ਦੇ ਪਿੰਡ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ ਹੈ। ਇਹ ਮੰਦਰ ਤਰਾਸ਼ੇ ਹੋਏ ਪੱਥਰਾਂ ਨਾਲ ਇੱਕ ਅੱਠ ਕੋਣੇ ਆਧਾਰ ਤੇ ਉਸਾਰਿਆ ਗਿਆ ਹੈ ਜਿਸ ਦੇ ਸਿਖਰ ਤੇ ਗੁੰਬਦ ਹੈ।[41] ਮੰਦਰ ਦੀਆਂ ਕੰਧਾਂ 'ਤੇ 19ਵੀਂ ਸਦੀ ਦੇ ਕੰਧ-ਚਿੱਤਰ ਉਲੀਕੇ ਗਏ ਸਨ ਪਰ ਹੁਣ ਇਹ ਨਸ਼ਟ ਹੋ ਚੁੱਕੇ ਹਨ।

ਰਾਧਾ ਕ੍ਰਿਸ਼ਨ ਨੂੰ ਸਮਰਪਿਤ ਦਰਿਆਣਾ ਮੱਲ ਦਾ ਠਾਕੁਰਦੁਆਰਾ, ਅੰਮ੍ਰਿਤਸਰ ਵਿਖੇ ਕੱਟੜਾ ਮੋਹਰ ਸਿੰਘ ਵਿੱਚ ਦਰਿਆਣਾ ਮੱਲ ਨੇ 1875 ਈ: ਵਿੱਚ ਬਣਵਾਇਆ ਸੀ। ਇੱਕ ਵੱਡੇ ਚੌਰਸ ਦਲਾਨ ਵਿੱਚ ਅੱਠ ਕੋਣੇ ਰੂਪ ਵਿੱਚ ਉਸਾਰਿਆ ਗਿਆ ਹੈ। ਇਸ ਦਲਾਨ ਅਤੇ ਮੱਧ ਭਾਗ ਦੀਆਂ ਸਾਰੀਆਂ ਅੰਦਰਲੀਆਂ ਕੰਧਾਂ ਸਚਿੱਤਰਤ ਸਨ ਅਤੇ ਕੰਧਾਂ ਦੇ ਬਾਹਰਲੇ ਭਾਗਾਂ ਵਿੱਚ ਵੀ ਚਿੱਤਰ ਸਨ, ਪਰ ਅੱਜ ਉਨ੍ਹਾਂ ਦੀ ਹੋਂਦ ਖ਼ਤਮ ਹੋ ਚੁੱਕੀ ਹੈ। ਮੌਖਿਕ

---

39 Dist. G. Ferozepur, 1915, p. 48.

40 ਨਿੱਜੀ ਤੋਰ ਤੇ ਦਸੰਬਰ 2007 ਨੂੰ ਜਾ ਕੇ ਵੇਖਿਆ ਹੈ।

41 **Kang., Kanwarjeet Singh. (Dr)**.(1985), *Wall Painting of Punjab & Haryana*, Atma Ram & Sons, Delhi, p. 38.

ਪਰੰਪਰਾ ਅਨੁਸਾਰ ਇਹਨਾਂ ਵਿੱਚ ਬਹੁਤੇ ਚਿੱਤਰ ਦੇਵੀ ਦੇਵਤਿਆਂ ਦੇ ਸਨ ਅਤੇ ਕੁਝਕੁ ਚਿੱਤਰ ਸਿੱਖ ਗੁਰੂਆਂ ਦੇ ਵੀ ਸਨ।

ਮਨਸਾ ਦੇਵੀ ਦਾ ਮੰਦਰ ਚੰਡੀਗੜ੍ਹ ਨੇੜੇ ਸਥਿਤ ਹੈ। ਇੱਕ ਛੋਟੀ ਪਹਾੜੀ ਉੱਤੇ ਬਣੇ ਇਸ ਮੰਦਰ ਤੱਕ ਪੌੜੀਆਂ ਰਾਹੀਂ ਪਹੁੰਚਿਆ ਜਾਂਦਾ ਹੈ। ਮੰਦਰ ਦੇ ਸਿੰਘ ਦੁਆਰ ਤੋਂ ਲੈ ਕੇ ਅੰਦਰ ਦੀਆਂ ਸਾਰੀਆਂ ਕੰਧਾਂ ਉੱਤੇ ਕਿਸੇ ਸਮੇਂ ਹਰ ਥਾਂ 'ਤੇ ਚਿੱਤਰ ਅੰਕਿਤ ਸਨ ਪਰ ਹੁਣ ਕੇਵਲ ਮੱਧ ਭਾਗ ਅਤੇ ਬਾਹਰਲੇ ਵਰਾਂਡੇ ਦੀਆਂ ਕੰਧਾਂ ਉੱਤੇ ਹੀ ਸੁਰੱਖਿਅਤ ਹਨ। ਇਸ ਮੰਦਰ ਦੇ ਕੰਧ-ਚਿੱਤਰਾਂ ਦਾ ਪ੍ਰਧਾਨ ਵਿਸ਼ਾ ਮਾਰਕੰਡਾ ਪੁਰਾਣ 'ਤੇ ਆਧਾਰਿਤ ਦੁਰਗਾ ਦੇਵੀ ਦੀ ਕਥਾ ਨਾਲ ਸੰਬੰਧਤ ਹੈ।

ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਜ਼ੀਰੇ ਵਿਖੇ ਪ੍ਰਾਸ਼ਵਨਾਥ ਜੀ ਦੇ ਜੈਨ ਮੰਦਰ ਦੀ ਉਸਾਰੀ 1887 ਈ: ਵਿੱਚ ਸੰਪੂਰਣ ਹੋਈ।[42] ਦਲਾਨ ਦੀਆਂ ਕੰਧਾਂ 'ਤੇ ਜੈਨ ਧਰਮ ਨਾਲ ਸੰਬੰਧਤ ਚਿੱਤਰ ਬਣੇ ਹਨ। ਕੁਝ ਸਮੇਂ ਪਹਿਲਾਂ ਇਹਨਾਂ ਵਿੱਚੋਂ ਕਈ ਚਿੱਤਰਾਂ ਦੇ ਰੰਗ ਝੜ ਗਏ ਸਨ ਅਤੇ ਇਹਨਾਂ ਉੱਤੇ ਦੁਬਾਰਾ ਰੰਗ ਕਰਵਾਇਆ ਗਿਆ ਸੀ ਜੋ ਬਹੁਤਾ ਸਫ਼ਲ ਨਹੀਂ ਹੋ ਸਕਿਆ।

**ਗ਼ੈਰ-ਧਾਰਮਿਕ ਇਮਾਰਤਾਂ :** ਹੱਥਲੇ ਖੋਜ ਪ੍ਰਬੰਧ ਵਿੱਚ ਗ਼ੈਰ-ਧਾਰਮਿਕ ਇਮਾਰਤਾਂ ਵਿੱਚੋਂ ਸਮਾਧਾਂ, ਹਵੇਲੀਆਂ ਅਤੇ ਮਹੱਲਾਂ ਨੂੰ ਲਿਆ ਗਿਆ ਹੈ।

ਬਾਬਾ ਮੋਹਰ ਸਿੰਘ ਦੀ ਸਮਾਧ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਟਾਂਡਾ ਦੇ ਸਰਕਾਰੀ ਹਾਇਰ-ਸੈਕੰਡਰੀ ਸਕੂਲ ਦੇ ਸਾਹਮਣੇ ਮਸਤਗੜ੍ਹ ਨਾਂ ਦੇ ਨਿਰਮਲ ਸੰਪ੍ਰਦਾਇ ਦੇ ਡੇਰੇ ਵਿੱਚ ਸਥਿਤ ਹੈ। ਇਸ ਸਮਾਧ ਦੀ ਉਸਾਰੀ ਅਤੇ ਚਿੱਤਰਕਾਰੀ ਰਾਜਾ ਨਿਹਾਲ ਸਿੰਘ ਨੇ ਕਰਵਾਈ ਸੀ।[43] ਅੰਦਰਲੀਆਂ ਕੰਧਾਂ ਉਪਰ ਕੰਧ-ਚਿੱਤਰ ਬਣੇ ਹੋਏ ਹਨ। ਕੰਧ-ਚਿੱਤਰਾਂ ਨੂੰ ਤਿੰਨ ਆਕਾਰਾਂ ਵਿੱਚ ਚਿੱਤਰਿਆ ਗਿਆ ਹੈ। ਹੇਠਲੀਆਂ ਦੋ ਕਤਾਰਾਂ ਦੇ ਚਿੱਤਰ ਆਕਾਰ ਵਿੱਚ ਵੱਡੇ ਹਨ ਅਤੇ ਤੀਜੀ ਕਤਾਰ ਦੇ ਚਿੱਤਰ ਆਇਤਾਕਾਰ ਉਲੀਕੇ ਗਏ ਹਨ। ਜ਼ਿਆਦਾਤਰ ਚਿੱਤਰ ਬਾਬਾ ਮੋਹਰ ਸਿੰਘ ਦੇ ਜੀਵਨ ਨਾਲ ਸੰਬੰਧਤ ਹਨ। ਇਹ ਡੇਰਾ ਨਿਰਮਲ ਸੰਪ੍ਰਦਾਇ

---

42 **Rose., H.A. (ed.)** (1990). *A Glossary of the Tribes and Castes of Punjab and North-West Frontier Province,* vol-1, Language Department,Punjab, p. 114.

43 **ਕੰਗ, ਕੰਵਰਜੀਤ ਸਿੰਘ. (ਡਾ.)**,(1988), *ਪੰਜਾਬ ਦੇ ਕੰਧ ਚਿੱਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-30.

ਨਾਲ ਸੰਬੰਧਤ ਹੈ। ਬਾਬਾ ਮੋਹਰ ਸਿੰਘ ਦੀ ਸਮਾਧ ਜ਼ਿਲ੍ਹਾ ਲੁਧਿਆਣਾ ਵਿੱਚ ਦੋਰਾਹਾ ਮੰਡੀ ਨੇੜੇ ਪਿੰਡ ਲੋਪੋ ਵਿਖੇ ਸਥਿਤ ਹੈ। ਬਾਬਾ ਮੋਹਰ ਸਿੰਘ, ਪੰਜ ਪਿਆਰਿਆਂ ਵਿਚੋਂ ਭਾਈ ਦਿਆ ਸਿੰਘ ਦੇ ਵੰਸ਼ ਵਿੱਚੋਂ ਸੀ। ਸਮਾਧਾਂ ਦੇ ਦੁਆਰੇ ਦੀ ਲੱਕੜੀ ਦੀ ਚੌਖਟ ਉੱਤੇ ਮੀਨਾਕਾਰੀ ਦਾ ਕੰਮ ਕੀਤਾ ਹੋਇਆ ਹੈ ਅਤੇ ਕੰਧਾਂ ਦੇ ਅੰਦਰੂਨੀ ਭਾਗਾਂ ਉੱਤੇ ਚਿੱਤਰ ਬਣੇ ਹੋਏ ਸਨ।

ਰਿਆਸਤੀ ਸ਼ਹਿਰ ਪਟਿਆਲਾ ਵਿਖੇ ਸ਼ੀਸ਼ ਮਹੱਲ ਦੀ ਉਸਾਰੀ ਮਹਾਰਾਜਾ ਨਰਿੰਦਰ ਸਿੰਘ ਨੇ 1847 ਈ: ਵਿੱਚ ਕਰਵਾਈ ਸੀ।[44] ਇਹ ਇਮਾਰਤ ਰਾਜ-ਘਰਾਣੇ ਦੇ ਨਿਵਾਸ ਸਥਾਨ ਮੋਤੀ ਬਾਗ਼ ਮਹੱਲ ਦੇ ਪਿਛਲੇ ਪਾਸੇ ਇੱਕ ਰਮਣੀਕ ਸਥਾਨ ਵਿਖੇ ਸਥਿਤ ਹੈ। ਇਸ ਦੇ ਇੱਕ ਬੰਨ੍ਹੇ ਸੁੰਦਰ ਬਾਰਾਦਰੀ ਅਤੇ ਦੂਜੇ ਬੰਨ੍ਹੇ ਬਨਾਵਟੀ ਝੀਲ ਹੈ ਜਿਸ 'ਤੇ ਲਛਮਣ ਝੂਲਾ ਲਟਕ ਰਿਹਾ ਹੈ। ਜੇਕਰ ਸ਼ੀਸ਼ ਮਹੱਲ ਦੀ ਮੌਜੂਦਾ ਹਾਲਤ ਬਾਰੇ ਗੱਲ ਕੀਤੀ ਜਾਵੇ ਤਾਂ ਅੱਜ ਇਸਦੀ ਹਾਲਤ ਬੇਹੱਦ ਤਰਸਯੋਗ ਹੈ। ਸ਼ੀਸ਼ ਮਹੱਲ ਦੇ ਅੰਦਰ ਬਹੁਤ ਹੀ ਖ਼ੂਬਸੂਰਤ ਕੰਧ-ਚਿੱਤਰ ਚਿਤੱਰਤ ਹਨ। ਇਸਦੇ ਨਾਲ ਹੀ ਇੱਕ ਕਮਰੇ ਵਿੱਚ ਸਾਰੇ ਪਾਸੇ ਸ਼ੀਸ਼ੇ ਜੜ੍ਹੇ ਹੋਏ ਹਨ ਇਸ ਕਰਕੇ ਹੀ ਇਸ ਦਾ ਨਾਂ ਸ਼ੀਸ਼ ਮਹੱਲ ਪੈ ਗਿਆ। ਸ਼ੀਸ਼ ਮਹੱਲ ਅੰਦਰਲੇ ਕਈ ਚਿੱਤਰ ਅਜੇ ਵੀ ਸੁਰੱਖਿਅਤ ਹਨ, ਜਿਸਦਾ ਕਾਰਨ ਕਮਰੇ ਅੰਦਰ ਜਾਣ ਦੀ ਆਗਿਆ ਨਾ ਹੋਣਾ ਹੈ। ਦਲਾਨ ਦੀ ਛੱਤ ਨੂੰ ਵੀ ਅੰਦਰਲੇ ਪਾਸਿਓ ਲੱਕੜੀ ਦੇ ਸਜਾਵਟੀ ਕੰਮ ਨਾਲ ਸ਼ਿੰਗਾਰਿਆ ਗਿਆ ਹੈ, ਜਿਸ ਨਾਲ ਇੱਕ ਸੰਪੂਰਨ ਕਲਾਤਮਕ ਵਾਤਾਵਰਣ ਬਣਿਆ ਹੋਇਆ ਹੈ। ਚਿੱਤਰਾਂ ਦਾ ਵਿਸ਼ਾ ਸੀਮਤ ਨਹੀਂ ਹੈ। ਇਹ ਭਗਵਤਪੁਰਾਣ, ਰਾਧਾ ਕ੍ਰਿਸ਼ਨ, ਵਿਸ਼ਨੂੰ ਅਵਤਾਰ, ਨਾਇਕ ਨਾਇਕਾ, ਬਾਰਾਮਾਹ ਅਤੇ ਰਾਗਮਾਲਾ ਵਿਸ਼ਿਆਂ ਉੱਤੇ ਆਧਾਰਿਤ ਹਨ। ਤਕਨੀਕੀ ਪੱਖੋਂ ਇਹ ਚਿੱਤਰ ਪ੍ਰਤੱਖ ਹੀ ਮਾਹਿਰ ਹੱਥਾਂ ਦਾ ਕੰਮ ਪ੍ਰਤੀਤ ਹੁੰਦੇ ਹਨ। ਚਿੱਤਰਾਂ ਦਾ ਸਮੁੱਚਾ ਪ੍ਰਬੰਧ ਅਤੇ ਸੰਯੋਜਨ ਬੜੀ ਯੋਜਨਾਬੰਦੀ ਅਧੀਨ ਕੀਤਾ ਹੋਇਆ ਹੈ।

ਪਟਿਆਲਾ ਦੇ ਹੀ ਇੱਕ ਹੋਰ ਮਹੱਲ ਕਿਲ੍ਹਾ ਮੁਬਾਰਕ ਵਿੱਚ ਦੋ ਦਲਾਨਾਂ ਦੀਆਂ ਕੰਧਾਂ ਸਚਿੱਤਰਤ ਹਨ। ਇਹਨਾਂ ਵਿੱਚੋਂ ਇੱਕ ਦਲਾਨ ਕਿਲ੍ਹਾ ਅੰਦਰੂਨ ਦੇ ਕੇਂਦਰ ਵਿੱਚ ਹੈ, ਜੋ ਪ੍ਰਤੀਤ ਹੁੰਦਾ ਹੈ ਕਿ ਕੇਵਲ ਸ਼ਾਹੀ ਘਰਾਣੇ ਦੀਆਂ ਇਸਤਰੀਆਂ ਲਈ ਰਾਖਵਾਂ ਸੀ। ਇਹਨਾਂ ਚਿੱਤਰਾਂ ਨੂੰ ਸ਼ੀਸ਼ ਮਹੱਲ ਤੇ ਮੋਤੀ ਮਹੱਲ ਦੇ ਕੰਧ-ਚਿੱਤਰਾਂ ਦਾ ਪ੍ਰਤੀਰੂਪ ਵੀ ਆਖਿਆ ਜਾਂਦਾ

44 Phulkian State Gazetteer. (1904), p. 202.

ਹੈ ਕਿਉਂਕਿ ਚਿੱਤਰ ਸੰਯੋਜਨ, ਸ਼ੈਲੀ, ਵਿਸ਼ਾ ਵਸਤੂ ਪੱਖੋਂ ਸਾਂਵੇ ਹਨ ਅਤੇ ਇਹ ਕੰਧ ਚਿੱਤਰ ਇੱਕੋ ਉਸਤਾਦ ਚਿਤੇਰੇ ਦੀ ਨਿਗਰਾਨੀ ਹੇਠ ਬਣੇ ਹੋਏ ਜਾਪਦੇ ਹਨ। ਬਰਨਾਲਾ ਦੇ ਪੁਲਿਸ ਸ਼ਟੇਸ਼ਨ ਨੇੜੇ ਸਥਿਤ ਉਦਾਸੀ ਡੇਰੇ ਅੰਦਰ ਬਾਬਾ ਦਿਆਲ ਦਾਸ ਦੀ ਸਮਾਧ ਵਿੱਚ ਸੁਰੱਖਿਅਤ ਕੰਧ ਚਿੱਤਰ ਵੇਖੇ ਜਾ ਸਕਦੇ ਹਨ। ਉਪਰੋਕਤ ਸਥਾਨਾਂ ਤੋਂ ਇਲਾਵਾ ਵੀ ਬਹੁਤ ਸਾਰੇ ਅਜਿਹੇ ਸਥਾਨ ਹਨ ਜਿਨ੍ਹਾਂ ਵਿੱਚ ਕੰਧ-ਚਿੱਤਰ ਬਣੇ ਹੋਏ ਹਨ ਪਰੰਤੂ ਸਾਰੀਆਂ ਇਮਾਰਤਾਂ ਵਿੱਚ ਕੇਵਲ ਸਿੱਖ ਵਿਸ਼ਿਆਂ ਨਾਲ ਸੰਬੰਧ ਚਿੱਤਰ ਹੀ ਨਹੀਂ ਹਨ। ਕੰਧ-ਚਿੱਤਰਾਂ ਦਾ ਉਪਰੋਕਤ ਸਰਵੇਖਣ ਸਿੱਖ ਚਿੱਤਰਕਲਾ ਦਾ ਬਹੁਮੁੱਲਾ ਭਾਗ ਹੈ। ਜਿਸ ਤੋਂ ਪੰਜਾਬ ਦੇ ਅਮੀਰ ਲੋਕਾਂ ਦੁਆਰਾ ਉਨ੍ਹਾਂ ਦੀ ਰੁਚੀ ਅਨੁਸਾਰ ਕੰਧ-ਚਿੱਤਰ ਬਣਾਉਣ ਦੀ ਪ੍ਰਥਾ ਦਾ ਪ੍ਰਮਾਣ ਮਿਲਦਾ ਹੈ। ਗੋਇੰਦਵਾਲ ਸਥਿਤ ਗੁਰਦੁਆਰਾ ਚੁਬਾਰਾ ਸਾਹਿਬ ਅਤੇ ਗੁਰਦੁਆਰਾ ਬਾਉਲੀ ਸਾਹਿਬ ਵਿੱਚ 1920 ਈ: ਦੇ ਕੰਧ-ਚਿੱਤਰ ਮਿਲਦੇ ਹਨ। ਅੰਮ੍ਰਿਤਸਰ ਸਥਿਤ ਅਖਾੜਾ ਸੰਗਲਾਵਾਲਾ ਵਿੱਚ 16 ਕੰਧ-ਚਿੱਤਰ ਬਣਾਏ ਮਿਲਦੇ ਹਨ। ਇਹਨਾਂ 16 ਚਿੱਤਰਾਂ ਵਿੱਚੋਂ 'ਵਰਾਹਅਵਤਾਰ' ਅਤੇ 'ਸ਼੍ਰੀ ਗੁਰੂ ਨਾਨਕ ਦੇਵ ਨੂੰ ਸਾਥੀਆਂ ਨਾਲ ਗੋਸ਼ਟ ਕਰਦੇ' ਨਾਮਕ ਚਿੱਤਰ ਮਾਰਗ ਵਿੱਚ ਪ੍ਰਕਾਸ਼ਤ ਹਨ[45], ਪਰੰਤੂ ਮੌਜੂਦਾ ਮਹੰਤ ਸ਼੍ਰੀ ਅੰਨਤਾਨੰਦ ਦਾਸ ਜੀ ਨਾਲ ਕੀਤੀ ਮੁਲਾਕਾਤ ਤੋਂ ਪਤਾ ਲੱਗਾ ਕਿ ਪੁਰਾਤਨ ਇਮਾਰਤ ਦੇ ਗਿਰ ਜਾਣ ਅਤੇ ਨਵੀਂ ਉਸਾਰੀ ਕਾਰਣ ਇਹ ਚਿੱਤਰ ਹੁਣ ਨਹੀਂ ਮਿਲਦੇ। ਤਰਨਤਾਰਨ ਸਥਿਤ ਦਰਬਾਰ ਸਾਹਿਬ ਦੀ ਡਿਉੜ੍ਹੀ ਵਿੱਚ ਅਤੇ ਪਹਿਲੀ ਮੰਜ਼ਿਲ ਦੀਆਂ ਕੰਧਾਂ 'ਤੇ ਵੀ ਕੁਝ ਚਿੱਤਰ ਬਣਾਏ ਗਏ ਹਨ।[46]

ਗੁਰਦੁਆਰਾ ਪੋਥੀਮਾਲਾ ਕਸਬਾ ਗੁਰੂ ਹਰਸਹਾਇ, ਫਿਰੋਜ਼ਪੁਰ ਵਿਖੇ 19ਵੀਂ ਸਦੀ ਦੀ ਬੇਹਤਰੀਨ ਅਤੇ ਦਿਲਕਸ਼ ਚਿੱਤਰਕਾਰੀ ਵੇਖਣ ਨੂੰ ਮਿਲਦੀ ਹੈ। ਇਸ ਇਮਾਰਤ ਵਿੱਚ ਚਿੱਤਰਾਂ ਰਾਹੀਂ ਵੱਖ-ਵੱਖ ਵਿਸ਼ਿਆਂ ਨੂੰ ਨਵੀਨ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਹ ਚਿੱਤਰ ਧਾਰਮਿਕ ਅਤੇ ਗ਼ੈਰ-ਧਾਰਮਿਕ ਦੋਹਾਂ ਸ਼ੈਲੀਆਂ ਅਧੀਨ ਚਿਤੱਰਤ ਹਨ। ਪੰਜਾਬ ਦੀਆਂ ਪ੍ਰੀਤ ਗਾਥਾਵਾਂ ਦੇ ਚਿੱਤਰ, ਸਿੱਖ ਸਰਦਾਰਾਂ ਦੇ, ਮਹਾਂਭਾਰਤ, ਰਾਮਾਇਣ, ਸਾਖੀਆਂ, ਰਾਸ ਲੀਲ੍ਹਾਵਾਂ ਅਤੇ ਸੁਤੰਤਰ ਵਿਅਕਤੀ ਚਿਤਰਨ ਵੀ ਕੀਤਾ ਗਿਆ ਹੈ। ਵੈਸ਼ਨਵ ਮਤ ਨਾਲ ਸੰਬੰਧਤ ਚਿੱਤਰ, ਸਮੁੰਦਰ ਮੰਥਨ, ਕ੍ਰਿਸ਼ਨ ਵਿਆਹ ਦਾ ਚਿੱਤਰ, ਬਾਰਾਮਾਹ ਦੇ ਚਿੱਤਰ, ਸ਼੍ਰੀ

45 **Kang., Kanwerjeet Singh. (Dr).** (1977). *Survival of Wall Painting in Amritsar,* Marg XXX. 3 June, p. 51, Plate 46, 47.

46 **Arshi., P.S.** (1986). *Sikh Architecture in Punjab,* Intellectual Publishing House, New Delhi, p. 58.

ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਚਿੱਤਰ, ਬਾਬਾ ਪ੍ਰਿਥੀਚੰਦ ਅਤੇ ਬਾਬਾ ਮਿਹਰਬਾਨ ਜੀ ਦੇ ਗੁਰੂ ਰੂਪ ਵਿੱਚ ਚਿੱਤਰ ਚਿਤੱਰਤ ਹਨ ਪਰੰਤੂ ਅੱਜ ਇਸ ਇਮਾਰਤ ਦੇ ਕਈ ਚਿੱਤਰਾਂ ਦੀ ਹਾਲਤ ਬਹੁਤ ਹੀ ਜ਼ਿਆਦਾ ਖ਼ਸਤਾ ਹੋ ਚੁੱਕੀ ਹੈ ਅਤੇ ਕਈ ਚਿੱਤਰਾਂ ਦੀ ਹੋਂਦ ਹੀ ਖ਼ਤਮ ਹੋ ਚੁੱਕੀ ਹੈ। ਇਸ ਇਮਾਰਤ ਦੇ ਨਾਲ ਇੱਕ ਕਿਲ੍ਹਾ ਸੀ ਜਿਸ ਦੀ ਕੇਵਲ ਇੱਕ ਦੀਵਾਰ ਹੀ ਬਚੀ ਹੈ। ਅੱਜ ਇਹਨਾਂ 'ਚੋਂ ਬਚੇ ਕੰਧ ਚਿੱਤਰਾਂ ਨੂੰ ਬਚਾਉਣ ਦੀ ਕੋਸ਼ਿਸ਼ ਨੂੰ ਮੁੱਖ ਰੱਖਦਿਆਂ ਏ.ਐੱਸ.ਆਈ. ਨੇ ਇਹਨਾਂ ਚਿੱਤਰਾਂ ਨੂੰ ਜੋ ਕਿ ਕਲਾ ਦਾ ਬਹੁਮੁੱਲਾ ਖ਼ਜ਼ਾਨਾ ਹਨ, ਆਪਣੇ ਅਧੀਨ ਲੈ ਲਿਆ ਹੈ।

ਕਲਾ ਪ੍ਰਤੀ ਰੁਚੀ ਅਤੇ ਲਗਨ ਹੀ ਕਿਸੇ ਕਲਾ ਨੂੰ ਵੱਧਣ ਫੁੱਲਣ ਵਿੱਚ ਮਦਦ ਕਰ ਸਕਦੀ ਹੈ। ਪੰਜਾਬ ਦੇ ਲੋਕ ਬੇਹੱਦ ਕਲਾ ਪ੍ਰੇਮੀ ਸਨ ਭਾਵੇਂ ਅਸ਼ਾਂਤੀ ਦੀ ਸਥਿਤੀ ਰਹੀ ਫਿਰ ਵੀ ਕਲਾ-ਪ੍ਰੇਮ ਨੂੰ ਇਹਨਾਂ ਨੇ ਦਬਾਇਆ ਨਹੀਂ ਅਤੇ ਕਿਸੇ ਨਾ ਕਿਸੇ ਰੂਪ ਵਿੱਚ ਇਹਨਾਂ ਦੀ ਅੰਦਰੂਨੀ ਕਲਾ ਉਜਾਗਰ ਹੁੰਦੀ ਹੀ ਰਹੀ। ਇਹਨਾਂ ਕਾਰਨਾਂ ਸਦਕਾ ਅੱਜ ਸਾਡੇ ਕੋਲ ਸਿੱਖ ਚਿਤੱਰਕਲਾ ਜਨਮਸਾਖੀ ਚਿੱਤਰਾਂ, ਪੋਥੀ ਚਿੱਤਰਾਂ ਅਤੇ ਕੰਧ ਚਿੱਤਰਾਂ ਦੇ ਰੂਪ ਵਿੱਚ ਉਪਲੱਬਧ ਹੈ।

18ਵੀਂ ਸਦੀ ਦੇ ਅੰਤ ਵਿੱਚ ਬਣੇ ਦੋ ਲਘੂ ਚਿੱਤਰਾਂ ਵਿੱਚ ਮਿਸਲਦਾਰ ਜੈ ਸਿੰਘ ਘਨੱਈਆ, ਚੰਬਾ ਦੇ ਮਹਾਰਾਜਾ ਰਾਜਾ ਸਿੰਘ, ਕਾਂਗੜਾ ਦੇ ਸੰਸਾਰ ਚੰਦ ਅਤੇ ਹੋਰ ਦਰਬਾਰੀ ਵਿਅਕਤੀਆਂ ਨਾਲ ਬੈਠੇ ਹਨ। ਦੋਵੇਂ ਚਿੱਤਰਾਂ ਵਿੱਚ ਸੰਸਾਰ ਚੰਦ ਨੌਜਵਾਨ ਨਜ਼ਰ ਆ ਰਹੇ ਹਨ, ਜਿਸ ਤੋਂ ਇਹ ਅਨੁਮਾਨ ਲਗਦਾ ਹੈ ਕਿ ਇਹ ਚਿੱਤਰ 1775-1785 ਦੇ ਹੋਣਗੇ।[47] ਇਸ ਤੋਂ ਇਲਾਵਾ ਜੈ ਸਿੰਘ ਦੇ ਪੁੱਤਰ ਗੁਰਬਖ਼ਸ਼ ਸਿੰਘ ਦੇ ਦੋ ਵਿਅਕਤੀ ਚਿੱਤਰ ਅਤੇ ਸਰਦਾਰ ਜੱਸਾ ਸਿੰਘ ਦਾ ਇੱਕ ਰੇਖਾ ਚਿੱਤਰ ਬਾਰੇ ਵੀ ਵਰਣਨ ਮਿਲਦਾ ਹੈ,ਜੋ ਕਿ ਚੰਡੀਗੜ੍ਹ ਅਜਾਇਬ ਘਰ, ਵਿਕਟੋਰੀਆ ਐਂਡ ਐਲਬਰਟਾ ਮਿਊਜ਼ੀਅਮ ਅਤੇ ਬ੍ਰਿਟਿਸ਼ ਮਿਉਜ਼ੀਅਮ ਵਿੱਚ ਸੁਰੱਖਿਅਤ ਹਨ।[48] 1810-1830 ਈ. ਦੇ ਵਿਚਕਾਰ ਪਹਾੜੀ ਚਿਤੱਰਕਾਰ ਸਿੱਖ ਸ਼ਾਸ਼ਕਾਂ ਦੇ ਸਨਮੁੱਖ ਹੋਏ ਅਤੇ ਇਸੇ ਦੌਰ ਵਿੱਚ ਸਿੱਖਾਂ ਦੀ ਚਿੱਤਰਕਲਾ ਵਿੱਚ ਰੁਚੀ ਪੈਦਾ ਹੋਈ। ਸਿੱਖ ਚਿਤੱਰਕਲਾ ਦੇ ਚਿੱਤਰਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ

47 **Goswamy., B.N. (Dr.).,** 1981 *A matter of Taste: Some notes on the context of Paintings in Sikh Punjab,* Marg Publication, Bombay, , p. 76-77.

48 Ibid. p. 76-77.

Miniature, Ivory, Mural।[49] ਮਹਾਰਾਜਾ ਰਣਜੀਤ ਸਿੰਘ ਚਿੱਤਰਾਂ ਨੂੰ ਚੰਗੇ ਸੰਬੰਧ ਸਥਾਪਤ ਕਰਨ ਲਈ ਉਪਹਾਰ ਦੇ ਰੂਪ ਵਿੱਚ ਵਰਤਦੇ ਸਨ। ਉਨ੍ਹਾਂ ਨੇ ਆਪਣੇ ਘੋੜੇ ਦਾ ਅਤੇ ਰਾਜਾ ਸੁਚੇਤ ਸਿੰਘ ਦਾ ਚਿੱਤਰ ਲਾਰਡ ਬੈਂਟਿਕ ਨੂੰ ਭੇਜਿਆ।[50] ਮਹਾਰਾਜਾ ਰਣਜੀਤ ਸਿੰਘ ਦੀ ਧਰਮ ਨਿਰੱਪਖਤਾ ਵੇਖ ਕੇ ਸਾਫ਼ ਜ਼ਾਹਿਰ ਹੁੰਦਾ ਹੈ ਕਿ ਉਨ੍ਹਾਂ ਦੇ ਦਰਬਾਰ ਵਿੱਚ ਹਰ ਧਰਮ ਦੇ ਕਲਾਕਾਰ ਸਨ। ਇਹਨਾਂ ਵਿੱਚ ਕੇਹਰ ਸਿੰਘ, ਮੁਹੰਮਦ ਬਖ਼ਸ਼, ਪੁਰਖੂ, ਸ਼ੇਰ ਮੁਹੰਮਦ, ਰਾਮ ਸਿੰਘ, ਅਮੀਰ ਬਖਸ਼ ਅਤੇ ਮੁਹੰਮਦ ਅਜੀਸ ਆਉਂਦੇ ਸਨ।[51] 1831 ਈ: ਵਿੱਚ ਚਿੱਤਰਕਾਰ ਜੀਵਨ ਰਾਮ ਵਿਲਿਅਮ ਬੈਂਟਿਕ ਦੇ ਅਮਲੇ ਨਾਲ ਰੋਪੜ ਆਇਆ ਅਤੇ ਉਸਨੇ ਮਹਾਰਾਜਾ ਰਣਜੀਤ ਸਿੰਘ ਦਾ ਚਿੱਤਰ ਬਣਾਇਆ ਜਿਸ ਤੋਂ ਪ੍ਰਭਾਵਿਤ ਹੋ ਕੇ ਰਣਜੀਤ ਸਿੰਘ ਨੇ ਉਸਨੂੰ 100 ਰੁਪੈ ਇਨਾਮ ਵਜੋਂ ਦਿਤੇ।[52] ਮਹਾਰਾਜਾ ਜਦੋਂ ਵੀ ਸ਼ਿਕਾਰ ਤੇ ਜਾਂਦਾ ਉਹਨਾਂ ਨਾਲ ਚਿੱਤਰਕਾਰ ਵੀ ਹੁੰਦੇ ਸਨ।[53] ਇਸ ਤੋਂ ਬਿਨਾਂ ਮਹਾਰਾਜਾ ਨੇ ਮਹਿਮਾਨਾਂ ਵਾਸਤੇ ਇਕ ਹਵੇਲੀ ਵਿੱਚ ਵੀ ਕੰਧ ਚਿੱਤਰ ਬਣਵਾਏ ਸਨ[54] ਪਰ ਇਹਨਾਂ ਚਿੱਤਰਾਂ ਬਾਰੇ ਹੁਣ ਕੋਈ ਪ੍ਰਮਾਣ ਨਹੀਂ ਮਿਲਦਾ। ਵੈਸੇ ਇਹ ਹਵੇਲੀ ਅੰਮ੍ਰਿਤਸਰ ਵਿੱਚ ਹੈ। 1831 ਈ: ਵਿੱਚ ਵਿਲਿਅਮ ਬੈਂਟਿਕ ਨਾਲ ਕੀਤੀ ਮੁਲਾਕਾਤ ਵਿੱਚ ਮਹਾਰਾਜਾ ਦੇ ਲਸ਼ਕਰ ਨਾਲ ਚਿੱਤਰਕਾਰ ਵੀ ਸਨ।[55] ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਖੜਗ ਸਿੰਘ ਅਤੇ ਨੌਨਿਹਾਲ ਸਿੰਘ ਨੇ ਵੀ ਕਲਾ ਵਿੱਚ ਰੁਚੀ ਦਿਖਾਈ ਜਿਸ ਦਾ ਪ੍ਰਮਾਣ ਲਾਹੌਰ ਦੀ ਹਵੇਲੀ ਵਿੱਚ ਬਣੇ ਕੰਮ ਚਿੱਤਰਾਂ ਤੋਂ ਮਿਲਦਾ ਹੈ।[56] ਸ਼ੇਰ ਸਿੰਘ ਦਾ ਨਾਂ ਚਿੱਤਰਕਲਾ ਦੇ ਸਮਰਥਕਾਂ

---

49 **Randhawa., T.S.** (2000). *The Sikh, Images of Heritage*, Parkash Book Depot, New Delhi, p. 11.

50 **Ajazzuddin., F.S.** (1981). *Honoured Images: The use of Portrailure in Sikh Diplomacy*. Marg Publication, Bombay, p. 92.

51 **Srivastwa., R.P. (Dr.)** (1990). *Art & Archeology of Punjab,* Sandeep Parkashan,New Delhi, , p. 11.

52 **ਕੰਗ, ਕੰਵਰਜੀਤ ਸਿੰਘ. (ਡਾ)**,(1985),*ਮਿੱਟੀ ਆਪੋ ਆਪਣੀ*, ਆਰਸੀ ਪਬਲੀਸ਼ਰਜ਼ ਚਾਂਦਨੀ ਚੌਂਕ,ਦਿੱਲੀ, ਪੰਨਾ 77 ਅਤੇ *ਪੰਜਾਬ ਦੇ ਕੰਧ ਚਿੱਤਰ*,(1988) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, ਪੰਨਾ–82.

53 **Ahuja., Roshan Lal.** *The Story of Ranjit Singh*, Amritsar, Khalsa College Book Depot, p. 72.

54 **Kang., Kanwarjeet Singh.(Dr.)**,(1985). *Wall Paintings of Punjab & Haryana,*Atam Ram & Sons, New Delhi, p. 120.

55 **Suri., Sohan Lal.** (1962).*Umdat-ut-Tawarikh*, Translated by V.S. Suri III, Delhi, S.Chand & Com. p. 39.

56 **Kang, Kanwarjeet Singh. (Dr.)**, (1985). *Wall Paintings of Punjab & Haryana,*Atam Ram & Sons, New Delhi, p. 121.

ਵਿੱਚ ਵਧੇਰੇ ਆਉਂਦਾ ਹੈ ਜੋ ਕਿ ਛੋਟੀ ਉਮਰ ਵਿੱਚ ਕਾਂਗੜਾ ਦੇ ਗਵਰਨਰ ਬਣੇ ਅਤੇ ਕਾਂਗੜਾ ਚਿੱਤਰਕਲਾ ਨੂੰ ਪੂਰਨ ਸਮਰਥਨ ਦਿੱਤਾ। ਸ਼ੇਰ ਸਿੰਘ ਨੇ ਵੀ ਆਪਣਾ ਚਿੱਤਰ ਈਮਾਈਲੀ (Emily) ਤੋਂ ਬਣਵਾਇਆ। ਇਹ ਚਿੱਤਰ Emily Eden ਦੀ ਪੁਸਤਕ ***Portraits of the Princes : People of India***, ਵਿੱਚ ਪ੍ਰਕਾਸ਼ਿਤ ਹੈ।[57] ਲਾਹੌਰ ਵਿੱਚ ਸਿੱਖ ਸ਼ਾਹੀ ਘਰਾਣੇ ਤੋਂ ਇਲਾਵਾ ਮਾਲਵੇ ਦੀਆਂ ਫੁਲਕੀਆਂ ਰਿਆਸਤਾਂ ਦੇ ਰਾਜਿਆਂ ਦੁਆਰਾ ਸਿੱਖ ਚਿੱਤਰਕਲਾ ਨੂੰ ਦਿੱਤੇ ਗਏ ਸਹਿਯੋਗ ਦੇ ਪ੍ਰਮਾਣ ਵੀ ਮਿਲਦੇ ਹਨ। ਮੰਡੀ ਵਿੱਚ 'ਸਜਨੂੰ' ਚਿੱਤਰਕਾਰ ਦੁਆਰਾ ਬਣਾਏ ਗਏ ਕੰਧ-ਚਿੱਤਰਾਂ ਵਾਂਗ ਪਟਿਆਲਾ ਵਿੱਚ 'ਹਮੀਰ ਹੱਟ' ਨਾਮ ਦੇ ਇਕ ਚਿੱਤਰਕਾਰ ਦੁਆਰਾ ਬਣਾਏ ਕੰਧ-ਚਿੱਤਰ ਦੀ ਇਕ ਉਦਾਹਰਣ ਦਾ ਹਵਾਲਾ ਡਾ. ਹੀਰਾ ਨੰਦ ਸ਼ਾਸਤਰੀ ਨੇ ਦਿੱਤਾ ਹੈ।[58] ਕਿਲ੍ਹਾ ਫ਼ਰੀਦਕੋਟ ਦੇ ਸ਼ੀਸ਼ ਮਹੱਲ ਵਿੱਚ ਬਿਕਰਮ ਸਿੰਘ ਨੇ ਕੰਧ-ਚਿੱਤਰਾਂ ਦੀ ਚਿੱਤਰਕਾਰੀ ਕਰਵਾਈ। ਰਚਨਾਤਮਕ ਕਾਰਜ ਨੂੰ ਕੇਵਲ ਆਪਣਾ ਕਰਤੱਵ ਸਮਝ ਕੇ ਦੂਜੇ ਦੀ ਇੱਛਾ ਦੀ ਪੂਰਤੀ ਲਈ ਚਿੱਤਰਕਾਰੀ ਦਾ ਕੰਮ ਸੰਪੂਰਨ ਕਰਨ ਅਤੇ ਆਪਣੇ ਨਾਮ ਅੰਕਿਤ ਨਾ ਕਰਨ ਕਰਕੇ ਇਹਨਾਂ ਚਿੱਤਰਕਾਰਾਂ ਬਾਰੇ ਜਾਣਕਾਰੀ ਨਹੀਂ ਮਿਲ ਸਕੀ।[59] ਇਸ ਕਰਕੇ ਪੰਜਾਬ ਦੇ ਕਈ ਚਿੱਤਰਕਾਰ ਗੁਮਨਾਮੀ ਦੇ ਹਨੇਰੇ ਵਿੱਚ ਵੀ ਗੁਆਚ ਚੁੱਕੇ ਹਨ, ਕਿਉਂਕਿ ਉਨ੍ਹਾਂ ਦੁਆਰਾ ਪ੍ਰਸਿੱਧੀ ਪ੍ਰਾਪਤ ਕਰਨ ਲਈ ਕਾਰਜ ਨਹੀਂ ਕੀਤਾ ਗਿਆ। ਚਿੱਤਰਕਾਰਾਂ ਨੇ ਜਾਂ ਤਾਂ ਖ਼ੁਦ ਹੀ ਆਪਣੇ ਨਾਮ ਚਿੱਤਰਾਂ 'ਤੇ ਅੰਕਿਤ ਨਹੀਂ ਕੀਤੇ ਜਾਂ ਫਿਰ ਉਨ੍ਹਾਂ ਨੂੰ ਮਾਲਕਾਂ ਵੱਲੋਂ ਤੁੱਛ ਸਮਝਦੇ ਹੋਏ ਆਪਣਾ ਨਾਮ ਨਹੀਂ ਲਿਖਣ ਦਿੱਤਾ ਗਿਆ। ਖੋਜ ਦੌਰਾਨ ਪੰਜਾਬ ਦੀ ਚਿੱਤਰਕਲਾ ਦੇ ਪੀੜ੍ਹੀ ਦਰ ਪੀੜ੍ਹੀ ਚੱਲੇ ਆ ਰਹੇ ਪਹਾੜੀ ਚਿੱਤਰਕਾਰਾਂ ਦੇ ਨਾਂ ਅਤੇ ਸ਼ੈਲੀ ਦੇ ਆਧਾਰ ਤੇ ਉਨ੍ਹਾਂ ਦੇ ਚਿੱਤਰਾਂ ਦੀ ਪਹਿਚਾਣ ਕਰਨ ਦਾ ਸਫਲ ਯਤਨ ਕੀਤਾ ਹੈ। ਪੰਜਾਬ ਦੇ ਕੰਧ-ਚਿੱਤਰਾਂ ਦੀ ਚਿੱਤਰਕਾਰੀ ਦੇ ਇਤਿਹਾਸਕ ਪਿਛੋਕੜ ਦੇ ਧੁੰਦਲੇਪਨ ਦੇ ਪਿੱਛੇ ਇਕ ਕਾਰਨ ਹੋਰ ਵੀ ਮੌਜੂਦ ਹੈ, ਕਿ ਇਸ ਸਮੇਂ ਇਕ

---

57 **Archer, W.G.** (1966). *Paintings of the Sikhs*, Her Majesty's of Stationery Office Victoria & Albert Museum London, p. 18.

58 **Hath.,Hamir. (**1915). *Journal of Indian Art,* Oct, XVII No. 132.

59 **Mukerjee**, **Radhakamal.** (1951). *The Social Function of Art,* Edition 2, Hind kitab, p. 226. **Kang, Kanwarjeet Singh. (Dr.),** (1985) *Wall Paintings of Punjab & Haryana,* Atam Ram & Sons, New Delhi, p. 113.

ਵਿਅਕਤੀ ਕਈ ਤਰ੍ਹਾਂ ਦੇ ਕੰਮ ਕਰਦਾ ਸੀ, ਜਿਵੇਂ ਕਿ ਲੱਕੜੀ ਦਾ ਕੰਮ ਕਰਨ ਵਾਲਾ ਮਿਸਤਰੀ ਲੋਹੇ ਦਾ ਕੰਮ ਵੀ ਕਰਦਾ ਸੀ। ਕਈ ਚਿੱਤਰਕਾਰ ਜਿਨ੍ਹਾਂ ਨੇ ਕੰਧ ਚਿੱਤਰ ਬਣਾਏ ਵਾਸਤਵ ਵਿੱਚ ਮਿਉਰਲਿਸਟ ਨਹੀਂ ਸਨ ਬਲਕਿ ਉਨ੍ਹਾਂ ਨੇ ਮਿਸਤਰੀ, ਨੱਕਾਸ਼ੀ, ਗੱਚ ਅਤੇ ਟੁੱਕੜੀ ਦਾ ਕਾਰਜ ਵੀ ਕੀਤਾ ਹੋਇਆ ਸੀ। ਇਸੇ ਲਈ ਇਹਨਾਂ ਨੂੰ ਰਾਜ ਮਿਸਤਰੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਕਈ ਕੰਧ-ਚਿੱਤਰ ਇਸੇ ਪ੍ਰਕਾਰ ਦੇ ਚਿੱਤਰਕਾਰਾਂ ਦੀ ਰਚਨਾ ਹੈ।

ਦਮਥਲ ਦਾ ਵੈਸ਼ਨਵ ਮੱਠ ਨੂਰਪੁਰ ਦੇ ਚਿੱਤਰਕਾਰ ਬਿਸ਼ਨਦਾਸ ਦੁਆਰਾ ਕੰਧ-ਚਿੱਤਰਾਂ ਨਾਲ ਸਜਾਇਆ ਗਿਆ ਅਤੇ ਮਨੀਮਾਜਰਾ ਦੇ ਮਨਸਾ ਦੇਵੀ ਦੇ ਕੰਧ-ਚਿੱਤਰ ਸਿਰਮੂਰ ਦੇ ਅੰਗਦ ਨੇ ਬਣਾਏ ਹਨ।[60] ਇਸ ਤੋਂ ਇਲਾਵਾ ਪਟਿਆਲਾ ਦੇ ਸ਼ੀਸ਼ ਮਹੱਲ ਵਿੱਚ ਕੀਤੀ ਕੰਧ-ਚਿੱਤਰਕਾਰੀ ਦੇ ਰਚੈਤਾ, ਜਿਹਨਾਂ ਨੇ ਰਾਜਸਥਾਨੀ ਚਿੱਤਰਕਾਰਾਂ ਨਾਲ ਮਿਲਕੇ ਕੰਮ ਕੀਤਾ, ਪਹਾੜੀ ਚਿੱਤਰਕਾਰ ਸਾਡੇ ਸਾਹਮਣੇ ਆਉਦੇ ਹਨ।[61] ਇਹ ਹਰਿਦੁਆਰ ਦੇ 'ਬਹੀ ਲਿਖਣ ਵਾਲੇ' ਅਤੇ 'ਪਾਂਧੇ' ਸਨ।[62] ਪੂਰਬੀ ਪੰਜਾਬ ਤੋਂ ਇਲਾਵਾ ਪੱਛਮੀ ਪੰਜਾਬ (ਪਾਕਿਸਤਾਨ ਵਿੱਚ) ਲਾਹੌਰ ਦੇ ਖ਼੍ਵਾਬਗਹ-ਏ-ਸ਼ਾਹਜਹਾਨੀ, ਜਹਾਂਗੀਰੀ ਹਮਾਮ, ਅਕਬਰ ਦਾ ਦੌਲਤ ਖਾਨਾ-ਏ-ਖਾਸ-ਓ-ਆਮ, ਸ਼ਾਹੀ ਬੁਰਜ, ਕਾਲਾ ਬੁਰਜ, ਰੌਸ਼ਨੀ ਗੇਟ, ਲਾਹੌਰ ਮਹਾਰਾਜਾ ਸ਼ੇਰ ਸਿੰਘ ਦੀ ਸਮਾਧ ਅਤੇ ਕੋਟ ਖ਼ਵਾਜਾ ਸੱਈਦ ਸਥਿਤ ਉਨ੍ਹਾਂ ਦੀਆਂ ਰਾਣੀਆਂ ਦੀਆਂ ਸਮਾਧਾਂ ਦੀ ਕੰਧ-ਚਿੱਤਰਕਾਰੀ ਪਹਾੜੀ ਚਿੱਤਰਕਾਰਾਂ ਦੁਆਰਾ ਕੀਤੀ ਗਈ ਸੀ।[63]

ਪੰਜਾਬ ਦੇ ਕੰਧ-ਚਿੱਤਰਾਂ ਦੀ ਇਸ ਚਿੱਤਰਕਾਰੀ ਦੀ ਸ਼ੈਲੀ ਨੂੰ ਮੋਹਰਾਕਸ਼ੀ ਵੀ ਕਹਿੰਦੇ ਹਨ ਜਿਸਨੂੰ ਜੋਧਪੁਰੀ ਹੁਨਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ।[64] ਇਹਨਾਂ ਚਿੱਤਰਾਂ ਵਿੱਚ ਇਤਿਹਾਸਕ ਘਟਨਾਵਾਂ ਅਤੇ ਮਿਥਿਹਾਸ ਨੂੰ ਜਿਥੇ ਪ੍ਰਮੁੱਖਤਾ ਦਿੱਤੀ ਗਈ ਉਥੇ ਸਜਾਵਟ ਲਈ

---

60 **Goswamy, B.N. (**1966). *Some Nineteenth Century Frescoes and The Painter Angad of Sirmur,* Arts Asistiques, XIII, p. 99.

61 **Goswamy, Karuna.** *Frescoes in the Shish Mahal at Patiala*, Roopalekha, XXVIII No. 1& 2, p-124.

62 **Goswamy, B.N. (**1969). *Sikh Painting:An Analysis of Some Aspects of Patronage Oriental Art*, (New Series), XV No.1, p. 46.

63 **Kang, Kanwarjeet Singh. (Dr.)** (1985). *Wall Painting of Punjab and Haryana,* Atma Ram and Sons, New Delhi, p. 114.

64 **Aryan, K.C.** (1977). *Punjab Paintings, 100 yrs. Survey of Punjab Painting (1841-1941),* Punjabi University Patiala, pp. 16-17.

ਖ਼ੂਬਸੂਰਤ ਵੇਲ ਬੂਟਿਆਂ ਦੇ ਨਾਲ-ਨਾਲ ਪੰਛੀਆਂ ਦਾ ਵੀ ਚਿੱਤਰਨ ਹੁੰਦਾ ਰਿਹਾ ਹੈ। ਪ੍ਰਮੁੱਖ ਚਿੱਤਰਾਂ ਤੋਂ ਬਾਅਦ ਵਾਧੂ ਥਾਂ ਤੇ ਇਹਨਾਂ ਚਿੱਤਰਾਂ ਨੂੰ ਚਿੱਤਰਤ ਕੀਤਾ ਜਾਂਦਾ। ਇਹਨਾਂ ਵਿੱਚ ਮੋਰ, ਚਿੜੀਆਂ, ਬਾਂਦਰ, ਮੈਨਾ, ਤੋਤਾ ਆਦਿ ਆਉਂਦੇ ਹਨ। ਕੰਧ-ਚਿੱਤਰਾਂ ਵਿੱਚ ਮੋਰ ਦੀ ਖ਼ਾਸ ਥਾਂ ਰਹੀ ਹੈ। ਮੋਰ ਨੂੰ ਪਵਿੱਤਰ ਮੰਨਦੇ ਹੋਏ ਇਸਨੂੰ ਮਾਰਨਾ ਪਾਪ ਸਮਝਿਆ ਜਾਂਦਾ ਸੀ। ਇਹ ਹਿੰਦੂ ਧਰਮ ਵਿੱਚ ਖ਼ਾਸ ਥਾਂ ਰੱਖਦਾ ਹੈ। ਪਹਾੜੀ ਸ਼ੈਲੀ ਨਾਲ ਸੰਬੰਧਤ ਅਨੇਕਾਂ ਚਿੱਤਰ ਵਿੱਚ ਮੋਰ ਚਿੱਤਰਾਂ ਦੇ ਸੰਯੋਜਨ ਦਾ ਵਿਸ਼ੇਸ਼ ਅੰਗ ਸੀ। 19ਵੀਂ ਸਦੀ ਦੇ ਪੰਜਾਬ ਵਿੱਚ ਮੋਰ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਸੀ। ਅੰਮ੍ਰਿਤਸਰ ਵਿਖੇ ਘਰਾਂ ਦੀਆਂ ਕੰਧਾਂ ਉਤੇ ਵੀ ਮੋਰ ਦੀ ਆਕ੍ਰਿਤੀ ਪ੍ਰਧਾਨ ਸੀ। ਕੰਧ- ਚਿੱਤਰਾਂ ਵਿੱਚ ਮੋਰ ਦੀ ਆਕ੍ਰਿਤੀ ਦੀਆਂ ਚੰਗੀਆਂ ਉਦਾਹਰਣਾਂ ਹੋਰ ਵੀ ਕਈ ਥਾਵਾਂ ਤੇ ਨਜ਼ਰ ਆਈਆਂ ਹਨ, ਜਿਨ੍ਹਾਂ ਵਿੱਚ ਫ਼ਤਿਹਗੜ੍ਹ ਚੂੜੀਆਂ ਸਥਿਤ ਮਹਾਰਾਣੀ ਚੰਦ ਕੌਰ ਦਾ ਮੰਦਰ ਜਿਸਨੂੰ ਪੰਚ-ਮੰਦਰ ਵੀ ਕਿਹਾ ਜਾਂਦਾ ਹੈ। ਪਟਿਆਲਾ ਦੇ ਨਿਰੰਕਾਰੀ ਡੇਰੇ ਵਿੱਚ ਸਜਾਵਟੀ ਚਿੱਤਰਾਂ ਵਿੱਚ ਮੋਰ ਨੂੰ ਚਿਤਰਿਆ ਹੈ।

ਪੰਜਾਬ ਦੇ ਕੰਧ-ਚਿੱਤਰਾਂ ਵਿੱਚ ਗੁਰੂ ਨਾਨਕ ਸਾਹਿਬ ਦੀ ਛਵੀ ਵਾਲੇ ਚਿੱਤਰ ਤਕਰੀਬਨ ਹਰ ਇਮਾਰਤ ਵਿੱਚ ਵੇਖੇ ਗਏ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਖ਼ੁਸ਼ਹਾਲੀ ਸਦਕਾ ਸਿੱਖਾਂ ਨੇ ਆਪਣੇ ਧਾਰਮਿਕ ਸਥਾਨਾਂ ਨੂੰ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਕੰਧ-ਚਿੱਤਰਾਂ ਦੀ ਚਿੱਤਰਕਾਰੀ ਕਰਵਾਈ। ਪੱਕੀ ਅਤੇ ਖ਼ੂਬਸੂਰਤ ਉਸਾਰੀ ਕਰਵਾ ਕੇ ਕੰਧ-ਚਿੱਤਰਕਾਰੀ ਲਈ ਤਿਆਰ ਕੀਤੀਆਂ ਗਈਆਂ। ਧਾਰਮਿਕ ਇਮਾਰਤਾਂ ਦੇ ਨਾਲ-ਨਾਲ ਨਿਵਾਸ ਸਥਾਨਾਂ ਦੀਆਂ ਕੰਧਾਂ ਉਤੇ ਵੀ ਚਿੱਤਰਕਾਰੀ ਕੀਤੀ ਜਾਣ ਲੱਗੀ। ਪੰਜਾਬ ਵਿੱਚ ਸਿੱਖ ਰਾਜ ਹੋਣ ਕਰਕੇ ਸਿੱਖ ਗੁਰੂ ਸਾਹਿਬਾਨਾਂ ਦੇ ਵਿਸ਼ੇ ਨੂੰ ਕੰਧ-ਚਿੱਤਰਾਂ ਵਿੱਚ ਚੋਖੀ ਥਾਂ ਮਿਲੀ। ਇਹਨਾਂ ਚਿੱਤਰਾਂ ਵਿੱਚ ਸਭ ਤੋਂ ਵੱਧ ਚਿੱਤਰ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਿਲੇ ਹਨ। ਗੁਰੂ ਨਾਨਕ ਸਾਹਿਬ ਜੀ ਨੂੰ ਅੰਕਿਤ ਕਰਦਾ ਸਭ ਤੋਂ ਪੁਰਾਤਨ ਕੰਧ-ਚਿੱਤਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਪਿੰਡ ਘੁਮਾਣ ਵਿਖੇ ਭਗਤ ਨਾਮਦੇਵ ਜੀ ਦੇ ਮੰਦਿਰ ਵਿੱਚ 18ਵੀਂ ਸਦੀ ਦੇ ਅੰਤ ਵਿੱਚ ਚਿੱਤਰਿਆ ਗਿਆ ਸੀ। ਕੰਧ-ਚਿੱਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਅਕਸਰ ਹੀ ਚਟਾਈ ਉਤੇ ਚਿੰਤਨਸ਼ੀਲ ਮੁਦਰਾ ਵਿੱਚ ਇੱਕ ਗੋਲ ਤਕੀਏ ਦੇ ਸਹਾਰੇ ਬੈਠਿਆਂ ਚਿੱਤਰਿਆ ਗਿਆ ਹੈ। ਉਨ੍ਹਾਂ ਦੇ ਇੱਕ ਹੱਥ ਵਿੱਚ ਮਾਲਾ ਅਤੇ ਇੱਕ ਹੱਥ ਚਿਟਾਈ ਉੱਤੇ ਵਿਸ਼ਰਾਮ ਅਵਸਥਾ ਵਿੱਚ ਟਿਕਿਆ ਹੁੰਦਾ ਹੈ। ਸਿੱਧਾਂ ਨਾਲ ਗੋਸ਼ਟ ਵਾਲੇ

ਚਿੱਤਰਾਂ ਵਿੱਚ ਵੀ ਗੁਰੂ ਨਾਨਕ ਦੇਵ ਜੀ ਨੂੰ ਇਸੇ ਆਸਣ ਵਿੱਚ ਦਰਸਾਇਆ ਜਾਂਦਾ ਰਿਹਾ ਹੈ। ਚਿੱਤਰ ਦੀ ਪਿੱਠ ਭੂਮੀ ਵਿੱਚ ਇਕ ਛਾਂਦਾਰ ਰੁੱਖ ਵਿਖਾਇਆ ਹੁੰਦਾ ਹੈ। ਇਸੇ ਸੰਯੋਜਨ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਦਰਸਾਉਂਦੇ ਕੰਧ-ਚਿੱਤਰ ਅੱਜ ਵੀ ਪੰਜਾਬ ਦੀਆਂ ਕੁਝ ਇਮਾਰਤਾਂ ਵਿੱਚ ਦੇਖਣ ਨੂੰ ਮਿਲ ਜਾਂਦੇ ਹਨ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦਾ ਚਿੱਤਰ ਵੀ ਕਈ ਇਮਾਰਤਾਂ ਵਿੱਚ  ਦੇਖਣ ਨੂੰ ਮਿਲਦਾ ਹੈ। ਪੰਜਾਂ ਪਿਆਰਿਆਂ ਦੇ ਨਾਲ ਜਾਂ ਫਿਰ ਚਾਰ ਸਾਹਿਬਜ਼ਾਦਿਆਂ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਘੋੜੇ 'ਤੇ ਸਵਾਰ ਚਿੱਤਰਿਆ ਜਾਂਦਾ ਰਿਹਾ ਹੈ। ਕਈਆਂ ਥਾਵਾਂ 'ਤੇ ਖ਼ਾਲਸੇ ਦੀ ਸਿਰਜਣਾ ਦੀ ਘਟਨਾ ਸਿੱਖ ਧਰਮ ਅਤੇ ਇਤਿਹਾਸ ਦੇ ਨਾਲ-ਨਾਲ ਕਲਾ ਦੇ ਖੇਤਰ ਵਿੱਚ ਵੀ ਪ੍ਰਮਾਣਿਤ ਰਹੀ ਹੈ। ਇਹ ਵਿਸ਼ਾ ਕੰਧ-ਚਿੱਤਰਾਂ ਦੇ ਰੂਪ ਵਿੱਚ ਕਈਆਂ ਇਮਾਰਤਾਂ ਵਿੱਚ ਚਿੱਤਰਿਆ ਮਿਲਦਾ ਹੈ।

ਪੰਜਾਬ ਦੇ ਕੰਧ-ਚਿੱਤਰਾਂ ਵਿੱਚ ਸਭ ਤੋਂ ਵੱਧ ਪੋਰਟਰੇਟ ਮਹਾਰਾਜਾ ਰਣਜੀਤ ਸਿੰਘ ਦੇ ਮਿਲਦੇ ਹਨ। ਲਾਹੌਰ ਦੇ ਸ਼ਾਹੀ ਮੱਹਲਾਂ ਦੇ ਇਕ ਕੰਧ ਚਿੱਤਰ ਵਿੱਚ ਮਹਾਰਾਜਾ ਨੂੰ ਗੁਰੂ ਨਾਨਕ ਦੇਵ ਜੀ ਦੀ ਹਾਜ਼ਰੀ ਵਿੱਚ ਹੱਥ ਜੋੜ ਕੇ ਬੇਨਤੀ ਪੂਰਵਕ ਸਥਿਤੀ ਵਿੱਚ ਚਿੱਤਰਿਆ ਗਿਆ ਹੈ।[65]

ਕਈਆਂ ਥਾਵਾਂ ਦੇ ਕੰਧ-ਚਿੱਤਰ ਹਾਲੇ ਵੀ ਨਸ਼ਟ ਹੋਣ ਤੋਂ ਬਚੇ ਹੋਏ ਹਨ ਅਤੇ ਵੇਖੇ ਜਾ ਸਕਦੇ ਹਨ, ਜਿਵੇਂ ਕਿ ਅਖਾੜਾ ਬਾਲਾ ਨੰਦ, ਅੰਮ੍ਰਿਤਸਰ ਅਤੇ ਰਾਮਟਟਵਾਲੀ, ਹੁਸ਼ਿਆਰਪੁਰ ਦੇ ਬੈਰਾਗੀਆਂ ਦੇ ਮੰਦਰ ਵਿੱਚ, ਆਦਿ। ਤਰਨਤਾਰਨ-ਪੱਟੀ ਸੜਕ ਉੱਤੇ ਪਿੰਡ ਜੌੜਾ ਨੇੜੇ ਸਥਿਤ ਪਲਕਿਆਣਾ ਸਾਹਿਬ ਦੇ ਮੰਦਰ ਵਿੱਚ 1971 ਤੱਕ 50 ਦੇ ਕਰੀਬ ਕੰਧ-ਚਿੱਤਰ ਸੁਰੱਖਿਅਤ ਸਨ।[66] ਅੱਜ ਇਹਨਾਂ ਵਿੱਚੋਂ ਬਹੁਤੇ ਚਿੱਤਰ ਨਸ਼ਟ ਹੋ ਚੁੱਕੇ ਹਨ।[67]

ਹਿੰਦੂ ਧਰਮ ਵਿੱਚ ਅਵਤਾਰਵਾਦ ਦੀ ਮਹਾਨਤਾ ਨੇ ਵੈਸ਼ਨਵ ਸੰਪ੍ਰਦਾਇ ਨੂੰ ਬਹੁਤ ਪ੍ਰਸਿੱਧ ਕਰ ਦਿੱਤਾ ਸੀ। ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਮੁੱਖ ਅਵਤਾਰ ਹਨ। ਵੈਸ਼ਨਵ ਮੱਤ ਦਾ ਪ੍ਰਚਾਰ ਪੰਜਾਬ ਅਤੇ ਪੰਜਾਬ ਦੇ ਪਹਾੜੀ ਇਲਾਕਿਆਂ ਵਿੱਚ ਜ਼ੋਰ 'ਤੇ ਸੀ। ਗੁਰਦਾਸਪੁਰ ਨੇੜੇ ਸਥਿਤ ਪੰਡੋਰੀ ਦਾ ਵੈਸ਼ਨਵ ਮੱਠ ਪੰਜਾਬ ਦਾ ਸਭ ਤੋਂ ਵੱਡਾ ਕੇਂਦਰ ਹੈ। ਪੰਜਾਬ ਦੀਆਂ ਅਨੇਕਾਂ ਇਮਾਰਤਾਂ ਵਿੱਚ ਵੈਸ਼ਨਵ ਵਿਸ਼ਿਆਂ ਨਾਲ ਸੰਬੰਧਿਤ 19ਵੀਂ ਸਦੀ ਦੇ ਬੇਹਤਰੀਨ ਕੰਧ

---

65 **ਕੰਗ, ਕੰਵਰਜੀਤ ਸਿੰਘ. (ਡਾ.),** ਅਜੀਤ ਲੇਖ, *ਕੰਧ ਚਿੱਤਰਾਂ ਵਿੱਚ ਮਹਾਰਾਜਾ ਰਣਜੀਤ ਸਿੰਘ,* 18 ਜਨਵਰੀ 2011**.**

66 **ਕੰਗ,ਕੰਵਰਜੀਤ ਸਿੰਘ. (ਡਾ.)**,(1988).*ਪੰਜਾਬ ਦੇ ਕੰਧ ਚਿੱਤਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-26.

67 ਨਿੱਜੀ ਤੌਰ 'ਤੇ ਦਸੰਬਰ 2007 ਵਿੱਚ ਮੰਦਿਰ ਵੇਖਿਆ ਗਿਆ।

ਚਿੱਤਰ ਉਲੀਕੇ ਹੋਏ ਹਨ। ਵੈਸ਼ਨਵ ਲਹਿਰ ਨਾਲ ਸੰਬੰਧਤ ਪੰਜਾਬ ਦੇ ਕੰਧ-ਚਿੱਤਰਾਂ ਵਿੱਚ ਸਭ ਤੋਂ ਵੱਧ ਥਾਂ ਸ੍ਰੀ ਕ੍ਰਿਸ਼ਨ ਜੀ ਨੂੰ ਮਿਲੀ ਹੈ ਜੋ ਵੈਸ਼ਨਵ ਮੱਤ ਦੇ ਸਭ ਤੋਂ ਵੱਧ ਹਰਮਨ ਪਿਆਰੇ ਅਵਤਾਰ ਮੰਨੇ ਗਏ ਹਨ। ਉਨ੍ਹਾਂ ਦੇ ਜੀਵਨ ਨਾਲ ਸੰਬੰਧਤ ਹਰ ਪ੍ਰਕਾਰ ਦੇ ਕੰਧ-ਚਿੱਤਰ ਦੇਖੇ ਜਾ ਸਕਦੇ ਹਨ। ਭਾਵੇਂ ਕਿਸੇ ਇਕ ਥਾਂ ਦੇ ਕੰਧ ਚਿੱਤਰਾਂ ਵਿੱਚ ਕ੍ਰਿਸ਼ਨ ਜੀ ਦੇ ਜੀਵਨ ਨੂੰ ਸੰਪੂਰਨ ਰੂਪ ਵਿੱਚ ਚਿਤਰਿਆ ਨਹੀਂ ਮਿਲਦਾ ਪਰ ਜੇ ਪੰਜਾਬ ਦੇ ਵਿਭਿੰਨ ਥਾਵਾਂ ਦੇ ਕੰਧ-ਚਿੱਤਰਾਂ ਦਾ ਅਧਿਐਨ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਕ੍ਰਿਸ਼ਨ ਜੀ ਦੇ ਜੀਵਨ ਨਾਲ ਸੰਬੰਧਤ ਸ਼ਾਇਦ ਹੀ ਕੋਈ ਘਟਨਾ ਹੋਏ, ਜੋ ਚਿੱਤਰਕਾਰਾਂ ਦੇ ਬੁਰਸ਼ ਰਾਹੀਂ ਕੰਧਾਂ ਉਤੇ ਚਿੱਤਰਿਤ ਨਾ ਕੀਤੀ ਗਈ ਹੋਵੇ। ਇਹਨਾਂ ਵਿੱਚ ਕ੍ਰਿਸ਼ਨ ਜੀ ਦੇ ਬਚਪਨ ਦੀ ਸੰਪੂਰਨ ਲੀਲ੍ਹਾ, ਉਹਨਾਂ ਦੀਆਂ ਰਾਸ-ਲੀਲ੍ਹਾਵਾਂ, ਹੋਲੀ-ਲੀਲ੍ਹਾ, ਚੀਰਹਰਨ ਆਦਿ ਦੇ ਚਿੱਤਰ ਮਿਲਦੇ ਹਨ। ਸਭ ਤੋਂ ਵੱਧ ਰਾਸ ਲੀਲ੍ਹਾਵਾਂ ਦੇ ਚਿੱਤਰ ਹਰ ਇਮਾਰਤ ਵਿੱਚ ਵੇਖਣ ਨੂੰ ਮਿਲੇ ਹਨ।

ਪੰਜਾਬ ਵਿੱਚ ਕੰਧ-ਚਿੱਤਰ ਦੇ ਚਿਤੇਰਿਆਂ ਨੇ ਇਸ ਦੇ ਇਤਿਹਾਸ ਨੂੰ ਬਹੁਤ ਧਿਆਨ ਪੂਰਵਕ ਚਿਤਰਿਆ ਹੈ ਅਤੇ ਹਰ ਪੱਖ ਨੂੰ ਵਿਸ਼ੇ ਦੇ ਰੂਪ ਵਿੱਚ ਲਿਆ ਹੈ। ਜਿਥੇ ਸਿੱਖ ਗੁਰੂਆਂ ਦੇ ਚਿੱਤਰ ਹਨ ਉਥੇ ਉਦਾਸੀ ਮੱਤ ਅਤੇ ਸਾਧੂਆਂ ਅਵਤਾਰਾਂ ਨੂੰ ਵੀ ਖ਼ਾਸ ਥਾਂ ਦਿੱਤੀ ਗਈ। ਇਹਨਾਂ ਕੰਧ ਚਿੱਤਰਾਂ ਦਾ ਦਾਇਰਾ ਬੜਾ ਵਿਸ਼ਾਲ ਹੈ। ਕੁਝ ਇਮਾਰਤਾਂ ਖ਼ਾਸ ਸੰਸਥਾਂਵਾਂ ਨਾਲ ਜੁੜੀਆਂ ਸਨ ਅਤੇ ਉਹਨਾਂ ਇਮਾਰਤਾਂ ਦੀਆਂ ਕੰਧਾ ਉਤੇ ਇਹ ਚਿੱਤਰ ਵਧੇਰੇ ਉਲੀਕੇ ਗਏ। ਅਜਿਹੀ ਇਕ ਉਦਾਹਰਣ ਹੈ ਬਾਬਾ ਸ੍ਰੀ ਚੰਦ ਜੀ ਦੇ ਚਿੱਤਰ। ਇਹ ਵਧੇਰੇ ਕਰਕੇ ਅਖਾੜਿਆਂ ਵਿੱਚ ਉਲੀਕੇ ਮਿਲਦੇ ਹਨ ਕਿਉਂਕਿ ਇਹਨਾਂ ਅਖਾੜਿਆਂ ਨਾਲ ਬਾਬਾ ਸ੍ਰੀ ਚੰਦ ਵੱਲੋਂ ਅਰੰਭ ਕੀਤੀ ਉਦਾਸੀ ਸੰਪ੍ਰਦਾਇ ਦਾ ਸਿੱਧਾ ਸੰਬੰਧ ਸੀ। ਪੰਜਾਬ ਵਿੱਚ ਉਦਾਸੀ ਅਖਾੜੇ ਭਾਵੇਂ ਕਈ ਥਾਵਾਂ ਤੇ ਸਥਾਪਿਤ ਹਨ ਪਰ ਇਹਨਾਂ ਦਾ ਵੱਡਾ ਕੇਂਦਰ ਅੰਮ੍ਰਿਤਸਰ ਹੈ। ਇਸ ਸ਼ਹਿਰ ਵਿੱਚ ਸਥਿਤ ਲਗਭਗ ਸਾਰੇ ਅਖਾੜਿਆਂ ਨੂੰ ਕੰਧ-ਚਿੱਤਰਾਂ ਨਾਲ ਸ਼ਿੰਗਾਰਿਆ ਗਿਆ ਹੈ।

ਪੰਜਾਬ ਦੇ ਕੰਧ-ਚਿੱਤਰਾਂ ਵਿੱਚ ਕਈ ਵੇਰ ਚਿੱਤਰਤ ਵਿਸ਼ੇ ਸੰਬੰਧੀ ਚਿੱਤਰ ਦੀ ਪਿੱਠ-ਭੂਮੀ ਤੇ ਹੀ ਲਿਖਤ ਰਾਹੀਂ ਸਪੱਸ਼ਟੀਕਰਨ ਦੇ ਦਿੱਤਾ ਜਾਂਦਾ ਸੀ। ਕਈ ਥਾਵਾਂ ਤੇ ਚਿੱਤਰਾਂ ਦੀ ਸੇਵਾ ਕਰਵਾਉਣ ਵਾਲਿਆਂ ਦੇ ਨਾਂ ਵੀ ਚਿੱਤਰ ਵਿੱਚ ਅੰਕਿਤ ਕੀਤੇ ਮਿਲੇ ਹਨ,

ਪਰੰਤੂ ਅਜਿਹੇ ਬਹੁਤ ਘੱਟ ਵੇਖਣ ਨੂੰ ਮਿਲੇ ਹਨ। ਪੰਜਾਬ ਦੀਆਂ ਲੋਕ ਗ਼ਾਥਾਵਾਂ, ਹੀਰ-ਰਾਂਝਾ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾ ਆਦਿ ਕਈ ਕੰਧ-ਚਿੱਤਰਾਂ ਵਿੱਚ ਉਲੀਕੇ ਗਏ ਹਨ। ਇਸ ਤੋਂ ਬਿਨਾਂ ਸੁਤੰਤਰ ਰੂਪ ਵਿੱਚ ਕੀਤੇ ਚਿੱਤਰਨ ਦੇ ਪ੍ਰਮਾਣ ਬਹੁਤ ਜ਼ਿਆਦਾ ਸਨ ਪਰ ਇਹਨਾਂ ਪਾਤਰਾਂ ਦੀ ਪਹਿਚਾਨ ਨਹੀ ਹੋ ਸਕੀ ਜਾਂ ਫਿਰ ਇਹ ਆਮ ਜੀਵਨ ਵਿੱਚੋਂ ਲਏ ਗਏ ਪਾਤਰ ਹੀ ਸਨ, ਕਿਉਂਕਿ ਚਿੱਤਰਾਂ ਦੀ ਚੋਣ ਵਿੱਚ ਚਿੱਤਰਕਾਰਾਂ ਦਾ ਵਧੇਰੇ ਹੱਥ ਹੁੰਦਾ ਸੀ। ਵੈਸੇ ਤਾਂ ਚਿੱਤਰਕਾਰ ਵਿਸ਼ੇ ਸੀਮਾ ਵਿੱਚ ਰਹਿ ਕੇ ਹੀ ਚਿੱਤਰਨ ਕਰਦੇ ਸਨ ਪਰ ਕਦੇ ਕਦਾਈਂ ਅਜਿਹੇ ਚਿੱਤਰ ਵੀ ਵੇਖਣ ਵਿੱਚ ਆਏ ਹਨ ਜਿਨ੍ਹਾਂ ਵਿੱਚ ਚਿੱਤਰਕਾਰ ਦੀ ਨਿੱਜੀ ਦਿਲਚੱਸਪੀ ਹੁੰਦੀ ਸੀ ਜਿਵੇਂ ਕਿ ਗੁਰਦੁਆਰਾ ਪੋਥੀਮਾਲਾ, ਗੁਰੂ ਹਰਸਹਾਇ, ਫ਼ਿਰੋਜ਼ਪੁਰ ਵਿੱਚ ਅਜਿਹੇ ਕਈ ਚਿੱਤਰ ਹਨ ਜਿਨ੍ਹਾਂ ਨੂੰ ਕਿਸੇ ਵਿਸ਼ੇ ਅਧੀਨ ਨਹੀਂ ਲਿਆ ਜਾਂਦਾ। ਇਹ ਚਿੱਤਰ ਸੁਤੰਤਰ ਰੂਪ ਵਿੱਚ ਖੜ੍ਹੀਆਂ ਔਰਤਾਂ ਅਤੇ ਪੁਰਸ਼ਾਂ ਦੇ ਚਿੱਤਰ ਹਨ। ਅਜਿਹੀ ਨਿੱਜੀ ਦਿਲਚਸਪੀ ਇਮਾਰਤ ਦੇ ਮਾਲਕਾਂ ਅਤੇ ਚਿੱਤਰਕਾਰ ਦੋਹਾਂ ਦੀ ਹੋ ਸਕਦੀ ਹੈ। ਕੰਧ-ਚਿੱਤਰਾਂ ਵਿੱਚ ਬੇਸ਼ੱਕ ਪੁਰਸ਼ਾਂ ਨਾਲੋਂ ਨਾਰੀ ਨੂੰ ਘੱਟ ਅੰਕਿਤ ਕੀਤਾ ਗਿਆ ਹੈ ਪਰ ਨਾਰੀ ਨੂੰ ਵੱਖ-ਵੱਖ ਰੂਪਾਂ ਵਿੱਚ ਦਰਸਾਉਂਦੇ 19ਵੀਂ ਸਦੀ ਦੇ ਜੋ ਕੰਧ-ਚਿੱਤਰ ਅੱਜ ਤੱਕ ਸੁਰੱਖਿਅਤ ਹਨ, ਉਹ ਕਿਸੇ ਰੋਚਕ ਅਧਿਐਨ ਤੋਂ ਸੱਖਣੇ ਨਹੀਂ ਹਨ। ਇਹ ਕੰਧ-ਚਿੱਤਰਕਾਰੀ ਦੇ ਜੀਵਨ ਦੇ ਕਈ ਪੱਖਾਂ ਨੂੰ ਸੂਖਮ ਅੰਦਾਜ਼ ਨਾਲ ਉਘਾੜਦੇ ਹਨ। ਨਾਰੀ ਦਾ ਵਿਅਕਤੀਗਤ ਰੂਪ ਵਿੱਚ ਚਿੱਤਰਨ ਦਾ ਪ੍ਰਭਾਵ ਫ਼ਰੰਗੀਆਂ ਤੋਂ ਪ੍ਰੇਰਤ ਹੈ। ਸਮਾਜ ਵਿੱਚ ਉੱਚੇ ਤਬਕੇ ਦੀਆਂ ਨਾਰੀਆਂ ਤੋਂ ਬਿਨਾਂ ਕਈ ਥਾਵਾਂ ਤੇ ਸਾਧਾਰਨ ਨਾਰੀਆਂ ਦੇ ਚਿੱਤਰ ਵੀ ਅੰਕਿਤ ਮਿਲੇ ਹਨ ਪਰੰਤੂ ਇਹਨਾਂ ਦੀ ਕੋਈ ਪਛਾਣ ਨਹੀਂ ਹੋ ਸਕੀ। ਇਹਨਾਂ ਵਿੱਚੋਂ ਕੋਈ ਸੰਗੀਤਕਾਰ ਹੈ, ਕੋਈ ਗੁਜਰੀ ਹੈ ਅਤੇ ਕੋਈ ਪ੍ਰੇਮਿਕਾ। ਇਹਨਾਂ ਵਿਸ਼ਿਆਂ ਦੇ ਸੰਦਰਭ ਵਿੱਚ ਆਏ ਨਾਰੀ ਚਿੱਤਰਨ ਦੀ ਘਾਟ ਨਹੀਂ ਹੈ। ਸੋ, ਇਕਹਿਰੇ ਮੰਤਵ ਹਿੱਤ ਵੀ ਕੰਧ-ਚਿੱਤਰਾਂ ਦੀ ਉਸਾਰੀ ਕੀਤੀ ਜਾਂਦੀ ਰਹੀ ਹੈ।

ਪੱਕੀਆਂ ਇੱਟਾਂ ਦੀਆਂ ਕੰਧਾਂ ਉਤੇ ਚੂਨਾ ਪਲਸਤਰ ਕਰਨ ਉਪਰੰਤ ਇਸ ਨੂੰ ਗਿੱਲਾ ਰੱਖਦਿਆਂ ਉਲੀਕੇ ਚਿੱਤਰਾਂ ਦੀ ਚਿਰਸਥਾਈ ਹੋਂਦ ਦੇ ਨਾਲ-ਨਾਲ ਅਜਿਹੇ ਕੰਧ-ਚਿੱਤਰਾਂ ਦੀ ਰਚਨਾ ਵੀ ਕੀਤੀ ਜਾਂਦੀ ਸੀ ਜੋ ਲੋਕ-ਕਲਾ ਦੇ ਘੇਰੇ ਵਿੱਚ ਆਉਂਦੇ ਸਨ। ਕੰਧ-ਚਿੱਤਰਾਂ ਵਿੱਚ ਆਉਂਦੀ ਇਸ ਕਲਾ ਬਾਰੇ ਜ਼ਿਕਰ ਕੀਤੇ ਬਿਨਾਂ ਪੰਜਾਬ ਦੇ ਕੰਧ-ਚਿੱਤਰਾਂ ਦਾ

ਇਤਿਹਾਸ ਸੰਪੂਰਨ ਨਹੀਂ ਹੁੰਦਾ ਅਤੇ ਇਸ ਪੱਖ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਇਹ ਚਿੱਤਰ ਆਮ ਲੋਕਾਂ ਦੁਆਰਾ ਘਰਾਂ ਦੀ ਕੱਚੀਆਂ ਕੰਧਾ ਤੇ ਉਲੀਕੇ ਜਾਂਦੇ ਸਨ। ਪੰਜਾਬ ਦੇ ਪਿੰਡਾਂ ਵਿੱਚ ਅੱਜ ਵੀ ਇਹ ਕਲਾ ਆਪਣੇ ਵਿਰਸੇ ਨੂੰ ਕਾਫ਼ੀ ਹੱਦ ਤੱਕ ਸੰਭਾਲੀ ਬੈਠੀ ਹੈ। ਇਹਨਾਂ ਕੰਧ-ਚਿੱਤਰਾਂ ਦਾ ਵਿਸ਼ਾ ਬਹੁਤਾ ਸਜਾਵਟੀ ਨਮੂਨਿਆ ਤੱਕ ਸੀਮਤ ਹੁੰਦਾ ਹੈ, ਜਿਵੇਂ ਬੂਟੇ ਤੇ ਬੈਠੀਆ ਚਿੜੀਆਂ, ਮੋਰ ਆਦਿ। ਪੰਛੀਆਂ ਦੇ ਨਾਲ-ਨਾਲ ਪੇਂਡੂ ਚੌਗਿਰਦੇ ਵਿੱਚੋਂ ਲਈਆਂ ਕਈ ਹੋਰ ਆਕ੍ਰਿਤੀਆਂ ਵੀ ਇਹਨਾਂ ਚਿੱਤਰਾਂ ਦਾ ਵਿਸ਼ਾ ਬਣਦੀਆਂ ਹਨ, ਜਿਵੇਂ ਕਿ ਬਿੱਲੇ ਜਾ ਕੁੱਤੇ ਆਦਿ। ਲੋਕ ਚਿੱਤਰਾਂਵਲੀ ਵਿੱਚ ਕਬੂਤਰਾਂ, ਘੁੱਗੀਆਂ, ਚਿੱੜੀਆਂ ਆਦਿ ਆਕ੍ਰਿਤੀਆਂ ਪ੍ਰਦਰਸ਼ਿਤ ਕੀਤੀਆਂ ਮਿਲਦੀਆਂ ਹਨ ਪਰ ਇਹਨਾਂ ਵਿੱਚ ਸਭ ਤੋਂ ਪ੍ਰਮੁੱਖ ਸਥਾਨ ਮੋਰ ਨੂੰ ਮਿਲਿਆ ਹੈ ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ। ਇਸ ਕਲਾ ਦਾ ਵਿਸ਼ਾ ਸਥਾਨਕ ਚੁਗਿਰਦੇ ਦੀ ਅਵਸਥਾ ਦੇ ਆਲੇ-ਦੁਆਲੇ ਘੁੰਮਦਾ ਹੈ ਜਿਵੇਂ ਕਿ ਪੰਜਾਬ ਦੇ ਲੋਕ ਕੰਧ-ਚਿੱਤਰਾਂ ਤੋਂ ਵੀ ਪ੍ਰਤੱਖ ਹੈ। ਇਹਨਾਂ ਦੀ ਕੋਈ ਨਿਯਮਤ ਸ਼ੈਲੀ ਨਜ਼ਰ ਨਹੀਂ ਆਉਂਦੀ।[68]

ਕੰਧ ਚਿੱਤਰਾਂ ਦੀ ਉਸਾਰੀ ਇਕ ਖ਼ਾਸ ਮੰਤਵ ਹਿੱਤ ਕੀਤੀ ਜਾਂਦੀ ਸੀ। ਡਾ. ਮੁਲਕ ਰਾਜ ਆਨੰਦ ਦਾ ਇਸ ਸੰਦਰਭ ਵਿੱਚ ਹੇਠ ਲਿਖਿਆ ਵਿਚਾਰ ਬਹੁਤ ਢੁੱਕਵਾਂ ਹੈ। ਸਾਡੇ ਦੇਸ਼ ਵਿੱਚ ਕਲਾ ਦੀ ਸੁਰੱਖਿਅਤ ਪਰ ਟੁੱਟਵੀਂ ਪਰੰਪਰਾ ਵਿੱਚ ਕੰਧ-ਚਿੱਤਰਾਂ ਨੇ ਨਿਰਸੰਦੇਹ ਹੀ ਇਕ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ ਹੈ। ਧਰਮ ਇੱਕ ਭਾਈਚਾਰਕ ਜੀਵਨ ਦੀ ਮੰਗ ਕਰਦਾ ਸੀ ਜਿਸਨੂੰ ਕੰਧਾਂ ਉੱਤੇ ਚਿੱਤਰਾਂ ਰਾਹੀਂ ਦਰਸਾਈਆਂ ਆਂਤਰਿਕ ਕੀਮਤਾਂ ਨੂੰ ਹਰ ਸ਼ਰਧਾਲੂ ਦੇ ਸਹਿਭਾਗੀ ਹੋਣ ਨਾਲ ਜਿਉਂਦਾ ਰੱਖਿਆ ਜਾ ਸਕਦਾ ਸੀ, ਭਾਵੇਂ ਉਹ ਇਹਨਾਂ ਦੀ ਸੁੰਦਰਤਾ ਦੇ ਤੱਤ ਨੂੰ ਮਾਣ ਸਕਦਾ ਜਾਂ ਧਾਰਮਿਕ ਸਥਾਨ ਦੀ ਵਿਸ਼ਾਲਤਾ, ਸ਼ਾਨ ਅਤੇ ਸ਼ਕਤੀ ਤੋਂ ਪ੍ਰਭਾਵਿਤ ਹੋ ਸਕਦਾ। ਬਹੁਤ ਘੱਟ ਲੋਕ ਆਪਣੇ ਨਿੱਜੀ ਘਰਾਂ ਦੀਆਂ ਕੰਧਾਂ ਲਈ ਤਸਵੀਰਾਂ ਖ਼ਰੀਦ ਸਕਦੇ ਸਨ ਅਤੇ ਕੰਧ-ਚਿੱਤਰ ਆਮ ਲੋਕਾਂ ਦੀ ਜ਼ਰੂਰਤ ਨੂੰ ਪੂਰਾ ਕਰਦੇ ਸਨ।

1849 ਈ. ਵਿੱਚ ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜ਼ੇ ਨਾਲ ਸਥਿਤੀ ਵਿੱਚ ਤੇਜ਼ੀ ਨਾਲ ਪਰਿਵਰਤਨ ਆਉਣਾ ਆਰੰਭ ਹੋ ਗਿਆ। ਕੰਧ-ਚਿੱਤਰਾਂ ਦੀ ਕਲਾ, ਜਿਸਨੇ ਇਕ ਸ਼ਕਤੀਸ਼ਾਲੀ ਪਰੰਪਰਾ ਦਾ ਵਿਕਾਸ ਕਰ ਲਿਆ ਸੀ, 19ਵੀਂ ਸਦੀ ਵਿੱਚ ਨਵੀਆਂ

---

68 **ਕੰਗ, ਕੰਵਰਜੀਤ ਸਿੰਘ. (ਡਾ.)** (1988) *ਪੰਜਾਬ ਦੇ ਕੰਧ ਚਿੱਤਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ,ਪੰਨਾ-93.

ਤਬਦੀਲੀਆਂ ਕਾਰਨ ਪਤਨ ਵਲ ਜਾਣ ਲੱਗੀ। ਦੂਜੇ ਪਾਸੇ ਜਿਸ ਪ੍ਰਕਾਰ ਦੀ ਕਲਾ ਅੰਗਰੇਜ਼ ਚਾਹੁੰਦੇ ਸਨ ਉਹ ਪਰੰਪਰਾਵਾਦੀ ਚਿੱਤਰਕਾਰਾਂ ਦੇ ਕੰਮ ਤੋਂ ਬਿਲਕੁਲ ਵੱਖਰੀ ਸੀ। 1875-76 ਈ: ਵਿੱਚ ਲਾਹੌਰ ਵਿਖੇ ਮਾਓ ਸਕੂਲ ਆਫ਼ ਆਰਟ ਦੀ ਸਥਾਪਨਾ ਕੀਤੀ ਗਈ। ਇਸ ਪਿੱਛੋਂ ਕਲਾ ਵਿੱਚ ਪੱਛਮੀ ਪ੍ਰਭਾਵ ਆਉਣਾ ਆਰੰਭ ਹੋ ਗਿਆ।

20ਵੀਂ ਸਦੀ ਦੇ ਪਹਿਲੇ ਤਿੰਨ ਚਾਰ ਦਹਾਕਿਆਂ ਵਿੱਚ ਅੰਤਰਰਾਸ਼ਟਰੀ ਆਧੁਨਿਕ ਝੁਕਾਅ ਹੌਲੀ-ਹੌਲੀ ਵੱਧਣ ਲੱਗਾ ਅਤੇ ਪਰੰਪਰਾਵਾਦੀ ਚਿੱਤਰਕਾਰੀ ਹੌਲੀ-ਹੌਲੀ ਆਧੁਨਿਕ ਚਿੱਤਰਕਲਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਣ ਲੱਗੀ। ਭਾਰਤ ਉਸ ਸਮੇਂ ਆਪਣੀਆਂ ਪਰੰਪਰਾਵਾਂ ਨਾਲੋਂ ਸੰਬੰਧ ਤੋੜ ਚੁੱਕਾ ਸੀ ਅਤੇ ਪੱਛਮ ਦੇ ਉਭਰਦੇ ਪ੍ਰਕ੍ਰਿਤੀਵਾਦ ਪ੍ਰਭਾਵ ਥੱਲੇ ਆ ਚੁੱਕਾ ਸੀ।[69]

1849 ਈ: ਵਿੱਚ ਅੰਗਰੇਜ਼ਾਂ ਦੇ ਅਧੀਨ ਪੰਜਾਬ ਦੇ ਆ ਜਾਣ ਨਾਲ ਸਿੱਖ ਚਿੱਤਰਕਲਾ ਵਿੱਚ ਇਕ ਕ੍ਰਾਂਤੀਕਾਰੀ ਪਰਿਵਰਤਨ ਆਇਆ। ਜੋ ਕਲਾਕਾਰ ਪਹਿਲਾਂ ਸਿੱਖ ਸਰਪ੍ਰਸਤਾਂ ਦੇ ਅਧੀਨ ਕਾਰਜ ਕਰਦੇ ਸਨ ਉਨ੍ਹਾਂ ਦੇ ਸਾਹਮਣੇ ਹੁਣ ਨਵੇ ਪ੍ਰਯੋਗ ਆਉਣ ਲੱਗੇ। ਕਲਾ ਦੇ ਖੇਤਰ ਵਿੱਚ ਛਾਪੇਖ਼ਾਨੇ ਅਤੇ ਲੀਥੋਗ੍ਰਾਫਜ਼ ਤਕਨੀਕਾਂ ਦੇ ਰੂਪ ਵਿੱਚ ਨਵੇ ਪਰਿਵਰਤਨ ਆਉਣ ਲੱਗੇ। ਹੁਣ ਤੱਕ ਜਿਹੜੇ ਚਿੱਤਰ ਕੇਵਲ ਧਨਾਡ ਲੋਕਾਂ ਤੱਕ ਸੀਮਿਤ ਰਹਿੰਦੇ ਸਨ ਹੁਣ ਛਾਪੇਖ਼ਾਨਿਆਂ ਕਾਰਨ ਆਮ ਲੋਕਾਂ ਦੀ ਪਹੁੰਚ ਵਿੱਚ ਆ ਗਏ। ਅੰਗ੍ਰੇਜ਼ਾਂ ਦੇ ਆਉਣ ਨਾਲ ਲਾਹੌਰ ਦਰਬਾਰ ਅਤੇ ਸਿੱਖਾਂ ਦੇ ਅਧੀਨ ਕੰਮ ਕਰਨ ਵਾਲੇ ਕਲਾਕਾਰਾਂ ਦੇ ਕੰਮ ਵਿੱਚ ਕਈ ਪ੍ਰਕਾਰ ਦੀਆਂ ਤਬਦੀਲੀਆਂ ਆਉਣ ਲੱਗੀਆਂ। ਪੰਜਾਬ ਅਤੇ ਸਿੱਖ ਰਾਜ 'ਤੇ ਅੰਗ੍ਰੇਜ਼ਾਂ ਦੇ ਅਧਿਕਾਰ ਪਿਛੋਂ ਹੀ ਨਵੀਨ ਸ਼ੈਲੀ ਐਂਗਲੋ ਮੁਗ਼ਲ[70] ਪੂਰਨ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਜਿਸਦੇ ਕਾਰਨ ਵਿਅਕਤੀ ਚਿੱਤਰਨ ਵਿੱਚ ਭਿੰਨ-ਭਿੰਨ ਰੂਪ ਅਤੇ ਆਕਾਰ ਉੱਭਰ ਕੇ ਸਾਹਮਣੇ ਆਏ।

ਵਿਅਕਤੀ ਚਿੱਤਰਨ ਵਿੱਚ ਪ੍ਰਮੁੱਖ ਪਰਿਵਰਤਨ ਪ੍ਰਸਿੱਧ ਹਸਤੀਆਂ ਦੇ ਸਮੂਹ ਤੇ ਨਿਰਭਰ ਕਰਦਾ ਹੈ ਜਿਸ ਵਿੱਚ ਜਾ ਤਾਂ ਪੂਰੇ ਸਮੂਹ ਨੂੰ ਚਿੱਤਰਤ ਕੀਤਾ ਜਾਂਦਾ ਸੀ ਜਾ ਫਿਰ ਵਿਅਕਤੀ ਚਿੱਤਰਾਂ ਦੀ ਲੜੀ ਤਿਆਰ ਕੀਤੀ ਜਾਂਦੀ ਸੀ। ਇਹਨਾਂ ਚਿੱਤਰਾਂ ਦਾ ਵਿਸ਼ਾ

---

69 **ਰਮਨ, ਏ.ਐਸ .** ਦਾ ਡੇਲੀ ਟਾਈਮਜ਼ ਆਫ ਇੰਡੀਆ, 28 ਜੂਨ 1953 ਵਿੱਚ ਛਪਿਆ ਲੇਖ।

70 **Mcleod, W.H.** (1991). *Popular Sikh Art,* Delhi Oxford University Press, Oxford New York, p. 16.

ਮਹਾਰਾਜਾ ਰਣਜੀਤ ਸਿੰਘ ਜਾਂ ਦਰਬਾਰੀ ਹੋਇਆ ਕਰਦੇ ਸਨ। ਚਿੱਤਰਕਲਾ ਵਿੱਚ ਦੂਜਾ ਪਰਿਵਰਤਨ ਇਮਾਈਲੀ ਦੇ ਰੇਖਾ-ਚਿੱਤਰਾਂ ਤੋਂ ਪੰਜਾਬੀ ਚਿੱਤਰਕਾਰਾਂ ਨੂੰ ਦੂਰੀ ਦੇ ਸੰਕਲਪ ਦਾ ਆਭਾਸ ਹੋਇਆ।[71] ਤੀਜਾ ਪਰਿਵਰਤਨ ਰੰਗਾਂ ਵਿੱਚ ਆਇਆ ਜਿਸ ਰਾਹੀਂ ਚਟਕ ਰੰਗ ਕੁਝ ਮੱਧਮ ਹੋ ਗਏ। ਇਹ ਪਰਿਵਰਤਨ ਅੰਗ੍ਰੇਜ਼ੀ ਪ੍ਰਭਾਵ ਅਤੇ ਮਾਓ ਸਕੂਲ ਆਫ ਆਰਟ ਦੁਆਰਾ ਉਤਸ਼ਾਹਿਤ ਕਰਨ ਕਾਰਨ ਆਇਆ।

ਸਿੱਖ ਚਿੱਤਰਕਾਰਾਂ ਨੇ ਇਹਨਾਂ ਪਰਿਵਰਤਨਾਂ ਤੋਂ ਕਾਫ਼ੀ ਕੁਝ ਸਿੱਖਿਆ ਅਤੇ ਨਵੇਂ ਪ੍ਰਯੋਗ ਕਰਕੇ ਵੇਖੇ। ਕੇਹਰ ਸਿੰਘ (1820-1882) ਦਾ ਨਾਮ ਇਹਨਾਂ ਚਿੱਤਰਕਾਰਾਂ ਵਿੱਚ ਸਭ ਤੋਂ ਪਹਿਲਾਂ ਆਉਂਦਾ ਹੈ ਜਿਸ ਨੇ 19ਵੀਂ ਸਦੀ ਦੇ ਆਖਰੀ ਦਹਾਕੇ ਦੌਰਾਨ ਬੜੀ ਹੀ ਕੁਸ਼ਲਤਾ ਦੇ ਨਾਲ ਲਾਹੌਰ, ਅੰਮ੍ਰਿਤਸਰ ਅਤੇ ਕਪੂਰਥਲਾ ਵਿੱਚ ਇਹਨਾਂ ਪਰਿਵਰਤਨਾਂ ਦਾ ਸਫਲ ਪ੍ਰਯੋਗ ਕੀਤਾ।

ਅੰਗ੍ਰੇਜ਼ੀ ਪ੍ਰਭਾਵ ਅਧੀਨ ਸਥਾਨਕ ਅਤੇ ਵਿਦੇਸ਼ੀ ਪਰੰਪਰਾਵਾਂ ਦੀਆਂ ਤਕਨੀਕਾਂ ਦੇ ਮਿਸ੍ਰਨ ਨੇ ਇਕ ਵਿਸ਼ਾਲ ਮੰਡੀ ਦਾ ਰੂਪ ਧਾਰਨ ਕਰ ਲਿਆ। 19ਵੀਂ ਸਦੀ ਦੇ ਅੰਤ ਵਿੱਚ ਛਾਪੇਖ਼ਾਨਿਆਂ ਨੇ ਸਿੱਖ ਚੇਤਨਾ ਦੀ ਪੁਨਰ ਜਾਗ੍ਰਿਤੀ ਵਿੱਚ ਭਰਪੂਰ ਯੋਗਦਾਨ ਪਾਇਆ ਅਤੇ ਸਿੱਖ ਚਿੱਤਰਕਲਾ ਦੀ ਪ੍ਰਸਿੱਧੀ ਵਿੱਚ ਅਹਿਮ ਭੂਮਿਕਾ ਨਿਭਾਈ।

ਸਿੱਖ ਚਿੱਤਰਕਲਾ 'ਤੇ ਐਂਗਲੋ-ਮੁਗ਼ਲ ਸ਼ੈਲੀ ਦਾ ਪ੍ਰਭਾਵ ਸਪੱਸ਼ਟ ਦਿਖਾਈ ਦਿੰਦਾ ਹੈ।[72] ਗੁਰੂ ਸਾਹਿਬਾਨਾਂ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੇ ਦਰਬਾਰੀ ਅਤੇ ਸਹਿਬਜ਼ਾਦਿਆਂ ਨਾਲ ਇੱਕ ਹੀ ਚਿੱਤਰ ਵਿੱਚ ਦਿਖਾਉਣ ਦੀ ਪ੍ਰਥਾ ਐਂਗਲੋ-ਮੁਗਲ ਸ਼ੈਲੀ ਤੋਂ ਗ੍ਰਹਿਣ ਕੀਤੀ, ਜਿਸਨੂੰ ਆਰਚਰ ਨੇ ਚਿੱਤਰਕਲਾ (Timesless Conclave) ਕਾਲ ਰਹਿਤ ਗੁਪਤ ਸਭਾ ਦਾ ਨਾਮ ਦਿੱਤਾ।[73]

19ਵੀਂ ਸਦੀ ਦੇ ਅੰਤਿਮ ਚਰਨ ਵਿੱਚ ਛਾਪੇਖ਼ਾਨੇ ਦੁਆਰਾ ਕੀਤੀ ਗਈ ਸਿੱਖ ਚਿੱਤਰਕਲਾ ਨੂੰ ਲਾਹੌਰ ਦੇ ਮਾਓ ਸਕੂਲ ਆਫ਼ ਆਰਟ (1875-93) ਦੇ ਪ੍ਰਿੰਸੀਪਲ ਜੇ. ਕਿਪਲਿੰਗ ਅਤੇ ਉਨ੍ਹਾਂ ਦੇ ਪ੍ਰਸਿੱਧ ਲੇਖਕ ਪੁੱਤਰ ਨੇ ਇਕੱਤਰ ਕੀਤਾ ਜੋ ਵਿਕਟੋਰੀਆਂ ਐਂਡ

---

71 **Anand, Mulk Raj**. (1977). *Painting & Prayer: A note on Heratic Pictorial Art under the Sikhs*,Marg XXX3, June, p. 45.

72 **Mcleod, W.H.** (1991). *Popular Sikh Arts*, Delhi Oxford University, Press Oxford, New York, p. 19.

73 **Archer, W.G.** (1966). *Paintings of the Sikh*, Her Majestry & Stationery office V. & A. Museum London, fig. 61-62.

ਐਲਬਰਟਾ ਮਿਉਜ਼ੀਅਮ ਲੰਦਨ ਵਿੱਚ ਸੁਰੱਖਿਅਤ ਹੈ। ਇਹ ਚਿੱਤਰ ਉਸ ਸਮੇਂ ਆਮ ਉਪਲੱਬਧ ਹੋਣ ਕਾਰਨ ਅਸਾਨੀ ਨਾਲ ਮਿਲ ਸਕਦੇ ਸਨ ਅਤੇ ਇਹਨਾਂ ਚਿੱਤਰਾਂ ਨੂੰ ਸੰਭਾਲਣ ਦਾ ਸਿਹਰਾ, ਲੋਕਵੁਡ ਕਿਪਲਿੰਗ ਅਤੇ ਰੂਡਯਾਡ ਕਿਪਲਿੰਗ ਨੂੰ ਜਾਂਦਾ ਹੈ। ਇਹ ਚਿੱਤਰ ਦਸਾਂ ਗੁਰੂ ਸਾਹਿਬਾਨਾਂ, ਜਨਮਸਾਖੀਆਂ, ਮਹਾਰਾਜਾ ਰਣਜੀਤ ਸਿੰਘ ਦੇ ਬਾਰਾਂ ਵੀਰਾਂ ਅਤੇ ਸਮਕਾਲੀਨ ਸਿੱਖ ਸਮਾਜ ਤੇ ਆਧਾਰਿਤ ਸਨ।[74]

1911–1930 ਈ. ਦੇ ਦੌਰਾਨ ਪੰਜਾਬ ਵਿੱਚ ਤਿੰਨ ਸ਼੍ਰੇਣੀਆਂ ਦੇ ਚਿੱਤਰਕਾਰ ਸਨ ਪਰੰਪਰਾਵਾਦੀ ਜਿਹੜੇ ਬਾਹਰਲੇ ਪ੍ਰਭਾਵ ਤੋਂ ਅਭਿੱਜ ਰਹੇ ਅਤੇ ਪਰੰਪਰਾਵਾਦੀ ਸ਼ੈਲੀ ਨੂੰ ਜ਼ਿੰਦਾ ਰੱਖਿਆ। ਫ਼ਰਜ਼ੀ ਅਕਾਦਮੀਸ਼ਨ, ਜਿਹੜੇ ਪੱਛਮੀ ਸ਼ੈਲੀ ਵਿੱਚ ਚਿੱਤਰਕਾਰੀ ਕਰਦੇ ਸਨ। ਬਾਜ਼ਾਰੀ ਚਿੱਤਰਕਾਰ, ਜਿਹੜੇ ਥੀਏਟ੍ਰੀਕਲ ਕੰਪਨੀਆਂ ਲਈ ਕੰਮ ਕਰਦੇ ਸਨ। ਇਹ ਥੀਏਟ੍ਰੀਕਲ ਕੰਪਨੀਆ 20ਵੀਂ ਸਦੀ ਦੇ ਆਰੰਭ ਵਿੱਚ ਬਹੁਤ ਮਸ਼ਹੂਰ ਸਨ। ਭਾਵੇਂ ਉਨ੍ਹਾਂ ਦਾ ਬਹੁਤ ਸਾਰਾ ਕੰਮ ਵਪਾਰਕ ਪੱਧਰ ਤੇ ਕੀਤਾ ਹੋਇਆ ਹੈ, ਪਰ ਉਸ ਦਾ ਕੁਝ ਹਿੱਸਾ ਬਹੁਤ ਵਧੀਆ ਹੈ। ਉਨ੍ਹਾਂ ਵਿੱਚੋਂ ਕੁਝ ਦੇ ਨਾਂ ਲਾਹੌਰ ਨਿਵਾਸੀ ਹੁਸੈਨ ਬਖ਼ਸ਼, ਮੁਹੰਮਦ ਆਲਮ, ਮੱਲਾ ਰਾਮ, ਹਰੀ ਸਿੰਘ, ਅੱਲਾ ਬਖਸ਼ ਤੇ ਅੰਮ੍ਰਿਤਸਰ ਨਿਵਾਸੀ ਠਾਕਰ ਸਿੰਘ ਅਤੇ ਸੋਭਾ ਸਿੰਘ ਹਨ।[75] 20ਵੀਂ ਦਾ ਆਰੰਭ ਪਰਿਵਰਤਨ ਕਾਲ ਮੰਨਿਆ ਜਾਂਦਾ ਹੈ। ਇਸਨੇ ਸਾਡੇ ਵਿਦਿਅਕ ਢਾਚੇ, ਸਭਿਆਚਾਰਕ ਸਰਗਰਮੀਆਂ ਅਤੇ ਜਨ–ਜੀਵਨ ਤੇ ਡੂੰਘਾ ਪ੍ਰਭਾਵ ਪਾਇਆ। 19ਵੀਂ ਸ਼ਤਾਬਦੀ ਵਿੱਚ ਸਾਰੀਆਂ ਇਤਿਹਾਸਕ ਤੇ ਭਵਨ ਉਸਾਰੀ ਕਲਾਤਮਕ ਸ਼ੈਲੀਆਂ ਦਾ ਆਰੰਭ ਹੋਇਆ।

20ਵੀਂ ਸਦੀ ਦੇ ਆਰੰਭਕ ਕਾਲ ਵਿੱਚ ਚਿੱਤਰਕਲਾ ਦੇ ਖੇਤਰ ਵਿੱਚ ਪੰਜਾਬ ਵਿੱਚ ਕੋਈ ਉਨੱਤੀ ਨਹੀਂ ਹੋਈ। ਇਸ ਸਮੇਂ ਪੰਜਾਬ ਨੂੰ ਕਿਸੇ ਚੰਗੇ ਕਲਾਕਾਰ ਦੀ ਰਹਿਨੁਮਾਈ ਦੀ ਲੋੜ ਸੀ ਜੋ ਪੁਰਾਤਨ ਕਲਾ ਦੀ ਪਰੰਪਰਾ ਨੂੰ ਨਵਾ ਰੁਖ਼ ਦਿੰਦਾ ਅਤੇ ਸਮਕਾਲੀ ਚਿੱਤਰਕਲਾ ਨੂੰ ਸੇਧ ਦਿੰਦਾ। ਇਸ ਸਮੇਂ ਵਿੱਚ ਅੰਮ੍ਰਿਤਾ ਸ਼ੇਰਗਿੱਲ (1911–1941) ਆਉਂਦੀ ਹੈ ਅਤੇ ਉਸਨੇ ਕਲਾ ਦੀਆਂ ਨਵੀਆਂ ਲੀਹਾਂ ਤੋਰੀਆਂ। ਉਹ ਸਹੀ ਅਰਥਾਂ ਵਿੱਚ ਆਧੁਨਿਕ ਚਿੱਤਰਕਾਰ ਸੀ ਪਰ ਉਸਦੇ ਚਿੱਤਰ ਸਿੱਖ ਚਿੱਤਰਕਾਰੀ ਨਾਲ ਸੰਬੰਧਤ ਨਹੀਂ ਸਨ। 20ਵੀਂ

---

74 **Mcleod, W.H.** (1991). *Popular Sikh Arts*, Delhi Oxford University. Press Oxford, New York, pp. 20-23.

75 **ਆਰਿਅਨ, ਕੇ.ਸੀ.** *ਪੰਜਾਬ ਪੇਟਿੰਗਜ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ–26.

ਸਦੀ ਦੇ ਆਰੰਭਿਕ ਮੱਧ ਕਾਲ ਵਿੱਚ ਸਿੱਖ ਚਿੱਤਰਕਲਾ ਦੇ ਬੰਜਰਪਨ ਦੇ ਦੋ ਕਾਰਨ ਦੱਸੇ ਗਏ ਹਨ– ਸਿੰਘ ਸਭਾ ਦਾ ਪ੍ਰਚੱਲਤ ਸਿੱਖ ਚਿੱਤਰਕਲਾ ਤੋਂ ਬੇਮੁੱਖ ਹੋਣਾ ਅਤੇ ਦੂਜਾ ਕਾਰਨ ਸਿੱਖਾਂ ਦਾ ਪਰਮਾਤਮਾ ਦੇ ਨਿਰਆਕਾਰ ਨੂੰ ਮੰਨਣਾ।[76] ਸਿੰਘ ਸਭਾ ਦੇ ਸਮਾਜ ਸੁਧਾਰਕਾਂ ਨੇ ਬੇਸ਼ੱਕ ਇਸ ਸਿੱਖ ਕਲਾ ਦੇ ਨਿਰਮਾਣ ਵਿੱਚ ਰੁਕਾਵਟਾਂ ਪਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਇਸਨੂੰ ਬਿਲਕੁਲ ਖਤਮ ਨਾ ਕਰ ਸਕੇ। ਪੰਜਾਬ ਤੋਂ ਦੂਰ ਪਟਨਾ ਵਿੱਚ ਇਸ ਸਿੱਖ ਚਿੱਤਰਕਲਾ ਨੂੰ ਪ੍ਰੋਤਸਾਹਨ ਮਿਲਦਾ ਰਿਹਾ ਅਤੇ ਉਥੋਂ ਸਿੱਖ ਵਿਸ਼ੇ ਚਿੱਤਰਤ ਹੁੰਦੇ ਰਹੇ।

1947 ਤੋਂ ਪਿਛੋਂ ਸਿੱਖ ਚਿੱਤਰਕਲਾ ਦੇ ਇਤਿਹਾਸ ਵਿੱਚ ਦੋ ਤਰ੍ਹਾਂ ਨਾਲ ਵਿਕਾਸ ਹੋਇਆ। ਇਕ ਤਾਂ ਸਿੱਖ ਵਿਸ਼ਿਆਂ ਨਾਲ ਸੰਬੰਧਤ ਚਿੱਤਰ ਜ਼ਰੂਰਤਾਂ ਮੁਤਾਬਕ ਪ੍ਰਕਾਸ਼ਿਤ ਹੋਣ ਲੱਗੇ ਅਤੇ ਦੂਜਾ ਸਿੱਖ ਚਿੱਤਰਕਲਾ ਵਿੱਚ ਵੱਡਮੁਲਾ ਯੋਗਦਾਨ ਪਾਉਣ ਵਾਲੇ ਚਿੱਤਰਕਾਰ ਸਮੂਹ। ਆਧੁਨਿਕ ਕਲਾ ਵਿੱਚ ਇਹ ਸਿੱਖ ਚਿੱਤਰਕਾਰ ਵੀ ਦੋ ਪ੍ਰਕਾਰ ਦੇ ਸਨ ਇੱਕ ਉਹ ਜਿਨ੍ਹਾਂ ਨੇ ਸਿੱਖ ਗੁਰੂਆਂ ਦੇ ਆਧਿਆਤਮਿਕ ਪ੍ਰਭਾਵ ਨੂੰ ਦਰਸਾਉਣ ਲਈ ਵਿਅਕਤੀ ਚਿੱਤਰ ਬਣਾਏ। ਦੂਜੇ ਉਹ ਜਿਹਨਾਂ ਦੇ ਸਿੱਖ ਇਤਿਹਾਸ ਨਾਲ ਸੰਬੰਧਤ ਵਿਸ਼ੇ ਘਟਨਾਵਾਂ ਨੂੰ ਚਿਤਰਤ ਕੀਤਾ। ਸਿੱਖ ਗੁਰੂਆਂ ਦੇ ਚਿੱਤਰਾਂ ਵਿੱਚ ਸਰਦਾਰ ਸੋਭਾ ਸਿੰਘ ਦਾ ਨਾਮ ਸ੍ਰੇਸ਼ਠ ਹੈ ਅਤੇ ਸਿੱਖ ਇਤਿਹਾਸ ਨਾਲ ਸੰਬੰਧਨ ਘਟਨਾਵਾਂ ਦੇ ਚਿਤਰਨ ਲਈ ਕ੍ਰਿਪਾਲ ਸਿੰਘ ਪ੍ਰਸਿੱਧ ਹਨ।

ਸੋਭਾ ਸਿੰਘ ਅਤੇ ਹੋਰ ਸਿੱਖ ਚਿੱਤਰਕਾਰ ਜਿਨ੍ਹਾਂ ਨੇ ਕਾਲਪਨਿਕ ਚਿੱਤਰ ਵੀ ਬਣਾਏ ਹਨ। ਪਹਿਲੇ ਅਤੇ ਦੱਸਵੇਂ ਗੁਰੂ ਸਾਹਿਬਾਨ ਦੇ ਵਿਅਕਤੀ ਚਿੱਤਰ ਵਧੇਰੇ ਹਨ। ਕਿਰਪਾਲ ਸਿੰਘ ਨੇ ਵੀ ਸਿੱਖ ਗੁਰੂਆਂ ਦੇ ਚਿੱਤਰ ਬਣਾਏ ਅਤੇ ਉਹਨਾਂ ਦੇ ਜੀਵਨ ਨਾਲ ਸੰਬੰਧਤ ਸਾਥੀਆਂ ਅਤੇ ਘਟਨਾਵਾਂ ਨੂੰ ਬਿਆਨ ਦੇ ਚਿੱਤਰ ਵੀ ਲੜੀ ਰੂਪ ਵਿੱਚ ਚਿੱਤਰਤ ਕੀਤੇ ਹਨ।

---

76 **Mcleod, W.H.** *Popular Sikh Art*, pp. 27-28.

# ਅਧਿਆਇ–ਦੂਜਾ

## ਫ਼ਿਰੋਜ਼ਪੁਰ ਅਤੇ ਗੁਰਦੁਆਰਾ ਪੋਥੀਮਾਲਾ, ਗੁਰੂ ਹਰਸਹਾਇ ਦਾ ਇਤਿਹਾਸਕ ਪਿਛੋਕੜ

ਗੁਰੂ ਹਰਸਹਾਇ ਕਸਬਾ ਪੰਜਾਬ ਦੇ ਜਿਸ ਇਲਾਕੇ ਵਿੱਚ ਪੈਂਦਾ ਹੈ ਉਸਨੂੰ ਮਾਲਵਾ ਕਿਹਾ ਜਾਂਦਾ ਹੈ। ਇਸ ਸ਼ਬਦ ਦੀ ਵਿਉਂਤਪਤੀ ਮਾਰੂ ਤੋਂ ਮਾਲੂ ਅਤੇ ਉਸ ਤੋਂ ਅੱਗੇ ਮਾਲਵਾ ਹੋਈ। ਮਾਰੂ ਭੂਮੀ ਦਾ ਅਰਥ ਹੈ, ਉਹ ਜ਼ਮੀਨ ਜੋ ਸਿੰਜੀ ਨਾ ਜਾ ਸਕੇ। ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਮਾਲਵਾ, ਫ਼ਿਰੋਜ਼ਪੁਰ, ਲੁਧਿਆਣਾ ਅਤੇ ਪਟਿਆਲਾ, ਨਾਭਾ, ਜੀਂਦ, ਫ਼ਰੀਦਕੋਟ ਦਾ ਮਾਰੂ ਇਲਾਕਾ ਹੈ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵਰਦਾਨ ਨਾਲ ਸਰਸਬਜ਼ ਕੀਤਾ ਅਤੇ ਜੰਗਲ ਤੋਂ ਮਾਲਵਾ ਨਾਮ ਰੱਖਿਆ।[1]

ਦਸਮ ਗ੍ਰੰਥ ਵਿੱਚ ਇਸ ਰਾਗ ਦਾ ਨਾਂ ਆਇਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗਾਉੜੀ ਨਾਲ ਮਿਲਾ ਕੇ ਲਿਖਿਆ ਗਿਆ ਹੈ। ਮਾਲਵੇ ਦੇ ਇਲਾਕੇ ਨੂੰ ਪੁਰਾਣੇ ਜ਼ਮਾਨੇ ਵਿਚ ਪੰਜਾਬ ਦੇ ਦੂਸਰੇ ਇਲਾਕਿਆਂ ਦੇ ਲੋਕ 'ਜੰਗਲ' ਕਹਿੰਦੇ ਸਨ। ਇਸ ਦੇ ਕੁਝ ਪ੍ਰਮਾਣ ਵੀ ਮਿਲਦੇ ਹਨ। ਜਦੋਂ ਗੁਰੂ ਗੋਬਿੰਦ ਸਿੰਘ ਖਿਦਰਾਣੇ ਦੀ ਢਾਬ (ਮੁਕਤਸਰ) ਤੋਂ ਤਲਵੰਡੀ ਸਾਬੋ ਵੱਲ ਜਾ ਰਹੇ ਸਨ ਤਾਂ ਗੋਨਿਆਣਾ ਮੰਡੀ ਦੇ ਨਜ਼ਦੀਕ ਜਿੱਥੇ ਕੁਝ ਸਮਾਂ ਰੁਕੇ, ਉਥੇ ਜੋ ਗੁਰਦੁਆਰਾ ਬਣਿਆ ਹੈ ਉਸ ਦਾ ਨਾਂ 'ਲੱਖੀ ਜੰਗਲ' ਹੈ।

ਪੰਜਾਬ ਦੇ ਦੱਖਣੀ ਭਾਗ ਨੂੰ ਮਾਲਵਾ ਆਖਿਆ ਹੈ।[2] "ਦਰਿਆ ਸਤਲੁਜ ਦੇ ਦੱਖਣੀ ਪਾਸੇ ਕਾਫੀ ਇਲਾਕਾ, ਜਿਸ ਵਿੱਚ ਫ਼ਿਰੋਜ਼ਪੁਰ ਅਤੇ ਲੁਧਿਆਣਾ ਦੇ ਜ਼ਿਲ੍ਹੇ ਤੋਂ ਬਿਨਾਂ ਪਟਿਆਲਾ, ਨਾਭਾ ਅਤੇ ਜੀਂਦ ਰਿਆਸਤਾ ਦਾ ਇਲਾਕਾ ਵੀ ਸ਼ਾਮਿਲ ਹੈ, ਮਾਲਵਾ ਅਖਵਾਉਂਦਾ ਹੈ।"[3]

ਅਜੋਕੇ ਮਾਲਵੇ ਵਿੱਚ ਫ਼ਿਰੋਜ਼ਪੁਰ, ਫ਼ਰੀਦਕੋਟ, ਬਠਿੰਡਾ, ਸੰਗਰੂਰ, ਸਾਰਾ ਲੁਧਿਆਣਾ, ਜ਼ਿਲ੍ਹਾ ਪਟਿਆਲਾ ਦਾ ਪੱਛਮੀ ਭਾਗ-ਤਹਿਸੀਲ ਅਮਲੋਹ, ਨਾਭੇ ਦਾ ਆਲਾ-ਦੁਆਲਾ ਹੈ ਇਸ ਤਰ੍ਹਾਂ ਮਾਲਵੇ ਦੀ ਪੁਰਾਣੀ ਹੱਦ ਸਮਰਾਲਾ ਤਹਿਸੀਲ ਸੰਘੋਲ, ਮੰਡੀ ਗੋਬਿੰਦਗੜ੍ਹ ਤੋਂ ਅੱਗੇ ਪਟਿਆਲਾ ਤੱਕ ਜਾਂਦੀ ਹੈ।[4]

ਇਸ ਤਰ੍ਹਾਂ ਉਪਰੋਕਤ ਵਿਦਵਾਨਾਂ ਦੀਆ ਧਾਰਨਾਵਾਂ ਤੋਂ ਇਹ ਸਪੱਸ਼ਟ ਹੋਇਆ ਹੈ ਕਿ ਸਤਲੁਜ ਦੇ ਦੱਖਣ ਵਿੱਚ ਸਥਿਤ ਪੂਰਵ ਸੁਤੰਤਰਤਾ ਕਾਲ ਦਾ ਪਟਿਆਲਾ, ਨਾਭਾ, ਜੀਂਦ,

---

1 **ਨਾਭਾ, ਭਾਈ ਕਾਨ੍ਹ ਸਿੰਘ.** (2006), *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ-967.

2 **ਪ੍ਰੇਮ, ਪ੍ਰਕਾਸ਼ ਸਿੰਘ.** (1955), *ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ*, ਲੁਧਿਆਣਾ, ਪੰਨਾ-312.

3 *Encyclopeadia Britannica* Vol-XV (1768), p. 719.

4 **ਸਿੰਘ, ਗੰਡਾ. (ਡਾ)**, (2000) ਲੇਖ, *'ਸਪਤ ਸਿੰਧੂ ਪੰਜਾਬ'*, ਪੰਜਾਬੀ ਦੁਨੀਆ, ਅੰਕ ਅਪ੍ਰੈਲ, ਮਈ,ਜੂਨ, ਜੁਲਾਈ, ਭਾਸ਼ਾ ਵਿਭਾਗ ,ਪੰਜਾਬ, ਪੰਨਾ-8.

ਫ਼ਰੀਦਕੋਟ, ਬਠਿੰਡਾ, ਫ਼ਿਰੋਜ਼ਪੁਰ ਅਤੇ ਸੰਗਰੂਰ ਆਦਿ ਜ਼ਿਲ੍ਹਿਆਂ ਵਿਚਲਾ ਇਲਾਕਾ 'ਮਾਲਵਾ' ਅਖਵਾਉਂਦਾ ਹੈ। ਮਾਲਵੇ ਦਾ ਇਲਾਕਾ ਖੇਤੀ-ਪ੍ਰਧਾਨ ਇਲਾਕਾ ਹੈ ਅਤੇ ਇੱਥੇ ਵੱਸੋਂ ਦੀ ਕੁਲ 80% ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ, ਜੋ ਸਿੱਧੇ ਤੌਰ ਤੇ ਖੇਤੀ ਤੇ ਨਿਰਭਰ ਕਰਦੀ ਹੈ। ਆਮਦਨ ਦਾ ਮੁੱਖ ਸ੍ਰੋਤ ਖੇਤੀਬਾੜੀ ਪਸ਼ੂ ਪਾਲਣ ਪ੍ਰਤੀਤ ਹੁੰਦਾ ਹੈ। ਇਸ ਸਮੇਂ ਕਸਬਾ ਗੁਰੂ ਹਰਸਹਾਇ ਪੰਜਾਬ ਦੇ ਜਿਲ੍ਹਾ ਫ਼ਿਰੋਜ਼ਪੁਰ ਵਿੱਚ ਪੈਂਦਾ ਹੈ। ਫ਼ਿਰੋਜ਼ਪੁਰ ਦੀ ਸਥਾਪਨਾ ਸੰਬੰਧੀ ਦੋ ਮੱਤ ਹਨ-ਪਹਿਲਾ, ਇਸ ਦੀ ਸਥਾਪਨਾ 14ਵੀਂ ਸਦੀ ਵਿੱਚ ਫ਼ਿਰੋਜ਼ਸ਼ਾਹ ਤੁਗ਼ਲਕ (ਫ਼ਿਰੋਜ਼ਸ਼ਾਹ-III) ਦੁਆਰਾ ਕੀਤੀ ਗਈ ਸੀ; ਦੂਜਾ ਇਹ ਮੱਤ ਹੈ ਕਿ ਫ਼ਿਰੋਜ਼ਖ਼ਾਨ ਨਾਮ ਦੇ ਇੱਕ ਭੱਟੀ ਨੇ ਇਸ ਦੀ ਸਥਾਪਨਾ ਕੀਤੀ ਪਰੰਤੂ ਵਿਆਪਕ ਰੂਪ ਵਿੱਚ ਪਹਿਲੇ ਮੱਤ ਨੂੰ ਵਿਸ਼ਵਾਸ ਯੋਗ ਮੰਨਿਆ ਜਾਂਦਾ ਹੈ।

ਪਹਿਲੇ ਮੁਹੰਮਦਾਂ ਨੇ ਜੈਸਲਮੇਰ ਦੇ ਭੱਟੀ ਰਾਜਪੂਤਾਂ 'ਤੇ ਚੜ੍ਹਾਈ ਕਰ ਦਿੱਤੀ ਜੋ ਕਿ ਮੁਕਤਸਰ ਅਤੇ ਮਾਂਜ ਦੇ ਕੋਲ ਹੀ ਵਸੇ ਹੋਏ ਸਨ। ਇਹਨਾਂ ਦਾ ਇੱਕ ਵਰਗ ਜੋ ਕਿ 1288 ਈ: ਵਿੱਚ ਇਸਲਾਮ ਵਿੱਚ ਪਰਿਵਰਤਤ ਹੋ ਗਿਆ ਸੀ। ਭੱਟੀਆਂ ਦੇ 200 ਸਾਲ ਮਗਰੋ ਫਿਰੋਜ਼ਪੁਰ ਵਿੱਚ ਜੱਟ, ਧਾਲੀਵਾਲ, ਗਿੱਲ ਅਤੇ ਹੋਰ ਜ਼ਾਤਾਂ ਦੇ ਲੋਕ ਆ ਕੇ ਵਸਣ ਲੱਗੇ। 1370 ਈ: ਵਿੱਚ ਫ਼ਿਰੋਜ਼ਸ਼ਾਹ ਨੇ ਫ਼ਿਰੋਜ਼ਪੁਰ ਦੇ ਜ਼ਿਲ੍ਹੇ ਦੀ ਸਥਾਪਨਾ ਕੀਤੀ ਅਤੇ ਆਪਣੀ ਨਵੀਂ ਸਰਹਿੰਦ ਸਰਕਾਰ ਵਿੱਚ ਸ਼ਾਮਿਲ ਕਰ ਲਿਆ।[5]

15 ਅਗਸਤ 1973, ਫ਼ਿਰੋਜ਼ਪੁਰ ਡੀਵੀਜ਼ਨ[6] ਬਣਿਆ ਅਤੇ ਫ਼ਿਰੋਜ਼ਪੁਰ ਡਿਸਟ੍ਰਿਕ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਸੀ। ਸਰਹੱਦੀ ਇਲਾਕਾ ਹੋਣ ਕਰਕੇ ਇਹ ਕੋਈ ਜ਼ਿਆਦਾ ਤਰੱਕੀ ਨਹੀਂ ਕਰ ਸਕਿਆ। ਇਸ ਦੀਆਂ ਹੱਦਾਂ ਉੱਤਰ ਵੱਲ ਅੰਮ੍ਰਿਤਸਰ ਅਤੇ ਜਲੰਧਰ, ਪੂਰਬ ਵੱਲ ਲੁਧਿਆਣਾ, ਮੋਗਾ, ਫ਼ਰੀਦਕੋਟ ਅਤੇ ਮੁਕਤਸਰ, ਦੱਖਣ ਪੱਛਮ ਵੱਲ ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ ਅਤੇ ਉੱਤਰ ਪੱਛਮ ਵੱਲ ਪਾਕਿਸਤਾਨ ਨਾਲ ਲਗਦੀਆਂ ਹਨ।

### ਗੁਰੂ ਹਰਸਹਾਇ ਦੇ ਸੋਢੀ ਵੰਸ਼ ਦਾ ਪਿਛੋਕੜ

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਸਲਤਨਤ ਕਾਲ ਵਿੱਚ ਪੰਜਾਬ ਦਾ ਪੂਰੀ ਤਰ੍ਹਾਂ ਨਾਲ ਨੈਤਿਕ ਤੇ ਰਾਜਨੀਤਿਕ ਪਤਨ ਹੋ ਚੁੱਕਾ ਸੀ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ

---

5 Imperial Gazetteer of India, *PUNJAB*, (1984), Provincial Series,Vol-I, p- 439.

6 Punjab Govt.Revenue Dept. Notification no. 2141- pp.1-73/2334, dated 10 Aug 1973, pub. in Punjab Govt.gazetter (extraordinary) dated 10 aug 1973.

ਪੰਜਾਬ ਵਿੱਚ ਸਿੱਖ ਧਰਮ ਦੀ ਨੀਂਹ ਰੱਖ ਕੇ ਇਸਦਾ ਪੂਰੀ ਤਰ੍ਹਾਂ ਕਾਇਆ ਕਲਪ ਕਰ ਦਿੱਤੀ। ਇਸ ਲਈ ਸਿੱਖ ਗੁਰੂ ਸਾਹਿਬਾਨ ਨੂੰ ਪੰਜਾਬ ਵਿੱਚ ਸਰਬ-ਸਾਂਝਾ ਸਤਿਕਾਰ ਮਿਲਿਆ। ਪਹਿਲੇ ਤਿੰਨ ਗੁਰੂ ਸਾਹਿਬਾਨ (ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ) ਤੋਂ ਬਾਅਦ ਸ਼੍ਰੀ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਮਿਲੀ। ਸ਼੍ਰੀ ਗੁਰੂ ਰਾਮਦਾਸ ਜੀ ਸੋਢੀ ਵੰਸ਼ ਵਿੱਚੋਂ ਸਨ।

ਗੁਰੂ ਰਾਮਦਾਸ ਜੀ ਦਾ ਜਨਮ ਸੋਢੀ ਹਰਿਦਾਸ ਜੀ ਦੇ ਘਰ ਹੋਇਆ। ਆਪ ਜੀ ਦੀ ਸ਼ਾਦੀ ਗੁਰੂ ਅਮਰਦਾਸ ਜੀ ਦੀ ਬੇਟੀ ਬੀਬੀ ਭਾਨੀ ਜੀ ਨਾਲ ਹੋਈ। ਗੁਰੂ ਅਮਰਦਾਸ ਜੀ ਨੇ ਆਪ ਜੀ ਸੇਵਾ ਭਾਵਨਾ ਦੇਖਦੇ ਹੋਏ ਸਨ 1674 (1 ਅਸੂ ਸੰਮਤ 1631) ਨੂੰ ਆਪ ਨੂੰ ਗੁਰਗੱਦੀ ਬਖ਼ਸ਼ੀ। ਗੁਰੂ ਰਾਮਦਾਸ ਜੀ ਦੇ ਘਰ ਤਿੰਨ ਪੁੱਤਰ ਪੈਦਾ ਹੋਏ-ਬਾਬਾ ਪ੍ਰਿਥੀ ਚੰਦ, ਬਾਬਾ ਮਹਾਦੇਵ ਅਤੇ ਗੁਰੂ ਅਰਜਨ ਦੇਵ ਜੀ। ਸੱਤ ਵਰ੍ਹੇ ਗੁਰਗੱਦੀ ’ਤੇ ਰਹਿਣ ਮਗਰੋਂ ਗੁਰੂ ਰਾਮ ਦਾਸ ਜੀ ਤਿੰਨਾਂ ਪੁੱਤਰਾਂ ’ਚੋ ਸਭ ਤੋਂ ਯੋਗ ਪਰ ਛੋਟੇ ਸਪੁੱਤਰ ਨੂੰ ਗੱਦੀ ਸੰਭਾਲ ਕੇ 41 ਵਰ੍ਹੇ ਉਮਰ ਭੋਗ ਕੇ ਜੋਤੀ ਜੋਤਿ ਸਮਾ ਗਏ। ਇਸ ਤੋਂ ਬਾਅਦ ਇਸ ਗੱਦੀ ਦੇ ਵਾਰਸ ਗੁਰੂ ਅਰਜਨ ਦੇਵ ਜੀ ਹੋਏ ਪਰ ਇਹਨਾਂ ਦੇ ਨਾਲ ਪ੍ਰਿਥੀਚੰਦ ਦੇ ਵੰਸ਼ਜਾਂ ਨੇ ਵੱਖਰੀ ਗੱਦੀ ਚਲਾ ਲਈ, ਜਿਸਨੂੰ ਵਿਦਵਾਨ ਅਪ੍ਰਮਾਣਿਤ ਗੁਰੂ ਪਰੰਪਰਾ ਕਹਿੰਦੇ ਹਨ।

ਉਪਰੋਕਤ ਪ੍ਰਮਾਣਿਕ ਗੁਰੂ ਪਰੰਪਰਾ ਦੇ ਨਾਲ-ਨਾਲ ਚੱਲੀ ਇਹ ਅਪ੍ਰਮਾਣਿਕ ਗੁਰੂ ਪਰੰਪਰਾ ਦਾ ਵੀ ਇੱਕ ਬਹੁਤ ਰੋਚਕ ਇਤਿਹਾਸ ਹੈ। ਸਿੱਖ ਗੁਰੂਆਂ ਨੇ ਗੁਰਗੱਦੀ ਪ੍ਰਦਾਨ ਕਰਨ ਲਈ ਵੱਡੇ ਪੁੱਤਰ ਜਾਂ ਗੁਰੂ-ਸੰਤਾਨ ਨੂੰ ਕੋਈ ਮਹੱਤਵ ਨਹੀਂ ਦਿੱਤਾ ਸਗੋਂ ਉਨ੍ਹਾਂ ਨੇ ਇਸਦਾ ਅਧਿਕਾਰੀ ਕੇਵਲ ਸਿਦਕੀ ਸਾਧਕ ਨੂੰ ਹੀ ਮਿਥਿਆ, ਜਿਸ ਦੀਆਂ ਚਰਿਤ੍ਰਿਕ ਅਤੇ ਸਾਧਨਾਤਮਕ ਵਿਸ਼ੇਸ਼ਤਾਵਾਂ ਇਸ ਪਦਵੀ ਦੇ ਅਨੁਰੂਪ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਦੀ ਥਾਂ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ ਦਾ ਗੁਰਿਆਈ ਤੋਂ ਪਹਿਲਾਂ ਦਾ ਨਾਂ)[7] ਨੂੰ ਗੁਰੂ-ਗੱਦੀ ਉੱਤੇ ਸੁਸ਼ੋਭਿਤ ਕੀਤਾ। ਗੁਰੂ ਅੰਗਦ ਦੇਵ ਜੀ ਨੂੰ ਆਪਣੇ ਸਿੱਖ (ਗੁਰੂ) ਅਮਰਦਾਸ ਦੀ ਸੇਵਾ-ਸਾਧਨਾ ਨੇ ਪੰਘਾਰਿਆ। ਗੁਰੂ ਅਮਰਦਾਸ ਜੀ ਨੇ ਆਪਣੇ ਜਵਾਈ ਭਾਈ ਜੇਠਾ (ਗੁਰੂ ਰਾਮਦਾਸ ਜੀ ਦਾ ਗੁਰਿਆਈ ਤੋਂ ਪਹਿਲਾਂ ਦਾ ਨਾਂ)[8] ਨੂੰ ਇਸ ਪਦਵੀ ਦਾ ਅਧਿਕਾਰੀ ਦੇ ਸਮਝਿਆ ਅਤੇ ਗੁਰੂ ਰਾਮਦਾਸ ਨੇ ਆਪਣੇ ਵੱਡੇ ਦੋ ਪੁੱਤਰਾਂ ਨੂੰ ਇਸ

7 **ਨਾਭਾ, ਭਾਈ ਕਾਨ੍ਹ ਸਿੰਘ.** (2006), *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ,ਪੰਨਾ-1054.

8 ਉਹੀ, ਪੰਨਾ-532.

ਅਧਿਕਾਰ ਯੋਗ ਨਾ ਸਮਝ ਕੇ ਤੀਜੇ ਅਤੇ ਸਭ ਤੋਂ ਛੋਟੇ ਸਪੁੱਤਰ (ਗੁਰੂ) ਅਰਜਨ ਨੂੰ ਸਿੱਖ ਅੰਦੋਲਨ ਦਾ ਪੰਜਵਾਂ ਉਤਰਾਧਿਕਾਰੀ ਸਥਾਪਿਤ ਕੀਤਾ। ਗੁਰੂ ਅਰਜਨ ਦੇਵ ਜੀ 30 ਮਈ ਸੰਨ 1606 ਈ: ਮੁਤਾਬਿਕ 1663 ਬਿ: ਪਹਿਲੀ ਹਾੜ ਜੇਠ ਸੁਦੀ ਚੌਥ ਸ਼ੁਕਰਵਾਰ ਨੂੰ ਸ਼ਹਾਦਤ ਪਾ ਗਏ ਸਨ। ਇਸ ਤਰ੍ਹਾਂ ਗੁਰਿਆਈ ਦਾ ਸਮਾਂ 24 ਸਾਲ, 7 ਮਹੀਨੇ, 1 ਦਿਨ ਹੈ। ਇਸ ਸਮੇਂ ਵਿੱਚ ਬਾਬਾ ਪ੍ਰਿਥੀ ਚੰਦ ਜੀ ਛੋਟੇ ਭਰਾਤਾ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿੱਚ ਹਾਜ਼ਰ ਰਹੇ। ਗੁਰੂ ਜੀ ਨੇ ਅੰਤਿਮ ਸਮੇਂ ਇਹਨਾਂ ਨੂੰ ਮਾਲਾ, ਪੋਥੀ ਤੇ ਸਿਰ ਦੀ ਦਸਤਾਰ ਬਖ਼ਸ਼ੀ ਤੇ ਭਵਿੱਖ ਨੂੰ ਮੁੱਖ ਰੱਖਦਿਆਂ ਗੁਰਿਆਈ (ਗੁਰੂ) ਹਰਿਗੋਬਿੰਦ ਜੀ ਦੇ ਗੱਲ ਵਿੱਚ ਤੇਗਾ ਪਾ ਕੇ ਦਿੱਤੀ।[9] ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦੇ ਯੋਗ ਜਾਣਿਆ ਤੇ ਉਨ੍ਹਾਂ ਨੂੰ ਪੰਥ ਦੀ ਵਾਗਡੋਰ ਸੰਭਾਲੀ। ਗੁਰੂ ਜੀ ਆਪਣੇ ਭਰਾਵਾਂ ਵਿਚੋਂ ਛੋਟੇ ਸਨ ਜਿਸ ਕਾਰਨ ਵੱਡੇ ਭਰਾਤਾ ਪ੍ਰਿਥੀਚੰਦ ਨੇ ਕਲੇਸ਼ ਕੀਤਾ ਤੇ ਨਿਰਾਸ਼ ਹੋ ਕੇ ਗੁਰੂ ਸਾਹਿਬ ਦੇ ਸਮਾਨਾਂਤਰ ਗੱਦੀ ਸਥਾਪਿਤ ਕਰ ਲਈ। ਜਿਸ ਨੂੰ ਵਿਦਵਾਨਾਂ ਨੇ ਅਪ੍ਰਮਾਣਿਕ ਗੁਰੂ ਪਰੰਪਰਾ ਆਖਿਆ ਹੈ। ਪ੍ਰਿਥੀਚੰਦ ਨੇ ਆਪਣੇ ਆਪ ਨੂੰ ਪਾਤਸ਼ਾਹੀ 6 ਮੰਨਿਆ ਹੈ। ਕੁੱਝ ਸਿੱਖ ਉਨ੍ਹਾਂ ਦੇ ਸ਼ਰਧਾਲੂ ਵੀ ਬਣ ਗਏ। ਸੋਢੀ ਪ੍ਰਿਥੀਚੰਦ ਨੇ ਗੁਰੂ ਸਾਹਿਬਾਨ ਵਾਂਗ ਮਹਲਾ 6 ਅਧੀਨ ਰਚਨਾ ਕੀਤੀ।[10] ਸੋਢੀ ਵੰਸ਼ ਨਾਲ ਸੰਬੰਧਤ ਗੁਰੂ ਅਰਜਨ ਦੇਵ ਜੀ ਦੇ ਭਰਾ ਪ੍ਰਿਥੀ ਚੰਦ ਜੀ ਦੇ ਚਾਰ ਪੁੱਤਰ ਮਨੋਹਰ ਦਾਸ (ਮਿਹਰਬਾਨ)[11], ਲਾਲ ਚੰਦ, ਨਿਹਾਲ ਚੰਦ ਅਤੇ ਚੰਦਰ ਸੇਨ ਸਨ।

ਸੋਢੀ ਪ੍ਰਿਥੀ ਚੰਦ ਨੇ ਸੰਮਤ 1676, ਵੈਸਾਖ ਸੁਦੀ (15 ਅਪ੍ਰੈਲ, 1619) ਨੂੰ, ਆਪਣੇ ਦਿਹਾਂਤ ਤੋਂ ਇੱਕ ਦਿਨ ਪਹਿਲਾਂ ਆਪਣੇ ਜੇਠੇ ਪੁੱਤਰ ਮਨੋਹਰ ਦਾਸ ਨੂੰ ਬੁਲਾ ਆਪਣੇ ਹੱਥੀਂ ਤਿਲਕ ਲਾਇਆ, ਆਪਣੀ ਪੱਗ ਉਹਦੇ ਸਿਰ ਉੱਤੇ ਬੰਨ੍ਹੀ ਤੇ ਪੋਥੀ ਮਾਲਾ ਹੱਥ ਵਿੱਚ ਦਿੱਤੀ।[12] ਸੋਢੀ ਪ੍ਰਿਥੀ ਚੰਦ ਨੂੰ 'ਗੁਰੂ' ਕਿਹਾ ਜਾਂਦਾ ਸੀ। ਉਨ੍ਹਾਂ ਦੇ ਸਰੀਰ ਤਿਆਗਣ ਮਗਰੋਂ ਸੋਢੀ ਮਿਹਰਬਾਨ ਅਗਲੇ ਗੁਰੂ ਬਣੇ ਜਿਨ੍ਹਾਂ ਨੇ ਪਾਤਸ਼ਾਹੀ 7 ਅਧੀਨ ਰਚਨਾ ਕੀਤੀ ਜਿਸ ਨੂੰ ਸਿੱਖ ਕੱਚੀ ਬਾਣੀ ਆਖਦੇ ਹਨ ਕਿਉਂਕਿ ਇਹਨਾਂ ਦੇ ਵੀ ਗੁਰੂ ਸਾਹਿਬਾਨ ਵਾਂਗ ਨਾਨਕ ਕਾਵਿ

---

9 **ਸਿੰਘ,ਗੁਰਮੁਖ. (ਡਾ.)** (2010) (ਸੰਪਾ),*ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਨਾ-223.

10 **ਸਿੰਘ, ਪ੍ਰੀਤਮ ਅਤੇ ਜੋਗਿੰਦਰ ਸਿੰਘ ਆਹਲੂਵਾਲੀਆ,** *ਪ੍ਰਿਥੀ ਚੰਦ ਦੀ ਰਚਨਾ*

11 **ਸਿੰਘ, ਪ੍ਰੀਤਮ ਅਤੇ ਡਾ. ਜੋਗਿੰਦਰ ਸਿੰਘ ਆਹਲੂਵਾਲੀਆ**,(2009),*ਸਿੱਖਾਂ ਦਾ ਛੋਟਾ ਮੇਲ, ਇਤਿਹਾਸ ਤੇ ਸਰਵੇਖਣ*, ਪੰਜਾਬੀ ਐਜੂਕੇਸ਼ਨ ਐਂਡ ਕਲਚਰਲ ਫਾਊਡੇਸ਼ਨ, ਸੈਨ ਲਿਐਂਡਰੋ, ਕੈਲਿਫੋਰਨੀਆ,ਪੰਨਾ-221.

12 **ਬਾਂਸਲ ,ਕ੍ਰਿਸ਼ਣਾ ਕੁਮਾਰੀ. (ਸੰਪਾ.),**(1977), *ਸੋਢੀ ਹਰਿ ਜੀ ਕ੍ਰਿਤ ਗੋਸ਼ਟਾਂ ਮਿਹਰਬਾਨ ਜੀ ਕੀਆ* ਗੋਸਟਿ ਨੰ: 3, ਪੰਨੇ-47-48.

ਛਾਪ ਵਰਤੀ। ਸਮੇਂ ਨਾਲ ਇਹ ਗੁਰ ਪਰੰਪਰਾ ਅੱਜ ਵੀ ਚੱਲ ਰਹੀ ਹੈ ਇਹਨਾਂ ਦਾ ਸਾਹਿਤ ਕਾਫੀ ਮਾਤਰਾ ਵਿੱਚ ਹੱਥ-ਲਿਖਤਾਂ ਦੇ ਰੂਪ ਵਿੱਚ ਵਿਭਿੰਨ ਵਿਅਕਤੀਆਂ, ਡੇਰਿਆਂ, ਲਾਇਬ੍ਰੇਰੀਆਂ ਆਦਿ ਵਿੱਚ ਪਿਆ ਹੈ। ਹੁਣ ਇਸਦੇ ਪ੍ਰਕਾਸ਼ਨ ਲਈ ਪ੍ਰੋ. ਪ੍ਰੀਤਮ ਸਿੰਘ ਅਤੇ ਜੋਗਿੰਦਰ ਸਿੰਘ ਵਾਲੀਆ ਯਤਨਸ਼ੀਲ ਹਨ। ਗੁਰਦੁਆਰਾ ਪੋਥੀਮਾਲਾ ਵਿੱਚ ਦੀ ਇਮਾਰਤ ਦੇ ਚਿੱਤਰਤ ਕਮਰੇ ਵਿੱਚ ਸੋਢੀ ਪ੍ਰਿਥੀਚੰਦ, ਸੋਢੀ ਮਿਹਰਬਾਨ ਅਤੇ ਸੋਢੀ ਮਹਾਂਦੇਵ ਨੂੰ ਗੁਰੂ ਰੂਪ ਵਿੱਚ ਹੀ ਦਸਾਂ ਗੁਰੂਆਂ ਨਾਲ ਚਿਤਰਿਆ ਗਿਆ ਹੈ (ਚਿੱਤਰ 3, 4, 5)।

ਸੋਢੀ ਮਿਹਰਬਾਨ ਦਾ ਜਨਮ ਮਾਤਾ ਭਗਵਾਨੋ ਦੇ ਉਦਰ ਤੋਂ ਸੰਮਤ 1637 ਮਾਘ ਸੁਦੀ ਬਸੰਤ ਪੰਚਮੀ ਨੂੰ ਸਵਾ ਪਹਿਰ ਰਾਤ ਰਹਿੰਦੀ ਹੋਇਆ। ਆਪਨੂੰ ਸੁਕਦੇਵ ਦਾ ਅਵਤਾਰ ਮੰਨਿਆ ਗਿਆ ਹੈ। ਇਹਨਾਂ ਨੇ ਵੱਖਰੀ ਸੰਪ੍ਰਦਾਇ ਬਣਾ ਕੇ ਗੁਰਗੱਦੀ ਸਥਾਪਤ ਕੀਤੀ ਅਤੇ ਬਾਅਦ ਵਿੱਚ ਆਪ ਮਿਹਰਬਾਨ ਸੋਢੀ ਦੇ ਨਾਮ ਨਾਲ ਪ੍ਰਸਿੱਧ ਹੋਏ।[13] ਹਰਿਜੀ ਰਚਿਤ 'ਗੋਸ਼ਟਾਂ ਗੁਰੂ ਮਿਹਰਬਾਨ ਸੋਢੀ' ਵਿੱਚ ਆਪ ਦੇ ਜਨਮ ਸੰਬੰਧੀ ਚਾਨਣਾ ਪਾਉਂਦੀਆਂ ਹਨ। ਹਰਿਜੀ, ਮਿਹਰਬਾਨ ਸੋਢੀ ਜੀ ਦੇ ਸੁਪੱਤਰ ਸਨ ਅਤੇ ਬਾਅਦ ਵਿੱਚ ਆਪ ਹੀ ਗੱਦੀ ਤੇ ਬਿਰਾਜਮਾਨ ਹੋਏ। ਮਿਹਰਬਾਨ ਸੋਢੀ ਜੀ ਦੇ ਜਨਮ ਸੰਬੰਧੀ ਹਰਿਜੀ ਦੀ ਲਿਖਤ ਅਨੁਸਾਰ ਆਪ ਨੇ ਸੰਮਤ 1638 ਮਾਘ ਸੁਦੀ ਬਸੰਤ ਪੰਚਮੀ ਦੇ ਦਿਨ ਜਨਮ ਲਿਆ।[14] ਇਹ 24 ਜਨਵਰੀ 1582 ਈ. ਬਣਦੀ ਹੈ ਪਰੰਤੂ ਦੂਜੇ ਪਾਸੇ ਇਸੇ ਦੀ ਰਚਨਾ ਦੇ ਪਤਰਾ ਨੰ: 60 (ਅ) ਤੇ ਹਰਿਜੀ ਨੇ ਇਹ ਵੀ ਦੱਸਿਆ ਹੈ ਕਿ :

*"ਤਬ ਗੁਰੂ ਮਿਹਰਬਾਨ ਛਿਆ ਸਤਾ ਮਹੀਨਿਆਂ ਦਾ ਹੋਆ। ਤਬ ਗੁਰੂ ਰਾਮ ਦਾਸ ਸੰਮਤਿ 1638 ਭਾਦਰਉ ਸੁਦੀ 3 ਕਉ ਕੀ ਥਾਪਨਾ ਗੁਰੂ ਅਰਜਨ ਕੋ ਦੇਕਰ ਸੱਚ ਖੰਡ ਕਉ ਸਿਧਾਰੇ।"* ਇਸ ਹਿਸਾਬ ਨਾਲ ਮਿਹਰਬਾਨ ਦੀ ਜਨਮ ਮਿਤੀ 1581 ਬਣਦੀ ਹੈ। ਇਉ ਮਿਹਰਬਾਨ ਦਾ ਜਨਮ ਮਿਤੀ ਮਾਘ ਸੁਦੀ ਪੰਚਮੀ 1637 ਸੰਮਤ, ਮੁਤਾਬਕ 9 ਜਨਵਰੀ 1581 ਬਣਦੀ ਹੈ, ਜੋ ਕਿ ਮੰਨਣ ਯੋਗ ਹੈ।[15]

---

13 **ਅਸ਼ੋਕ, ਸ਼ਮਸ਼ੇਰ ਸਿੰਘ.** (1968), *ਸੋਢੀ ਮਿਹਰਬਾਨ ਦਾ ਜੀਵਨ ਤੇ ਸਾਹਿਤ*, ਭਾਈ ਫਕੀਰ ਸਿੰਘ ਐਂਡ ਸੰਨਜ਼ ਪੁਸਤਕਵਾਲੇ ਅੰਮ੍ਰਿਤਸਰ, ਪੰਨਾ-2.

14 *ਗੋਸ਼ਟਾ ਮਿਹਰਬਾਨ ਜੀ*, ਹ.ਲ.ਸੰ. 2527 ਸੈਂਟਰ ਸਟੇਟ ਲਾਇਬ੍ਰੇਰੀ, ਪਟਿਆਲਾ।

15 **ਸਿੰਘ, ਕਿਰਪਾਲ.** (1962),*ਜਨਮਸਾਖੀ ਸ਼੍ਰੀ ਗੁਰੂ ਨਾਨਕ ਦੇਵ ਜੀ*, (ਸੰਪਾ.), ਅੰਮ੍ਰਿਤਸਰ, ਪੰਨਾ-2. **ਸਿੰਘ, ਪ੍ਰੀਤਮ. ਤੇ ਡਾ. ਜੋਗਿੰਦਰ ਸਿੰਘ ਆਹਲੂਵਾਲੀਆ,** (2009), *ਸਿੱਖਾਂ ਦਾ ਛੋਟਾ ਮੇਲ ਇਤਿਹਾਸ ਤੇ ਸਰਵੇਖਣ*, ਪੰਜਾਬੀ ਐਜੂਕੇਸ਼ਨਲ ਐਂਡ ਕਲਚਰਲ ਫਾਉਂਡੇਸ਼ਨ ਸੈਨ ਲਿਐਂਡਰੋ, ਕੈਲਿਫੋਰਨੀਆ।

ਬਾਲਕ ਮਨੋਹਰ ਦਾਸ (ਮਿਹਰਬਾਨ) ਬਚਪਨ ਵਿੱਚ ਹੀ ਨਾਮ ਬਾਣੀ ਸਿਮਰਨ ਨਾਲ ਜੁੜ ਗਏ ਸਨ। ਆਮ ਬਾਲਕਾਂ ਨਾਲ ਵਿਚਰਦਿਆਂ ਵੀ ਪਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦੇ। ਆਪਦਾ ਬਚਪਨ ਅੰਮ੍ਰਿਤਸਰ ਬੀਤਿਆ। ਗੁਰੂ ਅਰਜਨ ਦੇਵ ਜੀ ਦਾ ਇਸ ਬਾਲਕ ਨਾਲ ਬੇਹੱਦ ਪਿਆਰ ਸੀ।[16] ਗੁਰੂ ਜੀ ਦੀ ਛਤਰ ਛਾਇਆ ਹੇਠ ਰਹਿਣ ਕਰਕੇ ਮਿਹਰਬਾਨ ਤੇ ਆਪਦਾ ਗਹਿਰਾ ਪ੍ਰਭਾਵ ਪਿਆ ਜਿਸਦੇ ਅਧੀਨ ਉਸਨੇ ਉੱਤਮ ਗੁਣ ਗ੍ਰਹਿਣ ਕੀਤੇ। ਇਹ ਸਨੇਹ ਅਤੇ ਨੇੜਤਾ ਐਨੀ ਵੱਧ ਗਈ ਕਿ ਸੋਢੀ ਪ੍ਰਿਥੀ ਚੰਦ ਤੇ ਉਸਦੀ ਪਤਨੀ ਭਾਗਵਾਨੋ[17] ਨੂੰ ਪੂਰਨ ਵਿਸ਼ਵਾਸ਼ ਹੋ ਗਿਆ ਕਿ ਗੱਦੀ ਉਨ੍ਹਾਂ ਦੇ ਪੁੱਤਰ ਨੂੰ ਹੀ ਮਿਲੇਗੀ। 14 ਸਾਲ ਦੀ ਉਮਰ ਵਿੱਚ ਅਰਥਾਤ ਸੰਮਤ 1662 ਬਿਕਰਮੀ 1595 ਈ. ਮਿਹਰਬਾਨ ਦੀ ਸ਼ਾਦੀ ਸੀਤਾ ਜੀ ਨਾਲ ਹੋਈ।[18]

ਸੋਢੀ ਮਿਹਰਬਾਨ ਵਿਦਵਾਨ ਸਾਹਿਤਕਾਰ ਸਨ ਜਿਨ੍ਹਾਂ ਨੇ ਗੱਦ-ਪੱਦ ਦੋਹਾਂ ਵਿੱਚ ਬਹੁਤ ਸਾਰੀ ਰਚਨਾ ਕੀਤੀ। ਗੱਦ: ਗੋਸ਼ਟਾਂ ਕਬੀਰ ਕੀਆ, ਸੱਚਖੰਡ ਪੋਥੀ ਜਨਮਸਾਖੀ ਗੁਰੂ ਨਾਨਕ ਦੇਵ ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ, ਮਸਲੇ ਹਜਰਤ ਰਸੂਲ ਕੇ, ਗੋਸ਼ਟ ਹਿੰਦੂ ਭਗਤਾਂ ਦੀਆਂ, ਨਾਥਾਂ, ਜੋਗੀਆਂ ਦੀਆਂ, ਮੁਸਲਮਾਨ ਫ਼ਕੀਰਾਂ ਦੀਆਂ ਆਦਿ।

ਪੱਦ: ਸੁਖਮਨੀ ਸਹੰਸ੍ਰਨਾਮਾ, ਦੱਖਣੀ ਉਅੰਕਾਰ, ਬਾਵਨ ਅਖਰੀ, ਵਰਨਮਾਲਾ, ਸਹੰਸਰਨਾਮਾ, ਪੀਰਾਂ ਦੀ ਵਾਰ, ਮਲਾਰ ਕੀ ਵਾਰ, ਸੋਹਨ ਦੀ ਵਾਰ, ਤਿਲੰਗ ਦੀ ਵਾਰ, ਸ਼ਬਦ, ਸਲੋਕ ਤੇ ਪਾਉੜੀਆਂ।[19]

ਸੁਖਮਨੀ ਸਹੰਸ੍ਰਨਾਮਾ ਸੋਢੀ ਮਿਹਰਬਾਨ ਦੀ ਉੱਤਮ ਰਚਨਾ ਹੈ। ਜਿਸ ਵਿੱਚ ਵਿਸ਼ਨੂੰ ਸਹੰਸ੍ਰਨਾਮਾ ਨੂੰ ਪ੍ਰਤਿਮਾਨ ਮੰਨ ਕੇ ਨਾਰਾਇਣ ਦੇ ਹਜ਼ਾਰ ਨਾਮ ਗਿਣਨ ਦਾ ਯਤਨ ਕੀਤਾ ਹੈ।

---

16 ਕੇਤ ਸਮਾਂ ਬੀਤਯੋ ਜਬੇ। ਪ੍ਰੀਥੀਏ ਕੇ ਸੁਤ ਉਪਜਾਯੋ ਤਬੇ।.......ਕਿਤਕ ਮਾਸ ਕੋ
ਪ੍ਰਿਥਿ ਸੁਖ ਪਾਵਹਿ। ਸ਼੍ਰੀ ਗੁਰੂ ਅਰਜਨ ਢਿਰਾ ਲੈ ਆਵਹਿ।
ਕਰਹਿ ਪ੍ਰੇਮ ਇਵ ਲੇਵਹਿ ਗੋਦ। ਅਧਿਕ ਦੁਲਾਰਹਿ
ਵਧਹਿ ਪ੍ਰਮੋਦ। 36। ਸਰਲ ਸੁਭਾਓ ਜਾਨ ਕਰ ਆਛੇ। ਸਭ ਕੋ ਭਲੋ ਹੋਨ ਉਹ
ਬਾਛੇ। ਅਧਿਕ ਸਨੇਹ ਸਕੇ ਸਿਸ ਸਾਥਾ।
ਮਾਨਹਿ ਨਿਤਿ ਪ੍ਰਭਿ ਢਿਰਾ ਗੁਰੂ ਨਾਥਾ।37 ਰਾਸ 2, ਅਸੂ 29, ਪੰਨਾ 1763
**ਵਾਲੀਆ, ਗੁਰਮੋਹਨ ਸਿੰਘ. (ਡਾ.)**, (1992),*ਸੋਢੀ ਮਿਹਰਬਾਨ ਦੀ ਗੱਦ ਰਚਨਾ, ਇੱਕ ਵਿਸ਼ਲੇਸ਼ਣ*, ਰਵੀ ਸਾਹਿਤ ਪ੍ਰਕਾਸ਼ਨ,ਅੰਮ੍ਰਿਤਸਰ, ਪੰਨਾ-16.

17 **ਸਿੰਘ, ਵੀਰ. (ਸੰਪਾ.),** *ਸੂਰਜ ਪ੍ਰਕਾਸ਼ ਗ੍ਰੰਥ ਕ੍ਰਿਤ ਭਾਈ ਸੰਤੋਖ ਸਿੰਘ*, ਪੰਨਾ-41.

18 **ਸਿੰਘ, ਵੀਰ. (ਸੰਪਾ.),** *ਸੂਰਜ ਪ੍ਰਕਾਸ਼ ਗ੍ਰੰਥ ਕ੍ਰਿਤ ਭਾਈ ਸੰਤੋਖ ਸਿੰਘ*, ਪੰਨਾ-17.

19 **ਜੋਸ਼ੀ, ਬਲਜਿੰਦਰ ਕੌਰ. (ਡਾ.) (ਸੰਪਾ.)**,(2000) . *ਬਾਣੀ ਬਿਲਾਸ ਸੋਢੀ ਮਿਹਰਬਾਨ*, ਸਮੂਹ ਪਰਿਵਾਰ, ਸੋਢੀ ਲਛਮਣ ਸਿੰਘ, ਉਪਾਸਕ, ਬਾਬਾ ਦੱਖਣੀ ਰਾਏ ਦੀਦਾਰ ਦਾਸ, ਪੰਨਾ-3.

ਇਸ ਵਿੱਚ ਪੌਰਾਣਿਕ ਤੇ ਮੱਧਕਾਲ ਦੇ ਭਗਤਾਂ ਦੀਆਂ ਜੀਵਨ ਕਥਾਵਾਂ ਸੰਖਿਪਤ ਰੂਪ ਵਿੱਚ ਅੰਕਿਤ ਕਰਕੇ ਉਨ੍ਹਾਂ ਬਾਰੇ ਸ਼ਰਧਾਲੂਆਂ ਨੂੰ ਜਾਣਕਾਰੀ ਦਿੱਤੀ ਗਈ ਹੈ। ਪੁਰਾਣਿਕ ਵਿਅਕਤੀ ਲੋਕ-ਮਾਨਸ ਵਿੱਚ ਹਮੇਸ਼ਾ ਸਜੀਵ ਰਹਿੰਦੇ ਸਨ। ਸੋਢੀ ਮਿਹਰਬਾਨ ਨੇ ਸ੍ਰੀ ਰਾਮਚੰਦਰ ਤੇ ਸ੍ਰੀ ਕ੍ਰਿਸ਼ਨ ਦੀ ਕਥਾ ਵਿਸਤਾਰ ਨਾਲ ਬਿਆਨ ਕੀਤੀ ਹੈ ਅਤੇ ਇਸ ਰਚਨਾ ਨੂੰ ਮੁੱਖ ਰੱਖ ਕੇ ਹੀ ਗੁਰੂਦੁਆਰਾ ਪੋਥੀਮਾਲਾ ਵਿਖੇ ਕੰਧ-ਚਿੱਤਰਕਾਰੀ ਕੀਤੀ ਗਈ ਹੈ ਜਿਨ੍ਹਾਂ ਦਾ ਵਿਸ਼ਾ ਇਸੇ ਸੰਦਰਭ ਵਿੱਚ ਹੀ ਹੈ। ਬਾਕੀ ਅਵਤਾਰਾਂ ਬਾਰੇ ਸੰਖਿਪਤ ਪਰਿਚਯ ਹੀ ਦਿੱਤਾ ਹੈ। ਇਹ ਸੁਖਮਨੀ ਸਾਹਿਬ ਦੇ ਪੈਟਰਨ ਤੇ ਲਿਖੀ ਗਈ ਹੈ[20] ਪਰ ਵਿਸ਼ੇ ਪੱਖੋਂ ਬਿਲਕੁਲ ਭਿੰਨ ਹੈ, ਕਿਉਂਕਿ ਸੁਖਮਨੀ ਸਾਹਿਬ ਵਿੱਚ ਪ੍ਰਭੂ ਦੀ ਉਸਤਿਤ ਹੈ ਜਿਸਦੇ ਕਾਰਨ ਸਦੀਵੀ ਸੁੱਖ ਮਿਲਦਾ ਹੈ ਪਰ ਸੁਖਮਨੀ ਸਹੰਸ੍ਰਨਾਮਾ ਵਿੱਚ ਅਵਤਾਰ ਕਥਾਵਾਂ ਦਾ ਸੰਕੇਤਕ ਵਰਣਨ ਹੈ। ਸੋਢੀ ਹਰਿਜੀ ਨੇ ਇੱਕ ਵਿਸਤ੍ਰਿਤ ਵਿਆਖਿਆ ਕਰਦਿਆਂ ਪਰਮਾਰਥ ਲਿਖਿਆ ਹੈ ਜੋ ਆਪਣੇ ਆਪ ਵਿੱਚ ਪੁਰਾਣ ਹੈ ਜਾਂ ਪੁਰਾਣਾਂ ਦੀ ਪੁਨਰ ਸੁਰਜੀਤੀ ਦਾ ਸੁੰਦਰ ਯਤਨ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਤੋਂ ਪ੍ਰਭਾਵਤ ਹੋ ਕੇ ਮਿਹਰਬਾਨ ਨੇ ਆਪਣੀ ਸੰਪਰਦਾਇ ਦਾ ਗੁਰੂ ਬਣ ਕੇ 38 ਸਾਲ ਦੀ ਉਮਰ ਵਿੱਚ ਆਪਣੀ ਕਾਵਿ-ਰਚਨਾ ਰਾਹੀਂ ਰੱਬੀ ਉਸਤੱਤ ਕਰਨੀ ਸ਼ੁਰੂ ਕਰ ਦਿੱਤੀ। ਗੁਰੂ-ਘਰ ਨਾਲ ਵਿਰੋਧ ਕਾਰਨ ਸੋਢੀ ਮਿਹਰਬਾਨ ਤੇ ਇਸ ਦੇ ਪੈਰੋਕਾਰਾਂ ਦੁਆਰਾ ਰਚੀ ਬਾਣੀ ਨੂੰ ਕੱਚੀ ਬਾਣੀ ਆਖ ਕੇ ਸਿੱਖਾਂ ਵੱਲੋਂ ਰੱਦ ਕੀਤਾ ਗਿਆ। ਇਹ ਗੁਰੂ ਸਾਹਿਬਾਨ ਦੀ ਬਾਣੀ ਦੇ ਮੁਕਾਬਲੇ ਵਿੱਚ ਰਚੀ ਗਈ ਸੀ। ਅਸਲ ਵਿੱਚ ਸੱਚੀ ਬਾਣੀ ਪੁਰਾਤਨ ਹਿੰਦੂ ਅਵਤਾਰਵਾਦ, ਵਰਣ-ਵਿਵਸਥਾ, ਜ਼ਾਤ-ਪਾਤ, ਪੂਜਾ-ਵਿਧਾਨ ਨੂੰ ਨਕਾਰਦੀ ਹੈ, ਜਦੋਂ ਕਿ ਸੋਢੀ ਸੰਪ੍ਰਦਾਇ ਦੇ ਮਹਾਪੁਰਸ਼ਾਂ ਦੀ ਬਾਣੀ ਵਿੱਚ ਉਕਤ ਹਿੰਦੂ ਸੰਕਲਪਾਂ ਤੇ ਕਰਮ ਕਾਡਾਂ ਨੂੰ ਪੁਨਰ ਸੁਰਜੀਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਅਵਤਾਰਵਾਦ ਦੀ ਭਾਵਨਾ ਸੁਖਮਨੀ ਸਹੰਸ੍ਰਨਾਮਾ ਪਰਮਾਰਥ ਵਿੱਚ ਦੇਖੀ ਜਾ ਸਕਦੀ ਹੈ। ਪੁਰਾਣਿਕ ਕਥਾਵਾਂ ਨੂੰ ਸੁੰਦਰ ਢੰਗ ਨਾਲ ਪ੍ਰਸਤੁਤ ਕੀਤਾ ਹੈ ਜਿਸ ਤੋਂ ਜਾਪਦਾ ਹੈ ਕਿ ਪੰਜਾਬੀ ਵਿੱਚ ਨਵੇਂ ਪੁਰਾਣਾਂ ਦੀ ਸਿਰਜਣਾ ਹੋਈ। ਦੂਜਾ ਕਾਰਨ ਇਹ ਹੈ ਕਿ ਗੱਦੀ ਦੇ ਮੋਹ ਵੱਸ ਇਹ ਵਿਦਵਾਨ ਆਗੂ ਮੁਗ਼ਲ ਪੱਖੀ ਹੋ ਗਏ।[21]

---

20 ਉਹੀ, ਪੰਨਾ-4.

21 **ਜੋਸ਼ੀ, ਬਲਜਿੰਦਰ ਕੌਰ. (ਡਾ.)** (ਸੰਪਾ) (2000) **.** *ਬਾਣੀ ਬਿਲਾਸ, ਸੋਢੀ ਮਿਹਰਬਾਨ,* ਸਮੂਹ ਪਰਿਵਾਰ, ਸੋਢੀ ਲਛਮਣ ਸਿੰਘ, ਉਪਾਸਕ, ਬਾਬਾ ਦੱਖਣੀ ਰਾਏ ਦੀਦਾਰ ਦਾਸ, ਪੰਨਾ-4.

ਸੋਢੀ ਪ੍ਰਿਥੀਚੰਦ ਨੇ ਗੁਰੂ ਘਰ ਨਾਲ ਆਢਾ ਲਗਾਇਆ। ਆਪਣੀ ਗੱਦੀ ਲਗਾ ਲਈ ਤੇ ਸੋਢੀ ਮਿਹਰਬਾਨ ਵੀ ਉਨ੍ਹਾਂ ਦੇ ਨਾਲ ਰਲ ਗਏ। ਆਪਣੇ ਪਿਤਾ ਦੇ ਚਲਾਣੇ ਮਗਰੋਂ ਗੁਰੂ ਬਣਕੇ ਪ੍ਰਚਾਰ ਕੀਤਾ। ਇਹਨਾਂ ਦਾ ਹਰਿਮੰਦਰ ਸਾਹਿਬ ਵਿਖੇ ਕਬਜ਼ਾ ਹੋ ਗਿਆ, ਜਿਸ ਕਾਰਨ ਗੁਰੂ ਹਰਿਗੋਬਿੰਦ ਜੀ ਨੇ ਹਥਿਆਰਬੰਦ ਇਨਕਲਾਬ ਲਿਆਉਣ ਲਈ ਕਾਰਵਾਈ ਕੀਤੀ, ਯੁੱਧ ਕੀਤੇ, ਮੁਗ਼ਲਾਂ ਨਾਲ ਸਿੱਧੀਆਂ ਲੜਾਈਆਂ ਕਰਨੀਆਂ ਪਈਆਂ। ਪੰਜਾਬ ਵਿੱਚ ਇਹਨਾਂ ਦਾ ਬੋਲਬਾਲਾ ਰਿਹਾ। ਮਿਹਰਬਾਨ ਜੀ ਦੇ ਪੁੱਤਰ ਹਰਿਜੀ ਆਪਣੀ ਮੌਤ ਤੱਕ ਲਗਭਗ 90 ਵਰ੍ਹੇ ਦੀ ਆਯੂ ਤੱਕ ਇਹ ਹਰਿਮੰਦਰ ਸਾਹਿਬ ਤੇ ਕਾਬਜ਼ ਰਹੇ। ਫਿਰ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਫੌਜ ਭੇਜੀ ਅਤੇ ਭਾਈ ਮਨੀ ਸਿੰਘ ਦੀ ਅਗਵਾਈ ਹੇਠ ਫੋਜ ਹਰਿਮੰਦਰ ਸਾਹਿਬ ਵਿਖੇ ਗੁਰੂ ਮਰਿਆਦਾ ਕਾਇਮ ਕਰਨ ਲਈ ਤੁਰ ਪਈ। ਹਰਿਜੀ ਦੇ ਪੁੱਤਰ ਅੰਮ੍ਰਿਤਸਰ ਛੱਡ ਕੇ ਭੱਜ ਗਏ ਅਤੇ ਮਾਲਵੇ ਦੇ ਜੰਗਲਾਂ ਵਿੱਚ ਜਾ ਕੇ ਉੱਥੇ ਹੀ ਆਪਣੇ ਪਿੰਡ ਵਸਾ ਲਏ।[22]

ਸੋਢੀ ਮਿਹਰਬਾਨ ਜੀ ਦੇ ਤਿੰਨ ਪੁੱਤਰ ਹੋਏ : ਕਿਸ਼ਨ ਮੱਲ ਅਥਵਾ ਕਰਨ ਮੱਲ, 2) ਹਰਿਜੀ 3) ਚਤਰਭੁਜ ਜਾਂ ਚਤਰਭੁਜ। ਇਹਨਾਂ ਵਿੱਚੋਂ ਕਰਨ ਮੱਲ (ਕਿਸ਼ਨ ਮੱਲ) ਦੇ ਖ਼ਾਨਦਾਨ ਵਿੱਚੋਂ ਬੁਤਾਲੇ ਝੰਡੇ ਤੇ ਲਹੁਕਾ (ਤਰਨਤਾਰਨ) ਵਾਲੇ ਸੋਢੀ, ਅਤੇ ਸੋਢੀ ਹਰਿਜੀ ਦੇ ਖ਼ਾਨਦਾਨ ਵਿੱਚੋਂ ਦੋ ਨਗਰ ਬੁੱਟਰ ਅਤੇ ਗੁਰੂ ਹਰਿ ਸਹਾਇ, ਕੋਠਾ ਗੁਰੂ (ਫ਼ਿਰੋਜ਼ਪੁਰ) ਦੇ ਸੋਢੀ ਅਤੇ ਚਤਰਭੁਜ ਦੇ ਖਾਨਦਾਨ ਵਿੱਚੋਂ ਹਰਨਪੁਰੀਏ ਸੋਢੀ ਮਸ਼ਹੂਰ ਹਨ।[23] ਮਨੋਹਰ ਦਾਸ ਗੱਦੀ ਉੱਤੇ ਬੈਠਣ ਉਪਰੰਤ 'ਗੁਰੂ ਮਿਹਰਬਾਨ' ਅਖਵਾਏ ਅਤੇ ਗੁਰਗੱਦੀ ਸੋਢੀ ਮਿਹਰਬਾਨ, ਸੋਢੀ ਹਰਿਜੀ, ਸੋਢੀ ਹਰਗੋਪਾਲ ਜੀ ਦੇ ਰਾਹੀਂ ਸੋਢੀ ਜੀਵਨ ਮੱਲ ਜੀ ਨੂੰ ਮਿਲੀ ਅਤੇ ਉਸਨੇ ਆਪਣੇ ਪੁੱਤਰ ਸੋਢੀ ਹਰਸਹਾਇ ਦੇ ਨਾਮ ਤੇ ਗੁਰਹਰਸਹਾਇ ਨਗਰ ਵਸਾਇਆ ਸੀ। ਇਹ ਪਰੰਪਰਾ ਅੱਜ ਤੱਕ ਚੱਲ ਰਹੀ ਹੈ। ਇਸੇ ਤਰ੍ਹਾਂ ਧੀਰਮਲ ਨੇ ਆਪਣੀ ਵੱਖਰੀ ਸੰਪ੍ਰਦਾਇ ਕਰਤਾਰਪੁਰ ਵਿਖੇ ਚਲਾਈ। ਢਿੱਲਵਾਂ ਕਲਾਂ ਜ਼ਿਲ੍ਹਾ ਫ਼ਰੀਦਕੋਟ ਦੇ ਸੋਢੀਆਂ ਦੀਆਂ ਗੱਦੀਆਂ ਸੰਗਤਪੁਰਾ (ਪਟਿਆਲਾ) ਅਤੇ ਬੁੱਟਰ (ਫ਼ਰੀਦਕੋਟ) ਵਿਖੇ ਚਲਦੀਆਂ ਸਨ।

---

22 **ਗਿਆਨੀ, ਗਰਜਾ ਸਿੰਘ.** *ਸ਼ਹੀਦ ਬਿਲਾਸ ਕ੍ਰਿਤ ਸੇਵਾ ਸਿੰਘ* , (ਭੂਮਿਕਾ)

23 **ਅਸ਼ੋਕ,ਸ਼ਮਸੇਰ ਸਿੰਘ.** (1968), *ਸੋਢੀ ਮਿਹਰਬਾਨ ਜੀ ਦਾ ਜੀਵਨ ਤੇ ਸਾਹਿਤ,* ਭਾਈ ਫਕੀਰ ਸਿੰਘ ਐਂਡ ਸੰਨਜ਼ ਪੁਸਤਕਾਂ ਵਾਲੇ, ਅੰਮ੍ਰਿਤਸਰ, ਪੰਨਾ-3.

**ਗੁਰੂ ਹਰਸਹਾਇ ਦਾ ਵਸਣਾ**

ਗੁਰੂ ਹਰਸਹਾਇ ਨਗਰ, ਫ਼ਿਰੋਜ਼ਪੁਰ ਫ਼ਰੀਦਕੋਟ ਅਤੇ ਮੁਕਤਸਰ ਤੋਂ ਲਗਭਗ ਬਰਾਬਰ ਦੀ ਦੂਰੀ ਤੇ ਸਥਿਤ ਹੈ। ਸੋਢੀ ਵੰਸ਼ ਸਿੱਖ ਪੰਥ ਦੇ ਆਗੂ ਅਤੇ ਧਰਮ ਪ੍ਰਚਾਰਕਾਂ ਦੇ ਰੂਪ ਵਿੱਚ ਕੌਮ ਦੀ ਅਗਵਾਈ ਕਰਦੇ ਰਹੇ ਹਨ। ਸੋਢੀ ਪ੍ਰਿਥੀਚੰਦ ਦੇ ਵੰਸ਼ਜ ਪਰਿਵਾਰ ਦੇ ਬਾਨੀ ਸੋਢੀ ਜੀਵਨ ਮੱਲ ਜੀ ਲਾਹੌਰ ਜ਼ਿਲ੍ਹੇ ਦੀ ਚੁੰਨੀਆਂ ਤਹਿਸੀਲ ਦੇ ਪਿੰਡ ਮੁਹੰਮਦੀਪੁਰ ਰਹਿੰਦੇ ਸਨ। ਇਹ ਸੰਮਤ 1609 ਵਿੱਚ ਮੁਹੰਮਦੀਪੁਰ ਤੋਂ ਆਏ ਅਤੇ ਇਥੇ ਆ ਕੇ ਵੱਸ ਗਏ ਸਨ ਜਿਸਨੂੰ ਹੁਣ ਗੁਰੂ ਹਰਸਹਾਇ ਵਜੋਂ ਜਾਣਿਆ ਜਾਂਦਾ ਹੈ, ਜਿਸਦਾ ਨਾਂ ਸੋਢੀ ਜੀਵਨ ਮੱਲ ਨੇ ਆਪਣੇ ਪੁੱਤਰ ਦੇ ਸਨਮਾਨ ਵਿੱਚ ਰੱਖਿਆ ਸੀ।

ਬਰਾੜਾਂ ਅਤੇ ਡੋਗਰਾਂ ਦੇ ਇਲਾਕਿਆਂ ਦੇ ਦਰਮਿਆਨ ਇਹ ਬੰਜਰ ਜ਼ਮੀਨ ਦਾ ਇੱਕ ਟੁਕੜਾ ਸੀ। ਜਿਸ ਉਪਰ ਕਬਜ਼ਾ ਕਰਨ ਲਈ ਉਹ ਨਿਰੰਤਰ ਲੜਦੇ ਆ ਰਹੇ ਸਨ। ਲਗਭਗ ਦੋ ਸਦੀਆਂ ਪਹਿਲਾਂ ਸੋਢੀ ਹਰਿਗੋਪਾਲ ਜੀ ਦੇ ਪੋਤਰੇ ਸੋਢੀ ਜੀਵਨ ਮੱਲ ਇਥੇ ਆਏ ਤੇ ਇਸ ਬੰਜਰ ਜ਼ਮੀਨ ਉਪਰ ਆਪਣਾ ਸ਼ਾਮਿਆਨਾ ਲਗਾਇਆ। ਆਪ ਸ੍ਰੀ ਗੁਰੂ ਰਾਮਦਾਸ ਜੀ ਦੀ ਸੱਤਵੀਂ ਪੀੜ੍ਹੀ ਦੇ ਸੋਢੀ ਸਨ।

ਸੱਤਵੀਂ ਪੀੜ੍ਹੀ ਦੇ ਸੋਢੀ ਜੀਵਨ ਮੱਲ ਨੂੰ ਲਾਹੌਰ ਜ਼ਿਲ੍ਹੇ ਦੇ ਪਿੰਡ ਮੁਹੰਮਦੀਪੁਰ, ਜੋ ਚੁਨੀਆਂ ਨੇੜੇ ਸੀ, ਵਿਚੋਂ ਅਹਿਮਦ ਸ਼ਾਹ ਅਬਦਾਲੀ ਦੀ ਸਰਕਾਰ ਦੇ ਨੁਮਾਇੰਦੇ ਜ਼ਰਦਾਰ ਨੇ ਕੱਢ ਦਿੱਤਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਧਰਮ ਪ੍ਰਤੀ ਆਪਣਾ ਕੱਟੜਵਾਦੀ ਰਵੱਈਆ ਦਰਸਾਉਣ ਕਾਰਨ ਇਹ ਆਪਣੇ ਆਪ ਲਈ ਹਾਨੀਕਾਰਕ ਬਣ ਗਏ ਸਨ। ਡੋਗਰ ਮੁਖੀ ਸੁਲਤਾਨ ਨੇ ਇਹਨਾਂ ਨੂੰ ਪਨਾਹ ਦਿਤੀ ਅਤੇ ਇੱਥੇ ਰਹਿਣ ਲਈ ਇਸ ਵਿਸ਼ਵਾਸ਼ ਨਾਲ ਉਤਸਾਹਿਤ ਕੀਤਾ ਕਿ ਇਹਨਾਂ ਦੀ ਹਾਜ਼ਰੀ ਬਰਾੜਾਂ ਦੀ ਘੁਸਪੈਠ ਬੰਦ ਹੋਣ ਦਾ ਵਸੀਲਾ ਬਣੇਗੀ ਅਤੇ ਇਹਨਾਂ ਕਬੀਲਿਆਂ ਦਰਮਿਆਨ ਝਗੜਿਆ ਦਾ ਅੰਤ ਹੋ ਜਾਵੇਗਾ। ਬਰਾੜਾਂ ਨੇ ਵੀ ਇਹਨਾਂ ਨੂੰ ਆਪਣੇ ਧਰਮ ਦਾ ਪ੍ਰਚਾਰਕ ਜਾਣਦਿਆਂ ਇਹਨਾਂ ਦੀ ਹਮਾਇਤ ਕੀਤੀ। ਇਹਨਾਂ ਨੂੰ ਇਸ ਇਲਾਕੇ ਵਿਚ ਬਹੁਤ ਸਾਰੇ ਪਿੰਡ ਵਸਾਉਣ ਦੀ ਪ੍ਰਵਾਨਗੀ ਦੇ ਦਿੱਤੀ ਗਈ। ਇਕ ਸਵੇਰ ਸੋਢੀ ਜੀਵਨ ਮੱਲ ਨੇ ਆਪਣੇ ਘੋੜਿਆਂ ਦੀ ਪੈੜ ਨਾਲ ਕਾਫ਼ੀ ਵੱਡੇ ਇਲਾਕੇ ਨੂੰ ਘੇਰ ਕੇ ਬੇਹਿਸਾਬੀ ਜ਼ਮੀਨ ਵਰਗਲਾ ਕੇ ਆਪਣੇ ਇਲਾਕੇ ਦੀਆਂ ਸਰਹੱਦਾਂ ਸਥਾਪਤ ਕਰ ਲਈਆਂ। ਇਹਨਾਂ ਨੇ ਆਪਣੇ ਜੇਠੇ ਸਪੁੱਤਰ ਦੇ ਨਾਂ ਤੇ ਇਸ ਇਲਾਕੇ ਦਾ ਨਾਂ

ਗੁਰੂ ਹਰਿਸਹਾਏ ਰੱਖ ਦਿੱਤਾ, ਜਿਸ ਨੇ ਸਮਾਂ ਪਾ ਕੇ ਆਪਣੇ ਪਰਿਵਾਰ ਦੇ ਮੁਖੀ ਵਲੋਂ ਪਿਤਾ ਦਾ ਸਥਾਨ ਗ੍ਰਹਿਣ ਕੀਤਾ। ਗੁਰੂ ਹਰਸਹਾਇ ਕਦੋਂ ਵਸਾਇਆ ਗਿਆ, ਇਸ ਬਾਰੇ ਪੱਕਾ ਪ੍ਰਮਾਣ ਨਹੀ ਮਿਲਿਆ। ਇੰਟਰਨੈੱਟ ਉੱਤੇ ਪੋਥੀਮਾਲਾ ਨਾਮ ਦੀ ਸਾਈਟ ਹੈ ਜਿਸ ਵਿੱਚ ਪਰਿਵਾਰ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ ਸੋਢੀ ਜੀਵਨ ਮੱਲ ਨੇ ਇਹ ਪਿੰਡ 1745 ਵਿੱਚ ਵਸਾਇਆ ਸੀ।[24] ਫ਼ਿਰੋਜ਼ਪੁਰ ਡਿਸਟ੍ਰਿਕਟ ਗਜ਼ਟੀਅਰ 1915 ਅਨੁਸਾਰ, ਇਹ ਨਗਰ 1752 ਈ: ਵਿੱਚ ਆਬਾਦ ਹੋਇਆ।[25] ਇਤਿਹਾਸਕਾਰ ਕਿਰਪਾਲ ਸਿੰਘ ਅਨੁਸਾਰ ਇਹ 1757-58 ਈ. ਦੇ ਨੇੜੇ-ਤੇੜੇ ਵਸਾਇਆ ਗਿਆ ਸੀ।[26] ਸੋ, ਗੁਰੂ ਹਰਿਸਹਾਇ ਪਿੰਡ 18ਵੀਂ ਸਦੀ ਦੇ ਅੱਧ ਵਿੱਚ ਹੋਂਦ ਵਿੱਚ ਆਇਆ ਮੰਨਿਆ ਜਾ ਸਕਦਾ ਹੈ। ਜਾਪਦਾ ਹੈ ਬਾਅਦ ਵਿਚ ਸੋਢੀ ਜੀਵਨ ਮੱਲ ਨੇ ਅਹਿਮਦਸ਼ਾਹ ਅਬਦਾਲੀ ਨਾਲ ਦੋਸਤੀ ਪਾ ਲਈ ਕਿਉਂਕਿ ਉਸਨੇ ਮਾਲੀਆ ਰਹਿਤ ਜ਼ਮੀਨ ਰੱਖਣ ਦੀ ਪਰਵਾਨਗੀ ਦੇ ਦਿੱਤੀ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਪਰਵਾਨਗੀ ਨੂੰ ਨਵਿਆਂ ਦਿੱਤਾ, ਜਦੋਂ ਪੰਜਾਬ ਦੇ ਇਸ ਇਲਾਕੇ 'ਚੋ ਮੁਸਲਮਾਨੀ ਰਾਜਭਾਗ ਖ਼ਤਮ ਹੋ ਗਿਆ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਰਾਜਭਾਗ ਦੇ ਸਮੁੱਚੇ ਕਾਲ ਵਿਚ ਇਸ ਪਰਿਵਾਰ ਦਾ ਧਾਰਮਿਕ ਪ੍ਰਭਾਵ ਬਹੁਤ ਅਧਿਕ ਰਿਹਾ ਅਤੇ ਹਰਿਸਹਾਇ ਦੇ ਬਹੁਤ ਸਾਰੇ ਸੋਢੀ ਮਹਾਰਾਜਾ ਸਾਹਿਬ ਦੇ ਲਾਹੌਰ ਦਰਬਾਰ ਵਿਚ ਮੁਲਾਜ਼ਮ ਭਰਤੀ ਕੀਤੇ ਗਏ ਸਨ ਅਤੇ ਸਰਹੱਦੀ ਮੁਹਿੰਮਾਂ ਵਿਚ ਜਦੋਂ ਫੌਜ ਨੂੰ ਚੜ੍ਹਦੀਕਲਾ ਵਿਚ ਰੱਖਣ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਉਹ ਫੌਜ ਨਾਲ ਗਏ ਸਨ। ਇਹਨਾਂ ਮੁਹਿੰਮਾਂ ਦੌਰਾਨ ਉਹਨਾਂ ਨੇ ਪੱਛਮੀ ਪੰਜਾਬ ਤੇ ਖਿਲਰੇ-ਪੁਲਰੇ ਪਰਿਵਾਰਾਂ ਨੂੰ ਆਪਣੇ ਧਾਰਮਿਕ ਨਿਸ਼ਾਨ ਅਧੀਨ ਲਿਆਉਣ ਦੇ ਕਈ ਮੌਕੇ ਪ੍ਰਾਪਤ ਕੀਤੇ ਅਤੇ 1947 ਵਿਚ ਦੇਸ਼ ਦੀ ਇਤਿਹਾਸਕ ਵੰਡ ਤੱਕ ਨਾ ਕੇਵਲ ਨਿਕਟ ਗੁਆਂਢ ਦੇ ਇਲਾਕੇ ਸਗੋਂ ਰਾਵਲਪਿੰਡੀ, ਪਿਸ਼ਾਵਰ, ਕੋਹਾਟ ਦੇ ਬਹੁਤ ਵੱਡੀ ਗਿਣਤੀ ਵਿਚ ਸਿੱਖ ਇਹਨਾਂ ਦਾ ਸਤਿਕਾਰ ਕਰਨ ਲੱਗੇ। ਸਿੱਖ ਰਾਜ ਤੇ ਉਸ ਤੋਂ ਬਾਅਦ ਅੰਗਰੇਜਾਂ ਦੇ ਰਾਜ ਵਿੱਚ ਗੁਰੂ

---

24 ਇਸ ਵਕਤ ਗੁਰੂ ਹਰਸਹਾਇ ਜ਼ਿਲ੍ਹਾ ਫ਼ਿਰੋਜ਼ਪੁਰ, ਤਹਿਸੀਲ ਜਲਾਲਾਬਾਦ ਦੀ ਇੱਕ ਸਬ-ਤਹਿਸੀਲ ਹੈ। 2001 ਦੀ ਮਰਦਮ ਸ਼ੁਮਾਰੀ ਅਨੁਸਾਰ ਗੁਰੂ ਹਰਸਹਾਇ ਦੀ ਆਬਾਦੀ 14,351 ਸੀ। ਇਹ ਫ਼ਿਰੋਜ਼ਪੁਰ-ਫ਼ਾਜ਼ਿਲਕਾ ਰੇਵਲੇ ਲਾਈਨ ਅਤੇ ਸਟੇਟ ਹਾਈਵੇ ਨੰ: 20 ਉੱਤੇ, ਫ਼ਿਰੋਜ਼ਪੁਰ ਛਾਉਣੀ ਤੋਂ 36 ਕਿ.ਮੀ., ਜਲਾਲਾਬਾਦ ਤੋਂ 17 ਕਿ.ਮੀ. ਅਤੇ ਫਾਜ਼ਿਲਕਾ ਤੋਂ 150 ਕਿ.ਮੀ. ਦੀ ਦੂਰੀ ਉਤੇ ਹੈ।ਮੁਕਤਸਰ ਇਸ ਤੋਂ 28 ਕਿ.ਮੀ. ਦੇ ਫ਼ਾਸਲੇ ਉੱਤੇ ਹੈ। (***ਪੰਜਾਬ ਦੇ ਪਿੰਡ ਸ਼ਹਿਰ ਅਤੇ ਕਸਬੇ*** -2004)

25 District and States Gazetteers of the undivided Punjab Vol- III & IV. p. 626.

26 **ਸਿੰਘ, ਕਿਰਪਾਲ.** (1974), *ਮਨੋਹਰ ਦਾਸ ਮਿਹਰਬਾਨ ਜੀਵਨ ਤੇ ਰਚਨਾਵਾਂ*, ਪੰਨੇ-62-63.

ਹਰਸਹਾਇ ਦੇ ਸੋਢੀਆਂ ਦਾ ਕਾਫ਼ੀ ਮਾਣ ਤੇ ਅਸਰ ਰਸੂਖ ਰਿਹਾ ਹੈ। ਸੋਢੀ ਗੁਲਾਬ ਸਿੰਘ ਦੀ ਮੌਤ ਮਗਰੋਂ ਉਹਨਾਂ ਦੇ ਉਤਰਾਧਿਕਾਰੀ ਫ਼ਤਹਿ ਸਿੰਘ (ਦੇਹਾਂਤ 1879 ਈ) ਨੂੰ ਸਾਰੀ ਉਮਰ ਜਾਗੀਰ ਮਿਲਦੀ ਰਹੀ। ਇਹ ਬੜੀ ਮੰਦਭਾਗੀ ਗੱਲ ਹੈ ਕਿ ਇਹ ਸਾਰੀ ਉਮਰ ਆਪਣੇ ਪੁੱਤਰ ਨਾਲ ਝਗੜੇ ਵਿੱਚ ਉਲਝੇ ਰਹੇ ਸਨ ਅਤੇ ਇਹਨਾਂ ਦੇ ਜੀਵਨ ਕਾਲ ਦੌਰਾਨ ਅਤਿਤ ਵਿੱਚ ਸਥਾਪਿਤ ਹੋਇਆ ਪ੍ਰਭਾਵ ਘਟਦਾ ਹੀ ਗਿਆ। ਆਖ਼ਰ ਸੋਢੀ ਬਿਸ਼ਨ ਸਿੰਘ ਜਿੱਤ ਗਿਆ। ਸੋਢੀ ਬਿਸ਼ਨ ਸਿੰਘ ਦੇ ਦੇਹਾਂਤ ਪਿੱਛੋਂ ਉਨ੍ਹਾਂ ਦੇ ਪੁੱਤਰ ਸੋਢੀ ਜਸਵੰਤ ਸਿੰਘ (1898–1971) ਗੱਦੀ ਦੇ ਵਾਰਸ ਬਣੇ। ਪਰਿਵਾਰ ਦੇ ਮੁਖੀ ਵੱਜੋਂ ਸੋਢੀ ਜਸਵੰਤ ਸਿੰਘ ਪਵਿੱਤਰ ਪੋਥੀ ਅਤੇ ਮਾਲਾ, ਜੋ ਅਸਲ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਨਿਸ਼ਾਨੀਆਂ ਸਨ, ਦੇ ਗਾਰਡੀਅਨ ਰਹੇ।[27] ਸੰਨ 1970 ਵਿੱਚ ਜਦੋਂ ਸੋਢੀ ਜਸਵੰਤ ਸਿੰਘ ਫ਼ਰੀਦਾਬਾਦ ਤੋਂ ਗੁਰੂ ਹਰਿਸਹਾਇ ਵਾਪਸ ਆ ਰਹੇ ਸਨ ਤਾਂ ਰਸਤੇ ਵਿੱਚ ਉਨ੍ਹਾਂ ਪਾਸੋਂ 'ਗੁਰੂ ਹਰਿਸਹਾਇ ਪੋਥੀ', ਜਿਸਨੂੰ ਗੁਰੂ ਨਾਨਕ ਦੇਵ ਜੀ ਦੀ ਦੱਸਿਆ ਜਾਂਦਾ ਹੈ, ਚੋਰੀ ਹੋ ਗਈ। ਸੋਢੀ ਜਸਵੰਤ ਸਿੰਘ ਤੋਂ ਬਾਅਦ ਗੱਦੀ ਸੋਢੀ ਆਤਮਜੀਤ ਸਿੰਘ (1921–1979) ਤੇ ਫਿਰ ਸੋਢੀ ਹਰੇਸ਼ ਸਿੰਘ ਨੂੰ ਮਿਲੀ। ਸੋਢੀ ਹਰੇਸ਼ ਸਿੰਘ 1995 ਵਿੱਚ ਆਪਣੇ ਬੇਟੇ ਯੁਵਰਾਜ ਸਿੰਘ (1994) ਦੇ ਹੱਕ ਵਿੱਚ ਦਸਤਬਰਦਾਰ ਹੋ ਗਏ। ਸੋਢੀ ਹਰੇਸ਼ ਸਿੰਘ ਦਾ ਦੇਹਾਂਤ 2012 ਵਿੱਚ ਹੋਇਆ। ਯੁਵਰਾਜ ਸਿੰਘ ਸਿੱਖਾਂ ਦੇ ਚੌਥੇ ਗੁਰੂ ਰਾਮਦਾਸ ਦੀ ਸਿੱਧੀ ਵੰਸ਼ ਵਿੱਚੋਂ ਸਤਾਰਵੀਂ ਪੀੜ੍ਹੀ ਹਨ ਅਤੇ ਮੌਜੂਦਾ ਗੱਦੀ ਨਸ਼ੀਨ ਹਨ ਅਤੇ ਗੁਰੂ ਹਰਿਸਹਾਏ ਸੋਢੀ ਪਰਿਵਾਰ ਦੇ ਪੋਥੀਮਾਲਾ ਦੇ ਮੁਖੀ ਹਨ। ਗੁਰੂ ਹਰਸਹਾਇ ਸਾਖ ਦੀ ਗੁਰੂ ਪ੍ਰਣਾਲੀ ਇਸ ਪ੍ਰਕਾਰ ਹੈ।

**ਸੋਢੀ ਬੰਸਾਵਲੀ**

ਸ਼੍ਰੀ ਗੁਰੂ ਰਾਮ ਦਾਸ ਜੀ(1534–1581)

|

(ਤਿੰਨ ਸਪੁੱਤਰ: ਪ੍ਰਿਥੀ ਚੰਦ, ਮਹਾਦੇਵ, ਅਰਜਨ ਦੇਵ)
(ਏਥੋਂ ਤੱਕ ਛੋਟੇ ਮੇਲ ਤੇ ਸਿੱਖ ਮੁਖ ਧਾਰਾ ਦੀ ਗੁਰ-ਪ੍ਰਣਾਲੀ ਸਾਂਝੀ ਹੈ)

|

ਸੋਢੀ ਪ੍ਰਿਥੀ ਚੰਦ (1558–1619)
(ਚਾਰ ਬੇਟੇ : ਮਨੋਹਰ ਦਾਸ, ਲਾਲ ਚੰਦ, ਨਿਹਾਲ ਚੰਦ, ਚੰਦਰਸੇਨ)

|

ਮਨੋਹਰ ਦਾਸ (ਸੋਢੀ ਮਿਹਰਵਾਨ) (1581–1640)

27 **ਸਿੰਘ, ਪ੍ਰੀਤਮ ਅਤੇ ਡਾ. ਜੋਗਿੰਦਰ ਸਿੰਘ ਆਹਲੂਵਾਲੀਆ.** (2009), *ਸਿੱਖਾਂ ਦਾ ਛੋਟਾ ਮੇਲ, ਇਤਿਹਾਸ ਤੇ ਸਰਵੇਖਣ*, ਪੰਜਾਬੀ ਐਜੂਕੇਸ਼ਨ ਐਂਡ ਕਲਚਰਲ ਫਾਊਡੇਸ਼ਨ, ਸੈਨ ਲਿਐਂਡਰੋ, ਕੈਲਿਫ਼ੋਰਨੀਆ,ਪੰਨਾ–127.

ਸੋਢੀ ਹਰਿਜੀ (ਦੇ 1696) | ਸੋਢੀ ਚਤਰਭੁਜ (ਹਰਨਪੁਰ)

(ਮੁਹੰਮਦੀਪੁਰ)
ਸੋਢੀ ਹਰਿ ਗੋਪਾਲ
ਸੋਢੀ ਗੁਰਦਿੱਤਾ
ਸੋਢੀ ਜੀਵਨ ਮੱਲ (ਜ:1694)
ਸੋਢੀ ਹਰਿ ਸਹਾਇ (1725–1750)
ਸੋਢੀ ਅਜੀਤ ਸਿੰਘ (ਦੇ: 1813)
ਸੋਢੀ ਹਮੀਰ ਸਿੰਘ (ਦੇ: 1834)
ਸੋਢੀ ਗੁਲਾਬ ਸਿੰਘ (ਦੇ: 1868)
ਸੋਢੀ ਫਤਿਹ ਸਿੰਘ (ਦੇ: 1879)
ਸੋਢੀ ਬਿਸ਼ਨ ਸਿੰਘ (ਦੇ: 1910)
ਸੋਢੀ ਜਸਵੰਤ ਸਿੰਘ (ਦੇ: 1971)
ਸੋਢੀ ਆਤਮਜੀਤ ਸਿੰਘ (ਦੇ: 1979)
ਸੋਢੀ ਹਰੇਸ਼ ਸਿੰਘ (1946–2012)
ਸੋਢੀ ਯੁਵਰਾਜ ਸਿੰਘ (ਜ:1994)

## ਪੋਥੀ ਮਾਲਾ

ਸਿੱਖ ਗੁਰੂ ਪਰੰਪਰਾ ਦੌਰਾਨ ਜਦੋਂ ਨਵੇਂ ਉਤਰਾਧਿਕਾਰੀ ਗੁਰੂ ਗੱਦੀ ਪ੍ਰਾਪਤ ਕਰਦੇ ਤਾਂ ਗੁਰੂ ਸਾਹਿਬ ਕੋਲੋਂ ਨਿਸ਼ਾਨੀ ਸਰੂਪ ਜਾਂ ਪਰੰਪਰਾ ਸਰੂਪ ਇੱਕ ਪੋਥੀ ਵੀ ਪ੍ਰਾਪਤ ਕਰਦੇ ਸਨ। ਸੋਢੀ ਪਰਿਵਾਰ ਕੋਲ ਮੌਜੂਦਾ ਇੱਕ ਪੋਥੀ ਬਾਰੇ ਕਿਹਾ ਜਾਂਦਾ ਹੈ ਕਿ ਉਹ ਪੋਥੀ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਉਤਰਾਧਿਕਾਰੀ ਅਤੇ ਅਗਲੇ ਗੱਦੀ ਨਸ਼ੀਨ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ ਸੀ, ਜਿਨ੍ਹਾਂ ਤੋਂ ਅੱਗੇ ਉਹ ਪੋਥੀ ਗੁਰੂ ਅਰਜਨ ਦੇਵ ਜੀ ਪਾਸ ਪਹੁੰਚੀ ਤੇ ਫਿਰ ਅੱਗੇ ਉਹਨਾਂ ਦੇ ਭਰਾ ਪ੍ਰਿਥੀ ਚੰਦ ਨੇ ਸੰਭਾਲ ਲਈ।[28]

ਇੱਕ ਨਵੀਂ ਤੇ ਤਾਜ਼ਾ ਖੋਜ ਅਨੁਸਾਰ ਇੱਕ ਵਿਦਵਾਨ ਨੇ ਮਤਭੇਦ ਪ੍ਰਗਟ ਕੀਤਾ ਹੈ ਕਿ ਗੁਰੂ ਹਰ ਸਹਾਇ ਵਾਲੀ ਪੋਥੀ (ਮੌਜੂਦਾ) ਅਸਲ ਪੋਥੀ ਨਹੀਂ ਹੈ ਭਾਵ ਕਿ ਜਿਸਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਲਿਖੀ ਤੇ ਪ੍ਰਦਾਨ ਕੀਤੀ ਸਮਝਿਆ ਜਾ ਸਕੇ। ਇਹ ਪੋਥੀ ਗੁਰੂ ਨਾਨਕ ਦੇਵ ਜੀ ਵਾਲੀ ਪੋਥੀ ਦੀ ਨਕਲ ਜਾਂ ਹੂ-ਬ-ਹੂ ਉਤਾਰਾ ਹੋ ਸਕਦੀ ਹੈ ਜੋ ਕਿ ਸਿੱਖ ਧਰਮ ਦੀਆਂ ਹੱਥਲਿਖਤਾਂ ਦੇ ਪ੍ਰਮੁੱਖ ਤੇ ਮਹੱਤਵਪੂਰਨ ਤੱਥਾਂ ਨੂੰ ਪੇਸ਼ ਕਰਦੀ ਹੈ।[29] ਪੋਥੀ ਬਾਰੇ ਚਰਚਿਤ ਅਤੇ ਮੌਜੂਦ ਦੂਸਰੇ ਇਤਿਹਾਸਕ ਵੇਰਵਿਆਂ ਅਤੇ ਤੱਥਾਂ ਤੋਂ ਪਾਸੇ ਹਟ ਕੇ,

28 **ਸਿੰਘ, ਗੁਰਦਿੱਤ.** *ਇਤਿਹਾਸ ਸ਼੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ-370.

29 **Mann, Gurinder Singh.** *The Making of Sikh Scripture*, p. 51.

ਗੁਰੂ ਹਰਸਹਾਇ ਵਾਲੇ ਸੋਢੀ ਪਰਿਵਾਰ ਵੱਲੋਂ ਇਸ ਗੱਲ ਦਾ ਦਾਅਵਾ ਪੇਸ਼ ਕੀਤਾ ਗਿਆ ਹੈ ਕਿ ਉਨ੍ਹਾਂ ਦੁਆਰਾ ਸੰਭਾਲੀ ਜਾ ਰਹੀ ਪੋਥੀ ਹੀ ਗੁਰੂ ਨਾਨਕ ਦੇਵ ਜੀ ਦੀ ਅਸਲ ਪੋਥੀ ਹੈ।[30] ਗੁਰੂ ਨਾਨਕ ਦੇਵ ਜੀ ਕੋਲੋਂ ਹੀ ਇਹ ਪੋਥੀ ਕ੍ਰਮਵਾਰ ਅੱਗੇ ਗੁਰੂ ਅਰਜਨ ਦੇਵ ਜੀ ਨੂੰ ਅਤੇ ਫਿਰ ਪ੍ਰਿਥੀ ਚੰਦ ਦੇ ਹੱਥਾਂ ਵਿੱਚ ਆਈ ਹੈ।[31]

ਆਦਿ ਗ੍ਰੰਥ ਦੇ ਸੰਪੂਰਨ ਹੋਣ ਤੱਕ ਪ੍ਰਿਥੀ ਚੰਦ ਗੁਰੂ ਗੱਦੀ ਦੀ ਪ੍ਰਾਪਤੀ ਲਈ ਅਨੇਕ ਯਤਨ ਕਰ ਰਿਹਾ ਸੀ ਅਤੇ ਉਸਦਾ ਗੁਰੂ ਸਾਹਿਬ ਪ੍ਰਤੀ ਵਿਰੋਧ ਸਿਖਰ ’ਤੇ ਸੀ। ਇਉਂ ਪ੍ਰਤੀਤ ਹੁੰਦਾ ਸੀ ਕਿ ਆਦਿ ਗ੍ਰੰਥ ਦਾ ਕੰਮ ਅਰੰਭ ਹੁੰਦਿਆਂ ਹੀ ਮਿਹਰਬਾਨ ਨੂੰ ਪ੍ਰਾਪਤ ਗੁਰਬਾਣੀ ਇੱਕਤਰ ਕਰਕੇ ਪੋਥੀ ਲਿਖਣ ਦਾ ਹੁਕਮ ਦੇ ਦਿੱਤਾ ਤਾਂ ਜੋ ਉਹ ਵੀ ਮੁਕਾਬਲੇ ਤੇ ਪੋਥੀ ਬਣਾ ਕੇ ਆਪਣੀ ਵੱਖਰੀ ਸੰਪਰਦਾਇ ਚਲਾ ਸਕੇ।[32] ਸੋਢੀ ਪ੍ਰਿਥੀ ਚੰਦ ਨੇ ਸੰਮਤ 1676, ਵੈਸਾਖ ਸੁਦੀ (15 ਅਪ੍ਰੈਲ, 1619) ਨੂੰ, ਆਪਣੇ ਦੇਹਾਂਤ ਤੋਂ ਇੱਕ ਦਿਨ ਪਹਿਲਾਂ ਆਪਣੇ ਜੇਠੇ ਪੁੱਤਰ ਮਨੋਹਰ ਦਾਸ ਨੂੰ ਬੁਲਾ ਆਪਣੇ ਹੱਥੀਂ ਤਿਲਕ ਲਾਇਆ, ਆਪਣੀ ਪੱਗ ਉਹਦੇ ਸਿਰ ਉੱਤੇ ਬੰਨ੍ਹੀ ਤੇ ਪੋਥੀ ਮਾਲਾ ਹੱਥ ਵਿੱਚ ਦਿੱਤੀ।[33] ਜਿਸਦਾ ਜ਼ਿਕਰ ਹਰਿਜੀ ਇਉਂ ਕਰਦੇ ਹਨ ਕਿ:-

*‘‘ਪੋਥੀਮਾਲਾ ਹਾਥਿ ਦੀਨੀ। ਸੰਗਤਿ ਅਰੁ ਸਭੁ ਡੇਰੇ ਅਰੁ ਸਮਸਤਿ ਪਰਵਾਰੁ ਗੁਰੂ ਮਿਹਰਬਾਨ ਜੀ ਕੇ ਪੈਰੀ ਪਾਇਆ।’’*[34] ਗੁਰਬਾਣੀ ਦੀ ਇਸ ਪੋਥੀ ਦੀਆਂ ਨਕਲਾਂ ਕਰਕੇ ਇਸ ਸੰਪਦ੍ਰਾਇ ਦੇ ਡੇਰਿਆਂ ਵਿੱਚ ਭੇਜੀਆਂ ਜਾਣ ਲੱਗੀਆਂ।

ਖ਼ੁਸ਼ਵਕਤ ਰਾਇ ਨੇ ਲਿਖਿਆ ਹੈ ਕਿ ਸ੍ਰੀ ਅੰਮ੍ਰਿਤਸਰ ਵਿਖੇ ਜਿਸ ਘਰ ਵਿੱਚ ਇਹ ਚੀਜ਼ਾਂ ਰੱਖੀਆਂ ਹੋਈਆ ਸਨ ਉਥੇ ਅੱਗ ਲੱਗ ਗਈ ਅਤੇ ਵਸਤਾਂ ਨੂੰ ਬਚਾਉਣ ਲਈ ਕੋਈ ਅੰਦਰ ਨਾ ਵੜਿਆ। ਆਖ਼ਰ ਮਿਹਰਬਾਨ ਨੇ ਹਿੰਮਤ ਕਰਕੇ ਇਹਨਾਂ ਵਸਤਾਂ ਨੂੰ ਕੱਢ ਕੇ ਲੈ

---

30 **Rose, H.A.**(1990). *A glossary of the Castes and Tribes of the Punjab and North-West Frontier Province,* NW.F.P, Vol.-I, p.714
**Nabha, Kahn Singh.** *Mahan Kosh,* p.421

31 **ਸਿੰਘ,ਗੁਰਦਿੱਤ.** *ਇਤਿਹਾਸ ਸ਼੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ-370.

32 **ਵਾਲੀਆ, ਗੁਰਮੋਹਨ ਸਿੰਘ. (ਡਾ) (1992).** *ਸੋਢੀ ਮਿਹਰਬਾਨ ਦੀ ਗੱਦ ਰਚਨਾ, ਇੱਕ ਵਿਸ਼ਲੇਸ਼ਣ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ-17.

33 **ਬਾਂਸਲ, ਕ੍ਰਿਸ਼ਣਾ ਕੁਮਾਰੀ. (ਸੰਪਾ.)** (1977). *ਸੋਢੀ ਹਰਿ ਜੀ ਕ੍ਰਿਤ ਗੋਸ਼ਟਾਂ ਮਿਹਰਬਾਨ ਜੀ ਕੀਆਂ,* ਗੋਸਟਿ ਨੰ: 3, ਪੰਨੇ-47-48.

34 **ਗੋਬਿੰਦਨਾਥ, ਰਾਜਗੁਰੂ. (ਸੰਪਾ.)** (1974). *ਗੋਸਟਿ ਗੁਰੂ ਮਿਹਰਬਾਨ (ਸੋਢੀ ਹਰਿ ਜੀ ਕ੍ਰਿਤ)*, ਚੰਡੀਗੜ, ਪੰਜਾਬ ਯੂਨੀਵਰਸਿਟੀ ,ਪੰਨਾ-178.

ਆਂਦਾ। ਇਹੋ ਮਾਲਾ, ਪੋਥੀ ਅਤੇ ਸੇਲੀ ਟੋਪੀ ਨਗਰ ਗੁਰੂ ਹਰਸਹਾਇ ਵਾਲੇ ਸੋਢੀਆਂ ਪਾਸ ਹਨ।

ਆਪਣੀਆਂ ਸਾਹਿਤਕ ਤੇ ਧਾਰਮਿਕ ਰਚਨਾਵਾਂ ਵਿੱਚ ਪੋਥੀਮਾਲਾ ਗੁਰਦੁਆਰੇ ਦੇ ਵਾਰਸਾਂ ਨੂੰ ਸਿੱਖ ਪਰੰਪਰਾ ਵਾਲੇ ਅਪ੍ਰਮਾਣਿਤ ਗੁਰੂ ਪਰੰਪਰਾ ਵਾਲੇ ਕਹਿੰਦੇ ਹਨ ਪਰ ਸਿੱਖ ਧਾਰਮਿਕ ਗ੍ਰੰਥਾਂ ਦੇ ਲੇਖਕ ਤੇ ਪ੍ਰਚਾਰਕ ਇਹਨਾਂ ਨੂੰ ਨਫਰਤ ਨਾਲ ਮੀਣੇ (ਮੀਣਾ – ਭਾਈ ਗੁਰਦਾਸ ਦੀ ਪ੍ਰਿਥੀ ਚੰਦ ਨੂੰ ਦਿੱਤੀ ਉਪਾਧੀ, ਕਿਉਂਕਿ ਉਹ ਸਦਾ ਹੀ ਕਪਟ ਵਿਹਾਰ ਕਰਦਾ ਰਹਿੰਦਾ ਸੀ।ਉਹਨਾਂ ਨੇ ਆਪਣੀ ਵਾਰ 36 ਵਿੱਚ ਇਸ ਦੇ ਬਾਰੇ ਜ਼ਿਕਰ ਕੀਤਾ ਹੈ)[35] ਕਹਿੰਦੇ ਹਨ। ਮੀਣੇ ਦਾ ਅਰਥ ਹੈ ਮੀਸਣਾ, ਜੋ ਨਿੰਦਿਆ ਕਰਦਾ ਰਹੇ[36],ਕਪਟੀ[37]। ਮੀਣੇ ਬੀਕਾਨੇਰ ਅਤੇ ਬਾਂਗੜ ਦੀ ਇਕ ਜਰਾਇਮ ਪੇਸ਼ਾ ਕੌਮ ਦਾ ਵੀ ਨਾਮ ਹੈ।[38] ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਪੂਰਵਜ ਪ੍ਰਿਥੀ ਚੰਦ ਨੇ ਮੌਜੂਦਾ ਪੋਥੀ ਗੁਰੂ ਅਰਜਨ ਦੇਵ ਜੀ ਤੋਂ ਪ੍ਰਾਪਤ ਕੀਤੀ ਸੀ ਅਤੇ ਅੱਗੇ ਉਨ੍ਹਾਂ ਨੇ ਆਪਣੇ ਜਾਨਸ਼ੀਨ ਅਤੇ ਉਤਰਾਧਿਕਾਰੀ ਸਪੁੱਤਰ ਮਿਹਰਬਾਨ ਨੂੰ ਸੌਂਪ ਦਿੱਤੀ ਸੀ। ਉਦੋਂ ਤੋਂ ਹੀ ਕਥਿਤ ਪੋਥੀ ਪ੍ਰਿਥੀ ਚੰਦ ਸੋਢੀ ਦੇ ਪਰਿਵਾਰ ਕੋਲ ਮੌਜੂਦ ਹੈ। ਇਤਿਹਾਸਕਾਰਾਂ ਦਾ ਮਤ ਹੈ ਕਿ ਉਪਰੋਕਤ ਪੋਥੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਅਸਲ ਪੋਥੀ ਨਹੀਂ ਹੈ। ਇਹ ਪੋਥੀ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਹੈ ਪਰੰਤੂ ਅਰਜਨ ਦੇਵ ਜੀ ਤੋਂ ਵਾਪਸ ਗੁਰੂ ਨਾਨਕ ਦੇਵ ਕੋਲ ਇਸਦਾ ਜਾਣਾ ਸਿੱਖ ਇਤਿਹਾਸਕ ਪਰੰਪਰਾ ਦੇ ਵਿਰੁੱਧ ਹੀ ਨਹੀਂ ਬਲਕਿ ਸਿੱਖ ਇਤਿਹਾਸ ਦੀ ਕਮਜ਼ੋਰੀ ਵੀ ਦਰਸਾਉਂਦੀ ਹੈ। ਸੋਢੀ ਜੀਵਨ ਮੱਲ ਦੇ ਕਾਲ ਤੋਂ, ਜੋ ਗੁਰੂ ਰਾਮਦਾਸ ਜੀ ਦੀ ਵੰਸ਼ ਦੀ ਸੱਤਵੀਂ ਪੀੜ੍ਹੀ ਸੀ, ਸਾਰੇ ਬਜ਼ੁਰਗ ਗੁਰੂਹਰਿਸਹਾਏ ਹੀ ਰਹਿੰਦੇ ਆਏ ਹਨ। ਇਹਨਾਂ ਇਤਿਹਾਸਕ ਵਸਤਾਂ ਕਰਕੇ ਵੀ ਸੰਬੰਧਤ ਸੋਢੀਆਂ ਨੂੰ ਦੁੱਖ ਭੋਗਣਾ ਪਿਆ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਨੇ ਪੋਥੀਮਾਲਾ ਗੁਰੂ ਅੰਗਦ ਦੇਵ ਜੀ ਨੂੰ ਦਿੱਤੀ ਤਾਂ ਬਾਬਾ ਸ੍ਰੀਚੰਦ ਜੀ ਬਹੁਤ ਗੁੱਸੇ ਵਿੱਚ ਸਨ ਤੇ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਇਹ ਸਰਾਪ ਦਿੱਤਾ ਕਿ ਜਿਸਦੇ ਕਬਜ਼ੇ

35 "ਸਤਿਗੁਰ ਸਚਾ ਪਾਤਿਸਾਹੁ, ਮੁਹੁ ਕਾਲੇ ਮੀਣਾ"
**ਸਿੰਘ, ਹਜਾਰਾ. ਕ੍ਰਿਤ** (1951) *.ਵਾਰਾਂ ਭਾਈ ਗੁਰਦਾਸ ਜੀ ਦੀਆਂ*, ਖਾਲਸਾ ਸਮਾਚਾਰ, ਅੰਮ੍ਰਿਤਸਰ,ਪੰਨਾ–681.

36 **ਸਿੰਘ, ਬਿਸ਼ਨ.** *ਵਾਰਾਂ ਭਾਈ ਗੁਰਦਾਸ ਸਟੀਕ*, ਜਵਾਹਰ ਸਿੰਘ, ਕਿਰਪਾਲ ਸਿੰਘ, ਅੰਮ੍ਰਿਤਸਰ, ਪੰਨਾ–667.

37 **ਨਾਭਾ, ਭਾਈ ਕਾਨ੍ਹ ਸਿੰਘ,.** (1983). *ਗੁਰਮਤ ਮਾਰਤੰਡ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨਾ–775.

38 **ਸਿੰਘ,ਜੀ. ਬੀ.** (1944). *ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ*, ਮਾਡਰਨ ਪਬਲੀਕੇਸ਼ਨ ਲਾਹੌਰ,ਪੰਨਾ–19.

ਵਿੱਚ ਪੋਥੀਮਾਲਾ ਹੋਵੇਗੀ ਉਹ ਦੁੱਖ ਭੋਗੇਗਾ।[39] ਜਿਸ ਤਰ੍ਹਾਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਬੇਦੀ ਬਜ਼ੁਰਗਾਂ ਵੱਲੋਂ ਸੋਢੀਆਂ ਨਾਲ ਕੀਤੇ ਵਾਅਦੇ ਕਿ ਉਹ ਕਲਜੁਗ ਵਿੱਚ ਉਨ੍ਹਾਂ ਦਾ ਦਿੱਤਾ ਮੋੜਨਗੇ, ਕਾਰਨ ਵੀ ਬਾਬਾ ਸ੍ਰੀਚੰਦ ਜੀ ਨੂੰ ਗੁਰਗੱਦੀ ਹਾਸਲ ਨਹੀ ਹੋਈ। ਗੁਰੂ ਰਾਮਦਾਸ ਨੂੰ ਗੁਰਗੱਦੀ, ਗੁਰੂ ਅੰਗਦ ਦੇਵ ਜੀ ਨੂੰ ਦਿੱਤੇ ਬਾਬਾ ਸ੍ਰੀਚੰਦ ਦੇ ਸਰਾਪ ਅਤੇ ਗੁਰੂ ਅਮਰਦਾਸ ਜੀ ਦੀ ਭਵਿੱਖਬਾਣੀ ਦੇ ਕਾਰਨ ਪ੍ਰਾਪਤ ਹੋਈ ਕਿ ਬੇਸ਼ੱਕ ਗੁਰਗੱਦੀ ਪਰਿਵਾਰ ਵਿੱਚ ਰਹੇਗੀ ਪਰ ਮਹਾਨ ਕਸ਼ਟ ਸਹਿਣੇ ਪੈਣਗੇ ਅਤੇ ਕੁਰਬਾਨੀਆਂ ਦੇਣੀਆਂ ਪੈਣਗੀਆਂ। ਪ੍ਰਿਥੀ ਚੰਦ ਨੇ ਪੋਥੀਮਾਲਾ ਪ੍ਰਾਪਤ ਕੀਤੀ ਅਤੇ ਆਪਣੇ ਪੈਰੋਕਾਰ ਬਣਾਏ, ਜਿਨ੍ਹਾਂ ਦੇ ਉਤਰਾਧਿਕਾਰੀ ਗੁਰੂ ਹਰਿਸਹਾਇ ਵਿੱਚ ਰਹਿ ਰਹੇ ਹਨ ਅਤੇ ਬਾਬਾ ਸ੍ਰੀਚੰਦ ਦੇ ਸਰਾਪ ਕਾਰਨ ਪਰਿਵਾਰ ਕੋਲ ਪੋਥੀਮਾਲਾ ਹੋਣ ਕਾਰਨ ਕਸ਼ਟ ਸਹਿ ਰਹੇ ਹਨ।

ਸੋਢੀ ਹਰੇਸ਼ ਸਿੰਘ, ਜੋ ਕਿ ਮੌਜੂਦਾ ਗੱਦੀਨਸ਼ੀਨ ਸੋਢੀ ਯੁਵਰਾਜ ਸਿੰਘ ਦੇ ਪਿਤਾ ਹਨ ਅਤੇ ਗੁਰਦੁਆਰਾ ਪੋਥੀਮਾਲਾ ਦੀ ਦੇਖਰੇਖ ਕਰ ਰਹੇ ਹਨ, ਨਾਲ ਗੱਲਬਾਤ ਕਰਨ ਤੇ ਉਨ੍ਹਾਂ ਨੇ ਦੱਸਿਆ ਕਿ ਇਸ ਸਰਾਪ ਕਾਰਨ ਹੀ ਅੱਜ ਤੱਕ ਕਲੇਸ਼ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ, "ਮੇਰੇ ਵਿਚਾਰ ਅਨੁਸਾਰ ਬਾਬਾ ਪ੍ਰਿਥੀ ਚੰਦ ਵਾਲੀ ਘਟਨਾ ਵਾਪਰਨੀ ਹੀ ਸੀ ਜੋ ਕਿ ਪਹਿਲੇ ਸਰਾਪ ਤੇ ਭਵਿੱਖ ਬਾਣੀਆਂ ਦਾ ਸਿੱਟਾ ਹੈ।" ਮਿਹਰਵਾਨ ਤੋਂ ਬਾਅਦ ਉਨ੍ਹਾਂ ਦਾ ਜੇਠਾ ਪੁੱਤਰ ਹਰਿਜੀ ਉਨ੍ਹਾਂ ਦਾ ਉਤਰਾਧਿਕਾਰੀ ਬਣਿਆ ਤੇ ਉਹ ਅੰਮ੍ਰਿਤਸਰ ਰਹਿਣ ਲੱਗੇ। ਬਾਅਦ ਵਿੱਚ ਆਪਣੇ ਜੱਦੀ ਸਥਾਨ ਮੁਹੰਮਦੀਪੁਰ ਵਾਪਸ ਆ ਗਏ। ਇਹਨਾਂ ਤੋਂ ਇਲਾਵਾ ਸੋਢੀ ਪਰਿਵਾਰ ਪਾਸ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਇੱਕ ਪਦਮ ਵੀ ਪਿਆ ਹੈ, ਜਿਸ ਉਪਰ ਗੁਰੂ ਨਾਨਕ ਦੇਵ ਜੀ ਦੀ ਮੂਰਤ ਦ੍ਰਿਸ਼ਮਾਨ ਦੱਸੀ ਜਾਂਦੀ ਹੈ।ਸਥਾਨਕ ਉਤਰਧਿਕਾਰੀ ਇਹਨਾਂ ਵਸਤਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਉਂਦੇ ਹਨ।

### ਗੁਰਦੁਆਰਾ ਪੋਥੀਮਾਲਾ ਦੀ ਇਮਾਰਤ

ਭਾਵੇਂ ਗੁਰਦੁਆਰਾ ਪੋਥੀਮਾਲਾ ਬਾਰੇ ਵਿਦਵਾਨਾਂ ਵਿੱਚ ਮਤਭੇਦ ਹੈ, ਪਰ ਇਸਦੇ ਇਤਿਹਾਸਕ ਮਹੱਤਵ ਨੂੰ ਸਾਰੇ ਸਵੀਕਾਰ ਕਰਦੇ ਹਨ। ਇਸਦੀ ਚੰਗੀ ਮਾਨਤਾ ਹੋਣ ਲੱਗੀ ਸੀ। ਗੁਰੂ ਹਰਸਹਾਇ ਦਾ ਪੋਥੀਮਾਲਾ ਦਾ ਮੇਲਾ ਬਹੁਤ ਮਸ਼ਹੂਰ ਹੋਇਆ। ਫ਼ਿਰੋਜ਼ਪੁਰ ਦੇ ਪੰਜ ਖ਼ਾਸ ਮੇਲਿਆਂ ਦਾ ਜ਼ਿਕਰ ਆਉਂਦਾ ਹੈ। ਇੱਕ ਮੇਲਾ ਪਹਿਲੀ ਐਂਗਲੋ-ਸਿੱਖ ਲੜਾਈ ਦੇ

---

39 **ਸਿੰਘ, ਗੁਰਦਿੱਤ.** (1990). *ਇਤਿਹਾਸ ਗੁਰੂ ਗ੍ਰੰਥ ਸਾਹਿਬ*, ਪਹਿਲਾ ਐਡੀਸ਼ਨ, ਪੰਨੇ-558-559.

ਸ਼ਹੀਦਾਂ ਦੀ ਯਾਦ ਵਿੱਚ ਮਾਰਚ ਮਹੀਨੇ 'ਚ ਲੱਗਦਾ ਹੈ। ਦੂਜਾ ਮੇਲਾ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਯਾਦ ਵਿੱਚ ਸਤਲੁਜ ਦੇ ਕੰਢੇ ਲੱਗਦਾ ਹੈ। ਤੀਜਾ ਵਿਸਾਖੀ ਦਾ ਮੇਲਾ, ਚੌਥਾ ਵਜ਼ੀਰਸਤਾਨ ਵਿੱਚ ਸਾਰਾਗੜ੍ਹੀ ਦੇ ਸ਼ਹੀਦਾਂ ਦਾ ਮੇਲਾ ਲੱਗਦਾ ਹੈ ਅਤੇ ਪੰਜਵਾਂ ਗੁਰੂ ਹਰਸਹਾਇ ਵਿੱਚ ਪੋਥੀਮਾਲਾ ਦਾ ਮੇਲਾ।

ਇਸ ਲਈ ਇਸ ਪੋਥੀਮਾਲਾ ਲਈ ਇੱਕ ਵਿਸ਼ੇਸ਼ ਇਮਾਰਤ ਉਸਾਰਨ ਦੀ ਸੋਚੀ ਗਈ। ਸੰਭਵਤਾ ਪਹਿਲਾਂ ਇੱਕ ਸਾਧਾਰਨ ਇਮਾਰਤ ਦੀ ਉਸਾਰੀ ਕੀਤੀ ਗਈ ਪਰ 1870ਈ: ਵਿੱਚ ਇਸ ਅਸਥਾਨ ਦੀ ਪੱਕੀ ਉਸਾਰੀ ਸ਼ੁਰੂ ਹੋਈ, ਜਿਸ ਦੇ ਦੌਰਾਨ ਇੱਥੇ ਖ਼ੂਬਸੂਰਤ ਚਿੱਤਰਕਾਰੀ ਵੀ ਕੀਤੀ ਗਈ।[40] ਡਾ. ਐੱਨ. ਆਰ. ਬੈਨਰਜੀ, ਡਾਇਰੈਕਟਰ, ਨੈਸ਼ਨਲ ਮਿਉਜ਼ੀਅਮ, ਨਵੀਂ ਦਿੱਲੀ ਨੇ ਸ਼੍ਰੀ ਬੀ.ਕੇ.ਥਾਪਰ ਨੂੰ ਲਿਖੇ ਜੂਨ 1980 ਦੇ ਪੱਤਰ ਨੰ F-4 ਵਿੱਚ ਇਹਨਾਂ ਕੰਧ ਚਿੱਤਰਾਂ ਦਾ ਸਮਾਂ 1831 ਈ: ਤੋਂ 1859 ਈ: ਦਸਿਆ ਹੈ।

ਗੁਰਦੁਆਰਾ ਪੋਥੀਮਾਲਾ, ਜ਼ਿਲ੍ਹਾ ਫ਼ਿਰੋਜ਼ਪੁਰ ਦੇ ਗੁਰੂ ਹਰਸਹਾਇ ਇਸਟੇਟ ਦੇ ਬਿਲਕੁੱਲ ਮੱਧ ਵਿੱਚ ਹੈ। ਗੁਰਦੁਆਰਾ ਪੋਥੀਮਾਲਾ ਇਮਾਰਤ ਦੋ ਮੰਜ਼ਿਲੀ ਹੈ ਅਤੇ ਆਮ ਗੁਰਦੁਆਰਿਆਂ ਵਾਂਗ ਨਹੀਂ ਹੈ। ਇਮਾਰਤ ਦੇ ਸਿੰਘ ਦੁਆਰ ਨੂੰ ਲੱਕੜੀ ਦੇ ਸਜ਼ਾਵਟੀ ਕੰਮ ਨਾਲ ਸ਼ਿੰਗਾਰਿਆ ਗਿਆ ਹੈ। ਸਮੇਂ ਨਾਲ ਇਸ ਇਮਾਰਤ ਦੀ ਦਿੱਖ ਬਿਲਕੁਲ ਬਦਲ ਗਈ ਹੈ। ਚਿੱਤਰ-2 ਵਿੱਚ ਗੁਰਦੁਆਰਾ ਪੋਥੀਮਾਲਾ ਦੀ ਇਮਾਰਤ ਦੀ ਪੁਰਾਣੀ ਦਿੱਖ ਦਿਖਾਈ ਗਈ ਹੈ ਜਿਸ ਵਿੱਚ ਇਮਾਰਤ ਲਾਲ ਅਤੇ ਸਫੈਦ ਰੰਗ ਦੀ ਨਜ਼ਰ ਆ ਰਹੀ ਹੈ, ਜਦਕਿ ਅਗਲੀ ਤਸਵੀਰ ਵਿੱਚ ਗੁਰਦੁਆਰਾ ਪੋਥੀਮਾਲਾ ਦੀ ਮੌਜੂਦਾ ਦਿੱਖ ਨਜ਼ਰ ਆ ਰਹੀ ਹੈ (ਚਿੱਤਰ-1)। ਇਮਾਰਤ ਦੀ ਉਸਾਰੀ ਲਈ ਨਾਨਕਸ਼ਾਹੀ ਇੱਟ ਅਤੇ ਆਮ ਵਰਤੀ ਜਾਣ ਵਾਲੀ ਇੱਟ ਨਾਲ ਕੀਤੀ ਗਈ ਹੈ ਅਤੇ ਉੱਪਰ ਪਲੱਸਤਰ ਕੀਤਾ ਗਿਆ ਹੈ। ਆਧੁਨਿਕ ਸ਼ੈਲੀ ਵਿੱਚ, ਸਤਹਿ ਤਿਆਰ ਕਰਨ ਵਾਲੇ ਚੂਨੇ ਨੂੰ ਪਹਿਲਾਂ ਪੂਰੀ ਤਰ੍ਹਾਂ ਬੁਝਾਇਆ (ਚੂਨੇ ਉੱਤੇ ਪਾਣੀ ਪਾ ਕੇ ਇਸ ਰਸਾਇਣਕ ਕਿਰਿਆ ਦੁਆਰਾ ਉਸ ਨੂੰ ਚੂਰਣ ਬਣਾਉਣ ਨੂੰ ਚੂਨਾ ਬੁਝਾਉਣਾ ਕਹਿੰਦੇ ਹਨ। ਚੂਨਾ ਬੁਝਾਉਣ ਤੋਂ ਬਾਅਦ ਇਸ ਵਿੱਚ ਕੋਈ ਵੀ ਕਣ ਅਣਬੁਝੇ ਚੂਨੇ

---

40 **ਕੰਗ, ਕੰਵਰਜੀਤ ਸਿੰਘ. (ਡਾ.)** (1988), *ਪੰਜਾਬ ਦੇ ਕੰਧ ਚਿੱਤਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-22.
**ਪ੍ਰੋ. ਪ੍ਰੀਤਮ ਸਿੰਘ ਤੇ ਡਾ. ਜੋਗਿੰਦਰ ਸਿੰਘ ਆਹਲੂਵਾਲੀਆ,**(2009), *ਸਿੱਖਾਂ ਦਾ ਛੋਟਾ ਮੇਲਾ, ਇਤਿਹਾਸ ਤੇ ਸਰਵੇਖਣ*, ਪੰਜਾਬੀ ਐਜੂਕੇਸ਼ਨ ਐਂਡ ਕਲਚਰਲ ਫਾਊਡੇਸ਼ਨ, ਸੈਨ ਲਿਐਂਡਰੋ, ਕੈਲਿਫੋਰਨੀਆ, ਪੰਨਾ-126.

ਦਾ ਨਹੀਂ ਹੋਣਾ ਚਾਹੀਦਾ।) ਜਾਂਦਾ ਹੈ। ਇਸ ਨੂੰ ਪਾਣੀ ਵਿੱਚ ਇੱਕ ਹਫ਼ਤੇ ਜਾਂ ਉਸ ਤੋਂ ਵੱਧ ਸਮੇਂ ਲਈ ਰੱਖਿਆ ਜਾਂਦਾ ਹੈ। ਇਸ ਤੋਂ ਬਾਅਦ ਅਣਬੁਝਾਏ ਚੂਨੇ ਦੀ ਮਾਤਰਾ ਤੋਂ ਦੁੱਗਣੀ ਮਾਤਰਾ ਵਿੱਚ ਰੇਤ ਮਿਲਾਈ ਜਾਂਦੀ ਹੈ। ਪਲੱਸਤਰ ਨੂੰ ਪੱਥਰ ਜਾਂ ਇੱਟਾਂ ਦੀ ਦੀਵਾਰ ਤੇ ਤਹਿ ਦਰ ਤਹਿ ਚੜ੍ਹਾਇਆ ਜਾਂਦਾ ਹੈ। ਹਲਕਾ ਸੁੱਕ ਜਾਣ ਪਿੱਛੋਂ ਫਿਰ ਦੁਬਾਰਾ ਗਿੱਲਾ ਕਰਕੇ ਪਤਲੀ ਤਹਿ ਚੜ੍ਹਾਈ ਜਾਂਦੀ ਹੈ। ਸਤਹਿ ਦੇ ਇੱਕ ਇੰਚ ਹੋ ਜਾਣ ਤੱਕ ਇਸ ਪ੍ਰਕ੍ਰਿਆ ਨੂੰ ਵਾਰ-ਵਾਰ ਦੋਹਰਾਇਆ ਜਾਂਦਾ ਹੈ।

ਭਾਵੇਂ ਸਿੱਖ ਭਵਨ-ਨਿਰਮਾਣ-ਕਲਾ ਨੇ ਮੁਸਲਮਾਨੀ ਅਤੇ ਹਿੰਦੂ-ਭਵਨ-ਕਲਾ ਤੋਂ ਬਹੁਤ ਕੁਝ ਸਿੱਖਿਆ ਹੈ ਪਰ ਫਿਰ ਵੀ ਇਸ ਵਿੱਚ ਬੜਾ ਕੁਝ ਨਿਵੇਕਲਾ ਹੈ। ਭਾਵੇਂ ਬਹੁਤ ਸਾਰੀਆਂ ਸਿੱਖ ਇਮਾਰਤਾਂ ਮੁਸਲਮਾਨ ਅਤੇ ਹਿੰਦੂ ਕਾਰੀਗਰਾਂ ਦੀ ਮਿਹਨਤ ਦਾ ਸਿੱਟਾ ਸਨ, ਪਰ ਸਿੱਖ ਹਾਕਮਾਂ ਦੀ ਸਰਪ੍ਰਸਤੀ ਹੇਠ ਬਣੀਆਂ ਇਮਾਰਤਾਂ ਨੂੰ ਸਿੱਖ ਇਮਾਰਤਾਂ ਹੀ ਕਿਹਾ ਜਾਣ ਲੱਗਾ। ਅੰਮ੍ਰਿਤਸਰ ਕਲਾ ਅਤੇ ਭਵਨ ਉਸਾਰੀ ਦੇ ਗਿਆਨ ਦਾ ਕੇਂਦਰ ਰਿਹਾ ਹੈ। ਅੰਮ੍ਰਿਤਸਰ ਦੀਆਂ ਕਈ ਮਹੱਤਵਪੂਰਨ ਅਤੇ ਇਤਿਹਾਸਕ ਇਮਾਰਤਾਂ ਦੀ ਭਵਨ ਉਸਾਰੀ ਦੀ ਵਿਉਂਤਬੰਦੀ ਭਾਈ ਰਾਮ ਸਿੰਘ ਨੇ ਕੀਤੀ ਜਿਨ੍ਹਾਂ ਵਿੱਚ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਸਾਰੀ ਵਿਉਂਤਬੰਦੀ ਵੀ ਆਉਦੀ ਹੈ।[41] ਸਿੱਖਾਂ ਦੀਆਂ ਮੁੱਖ ਇਮਾਰਤਾਂ ਵਿੱਚ ਗੁਰਦੁਆਰੇ, ਬੁੰਗੇ, ਸਮਾਧਾਂ, ਕਿਲ੍ਹੇ, ਹਵੇਲੀਆਂ, ਬਾਗ਼ ਸ਼ਾਮਲ ਸਨ।[42] ਅੰਮ੍ਰਿਤਸਰ ਸਿੱਖਾਂ ਦੀ ਰਾਜਧਾਨੀ ਰਿਹਾ ਹੈ ਇਸ ਲਈ ਇਸ ਸ਼ਹਿਰ ਵਿੱਚ ਬਹੁਤ ਸਾਰੇ ਧਾਰਮਿਕ ਅਸਥਾਨਾਂ ਦਾ ਬਣਨਾ ਸੁਭਾਵਿਕ ਹੈ ਪਰ ਇਹ ਇਮਾਰਤਾਂ ਕੇਵਲ ਅੰਮ੍ਰਿਤਸਰ ਤੱਕ ਹੀ ਸੀਮਿਤ ਨਹੀਂ ਸਨ ਬਲਕਿ ਅਜਿਹੀਆਂ ਇਮਾਰਤਾਂ ਦੀ ਤਰਨਤਾਰਨ, ਆਨੰਦਪੁਰ ਸਾਹਿਬ, ਲਾਹੌਰ, ਮੁਕਤਸਰ, ਫਿਰੋਜ਼ਪੁਰ ਆਦਿ ਹੋਰ ਕਈ ਥਾਵਾਂ ਤੇ ਵੀ ਉਸਾਰੀ ਹੋਈ।

ਭਵਨ ਨਿਰਮਾਣ ਕਲਾ ਦੇ ਮੁੱਢਲੇ, ਭੂ-ਯੋਜਨਾ ਅਤੇ ਉਚਾਈ, ਸਿਧਾਂਤਾਂ ਦੇ ਅਧਾਰ 'ਤੇ ਗੁਰਦੁਆਰਾ ਪੋਥੀਮਾਲਾ ਦੇ ਭਵਨ ਨਿਰਮਾਣ ਦਾ ਅਧਿਐਨ ਕੀਤਾ ਜਾ ਰਿਹਾ ਹੈ। ਪੰਜਾਬ ਦੀਆਂ ਇਮਾਰਤਾਂ ਦੀ ਭੂ-ਯੋਜਨਾ ਵਿੱਚ ਬੁਨਿਆਦੀ ਬਣਤਰ ਦੀਆਂ ਚਾਰ ਕਿਸਮਾਂ ਵੇਖਣ

---

41 **ਕੰਗ, ਕੰਵਰਜੀਤ ਸਿੰਘ. (ਡਾ.)**(1993). *ਮਿੱਟੀ ਆਪੋ ਆਪਣੀ*, ਆਰਸੀ ਪਬਲੀਸ਼ਰਜ਼ ਚਾਂਦਨੀ ਚੌਂਕ, ਦਿੱਲੀ, ਪੰਨਾ-115.

42 **ਪਰਮਜੀਤ.(ਡਾ.),**(2008). *ਪਿੰਡ, ਦਰਵਾਜ਼ੇ ਅਤੇ ਸਭਿਆਚਾਰ*, ਲੋਕ ਪ੍ਰਕਾਸ਼ਨ ,ਚੰਡੀਗੜ੍ਹ, ਪੰਨਾ-46.

# Plan Of Paintings Of Pothimala At GuruHarsai



ਵਿੱਚ ਆਈਆਂ ਹਨ, ਜਿਨ੍ਹਾਂ ਵਿੱਚ ਵਰਗਾਕਾਰ, ਅੱਠ ਭੁਜਾ, ਅਇਤਾਕਾਰ, ਤੇ ਸਲੀਬਨੁਮਾ ਆਉਂਦੀਆਂ ਹਨ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ 'ਇਮਾਰਤ ਦੀ ਬਾਹਰੀ ਦੀਵਾਰ' ਤੋਂ ਕੀ ਭਾਵ ਹੈ? ਕਈ ਵਾਰੀ ਕੋਈ ਇਮਾਰਤ ਸਿਰਫ਼ ਇੱਕ ਕਮਰੇ ਦੀ ਹੁੰਦੀ ਹੈ ਭਾਵ ਉਸ ਨਾਲ ਕੋਈ ਵਾਧੂ ਵਧਾਣ ਨਹੀਂ ਹੁੰਦਾ, ਜਿਵੇਂ ਪੋਰਚ, ਘੁਮਾਵਦਾਰ ਵਿਹੜਾ ਆਦਿ। ਕਈ ਭਵਨਾਂ ਵਿੱਚ ਮੁੱਖ ਗਰਭ ਅਸਥਾਨ ਤੱਕ ਜਾਣ ਲਈ ਪੋਰਚ ਹੁੰਦਾ ਹੈ ਜਾਂ ਫਿਰ ਉਹ ਘੁਮਾਵਦਾਰ ਵਿਹੜੇ ਨਾਲ ਘਿਰਿਆ ਹੁੰਦਾ ਹੈ।ਇਹਨਾਂ ਕਿਸਮਾਂ ਨੂੰ ਸਪੱਸ਼ਟ ਕਰਨ ਲਈ ਜਦੋਂ ਅਸੀਂ ਜ਼ਮੀਨੀ ਯੋਜਨਾ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਧਾਰਮਿਕ ਅਸਥਾਨਾਂ ਦੀ ਸੰਪੂਰਨ ਇਮਾਰਤ ਦੀ ਬਾਹਰੀ ਦੀਵਾਰ ਦੀ ਰੇਖਾਤਮਿਕ ਸ਼ੈਲੀ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ। ਸਿਰਫ਼ ਅੰਦਰੂਨੀ ਵਿਹੜੇ ਨਾਲ ਅਤੇ ਜੁੜੀਆਂ ਇਮਾਰਤਾਂ ਦੀ ਸ਼ੈਲੀ ਤੋਂ ਕਿਸੇ ਵੀ ਸਮਾਰਕ ਦੀ ਭੂ-ਯੋਜਨਾ ਸਪੱਸ਼ਟ ਨਹੀਂ ਹੋ ਸਕਦੀ।

ਇਸ ਨਿਰਮਾਣ ਸਿਧਾਂਤ ਨੂੰ ਸਾਹਮਣੇ ਰੱਖਦਿਆਂ ਅਸੀਂ ਇਹਨਾਂ ਇਮਾਰਤਾਂ ਨੂੰ ਚਾਰ ਸ਼੍ਰੇਣੀਆਂ ਵਿੱਚ ਨਿਰਧਾਰਤ ਕਰਦੇ ਹਾਂ:- ਵਰਗਾਕਾਰ, ਅਇਤਾਕਾਰ, ਅੱਠਭੁਜੀ, ਸਲੀਬਨੁਮਾ। ਪਹਿਲੇ ਵਰਗ ਵਰਗਾਕਾਰ ਨਾਲ ਸਬੰਧਤ ਕਈ ਉਦਾਹਰਣਾਂ ਹਨ। ਇਸ ਵਰਗ ਵਿੱਚ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਭਵਨ ਆਉਂਦੇ ਹਨ ਜਿਵੇਂ ਕਿ ਕੁਝ ਧਾਰਮਿਕ ਇਮਾਰਤਾਂ ਜਿਨ੍ਹਾਂ ਵਿੱਚ ਮੁੱਖ ਪੂਜਾ ਵਾਲਾ ਕਮਰਾ ਬਾਹਰੋਂ ਵੀ ਤੇ ਅੰਦਰੋਂ ਵੀ ਵਰਗਾਕਾਰ ਆਕਾਰ ਵਿੱਚ ਹੈ, ਜਿਵੇਂ ਕਿ ਗੁਰਦੁਆਰਾ ਗੁਰੂ ਕਾ ਲਾਹੌਰ (ਆਨੰਦਪੁਰ ਸਾਹਿਬ), ਫ਼ਰੀਦਕੋਟ ਜ਼ਿਲ੍ਹੇ ਵਿੱਚ 'ਟਿੱਬੀ ਸਾਹਿਬ' ਅਤੇ ਗੁਰਦੁਆਰਾ ਤੰਬੂ ਸਾਹਿਬ (ਮੁਕਤਸਰ) ਵੇਖੇ ਜਾ ਸਕਦੇ ਹਨ। ਅਜਿਹੇ ਧਾਰਮਿਕ ਭਵਨ ਜਿਨ੍ਹਾਂ ਵਿੱਚ ਮੁੱਖ ਪੂਜਾ ਅਸਥਾਨ ਵਾਲਾ ਕਮਰਾ ਵਰਗਾਕਾਰ ਹੁੰਦਾ ਹੈ ਪਰੰਤੂ ਅੰਦਰੂਨੀ ਦਿਸ਼ਾ ਤੋਂ ਅੱਠਭੁਜਾ ਆਕਾਰ ਹੁੰਦਾ ਹੈ ਜਿਸ ਦੇ ਅੰਦਰ ਹਰੇਕ ਦਿਸ਼ਾ ਵੱਲ ਅੰਦਰਲੇ ਪਾਸੇ ਸਹਾਰਾ ਦੇਣ ਵਾਲੀਆਂ ਦੀਵਾਰਾਂ ਦਾ ਨਿਰਮਾਣ ਕੀਤਾ ਹੋਇਆ ਹੁੰਦਾ ਹੈ। ਇਸ ਕਿਸਮ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਦੋਹਰੇ ਕਮਰੇ ਦੀ ਨਿਰਮਾਣ ਸ਼ੈਲੀ ਸਪੱਸ਼ਟ ਹੁੰਦੀ ਹੈ। ਜਿਸ ਵਿੱਚ ਵੱਡੇ ਕਮਰੇ ਦਾ ਆਕਾਰ ਬਾਹਰੋਂ ਵਰਗਾਕਾਰ ਹੁੰਦਾ ਹੈ ਅਤੇ ਅੰਦਰੋ ਅੱਠ ਭੁਜੀ। ਇਸ ਵਿੱਚ ਪਰਿਕਰਮਾ ਲਈ ਰਾਹ ਛੱਡਿਆ ਹੁੰਦਾ ਹੈ। ਇਸ ਕਿਸਮ ਦੀ ਉਦਾਹਰਣ ਮੁਕਤਸਰ ਵਿਖੇ ਦਰਬਾਰ ਸਾਹਿਬ ਤੋਂ ਸਪੱਸ਼ਟ ਹੁੰਦੀ ਹੈ।

ਭਵਨ ਨਿਰਮਾਣ ਸ਼ੈਲੀ ਨਾਲ ਸੰਬੰਧਤ ਦੂਜੀ ਕਿਸਮ 'ਅਇਤਾਕਾਰ' ਬਹੁਤ ਘੱਟ ਮਿਲਦੀ ਹੈ। ਉਦਾਹਰਣ ਲਈ ਮੁਕਤਸਰ ਦਾ ਗੁਰਦੁਆਰਾ ਸ਼ਹੀਦ ਗੰਜ ਵੇਖਿਆ ਜਾ ਸਕਦਾ ਹੈ। ਇੱਥੇ ਵਰਗਾਕਾਰ ਪੂਜਾ ਅਸਥਾਨ ਵਾਲੇ ਕਮਰੇ ਦੇ ਅੱਗੇ ਅਇਤਾਕਾਰ ਜ਼ਮੀਨੀ ਯੋਜਨਾ ਸਪੱਸ਼ਟ ਹੁੰਦੀ ਹੈ। ਇੱਥੇ ਇਹ ਵਿਸ਼ੇਸ਼ ਵਰਣਨਯੋਗ ਹੈ ਕਿ ਮੁਕਤਸਰ ਦੇ ਗੁਰਦੁਆਰਾ ਸ਼ਹੀਦ ਗੰਜ ਦੇ ਮੁੱਖ ਧਾਰਮਿਕ ਭਵਨ ਵਿੱਚ ਵਰਗਾਕਾਰ ਤੇ ਅੱਠਭੁਜੀ ਨਿਰਮਾਣ ਸ਼ੈਲੀ, ਦੋਹਾਂ ਦਾ ਸੁਮੇਲ ਮਿਲਦਾ ਹੈ।

ਤੀਜੀ ਕਿਸਮ, ਭਾਵ ਅੱਠਭੁਜੀ ਦੀਆਂ ਦੋ ਕਿਸਮਾਂ ਹਨ। ਇੱਕ ਉਹ ਇਮਾਰਤਾਂ ਜੋ ਬਾਹਰੋਂ ਤੇ ਅੰਦਰੋਂ ਵੀ ਅੱਠਭੁਜੀ ਹਨ। ਦੂਜੀ, ਉਹ ਇਮਾਰਤਾਂ ਜਿਹੜੀਆਂ ਬਾਹਰੋਂ ਅੱਠਭੁਜੀ ਤੇ ਅੰਦਰੋਂ ਵਰਗਾਕਾਰ ਹਨ।

ਚੌਥੀ ਕਿਸਮ ਸਲੀਬਨੁਮਾ ਜਿਸ ਦੀ ਉਦਾਹਰਣ ਸਿਰਫ ਰੋਪੜ ਜ਼ਿਲ੍ਹੇ ਵਿੱਚ ਗੁਰਦੁਆਰਾ ਬਾਬਾ ਗੁਰਦਿੱਤਾ (ਕੀਰਤਪੁਰ) ਦੀ ਮਿਲਦੀ ਹੈ।[3] ਇਹ ਜ਼ਮੀਨੀ ਯੋਜਨਾ ਸਲੀਬਨੁਮਾ ਆਕਾਰ ਦੀ ਹੈ। ਜਿਹੜੀ ਕਿ ਦਸ ਦਿਸ਼ਾਵਾਂ ਵਾਲੇ ਥੜੇ ਉੱਤੇ ਨਿਰਧਾਰਤ ਹੈ। ਇਸ ਧਾਰਮਿਕ ਅਸਥਾਨ ਵਿੱਚ ਇੱਕ ਕੇਂਦਰੀ ਸਥਾਨ ਹੈ ਜਿਸ ਨਾਲ ਹੋਰ ਵਾਧੂ ਇਮਾਰਤਾਂ ਜੁੜੀਆਂ ਹਨ ਜੋ ਕਿ ਇੱਕ ਦੂਜੇ ਨਾਲ ਤਿੰਨ ਪਾਸਿਆਂ ਤੋਂ ਜੁੜਦੇ ਹਨ। ਇਹਨਾਂ ਤਿੰਨ ਡਿਊਢੀਨੁਮਾ ਵਾਧੂ ਭਵਨਾਂ ਤੋਂ ਇਸ ਦੀ ਭੂ-ਯੋਜਨਾ ਚਰਖੜੀਦਾਰ ਪ੍ਰਤੀਤ ਹੁੰਦੀ ਹੈ।

ਗੁਰਦੁਆਰਾ ਪੋਥੀਮਾਲਾ, ਗੁਰੂ ਹਰਸਹਾਇ ਦੀ ਜ਼ਮੀਨੀ ਯੋਜਨਾ ਵਰਗਾਕਾਰ ਹੈ ਭਾਵ ਮੁੱਖ ਧਾਰਮਿਕ ਥਾਂ ਦੇ ਕਮਰੇ ਅੰਦਰੋ ਤੇ ਬਾਹਰੋਂ ਵਰਗਾਕਾਰ ਹਨ। ਇਸ ਇਮਾਰਤ ਨਾਲ ਇੱਕ ਕਿਲ੍ਹਾ ਵੀ ਜੁੜਿਆ ਹੋਇਆ ਸੀ ਪਰ ਵਰਤਮਾਨ ਸਮੇਂ ਵਿੱਚ ਉਸਦੀ ਕੇਵਲ ਇੱਕ ਦੀਵਾਰ ਹੀ ਬਚੀ ਹੈ। ਬਾਕੀ ਕਿਲ੍ਹੇ ਦਾ ਕੋਈ ਨਾਮੋ-ਨਿਸ਼ਾਨ ਨਹੀਂ ਹੈ। ਗੁਰਦੁਆਰਾ ਪੋਥੀਮਾਲਾ ਦੀ ਜ਼ਮੀਨੀ ਯੋਜਨਾ ਆਮ ਗੁਰਦੁਆਰਿਆਂ ਵਾਂਗ ਨਹੀਂ ਹੈ। ਇਮਾਰਤ ਦੀ ਉੱਚਾਈ ਵਿੱਚ ਪਾਏ ਜਾਣ ਵਾਲੇ ਅੰਤਰ ਤੇ ਕਿਸਮਾਂ ਨੂੰ ਧਿਆਨ ਵਿੱਚ ਰੱਖਦਿਆਂ ਇਮਾਰਤ ਨੂੰ ਪੰਜ ਸ਼੍ਰੇਣੀਆਂ ਵਿੱਚ ਵੰਡ ਸਕਦੇ ਹਾਂ। ਭਾਵ ਕੋਈ ਇਮਾਰਤ ਇੱਕ ਮੰਜ਼ਿਲ, ਦੋਹਰੀ, ਤੀਹਰੀ ਮੰਜ਼ਲਾਂ ਵਾਲੀਆਂ ਹਨ। ਜਦੋਂ ਕਿ ਕੁਝ ਉਦਾਹਰਣਾਂ ਵਿੱਚ ਪੰਜ ਇੱਥੋਂ ਤੱਕ ਕਿ ਨੌਂ ਮੰਜ਼ਲਾਂ (ਗੁਰਦੁਆਰਾ ਬਾਬਾ ਅਟੱਲ ਰਾਇ ਜੀ ਅੰਮ੍ਰਿਤਸਰ ਦੀ ਇਮਾਰਤ ਨੌਂ ਮੰਜ਼ਲੀ ਹੈ)[43]

43 **Macauliffe**, (1909). *The Sikh Religion*, Vol- IV, Oxford, p. 132.

ਵਾਲੀਆਂ ਵੀ ਹਨ। ਇਮਾਰਤਾਂ ਦੀ ਉੱਚਾਈ ਦਾ ਨਿਰਧਾਰਨ ਕੇਵਲ ਮੰਜ਼ਲਾਂ ਨਾਲ ਹੀ ਨਹੀਂ ਹੁੰਦਾ, ਹੋਰ ਵੀ ਤੱਥ ਹਨ, ਜਿਵੇਂ ਕਿ ਇਮਾਰਤ ਉਪਰਲਾ ਪ੍ਰਭਾਵਸ਼ਾਲੀ ਗੁੰਬਦ। ਕੇਵਲ ਨਿਰਮਾਣ ਸ਼ੈਲੀ ਦੇ ਸਰੂਪ ਨੂੰ ਸਮਝਣ ਦੀ ਹੀ ਨਹੀਂ ਸਗੋਂ ਧਰਮ ਜਾਂ ਖੇਤਰ ਨਾਲ ਸੰਬੰਧ ਬਾਰੇ ਵੀ ਜਾਣਕਾਰੀ ਜ਼ਰੂਰੀ ਹੁੰਦੀ ਹੈ।

ਗੁਰੂ ਹਰਸਹਾਇ ਦੇ ਬਿਲਕੁਲ ਵਿੱਚੋਂ-ਵਿੱਚ ਗੁਰਦੁਆਰਾ ਪੋਥੀਮਾਲਾ ਦੋ ਮੰਜ਼ਲੀ ਹੈ। ਜ਼ਮੀਨੀ ਮੰਜ਼ਿਲ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ। ਇੱਕ ਪਾਸੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਸ ਦੇ ਵਿਪਰੀਤ ਇੱਕ ਦਰਵਾਜ਼ੇ ਅੰਦਰ ਲੰਘ ਕੇ ਕੁਝ ਕਮਰੇ ਹਨ, ਜੋ ਕਿ ਅੱਜ ਵੱਖ-ਵੱਖ ਦਫ਼ਤਰਾਂ ਦਾ ਰੂਪ ਲੈ ਚੁੱਕੇ ਹਨ। ਵਿਚਕਾਰ ਮੁੱਖ ਲਾਂਘਾਂ ਤੇ ਇੱਕ ਪੋਰਚ ਹੈ ਜਿਸ ਵਿੱਚੋਂ ਲੰਘ ਕੇ ਕਿਲ੍ਹੇ ਦਾ ਰਸਤਾ ਹੈ ਅਤੇ ਇੱਥੋਂ ਹੀ ਪੌੜੀਆਂ ਰਾਹੀਂ ਪਹਿਲੀ ਮੰਜ਼ਿਲ ’ਤੇ ਪਹੁੰਚਿਆ ਜਾਂਦਾ ਹੈ, ਜਿਥੇ ਕਿ ਕੰਧਾਂ ਉਪਰ ਬੇਹੱਦ ਖ਼ੂਬਸੂਰਤ ਚਿੱਤਰਕਾਰੀ ਕੀਤੀ ਹੋਈ ਹੈ।

ਗੁੰਬਦ ਦੀਆਂ ਵੱਖ-ਵੱਖ ਕਿਸਮਾਂ ਅਤੇ ਆਕਾਰ ਪ੍ਰਮੁੱਖ ਇਮਾਰਤਾਂ ਨੂੰ ਇਕ ਪ੍ਰਭਾਵਸ਼ਾਲੀ ਦਿੱਖ ਪ੍ਰਦਾਨ ਕਰਦੀਆਂ ਹਨ ਅਤੇ ਇਮਾਰਤ ਦੇ ਹਰ ਹਿੱਸੇ ਨੂੰ ਖ਼ੂਬਸੂਰਤੀ ਪ੍ਰਦਾਨ ਹੁੰਦੀ ਹੈ। ਆਮ ਤੌਰ ’ਤੇ ਇੱਕ ਜਾਂ ਦੋ ਪ੍ਰਕਾਰ ਦੇ ਗੁੰਬਦ ਦੇਖੇ ਜਾ ਸਕਦੇ ਹਨ, ਪਰੰਤੂ ਵੱਖ-ਵੱਖ ਥਾਵਾਂ ਤੇ ਜਾ ਕੇ ਕੀਤੇ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਗੁੰਬਦ ਦੀਆਂ ਵੀ ਕਈ ਕਿਸਮਾਂ ਹਨ। ਕੁਝ ਇਤਿਹਾਸਕ ਤੇ ਧਾਰਮਿਕ ਇਮਾਰਤਾਂ ਉਪਰ ਬਹੁਤ ਸਾਦੇ ਗੁੰਬਦ ਬਣਾਏ ਗਏ ਹਨ ਅਤੇ ਕੁਝ ਬਹੁਤ ਸਜ਼ਾਵਟੀ ਹਨ, ਜਿਵੇਂ ਕਿ ਗੁਰਦੁਆਰਾ ਵਿਵਾਹ ਅਸਥਾਨ ਕਰਤਾਰਪੁਰ, ਜਲੰਧਰ ਦਾ ਗੁੰਬਦ ਬਹੁਤ ਸਾਦਾ ਹੈ ਜੋ ਕਿ ਬੋਧੀ ਸਤੂਪ ਵਾਂਗ ਦਿਖਾਈ ਦਿੰਦਾ ਹੈ। ਜਿੱਥੇ ਗੁਰੂਦੁਆਰਾ ਮੰਜੀ ਸਾਹਿਬ, ਅਕੋਈ, ਜ਼ਿਲ੍ਹਾ ਸੰਗਰੂਰ ਦਾ ਗੁੰਬਦ ਬਹੁਤ ਸਾਦਾ ਹੈ ਉੱਥੇ ਡੇਰਾ ਬਾਬਾ ਨਾਨਕ ਵਿਖੇ ਗੁਰਦੁਆਰਾ ਦਰਬਾਰ ਸਾਹਿਬ ਦਾ ਗੁਬੰਦ ਬਹੁਤ ਸਜ਼ਾਵਟ ਭਰਪੂਰ ਹੈ। ਗੁੰਬਦਾਂ ਦੇ ਆਕਾਰ ਅਤੇ ਰੂਪ ਵਿੱਚ ਵੰਨ-ਸੁਵੰਨਤਾ ਹੀ ਨਹੀਂ ਸਗੋਂ ਇਹਨਾਂ ਵਿੱਚ ਦਿਲਚੱਸਪ ਵਿਭਿੰਨਤਾ ਵੀ ਹੈ। ਜਿੱਥੇ ਇਹ ਅਰਧਗੋਲਾਕਾਰ ਵਿੱਚ ਹਨ ਉੱਥੇ ਕਈ ਗੁੰਬਦ Onion Shape ਵਿੱਚ ਵੀ ਹਨ। ਮੁੱਢਲੇ ਤੌਰ ’ਤੇ ਇਹ ਗੁੰਬਦ ਸਾਦੇ ਪਰ ਬਾਅਦ ਵਿੱਚ ਇਹਨਾਂ ਉਪਰ ਸਜਾਵਟ ਲਈ ਕਮਲ ਦੀਆਂ ਪੱਤੀਆਂ ਨੂੰ ਬਣਾਇਆ ਜਾਣ ਲੱਗਾ। ਗੁਰਦੁਆਰਾ ਪੋਥੀਮਾਲਾ ਦਾ ਗੁੰਬਦ ਇਸੇ ਸ਼੍ਰੇਣੀ ਦੇ

ਅੰਤਰਗਤ ਆਉਂਦਾ ਹੈ। ਇਸ ਗੁੰਬਦ ਨੂੰ ਵੀ ਕਮਲ ਦੀਆਂ ਪੱਤੀਆਂ ਨਾਲ ਸ਼ਿੰਗਾਰਿਆ ਗਿਆ ਹੈ। ਇਸ ਨੂੰ ਇਕਹਰੀ ਕਤਾਰ ਵਾਲੀਆਂ ਕਮਲ ਦੀਆਂ ਪੱਤੀਆਂ ਨਾਲ ਸ਼ਿੰਗਾਰਿਆ ਗਿਆ ਹੈ। (ਚਿੱਤਰ 6) (ਚਿੱਤਰ 7) ਗੁੰਬਦਾਂ ਦੇ ਆਕਾਰ ਨੂੰ ਦੇਖਕੇ ਪ੍ਰਤੀਤ ਹੁੰਦਾ ਹੈ ਕਿ ਨਿਰਮਾਣ ਕਰਤਾ ਨੇ ਫੁੱਲਾਂ ਅਤੇ ਫਲਾਂ ਦੇ ਸੰਕਲਪ ਨੂੰ ਧਿਆਨ ’ਚ ਰੱਖਦੇ ਹੋਏ ਇਹਨਾਂ ਦਾ ਨਿਰਮਾਣ ਕੀਤਾ ਹੈ। ਭਵਨ ਨਿਰਮਾਣਕਾਰਾਂ ਲਈ ਵਰਗਾਕਾਰ ਅਤੇ ਆਇਤਾਕਾਰ ਇਮਾਰਤ ਉਪਰ ਗੁਬੰਦ ਦਾ ਨਿਰਮਾਣ ਕਰਨਾ ਇੱਕ ਸਮੱਸਿਆ ਵਾਲੀ ਗੱਲ ਸੀ ਪਰ ਭਾਰਤੀ ਇਸਲਾਮਿਕ ਭਵਨ ਨਿਰਮਾਣ ਕਲਾ ਨੇ ਇਸ ਮਸਲੇ ਨੂੰ ਕਾਫੀ ਹੱਦ ਤੱਕ ਹੱਲ ਕਰ ਦਿੱਤਾ। ਪ੍ਰਭਾਵਸ਼ਾਲੀ ਉਸਾਰੀ ਗੁੰਬਦ ਦੇ ਨਾਲ ਕੁਝ ਸਹਾਇਕ ਉਸਾਰੀ, ਛੱਤਰੀਆਂ ਦੇ ਰੂਪ ਵਿੱਚ ਵੀ ਕੀਤੀ ਜਾਂਦੀ ਹੈ। ਇਹ ਛੋਟੇ ਆਕਾਰ ਦੇ ਗੁਬੰਦ ਮੁੱਖ ਗੁੰਬਦ ਦੇ ਆਲੇ-ਦੁਆਲੇ ਚਾਰੋ ਪਾਸੇ ਬਣਾਏ ਹੁੰਦੇ ਹਨ। ਧਾਰਮਿਕ ਸਥਾਨਾਂ ਦੇ ਭਵਨ ਨਿਰਮਾਣ ਕਰਤਾ ਨੇ ਆਪਣੀ ਕਾਲਪਨਿਕ ਸੋਚ ਨਾਲ ਬੜੀ ਹੀ ਦਿਲਚੱਸਪ ਛੱਤਰੀਆਂ ਦੀਆਂ ਕਿਸਮਾਂ ਦੀ ਤਰਜਮਾਨੀ ਕੀਤੀ ਹੈ। ਕੇਵਲ ਆਕਾਰ ਦੇ ਰੂਪ ਵਿੱਚ ਹੀ ਨਹੀਂ ਸਗੋਂ ਦਿੱਖ ਅਤੇ ਕਿਸਮ ਦੇ ਰੂਪ ਵਿੱਚ ਵੀ ਵਿਭਿੰਨਤਾ ਹੈ।

ਕੰਧ-ਚਿੱਤਰਾਂ ਰਾਹੀਂ ਇਮਾਰਤਾਂ ਨੂੰ ਸ਼ਿੰਗਾਰਨ ਤੋਂ ਭਾਵ ਸੱਮੁਚੀ ਇਮਾਰਤ ਦੇ ਹਰ ਭਾਗ - ਕੰਧਾਂ, ਬੂਹੇ, ਬਾਰੀਆਂ, ਅੰਦਰਲੀ ਛੱਤ ਆਦਿ ਸਭ ਨੂੰ ਸਜਾਵਟ ਦੇ ਘੇਰੇ ਵਿੱਚ ਲਿਆਂਦਾ ਜਾਂਦਾ ਹੈ। ਕੰਧਾਂ ’ਤੇ ਚਿੱਤਰਾਂ ਤੋਂ ਬਿਨਾਂ ਲੱਕੜ ਦੇ ਬੂਹੇ, ਬਾਰੀਆਂ ਦੀਆਂ ਚੌਖਟਾਂ ਅਤੇ ਪੱਲਿਆਂ ਉੱਪਰ ਵੀ ਨੱਕਾਸ਼ੀ ਕੀਤੀ ਜਾਂਦੀ ਸੀ। ਛੱਤਾਂ ਉੱਪਰ ਵੀ ਕਈ ਵਾਰ ਕੰਧ-ਚਿੱਤਰਾਂ ਵਾਂਗ ਗੋਲ ਦਾਇਰੇ ਵਿੱਚ ਚਿੱਤਰਕਾਰੀ ਕੀਤੀ ਜਾਂਦੀ ਸੀ। ਜਿੱਥੇ ਮਾਲੀ ਹਾਲਾਤ ਠੀਕ ਹੁੰਦੇ ਸਨ ਉੱਥੇ ਛੱਤਾਂ ਨੂੰ ਲੱਕੜੀ ਵਿੱਚ ਰਚੇ ਵਿਭਿੰਨ ਡਿਜ਼ਾਇਨਾਂ ਨਾਲ ਸਜਾਇਆ ਜਾਂਦਾਂ ਸੀ ਜਿਸਨੂੰ ਅੰਗ੍ਰੇਜ਼ੀ ਵਿੱਚ ‘ਫ਼ਾਲਸ ਸੀਲਿੰਗ’ ਕਹਿੰਦੇ ਹਨ।[44] ਗੁਰਦੁਆਰਾ ਪੋਥੀਮਾਲਾ ਦੀਆਂ ਛੱਤਾਂ ‘ਫ਼ਾਲਸ ਸੀਲਿੰਗ’ ਦੀ ਸਭ ਤੋਂ ਵਧੀਆ ਉਦਾਹਰਣ ਹਨ (ਚਿੱਤਰ 8,9,10,11,12)। ਲੱਕੜੀ ਵਿੱਚ ਵਿਭਿੰਨ ਡਿਜ਼ਾਇਨ ਬਣਾ ਕੇ ਅਤੇ ਪਾਲਸ਼ ਰੰਗ ਰਾਹੀਂ ਵੇਲ-ਬੂਟੇ ਚਿੱਤਰਤ ਕਰਕੇ ਇਹਨਾਂ ਨੂੰ ਅਸਲੀ ਛੱਤਾਂ ਦੇ ਹੇਠਾਂ ਲੱਕੜ ਦੀਆਂ ਸ਼ਤੀਰਾਂ ਦੇ ਸਹਾਰੇ ਟਿਕਾਇਆ ਜਾਂਦਾ ਸੀ। ਇਸੇ ਲਈ ਇਸਨੂੰ ‘ਨਕਲੀ ਛੱਤ’ ਵੀ ਕਿਹਾ ਜਾਂਦਾ ਸੀ।

---

44 **ਕੰਗ, ਕੰਵਰਜੀਤ ਸਿੰਘ. (ਡਾ)**(1988). *ਪੰਜਾਬ ਦੇ ਕੰਧ ਚਿੱਤਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-108.

ਕਈ ਵਾਰ ਇਹਨਾਂ ਵਿੱਚ ਸ਼ੀਸ਼ਿਆਂ ਦੇ ਟੁੱਕੜੇ ਵੀ ਜੜ੍ਹ ਦਿੱਤੇ ਜਾਂਦੇ ਸਨ। ਇਸ ਪ੍ਰਕਾਰ ਨਕਲੀ ਛੱਤ ਨਾਲ ਕੰਧਾਂ ਤੇ ਬਣੇ ਚਿੱਤਰਾਂ ਸਹਿਤ ਸੰਬੰਧਤ ਇਮਾਰਤ ਵਿਸ਼ੇਸ਼ ਕਰਕੇ ਪ੍ਰਭਾਵਸ਼ਾਲੀ ਬਣ ਜਾਂਦੀ ਹੈ। ਸ਼ੀਸ਼ ਮਹੱਲ, ਪਟਿਆਲਾ ਦੇ ਇਕ ਕਮਰੇ ਵਿੱਚ ਇਸੇ ਤਰ੍ਹਾਂ ਦੀ ਚਿੱਤਰਕਾਰੀ ਵੇਖਣ ਨੂੰ ਮਿਲਦੀ ਹੈ।

ਪੁਰਾਤਨ ਇਮਾਰਤਾਂ, ਧਾਰਮਿਕ ਅਸਥਾਨ ਅਤੇ ਕਿਲ੍ਹਿਆਂ ਦੇ ਮੁੱਖ ਦਰਵਾਜ਼ਿਆਂ ’ਤੇ ਸਜਾਵਟੀ ਮਹਿਰਾਬਾਂ ਬਣੀਆਂ ਮਿਲਦੀਆਂ ਹਨ। ਗੁਰਦੁਆਰਾ ਪੋਥੀਮਾਲਾ ਦੀਆਂ ਮਹਿਰਾਬਾਂ ਬਹੁਤ ਸਾਦੀ ਕਿਸਮ ਦੀਆਂ ਹਨ। ਇਹਨਾਂ ’ਤੇ ਸਜਾਵਟੀ ਚਿੱਤਰਕਾਰੀ ਕੀਤੀ ਹੋਈ ਹੈ (ਚਿੱਤਰ 15,16) ਜੋ ਅਰਧਗੋਲਾਕਾਰ ਵਿੱਚ ਹਨ (ਚਿੱਤਰ 17)। ਅਜਿਹੇ ਨਿਰਮਾਣ ਦੀ ਉਦਾਹਰਣ ਬਠਿੰਡਾ ਦੇ ਗੁਰਦੁਆਰਾ ਗੋਬਿੰਦਗੜ੍ਹ ਵਿੱਚ ਵੀ ਮਿਲਦੀ ਹੈ।

ਭਵਨ ਨਿਰਮਾਣ ਸ਼ੈਲੀ ਦੀ ਇੱਕ ਹੋਰ ਵਿਸ਼ੇਸ਼ਤਾ ਉਸ ਵਿੱਚ ਬਣੇ ਥੰਮ੍ਹ ਤੇ ਚੌਰਸ ਥੰਮ ਹਨ। ਇਹ ਥੰਮ੍ਹ ਇਮਾਰਤ ਦੀ ਸੁੰਦਰਤਾ ਨੂੰ ਮਜ਼ਬੂਤੀ ਤੇ ਖ਼ੂਬਸੂਰਤੀ ਪ੍ਰਦਾਨ ਕਰਦੇ ਹਨ। ਥੰਮ੍ਹ ਤੋਂ ਭਾਵ ਹੈ ਕਿ ਛੱਤ ਨੂੰ ਸੰਭਾਲਣ ਲਈ ਕੀਤਾ ਗਿਆ ਨਿਰਮਾਣ, ਜਦੋਂ ਕਿ ਚੌਰਸ ਥੰਮ੍ਹ ਮੁੱਖ ਰੂਪ ਵਿੱਚ ਭਵਨ ਦੀਆਂ ਦੀਵਾਰਾਂ ਦੀ ਸੁੰਦਰਤਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਬਣਾਏ ਜਾਂਦੇ ਹਨ ਅਤੇ ਇਹ ਦੀਵਾਰ ਨਾਲ ਹੀ ਲੱਗੇ ਹੁੰਦੇ ਹਨ। ਗੁਰਦੁਆਰਾ ਪੋਥੀਮਾਲਾ ਵਿਖੇ ਇਹਨਾਂ ਥੰਮ੍ਹਾਂ ਉੱਪਰ ਵੀ ਚਿੱਤਰਕਾਰੀ ਕੀਤੀ ਗਈ ਹੈ । ਆਲੇਖਾਂ ਤੋਂ ਬਿਨਾਂ ਇਹਨਾਂ ਥੰਮ੍ਹਾਂ ਉੱਪਰ ਵਿਅਕਤੀ-ਚਿੱਤਰਨ ਵੀ ਕੀਤਾ ਗਿਆ ਹੈ।

ਦਰਵਾਜ਼ੇ ਦਾ ਸਾਡੀ ਲੋਕ ਮਾਨਸਿਕਤਾ, ਆਰਥਿਕਤਾ ਅਤੇ ਸਮਾਜਕ ਤਾਣੇ-ਬਾਣੇ ਨਾਲ ਡੂੰਘਾ ਸੰਬੰਧ ਹੈ। ਭਾਰਤੀ ਸ਼ਿਲਪ ਸ਼ਾਸਤਰ ਤੇ ਕਈ ਹੋਰ ਮਿਥਿਕ ਤੇ ਇਤਿਹਾਸਕ ਧਾਰਨਾਵਾਂ ਅਨੁਸਾਰ ‘ਘਰ’ ਇੱਕ ‘ਮਹੱਤਵਪੂਰਨ ਸਥਾਨ’ ਹੈ।ਪੰਜਾਬੀ ਲੋਕਧਾਰਾ ਦੇ ਪ੍ਰਸੰਗ ਵਿੱਚ ਦਰਵਾਜ਼ਾ ਇੱਕ ਅਜਿਹੀ ਇਕਾਈ ਹੈ, ਜਿਹੜਾ ਇੱਕ ਦੇਸ਼, ਇਲਾਕੇ, ਸ਼ਹਿਰ, ਮੁਹੱਲੇ ਤੇ ਘਰ ਤੱਕ ਪਸਰਿਆ ਹੈ। ਘਰ ਤੋਂ ਅੱਗੇ ਇਸ ਦਰਵਾਜ਼ੇ ਦਾ ਪ੍ਰਤੀਕ ਪਰਾਲੌਕਿਕ ਜਗਤ, ਅਕਾਲ-ਪੁਰਖ ਦੇ ਦਰ ਤੱਕ ਵਿਦਮਾਨ ਹੈ। ਦਰਵਾਜ਼ਾ ਸ਼ਬਦ - ਡਿਉੜੀ, “ਨਉ ਦਰਵਾਜ਼ੇ ਨਵੇ ਦਰ ਫ਼ੀਕੇ”[45], ਦੁਆਰ, ਸਿੰਘ ਦੁਆਰ, ਦਰਸ਼ਨੀ ਦਰਵਾਜ਼ਾ, ਕਿਵਾੜ, ਹੱਦ, ਸੀਮਾ ਆਦਿ ਸ਼ਬਦਾਂ ਦੇ ਭਾਵ ਅਰਥਾਂ ਵਿੱਚ ਆਇਆ ਹੈ। ਦਰਵਾਜ਼ਿਆਂ, ਖਿੜਕੀਆਂ,

---

45 **ਨਾਭਾ, ਭਾਈ ਕਾਨ੍ਹ ਸਿੰਘ.** (2006). *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ,ਪੰਨਾ-624.

ਰੋਸ਼ਨਦਾਨਾਂ ਅਤੇ ਇਹਨਾਂ ਦੀਆਂ ਚੁਗਾਠਾਂ ਨੂੰ ਕਈ ਤਰ੍ਹਾਂ ਦੀ ਸ਼ਿਲਪਕਾਰੀ ਕਰਕੇ ਅਤੇ ਇਹਨਾਂ ਦੇ ਵੱਖ-ਵੱਖ ਰੂਪ ਬਣਾ ਕੇ ਇਮਾਰਤਾਂ ਨੂੰ ਸ਼ਿੰਗਾਰਿਆ ਜਾਂਦਾ ਹੈ। ਇਮਾਰਤਸ਼ਾਜੀ ਵਿੱਚ ਮਹਿਰਾਬ, ਡਾਟ, ਦਰਵਾਜ਼ੇ ਦੀ ਕਲਾ, ਸੁਹਜ, ਸ਼ਿੰਗਾਰ, ਨੱਕਾਸ਼ੀ, ਚਿੰਨ੍ਹ-ਪ੍ਰਤੀਕ ਆਦਿ ਵਿਸਤ੍ਰਿਤ ਵਿਸ਼ਲੇਸ਼ਣ ਦੀ ਮੰਗ ਕਰਦੇ ਹਨ।

ਦਰਵਾਜ਼ੇ ਦੀ ਬਣਤਰ, ਆਕਾਰ, ਰੂਪ ਅਤੇ ਪ੍ਰਯੋਜਨ ਨੂੰ ਸਹੀ ਢੰਗ ਨਾਲ ਸਮਝਣ ਲਈ ਪੰਜਾਬ ਦੀ ਇਮਾਰਤਸਾਜ਼ੀ ਨੂੰ ਵੀ ਸਮਝਣਾ ਜ਼ਰੂਰੀ ਹੈ। ਇਮਾਰਤਸਾਜ਼ੀ ਵਿੱਚ ਤਕਨੀਕੀ ਖੋਜਾਂ ਇਮਾਰਤੀ ਸਮਾਨ 'ਚ ਆਏ ਪਰਿਵਰਤਨ ਅਤੇ ਇਥੋਂ ਤੱਕ ਪੰਜਾਬ ਵਿੱਚ ਸਮੇਂ-ਸਮੇਂ ਆਈਆਂ ਰਾਜਸੀ, ਇਤਿਹਾਸਿਕ, ਆਰਥਿਕ ਅਤੇ ਧਾਰਮਿਕ ਤਬਦੀਲੀਆਂ ਕਾਰਨ ਦਰਵਾਜ਼ੇ ਦੇ ਸਰੂਪ ਅਤੇ ਸਜਾਵਟ ਵਿੱਚ ਵੀ ਤਬਦੀਲੀਆਂ ਆਉਂਦੀਆਂ ਰਹੀ ਹਨ, ਜਿਨ੍ਹਾਂ ਨੂੰ ਇਮਾਰਤਸਾਜ਼ੀ ਦੇ ਵਿਸਤ੍ਰਿਤ ਪ੍ਰਸੰਗ ਵਿੱਚ ਵੀ ਵਾਚਿਆ ਜਾ ਸਕਦਾ ਹੈ। ਭਾਰਤੀ ਵਸਤੂਕਲਾ ਵਿੱਚ ਅਧਿਆਤਮਕ ਬੋਧ ਦਾ ਭਾਵ ਹੈ। ਭਾਰਤੀ ਵਸਤੂਕਲਾ ਬੁਨਿਆਦੀ ਤੌਰ ਤੇ ਧਾਰਮਿਕ ਚੇਤਨਾ ਦਾ ਸਥੂਲ ਰੂਪ ਹੋ ਨਿਬੜਦੀ ਹੈ, ਜਿਹੜੀ ਪੱਥਰਾਂ, ਇੱਟਾਂ ਅਤੇ ਚਟਾਨਾਂ ਰਾਹੀਂ ਮੂਰਤ ਰੂਪ ਧਾਰਦੀ ਹੈ।[46] ਵਸਤੂ ਡਿਜ਼ਾਈਨ, ਪਲੈਨਿੰਗ, ਨਿਰਮਾਣ ਨੂੰ ਨਿਰਦੇਸ਼ਤ ਕਰਨ ਦੀ ਕਲਾ ਹੈ ਜੋ ਇੰਜੀਨੀਅਰਿੰਗ ਤੋਂ ਵੱਖਰੀ ਹੈ। ਵਸਤੂਕਲਾ ਵਿੱਚ ਮਨੁੱਖੀ ਸੁਹਜ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਹਾਵੀ ਹੁੰਦੀਆਂ ਹਨ ਅਤੇ ਇੱਕ ਤਰ੍ਹਾਂ ਵਸਤੂਕਲਾ ਸਮਾਜਿਕ, ਸੁਹਜਾਤਮਿਕ ਅਤੇ ਸਭਿਆਚਾਰਕ ਮਨੁੱਖੀ ਅਧਿਐਨ ਹੋ ਨਿਬੜਦੀ ਹੈ।[47]

ਪਿੰਡਾਂ ਵਿੱਚ, ਪਿੰਡੋਂ ਬਾਹਰ ਜਾਂ ਪਿੰਡ ਦੀ ਹੱਦ ਤੇ ਯਾਦਗਾਰੀ ਗੇਟ ਬਣਾਉਣ ਦਾ ਹੌਲੀ-ਹੌਲੀ ਰਿਵਾਜ ਪੈ ਗਿਆ। ਅਜੋਕੇ ਦੌਰ ਵਿੱਚ ਵੀ ਅਜਿਹੇ ਗੇਟ ਨਿਰੰਤਰ ਉਸਾਰੀ ਅਧੀਨ ਹਨ। ਇਹਨਾਂ ਦਰਵਾਜ਼ਿਆਂ ਦੀ ਇੱਕ ਨਿਵੇਕਲੀ ਵਸਤੂਕਲਾ ਦਾ ਵਿਕਾਸ ਵੀ ਹੋਇਆ ਹੈ, ਜਿਹੜੀ ਸਿੱਖ-ਸਭਿਆਚਾਰ, ਸਿੱਖ-ਆਰਕੀਟੈੱਕਚਰ ਦੇ ਅਧਿਐਨ ਦਾ ਵੀ ਵਿਸ਼ਾ ਹੋ ਨਿਬੜਦੀ ਹੈ। ਇਮਾਰਤ ਦੀ ਸੁੰਦਰਤਾ ਨੂੰ ਉਭਾਰਨ ਲਈ ਦਰਵਾਜ਼ੇ ਦੇ ਮੱਥੇ ਉੱਤੇ ਡਿਉੜ੍ਹੀ ਵਿੱਚ ਅਤੇ ਡਿਉੜ੍ਹੀ ਵਿਚਲੀ ਬੈਠਕ ਵਿੱਚ ਵੰਨ-ਸੁਵੰਨੇ ਕੰਧ-ਚਿੱਤਰ ਵੀ ਉਘਾੜੇ ਜਾਂਦੇ ਹਨ, ਜਿਵੇਂ ਰਾਏਕੋਟ ਵਿੱਚ ਵੀ ਘਰਾਂ ਦੇ ਦਰਵਾਜ਼ਿਆਂ ਉੱਤੇ ਪਰੀਆਂ ਦੇ ਕੰਧ-ਚਿੱਤਰ

---

46 **Brown, Percy.** (1965) *Indian Architecture*, Vol.-I, D. B.Taraporevala, p. 1.

47 **Moudgil, K.P.**(1988), *Arcitectural Design*, New Asian Publishers, Delhi, pp. 43-44.

ਚਿੱਤਰੇ ਹੋਏ ਮਿਲਦੇ ਹਨ। ਬਾਬਾ ਅਟੱਲ ਰਾਇ ਦੇ ਦਰਵਾਜ਼ੇ ਦੇ ਅੰਦਰ ਡਿਉੜ੍ਹੀ ਵਿੱਚ ਬਾਬਾ ਬੁੱਢਾ ਜੀ, ਗੁਰੂ ਨਾਨਕ ਦੇਵ ਜੀ, ਸ਼੍ਰੀਚੰਦ ਜੀ, ਲੱਖਮੀ ਚੰਦ ਜੀ, ਅਤੇ ਬਾਬਾ ਅੱਟਲ ਰਾਏ ਦੇ ਜੀਵਨ ਨਾਲ ਸੰਬੰਧਤ ਚਿੱਤਰ ਸਿਰਜੇ ਹੋਏ ਹਨ। ਇਹਨਾਂ ਤੋਂ ਬਿਨਾਂ ਹੋਰ ਵੀ ਕਈਆਂ ਪਿੰਡਾਂ ਵਿੱਚ ਠਾਕੁਰਦੁਆਰਿਆਂ ਆਦਿ ਦੇ ਦਰਵਾਜ਼ਿਆਂ ਦੀਆਂ ਕੰਧਾਂ ਉਤੇ ਵੀ ਚਿੱਤਰਕਾਰੀ ਕੀਤੀ ਗਈ ਹੈ ਅਤੇ ਇਹਨਾਂ ਦੇ ਵਿਸ਼ੇ ਵੱਖੋ-ਵੱਖਰੇ ਹਨ।

ਲੱਕੜ ਦੀ ਕਲਾ ਵਿੱਚ ਦਰਵਾਜ਼ਿਆਂ ਦੇ ਵੱਖੋ-ਵੱਖਰੇ ਨਮੂਨੇ ਵੇਖਣ ਵਿੱਚ ਆਏ ਹਨ। ਪੰਜਾਬ ਵਿੱਚ ਲੱਕੜੀ-ਕਲਾ ਨਾਲ ਸੰਬੰਧਤ ਮੁੱਖ ਤਿੰਨ ਕੇਂਦਰ ਪਾਏ ਜਾਂਦੇ ਹਨ ਹੁਸ਼ਿਆਰਪੁਰ, ਅੰਮ੍ਰਿਤਸਰ ਅਤੇ ਜਲੰਧਰ।[48] ਪੰਜਾਬ ਦੀ ਸ਼ਿਲਪਕਲਾ ਦੇ ਜੋ ਨਮੂਨੇ ਖੇਤਰੀ ਕਾਰਜ ਵਿੱਚੋਂ ਪ੍ਰਾਪਤ ਹੋਏ ਉਨ੍ਹਾਂ ਦੇ ਅਧਾਰ ਉੱਤੇ ਪੰਜਾਬ ਦੇ ਦਰਵਾਜ਼ਿਆਂ ਦੀ ਲੱਕੜੀ-ਕਲਾ ਦੀ ਬੜੀ ਵਿਲੱਖਣ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ। ਦਰਵਾਜ਼ੇ ਦੀ ਲੱਕੜੀ-ਕਲਾ ਦਾ ਅਧਿਐਨ ਕਰਦਿਆਂ ਅਸੀਂ ਇਸਨੂੰ ਵੱਖ-ਵੱਖ ਭਾਗਾਂ ਵਿੱਚ ਵੰਡ ਸਕਦੇ ਹਾਂ। ਦਰਵਾਜ਼ੇ ਦਾ ਛੱਤਣ, ਸਰਦਲ, ਤਖ਼ਤੇ ਜਾਂ ਪੱਲੇ, ਦਹਿਲੀਜ਼, ਦਰਵਾਜ਼ਿਆਂ ’ਚ ਕਿੱਲ, ਪੱਤੀਆਂ, ਕੋਕੇ ਆਦਿ। ਇਹਨਾਂ ਦਰਵਾਜ਼ਿਆਂ ਉੱਪਰ ਫੁੱਲ ਬੂੱਟਿਆਂ ਨਾਲ ਸਜਾਵਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਮੱਥੇ ਉੱਪਰ ਕੋਈ ਧਾਰਮਿਕ ਚਿੰਨ੍ਹ, ਗਣੇਸ਼ ਜੀ ਦੀ ਮੂਰਤੀ, ਮਹਿਰਾਬ ਉਪਰਲੇ ਫੁੱਲ ਬੂਟੇ, ਪਸ਼ੂ ਪੰਛੀ ਆਦਿ ਦੇ ਚਿੱਤਰ, ਕਿਤੇ-ਕਿਤੇ ਗੁਰੂਆਂ ਪੀਰਾਂ ਦੇ ਚਿੱਤਰ ਮਨੁੱਖ ਨੂੰ ਜੀ ਆਇਆਂ ਆਖਦੇ ਹਨ। ਇਹਨਾਂ ਦਰਵਾਜ਼ਿਆਂ ਉੱਪਰ ਜਿਹੜੇ ਚਿੱਤਰ ਉੱਕਰੇ ਗਏ ਹਨ ਉਹ ਸਿਰਫ਼ ਲੱਕੜ ਦੇ ਦਰਵਾਜ਼ਿਆਂ ਉੱਪਰ ਕੀਤੀ ਗਈ ਚਿੱਤਰਕਾਰੀ ਹੀ ਨਹੀਂ ਸਗੋਂ ਆਪਣੇ-ਆਪ ਵਿੱਚ ਕੋਈ ਮੋਟਿਫ਼, ਕੋਈ ਪ੍ਰਤੀਕ ਜਾਂ ਕੋਈ ਮਿੱਥ ਪ੍ਰਤੀਤ ਹੁੰਦੇ ਹਨ।

ਮੋਟਿਫ਼ ਚਿੱਤਰ ਦੀ ਸਰੰਚਨਾ ਵਿੱਚ ਇੱਕ ਆਧਾਰ ਵਜੋਂ ਸਮੋਇਆ ਰਹਿੰਦਾ ਹੈ। ਕਲਾ ਕਿਰਤਾਂ ਜਾ ਰਚਨਾ ਦੇ ਛੋਟੇ ਤੋਂ ਛੋਟੇ ਯੂਨਿਟ ਜਾ ਇਕਾਈ ਨੂੰ ਮੋਟਿਫ਼ ਕਿਹਾ ਜਾਂਦਾ ਹੈ, ਜਿਸ ਨੂੰ ਹੋਰ ਅਗਾਂਹ ਟੁਕੜਿਆਂ ਵਿੱਚ ਨਾ ਵੰਡਿਆ ਜਾ ਸਕਦਾ ਹੋਵੇ। ਕਿਸੇ ਕਲਾ-ਕਿਰਤ ਵਿਚਲੇ ਮੋਟਿਫ਼ ਵਿੱਚ ਕੋਈ ਵਸਤ ਜਾਂ ਵਿਚਾਰ ਦਾ ਪ੍ਰਤੀਰੂਪ ਕਿਸੇ ਸਮਾਨ ਸਥਿਤੀ ਵਿੱਚ ਬਾਰ-ਬਾਰ ਦੁਹਰਾਇਆ ਜਾਂਦਾ ਹੈ।[49]

---

48 **ਪਰਮਜੀਤ. (ਡਾ.)**(2008). *ਪਿੰਡ, ਦਰਵਾਜ਼ੇ ਅਤੇ ਸਭਿਆਚਾਰ*, ਲੋਕ ਗੀਤ ਪ੍ਰਕਾਸ਼ਨ, ਸੈਕਟਰ-34, ਚੰਡੀਗੜ੍ਹ।

49 **Reynold and Seddon**, *Illustrated Dictionary of Art Term*, p.109.

ਲੱਕੜ ਦੇ ਬਣੇ ਇਹਨਾਂ ਦਰਵਾਜ਼ਿਆਂ ਦੇ ਮੱਥੇ ਉਪਰ ਕਈ ਤਰ੍ਹਾਂ ਦੇ ਮੋਟਿਫ਼ ਚਿੱਤਰਤ ਮਿਲਦੇ ਹਨ ਅਤੇ ਇਹਨਾਂ ਵਿੱਚ ਗਣੇਸ਼ ਦਾ ਚਿੱਤਰ ਸਭ ਤੋਂ ਜ਼ਿਆਦਾ ਉਕਰਿਆ ਹੈ। ਗਣ ਤੋਂ ਭਾਵ ਝੁੰਡ, ਇੱਕ ਖ਼ਾਸ ਗਿਣਤੀ; ਈਸ਼ ਤੋਂ ਭਾਵ ਸਰਬ ਸ਼ਕਤੀਮਾਨ, ਸਵਾਮੀ ਤੋਂ ਹੈ। ਗਣੇਸ਼ ਤੋਂ ਭਾਵ ਗੁਣ ਨੂੰ ਜਿੱਤਣ ਵਾਲਾ, ਦੇਵਗਣ ਦਾ ਸਵਾਮੀ ਦੇਵਤਾ।[50] ਮੁਸੀਬਤਾਂ ਔਕੜਾਂ ਤੋਂ ਰੱਖਿਆ ਕਰਨ ਲਈ ਵੀ ਗਣੇਸ਼ ਨੂੰ ਦਰਵਾਜ਼ਿਆਂ ਤੇ ਚਿਤਰਿਆ ਜਾਂਦਾ ਹੈ। ਦਰਵਾਜ਼ਿਆਂ ਉੱਪਰ ਗਣੇਸ਼ ਦਾ ਮੋਟਿਫ਼ ਪੰਜਾਬ ਵਿੱਚ ਹੀ ਨਹੀਂ ਸਗੋਂ ਦੱਖਣੀ ਭਾਰਤ ਵਿੱਚ ਵੀ ਉੱਕਰਿਆ ਜਾਂਦਾ ਹੈ।

ਗੁਰਦੁਆਰਾ ਪੋਥੀਮਾਲਾ ਦੇ ਦਰਵਾਜ਼ੇ ਉੱਪਰਲੀ ਚਿੱਤਰਕਾਰੀ ਗ਼ਜ਼ਬ ਦੀ ਹੈ। ਇਹ ਸਾਰਾ ਲੱਕੜ ਤੇ ਕੀਤਾ ਹੋਇਆ ਕੰਮ ਹੈ। ਦਰਵਾਜ਼ੇ ਦੇ ਮੱਥੇ ਉਪਰ ਸ਼੍ਰੀ ਗਣੇਸ਼ ਜੀ ਦਾ ਚਿੱਤਰ ਬਣਾਇਆ ਗਿਆ ਹੈ। ਗਣੇਸ਼ ਜੀ ਨੂੰ ਬਹੁ-ਭੁਜਾਵਾਂ ਵਿੱਚ ਦਿਖਾਇਆ ਹੈ। ਇਸ ਦੇ ਦੋਹਾਂ ਪਾਸੇ ਫੁੱਲਾਂ ਦਾ ਚਿੱਤਰਨ ਕੀਤਾ ਹੋਇਆ ਹੈ। ਦਰਵਾਜ਼ੇ ਦੇ ਤਖ਼ਤੇ ਅਤੇ ਪੱਲਿਆਂ ਉਪਰ ਜੁਮੈਟਰੀਕਲ ਨਮੂਨੇ, ਮਨੁੱਖੀ ਆਕਾਰ ਨਰਸਿੰਘਾ ਵਜਾਉਂਦੇ ਅਤੇ ਕਲੀਆਂ ਆਦਿ ਦੇ ਨਮੂਨੇ ਮਿਲਦੇ ਹਨ। ਇਹ ਖ਼ਾਨਿਆਂ ਦੇ ਰੂਪ ਵਿੱਚ ਬਣੇ ਹੋਏ ਹਨ। ਚੌਗਾਠਾਂ ਉੱਪਰ ਵੀ ਫੁੱਲ ਤੇ ਵੇਲਾਂ ਦੀ ਕਾਰੀਗਰੀ ਕੀਤੀ ਹੋਈ ਹੈ (ਚਿੱਤਰ 18)। ਦੂਜੀ ਮੰਜ਼ਿਲ ਤੇ ਚਿੱਤਰਤ ਛੋਟੇ ਕਮਰੇ ਦੇ ਦਰਵਾਜੇ ਦੀ ਕਾਰੀਗਰੀ ਵੀ ਮੁੱਖ ਦਰਵਾਜ਼ੇ ਵਾਂਗ ਹੀ ਹੈ (ਚਿੱਤਰ 19)।

ਭਾਵੇਂ ਗੁਰਦੁਆਰਾ ਪੋਥੀਮਾਲਾ ਦੀ ਇਮਾਰਤ ਦੀ ਭਵਨ ਨਿਰਮਾਣਕਾਰੀ ਸਾਦੀ ਹੈ ਪਰ ਫਿਰ ਵੀ ਕਲਾ ਪੱਖੋਂ ਮਹੱਤਵਪੂਰਨ ਹੈ। ਆਰਕੀਓਲੋਜੀਕਲ ਸਰਵੇ ਆਫ਼ ਇੰਡੀਆ ਦੇ ਡਾਇਰੈਕਟਰ ਜਨਰਲ ਨੂੰ ਉਸ ਸਮੇਂ ਦੇ ਮੌਜੂਦਾ ਰਾਜਪਾਲ ਨੇ ਵੀ ਪੱਤਰ ਲਿਖਿਆ ਕਿ 'ਇਹ ਕੀਮਤੀ ਕੰਧ-ਚਿੱਤਰ ਬੇਮੁੱਲੇ ਹੋ ਜਾਣਗੇ ਜੇਕਰ ਇਹਨਾਂ ਨੂੰ ਬਚਾਉਣ ਵਾਸਤੇ ਕੋਈ ਤੁਰੰਤ ਕਾਰਵਾਈ ਨਾ ਕੀਤੀ ਗਈ। ਇਹਨਾਂ ਨੂੰ ਇੱਕ ਰਾਸ਼ਟਰੀ ਸਮਾਰਕ ਚਿੰਨ੍ਹ ਦੇ ਤੌਰ 'ਤੇ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ।' ਗੁਰਦੁਆਰਾ ਪੋਥੀਮਾਲਾ ਦੀ ਇਹ ਇਮਾਰਤ ਜੋ ਸਿੱਖ ਗੁਰੂਆਂ ਅਤੇ ਹਿੰਦੂ ਪੌਰਾਣਿਕ ਵਿਸ਼ਿਆਂ ਉੱਤੇ ਵਿਸ਼ਾਲ ਕੰਧ-ਚਿੱਤਰਾਂ ਨਾਲ ਸਜੀ ਹੋਈ ਹੈ ਪਰੰਤੂ ਅਫਸੋਸ ਹੈ ਕਿ ਅੱਜ ਇਹ ਵਿਰਾਸਤ ਸੰਭਾਲ ਖੁਣੋਂ ਖੰਡਰ ਬਣਦੀ ਜਾ ਰਹੀ ਹੈ।

---

50 **ਨਾਭਾ, ਭਾਈ ਕਾਨ੍ਹ ਸਿੰਘ.** (2006). *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪੰਨਾ-394.

# ਅਧਿਆਇ–ਤੀਜਾ

# ਗੁਰਦੁਆਰਾ ਪੋਥੀਮਾਲਾ ਦੇ ਕੰਧ–ਚਿੱਤਰਾਂ ਦਾ ਵਿਸ਼ਾ–ਵਸਤੂ

ਪੰਜਾਬ ਦੇ ਕੰਧ-ਚਿੱਤਰਾਂ ਦਾ ਖੇਤਰ ਜਾਂ ਵਿਸ਼ਾ-ਵਸਤੂ ਬਹੁਤ ਵਿਸ਼ਾਲ ਅਤੇ ਡੂੰਘੇ ਵਿਸ਼ਲੇਸ਼ਣ ਦਾ ਧਾਰਨੀ ਹੈ। ਇਹ ਕੰਧ-ਚਿੱਤਰ ਪੰਜਾਬ ਦੇ ਇਤਿਹਾਸ ਅਤੇ ਸਭਿਆਚਾਰ ਦਾ ਦਰਪਣ ਹਨ। ਪੰਜਾਬ ਵਿੱਚ ਹੀ ਵੈਦਿਕ ਸੱਭਿਆਚਾਰ ਵਧਿਆ ਫੁੱਲਿਆ। ਰਾਮਾਇਣ, ਮਹਾਂਭਾਰਤ, ਪੁਰਾਣਾਂ ਦੇ ਕਈ ਵਿਸ਼ੇ ਪੰਜਾਬ ਨਾਲ ਸੰਬੰਧਤ ਹਨ। ਇਸੇ ਲਈ ਪੰਜਾਬ ਦੇ ਲਘੂ-ਚਿੱਤਰਾਂ ਅਤੇ ਕੰਧ-ਚਿੱਤਰਾਂ ਵਿੱਚ ਰਾਮਾਇਣ, ਮਹਾਂਭਾਰਤ, ਭਗਵਤਪੁਰਾਣ, ਰਾਗ-ਰਾਗੀਨੀ, ਪ੍ਰੇਮ-ਚਿੱਤਰ ਅਤੇ ਵੈਸ਼ਨਵ ਆਦਿ ਵਿਸ਼ਿਆਂ ਨੂੰ ਬਹੁਤ ਚਿੱਤਰਿਆ ਗਿਆ ਹੈ। ਫਿਰ ਮੁਸਲਮਾਨੀ ਰਾਜ ਸਥਾਪਿਤ ਹੋਣ ਨਾਲ ਵਿਅਕਤੀ ਦੀ ਬਜਾਏ ਸਜਾਵਟੀ ਚਿੱਤਰ ਬਣਾਏ ਜਾਣ ਲੱਗੇ। ਸਿੱਖ ਰਾਜ ਆਉਣ ਨਾਲ ਸਿੱਖ ਗੁਰੂਆਂ, ਸਿੱਖ ਸਰਦਾਰਾਂ ਦੇ ਚਿੱਤਰ ਚਿੱਤਰਨ ਤੇ ਜ਼ੋਰ ਦਿੱਤਾ ਗਿਆ।ਇਸ ਤੋਂ ਬਿਨਾ ਨਾਰੀ ਨਾਲ ਸੰਬੰਧਤ ਵਿਸ਼ਿਆਂ ਵਿੱਚ ਵੀ ਕਾਫ਼ੀ ਰੁਚੀ ਦਿਖਾਈ ਗਈ। ਜ਼ਿਆਦਾਤਰ ਵਿਸ਼ੇ, ਕਲਾਕਾਰਾਂ ਦੀਆਂ ਕਲਾਕ੍ਰਿਤੀਆਂ ਜਾਂ ਉਨ੍ਹਾਂ ਦੀ ਲਲਿਤ ਕਲਾਵਾਂ ਸੰਬੰਧੀ ਜਾਣਕਾਰੀ ਬਾਰੇ ਵਿਆਖਿਆ ਕਰਦੇ ਹਨ। ਇਸੇ ਸੰਦਰਭ ਵਿੱਚ ਫ਼ਿਰੋਜ਼ਪੁਰ ਵਿਖੇ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਆਉਂਦੇ ਹਨ। ਅਸਲ ਵਿੱਚ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਹੋਣ ਕਰਕੇ ਇਹ ਕੰਧ-ਚਿੱਤਰ ਆਮ ਜਨਤਾ ਦੇ ਬਹੁਤ ਨੇੜੇ ਹਨ। ਆਮ ਆਦਮੀ ਲਈ ਕਲਾ ਉਦੋਂ ਤੱਕ ਕੋਈ ਅਰਥ ਨਹੀਂ ਰੱਖਦੀ ਜਦੋਂ ਤੱਕ ਉਹ ਇਸਨੂੰ ਸਮਝ ਨਹੀਂ ਲੈਂਦਾ।[1] ਇੱਥੇ ਜ਼ਿਆਦਾ ਧਾਰਮਿਕ ਵਿਸ਼ੇ ਚਿੱਤਰੇ ਗਏ ਹਨ। ਇਹਨਾਂ ਧਾਰਮਿਕ ਵਿਸ਼ਿਆਂ ਦਾ ਘੇਰਾ ਬਹੁਤ ਵਿਸ਼ਾਲ ਹੈ, ਜਿਨ੍ਹਾਂ ਵਿੱਚ ਹਿੰਦੂ ਅਤੇ ਸਿੱਖ ਵਿਸ਼ਿਆਂ ਨੂੰ ਲਿਆ ਗਿਆ ਹੈ। ਭਗਵਾਨ ਦੀ ਆਕ੍ਰਿਤੀ ਨੂੰ ਚਿਤਰਨ ਲਈ ਜਨਮ ਸਾਖੀਆਂ ਅਤੇ ਮਹਾਂਕਾਵਿ ਆਦਿ ਦਾ ਸਹਾਰਾ ਲਿਆ ਗਿਆ ਹੈ। ਇਸ ਦੀ ਇੱਕ ਸੁੰਦਰ ਉਦਾਹਰਣ ਗੁਰਦੁਆਰਾ ਪੋਥੀਮਾਲਾ ਦੀਆਂ ਕੰਧਾਂ ਤੇ ਚਿੱਤਰਤ ਕੰਧ-ਚਿੱਤਰ ਹਨ।

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦਾ ਵਿਸ਼ਲੇਸ਼ਣ ਕਰਨ ਲਈ ਵਿਸ਼ਿਆਂ ਨੂੰ ਹੇਠ ਲਿਖੇ ਅਨੁਸਾਰ ਲੜੀਬੱਧ ਕੀਤਾ ਗਿਆ ਹੈ।

1. **ਸਿੱਖ ਵਿਸ਼ੇ**

   (1) ਸਿੱਖ ਗੁਰੂਆਂ ਦੇ ਚਿੱਤਰ (ਗਾਥਾਵਾਂ ਤੇ ਸਾਖੀਆਂ)

   (2) ਨਿਹੰਗਾਂ, ਦੁਆਰਪਾਲ ਅਤੇ ਚੋਬਦਾਰਾਂ ਦੇ ਚਿੱਤਰ

---

1 **Coomaraswamy, Ananda**. *Christian and Oriental Philosophy of Art*, p. 90.

(3) ਸਿੱਖ ਸਰਦਾਰਾਂ ਦੇ ਪੋਰਟਰੇਟੱਸ

(4) ਭਗਤਾਂ ਦੇ ਚਿੱਤਰ

2. **ਹਿੰਦੂ ਵਿਸ਼ੇ**

(1) ਹਿੰਦੂ ਦੇਵੀ ਦੇਵਤੇ ਅਤੇ ਅਵਤਾਰਾਂ ਦੇ ਚਿੱਤਰ

3. **ਨਾਰੀ ਚਿੱਤਰਣ**

4. **ਪ੍ਰੀਤ ਗਾਥਾਵਾਂ**

ਉਪਰੋਕਤ ਸਰਵੇਖਣ ਤੋਂ ਸਾਨੂੰ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿਤਰਾਂ ਦੇ ਵਿਸ਼ਿਆਂ ਸਬੰਧੀ ਇੱਕ ਸੰਖੇਪ ਜਿਹੀ ਜਾਣਕਾਰੀ ਮਿਲ ਜਾਂਦੀ ਹੈ ਪਰੰਤੂ ਇਹਨਾਂ ਦਾ ਕੇਵਲ ਇਸ ਪੱਖ ਤੋਂ ਹੀ ਨਹੀਂ ਕਿ ਇਹ ਕਿੱਥੇ ਬਣੇ ਹੋਏ ਹਨ, ਬਲਕਿ ਪੂਰਨ ਤੌਰ 'ਤੇ ਕੀ ਚਿੱਤਰਿਆ ਹੈ, ਬਾਰੇ ਡੂੰਘਾ ਅਧਿਐਨ ਬਹੁਤ ਜ਼ਰੂਰੀ ਹੈ।

1. **ਸਿੱਖ ਵਿਸ਼ੇ** :ਸਿੱਖ ਵਿਸ਼ਿਆਂ ਵਿੱਚ ਜਿਨ੍ਹਾਂ ਵਿੱਚ ਦਸਾਂ ਗੁਰੂਆਂ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਦੇ ਸਿੱਧ ਨਾਥਾਂ ਨਾਲ ਗੋਸ਼ਟ ਦੇ ਦ੍ਰਿਸ਼, ਆਪਣੇ ਪੁੱਤਰਾਂ ਨਾਲ ਗੋਸ਼ਟ ਦਾ ਦ੍ਰਿਸ਼, ਸਿੱਖ ਵਿਸ਼ਿਆਂ ਵਿੱਚ ਸਿੱਖ ਗੁਰੂਆਂ, ਗੁਰਪੁੱਤਰਾਂ ਜਾਂ ਸਾਹਿਬਜ਼ਾਦਿਆਂ ਦੇ ਚਿੱਤਰ, ਦੋ ਚਿੱਤਰ ਪ੍ਰਿਥੀਚੰਦ ਅਤੇ ਮਹਾਂਦੇਵ ਦੇ, ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ, ਸਿੱਖ ਗੁਰੂਆਂ ਨਾਲ ਜੁੜੀਆਂ ਸਾਖੀਆਂ ਜਿਵੇਂ ਮਾਤਾ ਗੰਗਾ ਜੀ ਦਾ ਬਾਬਾ ਬੁੱਢਾ ਜੀ ਤੋਂ ਵਰ ਪ੍ਰਾਪਤੀ ਦੀ ਸਾਖੀ, ਨਿਹੰਗਾਂ ਦੇ ਸੁਤੰਤਰ ਦ੍ਰਿਸ਼ ਚਿੱਤਰ ਆਦਿ ਵੀ ਚਿੱਤਰੇ ਗਏ ਹਨ। ਸਿੱਖ ਸਰਦਾਰਾਂ ਦੇ ਚਿੱਤਰ ਜਿਨ੍ਹਾਂ ਵਿੱਚ, ਸ਼ਾਮ ਸਿੰਘ ਅਟਾਰੀਵਾਲਾ, ਲਹਿਣਾ ਸਿੰਘ, ਨੌਨਿਹਾਲ ਸਿੰਘ, ਖੜਕ ਸਿੰਘ, ਸੰਧਾਵਾਲੀਆ ਸਰਦਾਰਾਂ ਨੂੰ ਚਿੱਤਰਿਆ ਗਿਆ ਹੈ। ਆਖ਼ਿਰ ਵਿੱਚ ਸਿੱਖ ਗੁਰੂਆਂ ਅਤੇ ਸਾਹਿਬਜ਼ਾਦਿਆਂ ਅਤੇ ਸਿੱਖ ਧਾਰਮਿਕ ਘਟਨਾਵਾਂ ਦਾ ਚਿੱਤਰਨ ਆਉਂਦਾ ਹੈ। ਭਗਤਾਂ ਦੇ ਚਿੱਤਰ ਵੀ ਬਣਾਏ ਗਏ ਹਨ।

ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿੱਖ ਧਾਰਮਿਕ ਅਤੇ ਸਮਾਜਿਕ ਚਿੱਤਰਾਂ ਨੂੰ ਬਹੁਤ ਵੱਡਾ ਸਥਾਨ ਹਾਸਲ ਹੋਇਆ ਹੈ। ਸਿੱਖਾਂ ਦੇ ਪਹਿਲੇ ਅਤੇ ਦਸਵੇਂ ਗੁਰੂ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਕੰਧ-ਚਿੱਤਰ ਤਕਰੀਬਨ ਹਰ ਇਮਾਰਤ ਦਾ ਸ਼ਿੰਗਾਰ ਬਣੇ ਹਨ। ਇਹਨਾਂ ਦੀ ਪ੍ਰਸਿੱਧੀ ਸਿੱਖਾਂ ਦੇ ਰਾਸ਼ਟਰੀ ਸੰਤਾਂ ਦੇ ਰੂਪ ਵਿੱਚ ਹੋਈ।[2]

---

2 **Ganguli., O.C**. *The Sikh School of Painting*, Indian Art souvenir, p. 8.

ਜੇਕਰ ਇੱਕ ਪ੍ਰਮਾਣਿਕ ਕਥਨ ਬਿਆਨ ਕਰਨਾ ਹੋਵੇ ਤਾਂ ਗੁਰੂ ਨਾਨਕ ਦੇਵ ਜੀ ਦਾ ਕੰਧ-ਚਿੱਤਰ ਸਾਨੂੰ 18ਵੀਂ ਸਦੀ ਦੇ ਅਰੰਭ ਵਿੱਚ ਸਭ ਤੋਂ ਪਹਿਲਾਂ ਭਗਤ ਨਾਮਦੇਵ ਜੀ ਦੇ ਮੰਦਰ, ਘੁਮਾਣ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਨਜ਼ਰ ਆਇਆ।[3] 19ਵੀਂ ਸਦੀ ਦੇ ਕਾਲ ਵਿੱਚ ਗੁਰੂਆਂ ਨਾਲ ਸੰਬੰਧਤ ਕੰਧ-ਚਿੱਤਰ ਬਹੁਤ ਪ੍ਰਚਲਿਤ ਰਿਵਾਇਤ ਅਨੁਸਾਰ ਚਿੱਤਰੇ ਜਾਂਦੇ ਸਨ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਇਸੇ ਲੜੀ ਵਿੱਚ ਆਉਂਦੇ ਹਨ।

ਗੁਰੂ ਨਾਨਕ ਦੇਵ ਜੀ ਨੂੰ ਆਪਣੇ ਸਾਥੀ ਭਾਈ ਮਰਦਾਨਾ ਜੀ ਦੇ ਨਾਲ ਹੀ ਚਿੱਤਰਿਆ ਗਿਆ ਹੈ। ਇਸੇ ਵਿਸ਼ੇ ਦੀ ਖ਼ੂਬਸੂਰਤ ਉਦਾਹਰਣ ਗੁਰਦੁਆਰਾ ਪੋਥੀਮਾਲਾ ਅਤੇ ਅਖਾੜਾ ਬਾਲਾ ਨੰਦ, ਅੰਮ੍ਰਿਤਸਰ ਵਿਖੇ ਦੇਖੀ ਜਾ ਸਕਦੀ ਹੈ। ਸਿੱਧਾਂ ਨਾਲ ਸੰਵਾਦ ਦਾ ਵਿਸ਼ਾ ਜੋ ਕਿ ਬਹੁਤ ਪ੍ਰਚਲਤ ਵਿਸ਼ਾ ਸੀ ਜਿਸ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਅਤੇ ਭਗਤਾਂ ਨਾਲ ਦਿਖਾਇਆ ਹੈ। ਗੋਰਖਪੰਥੀਆਂ ਅਤੇ ਨਾਥ ਯੋਗੀਆਂ ਨਾਲ ਸੰਵਾਦ ਵਾਲੇ ਚਿੱਤਰ ਵਿੱਚ ਗੁਰੂ ਨਾਨਕ ਦੇਵ ਜੀ ਦੀ ਆਕ੍ਰਿਤੀ ਜੋ ਕਿ ਵਿੱਚਕਾਰ ਬਣੀ ਹੋਈ ਹੈ ਅਤੇ ਦੂਜੇ ਨਾਥ ਜੋਗੀਆਂ ਦੇ ਮੁਕਾਬਲੇ ਆਪ ਦੀ ਆਕ੍ਰਿਤੀ ਪ੍ਰਭਾਵਸ਼ਾਲੀ ਹੈ। ਕੰਧ-ਚਿੱਤਰ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਸਿੱਧਾਂ ਦੇ ਪ੍ਰਮੁੱਖ (ਗੋਰਖ ਨਾਥ) ਆਹਮੋ-ਸਾਹਮਣੇ ਬੈਠੇ ਹਨ (ਚਿੱਤਰ 20)। ਇਸ ਸੰਵਾਦ (ਗੋਸ਼ਟ) ਵਿੱਚ ਗੁਰੂ ਜੀ ਗੋਰਖ ਨਾਥ ਵੱਲ ਇਸ਼ਾਰਾ ਕਰ ਰਹੇ ਹਨ। ਇਤਿਹਾਸਕ ਤੌਰ ’ਤੇ ਵੇਖਿਆ ਜਾਵੇ ਤਾਂ ਗੁਰੂ ਸਾਹਿਬ ਦਾ ਸੰਵਾਦ (ਗੋਸ਼ਟ) ਗੋਰਖ-ਮਤਿ ਦੇ ਅਨੁਯਾਈਆਂ ਨਾਲ ਰਿਹਾ ਹੈ।[4] ਗੁਰੂ ਨਾਨਕ ਸਾਹਿਬ ਦੀ ਆਕ੍ਰਿਤੀ ਦੇ ਪਿੱਛੇ ਇੱਕ ਛਾਂਦਾਰ ਦਰੱਖ਼ਤ ਅਤੇ ਗੋਲ ਸਰਾਹਣੇ ਦਾ ਸਹਾਰਾ ਦਿੱਤਾ ਹੋਇਆ ਹੈ। ਭਾਈ ਬਾਲਾ ਜੀ ਮੋਰਪੰਖੀ ਚੌਰ ਕਰ ਰਹੇ ਹਨ। ਬਾਲਾ ਜੀ ਦੇ ਪਿਛੇ ਬਾਲ ਨਾਥ ਜੀ, ਹੇਠਾਂ ਘਰਾਨਾ ਨਾਥ ਜੀ, ਮਰਦਾਨਾ ਜੀ, ਚਰਪਟ ਨਾਥ ਜੀ ਅਤੇ ਮਛੰਦਰ ਨਾਥ ਜੀ ਖੱਬਿਓ ਸੱਜੇ ਪਾਸੇ ਵੱਲ ਬੈਠੇ ਹਨ ਜਦ ਕਿ ਗੁਰੂ ਸਾਹਿਬ ਦੇ ਸਾਹਮਣੇ ਗੋਰਖਨਾਥ ਜੀ ਅਤੇ ਭਰਥਰੀ ਜੀ ਦੀ ਆਕ੍ਰਿਤੀ ਹੈ। ਸੋਢੀ ਮਿਹਰਬਾਨ ਅਨੁਸਾਰ ਗੁਰੂ ਜੀ ਪੂਰਬ ਵੱਲ ਸਫ਼ਰ ਕਰਦੇ ਹੋਏ ਅਹਿਮਦਾਬਾਦ ਤੋਂ ਉਜੈਨ ਆਏ। ਸਾਖੀਕਾਰ ਨੇ ਇੱਥੇ ਗੁਰੂ ਜੀ ਦੀ ਭਰਥਰੀ, ‘ਭਰਥਰੀ ਹਰਿ’ ਤੇ ‘ਭਰਥਰੀ ਰਾਜਾ’ ਦੋ ਨਾਂ ਪ੍ਰਸਿੱਧ ਸਨ, ਪ੍ਰੰਤੂ ਜਿਆਦਾ ਤਰ ਵਿਦਵਾਨਾ ਦੀ ਧਾਰਨਾ ਇਸਨੂੰ ਇੱਕ ਹੀ ਮੰਨਦੀ ਹੈ।

---

3 **Kang., Kanwarjeet Singh. (Dr.)** (1985). *Wall Paintings of Punjab and Haryana*, Atma Ram and Sons, Delhi, Lucknow, p. 77.

4 **ਸਿੰਘ, ਗੁਰਮੇਲ. ਐਮ.ਏ.** (2004). *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ, ਗੁਰਮਤਿ ਟ੍ਰੱਸਟ, ਪਟਿਆਲਾ,ਪੰਨਾ-47.

ਕਿਹਾ ਜਾਂਦਾ ਹੈ ਕਿ ਉਜੈਨ ਦਾ ਰਾਜਾ ਘਰ ਤੋਂ ਉਪਰਾਮ ਹੋ ਕੇ ਜੋਗੀ ਹੋ ਗਿਆ ਸੀ[5], ਅਤੇ 'ਪ੍ਰਾਰਬ੍ਰਹਮ' ਨਾਲ ਗੋਸ਼ਟ ਕਰਵਾਈ ਹੈ। ਅਸਲ ਵਿੱਚ ਜਿਹੜੇ ਵੀ ਸਿੱਖ ਗੁਰੂ ਜੀ ਨਾਲ ਸੰਪਰਕ ਵਿੱਚ ਆਏ ਹਨ, ਉਹ ਆਪਣੇ ਵੱਡੇ-ਵਡੇਰਿਆਂ ਦੇ ਨਾਂ ਹੀ ਵਰਤਦੇ ਹਨ ਜਾਂ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਹੀ ਉਦਾਹਰਣਾ ਦਿੰਦੇ ਹਨ।[6] ਗੋਰਖ ਨਾਥ ਤੋਂ ਬਾਅਦ ਮਛੰਦਰ ਨਾਥ ਹੈ (ਇਹ ਗੋਰਥ ਦਾ ਗੁਰੂ ਸੀ। ਪੌਰਾਣਿਕ-ਰਵਾਇਤ ਅਨੁਸਾਰ ਇਸ ਦਾ ਜਨਮ ਮੱਛੀ ਦੇ ਪੇਟ ਵਿਚੋਂ ਹੋਇਆ ਅਤੇ ਇਸੇ ਲਈ ਇਸਨੂੰ ਮਛੱਦਰ ਨਾਥ ਕਿਹਾ ਜਾਂਦਾ ਹੈ।[7]) ਜਿਸਨੂੰ ਕਿ ਨਾਥ ਮਤ ਦਾ ਮੋਢੀ ਮੰਨਿਆ ਜਾਂਦਾ ਹੈ। ਮਛੰਦਰ ਨਾਥ ਗੁਰੂ ਜੀ ਦਾ ਸਮਕਾਲੀ ਨਹੀਂ ਸੀ। ਗੁਰੂ ਜੀ ਦਾ ਸੰਵਾਦ ਇਹਨਾਂ ਦੇ ਅਨੁਯਾਈਆ ਤੇ ਇਸ ਦੀ ਵਿਚਾਰਧਾਰਾ ਨਾਲ ਹੈ। ਚਿੱਤਰ ਵਿੱਚ ਚਰਪਟ ਨਾਥ, ਜੋ ਮਛੰਦਰ ਨਾਥ ਦਾ ਚੇਲਾ ਅਤੇ ਗੋਰਖਨਾਥ ਦਾ ਗੁਰ ਭਾਈ ਮੰਨਿਆ ਗਿਆ ਹੈ। ਇੱਕ ਗੋਰਖਪੰਥੀ ਯੋਗੀ, ਜਿਸਦੀ ਚਰਚਾ ਗੁਰੂ ਨਾਨਕ ਸਾਹਿਬ ਨਾਲ ਹੋਈ, "ਚਰਪਟ ਬੋਲੈ ਅਉਧੂ ਨਾਮਕ" (ਸਿਧ ਗੋਸ਼ਟਿ)[8], ਨੂੰ ਗੁਰੂ ਜੀ ਵਲ ਇਸ਼ਾਰਾ ਕਰਦੇ ਦਿਖਾਇਆ ਹੈ ਅਤੇ ਦੂਜੇ ਹੱਥ ਵਿੱਚ ਪੋਥੀ ਹੈ। ਗੋਰਖਨਾਥ ਨੂੰ ਵੀ ਪ੍ਰਮੁੱਖ ਆਕ੍ਰਿਤੀ ਵਾਂਗ ਖ਼ਾਸ ਰੂਪ ਵਿੱਚ ਚਿੱਤਰਿਆ ਹੈ ਅਤੇ ਇੱਕ ਪ੍ਰਤਾਪੀ ਤੇ ਤੇਜਸਵੀ ਰੂਪ ਵਿੱਚ ਅੰਕਿਤ ਕੀਤਾ ਹੈ। ਗੋਲ ਤਕੀਏ ਦਾ ਸਹਾਰਾ ਅਤੇ ਹੱਥ ਵਿੱਚ ਸੋਟੀ ਫੜੀ ਹੈ। ਖ਼ਾਸ ਗਲ ਇਹ ਹੈ ਕਿ ਚਿੱਤਰਕਾਰ ਨੇ ਗੁਰੂ ਨਾਨਕ ਦੇਵ ਦੇ ਵਾਂਗ ਗੋਰਖਨਾਥ ਦੇ ਸਿਰ ਪਿੱਛੇ ਵੀ ਪ੍ਰਕਾਸ਼-ਮੰਡਲ ਦਿਖਾਇਆ ਹੈ। ਮਰਦਾਨਾ ਜੀ ਰਬਾਬ ਵਜਾ ਰਹੇ ਹਨ। ਭਰਥਰੀ ਨਾਥ, ਬਾਲਨਾਥ ਜੀ, ਮਛੰਦਰ ਨਾਥ ਜੀ ਅਤੇ ਘਰਾਨਾ ਨਾਥ ਜੀ ਨੂੰ ਸ਼ੇਰ ਦੀ ਖੱਲ ਉਤੇ ਬੈਠੇ ਦਿਖਾਇਆ ਹੈ ਜਦ ਕਿ ਚਰਪਟ ਨਾਥ ਜੀ ਅਤੇ ਇੱਕ ਹੋਰ ਸੇਵਾਦਾਰ ਨੂੰ ਸਾਦੇ ਕਾਲੀਨ ਤੇ ਅਤੇ ਗੋਰਖਨਾਥ ਜੀ ਅਤੇ ਗੁਰੂ ਨਾਨਕ ਦੇਵ ਜੀ ਨੂੰ ਸੁੰਦਰ ਕਾਲੀਨ ਤੇ ਬਿਰਾਜਮਾਨ ਦਿਖਾਇਆ ਹੈ। ਚਿੱਤਰ ਦੀ ਪਿੱਠ-ਭੂਮੀ ਸਾਦੀ ਹੈ। ਇੱਕ ਆਕ੍ਰਿਤੀ ਅਸਮਾਨ ਵਿੱਚ ਉੱਡਦੀ ਦਿਖਾਈ ਦੇ ਰਹੀ ਹੈ। ਸਾਰਿਆਂ ਦੇ ਗਲਾਂ ਵਿੱਚ ਹਾਰ ਅਤੇ ਚੋਗ਼ੇ ਪਹਿਨੇ ਹਨ।

ਕਈ ਵਾਰ ਆਪ ਨੂੰ ਆਪਣੇ ਸਪੁੱਤਰਾਂ ਸ੍ਰੀਚੰਦ ਜੀ ਅਤੇ ਲੱਖਮੀ ਚੰਦ ਜੀ ਨਾਲ ਵੀ ਬੈਠੇ ਦਿਖਾਇਆ ਗਿਆ ਹੈ। ਇਸ ਦੀ ਖ਼ੂਬਸੂਰਤ ਉਦਾਹਰਣ ਪੋਥੀਮਾਲਾ ਵਿਖੇ ਦੇਖੀ ਜਾ

---

5 **ਸਿੰਘ, ਗੁਰਮੇਲ. ਐਮ.ਏ.** (2004). *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਆਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ, ਗੁਰਮਤਿ ਟ੍ਰੱਸਟ, ਪਟਿਆਲਾ, ਪੰਨਾ-48.

6 ਉਹੀ

7 ਉਹੀ, ਪੰਨਾ-49.

8 **ਨਾਭਾ, ਭਾਈ ਕਾਨ੍ਹ ਸਿੰਘ,** (2006), *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪੰਨਾ-457.

ਸਕਦੀ ਹੈ (ਚਿੱਤਰ-21)। ਚਿੱਤਰ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਰਿਵਾਇਤ ਅਨੁਸਾਰ ਵਿਚਕਾਰ ਚਿੱਤਰਿਆ ਹੈ ਅਤੇ ਪਿੱਠਭੂਮੀ ਤੇ ਇੱਕ ਛਾਂਦਾਰ ਦੱਰਖਤ ਹੈ। ਗੁਰੂ ਜੀ ਆਰਾਮ ਨਾਲ ਤਕੀਏ ਦਾ ਸਹਾਰਾ ਲੈ ਕੇ ਬੈਠੇ ਹਨ, ਇੱਕ ਹੱਥ ਵਿੱਚ ਮਾਲਾ ਅਤੇ ਦੂਸਰਾ ਹੱਥ ਵਿਸ਼ਰਾਮ ਦੀ ਅਵਸਥਾ ਵਿੱਚ ਹੇਠਾਂ ਰੱਖਿਆ ਹੋਇਆ ਹੈ। ਸਿਰ ਤੇ ਖ਼ਾਸ ਕਿਸਮ ਦੀ ਟੋਪੀ ਲਈ ਹੋਈ ਹੈ। ਗੁਰੂ ਜੀ ਨੂੰ ਇਸ ਸਰੂਪ ਵਿੱਚ ਕਈਆਂ ਥਾਵਾਂ ਤੇ ਚਿੱਤਰਿਆ ਗਿਆ ਹੈ। ਸਿਰ ਪਿੱਛੇ ਪ੍ਰਕਾਸ਼ ਮੰਡਲ ਹੈ। ਸਾਹਮਣੇ ਆਪਦੇ ਵੱਡੇ ਸਪੁੱਤਰ ਅਤੇ ਉਦਾਸੀ ਮੱਤ ਦੇ ਸੰਸਥਾਪਕ ਬਾਬਾ ਸ੍ਰੀਚੰਦ ਜੀ ਬਿਰਾਜਮਾਨ ਹਨ ਅਤੇ ਹੇਠਾਂ ਸ੍ਰੀ ਲੱਖਮੀ ਚੰਦ ਜੀ ਨੂੰ ਚਿੱਤਰਿਆ ਹੈ। ਹੇਠਲੇ ਪਾਸੇ ਮਰਦਾਨਾ ਜੀ ਅਤੇ ਇੱਕ ਸਿੱਖ, ਜੋ ਕਿ ਪ੍ਰਸਾਦਿ ਲੈ ਕੇ ਆਇਆ ਹੈ, ਨੂੰ ਚਿਤਰਿਆ ਗਿਆ ਹੈ ਅਤੇ ਗੁਰੂ ਸਾਹਿਬ ਦੇ ਪਿਛਲੇ ਪਾਸੇ ਭਾਈ ਬਾਲਾ ਜੀ ਦੀ ਆਕ੍ਰਿਤੀ ਗੁਰੂ ਜੀ ਨੂੰ ਚੌਰ ਕਰ ਰਹੀ ਹੈ। ਸ੍ਰੀਚੰਦ ਜੀ ਉਦਾਸੀ ਮਤ ਦੇ ਧਾਰਨੀ ਹੋਣ ਕਰਕੇ ਉਨ੍ਹਾਂ ਨੇ ਘੱਟ ਹੀ ਵਸਤਰ ਪਹਿਨੇ ਹਨ ਜਦ ਕਿ ਸ੍ਰੀ ਲੱਛਮੀ ਚੰਦ ਜੀ ਨੇ ਖ਼ੂਬਸੂਰਤ ਬਸਤਰ ਅਤੇ ਕੀਮਤੀ ਗਹਿਣੇ ਪਹਿਨੇ ਹਨ। ਚਿੱਤਰ ਵਿੱਚ ਗੁਰੂ ਜੀ ਦੀਆਂ ਖੜਾਵਾਂ ਅਤੇ ਇੱਕ ਪੀੜ੍ਹੀ ਪਈ ਹੈ। ਗੁਰੂ ਜੀ ਨੂੰ ਬਿਰਧ ਅਵਸਥਾ ਵਿੱਚ ਸਫ਼ੇਦ ਭਰਵੇਂ ਦਾਹੜੇ ਨਾਲ ਚਿੱਤਰਿਆ ਗਿਆ ਹੈ।

ਗੁਰੂ ਨਾਨਕ ਦੇਵ ਜੀ ਦੇ ਬਿੰਬ ਨੂੰ ਵੱਖ-ਵੱਖ ਚਿੱਤਰਕਾਰਾਂ ਨੇ ਆਪਣੀ ਕਲਪਨਾ ਅਨੁਸਾਰ ਚਿਤਰਿਆ ਹੈ। ਮੁਸਲਿਮ ਚਿੱਤਰਕਾਰ ਉਨ੍ਹਾਂ ਦਾ ਮੁਸਲਿਮ ਫ਼ਕੀਰਾਂ ਦੇ ਰੂਪ ਵਿੱਚ ਚਿੱਤਰਣ ਕਰਦੇ ਹਨ। ਬਚਪਨ ਤੋਂ ਬਾਅਦ ਦੇ ਸਾਰੇ ਚਿੱਤਰਾਂ ਵਿੱਚ ਬਜ਼ੁਰਗ, ਸਫ਼ੇਦ ਵਾਲਾਂ ਵਾਲੇ, ਭਰਵੇਂ ਦਾਹੜੇ ਵਾਲੇ ਤੇ ਨੇਕ ਦਿੱਖ ਵਾਲੇ ਸਿੱਖ ਦੇ ਰੂਪ ਵਿੱਚ ਚਿੱਤਰਿਆ ਗਿਆ ਹੈ।[9] ਗੁਰੂ ਨਾਨਕ ਦੇਵ ਜੀ ਨੂੰ ਕਿਤੇ ਦਸਤਾਰ ਤੇ ਕਿਤੇ ਸੇਲੀ ਟੋਪੀ ਪਹਿਨੇ ਚਿੱਤਰਿਆ ਗਿਆ ਹੈ। ਦਸਤਾਰ ਦਾ ਰੰਗ ਜ਼ਿਆਦਾਤਰ ਸਫ਼ੇਦ ਹੀ ਹੁੰਦਾ ਹੈ ਪਰ ਕਿਤੇ ਕੇਸਰੀ ਰੰਗ ਦੀ ਦਸਤਾਰ ਅਤੇ ਕੇਸਰੀ ਚੋਲਾ ਪਹਿਨਿਆ ਵੀ ਚਿੱਤਰਿਆ ਹੈ। ਚਿੱਤਰਕਾਰਾਂ ਨੇ ਚਿੱਟੇ ਵਸਤਰਾਂ ਦੀ ਚਿੰਨ੍ਹਵਾਦੀ ਵਰਤੋਂ ਦੇ ਸੰਦਰਭ ਵਿੱਚ ਗੁਰੂ ਨਾਨਕ ਸਾਹਿਬ ਦੀ ਅਧਿਆਤਮਕ ਸਮਰੂਪਤਾ ਦਾ ਪ੍ਰਗਟਾਵਾ ਕੀਤਾ ਹੈ। ਰੂਹਾਨੀਅਤ ਨੂੰ ਪ੍ਰਗਟ ਕਰਨ ਲਈ ਸਿਰ ਦੇ ਦੁਆਲੇ ਪ੍ਰਕਾਸ਼-ਪੁੰਜ ਦਿਖਾਇਆ ਗਿਆ ਹੈ, ਜਿਹੜਾ ਕਿ ਕੈਥੋਲਿਕ ਦੇਵ-ਮੂਰਤੀ ਕਲਾ ਦੇ ਅਸਰ ਹੇਠ ਭਾਰਤੀ

---

9 **ਪੋਤਾਬੈਨਕੋ, ਸ. ਇ.** *ਭਾਰਤੀ ਚਿੱਤਰਕਲਾ ਵਿੱਚ ਗੁਰੂ ਨਾਨਕ ਦਾ ਬਿੰਬ, ਗੁਰੂ ਨਾਨਕ,* ਪੰਨਾ-159.

ਚਿੱਤਰਕਲਾ ਵਿੱਚ ਆਇਆ। ਕੰਧ-ਚਿੱਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੇ ਬਿੰਬ ਨੂੰ ਇੰਝ ਪੇਸ਼ ਕੀਤਾ ਜਾਂਦਾ ਹੈ ਕਿ ਉਹ ਉਨ੍ਹਾਂ ਦੀ ਦੈਵੀ ਹਸਤੀ ਦੀ ਸਾਖੀ ਹੋਵੇ। ਗੁਰੂ ਨਾਨਕ ਦੇਵ ਜੀ ਦੀ ਆਤਮਿਕ ਸਰਵ ਸ਼ਕਤੀਮਾਨ ਅਤੇ ਦੈਵੀ ਪ੍ਰਭਾਵ ਨੂੰ ਦਰਸਾਉਣ ਲਈ ਉਨ੍ਹਾਂ ਦੇ ਚਿਹਰੇ ਦਾ ਤਿੰਨ ਚੌਥਾਈ ਚਿੱਤਰਣ ਕੀਤਾ ਗਿਆ ਹੈ। ਬਾਕੀ ਪਾਤਰ ਨੀਵੇਂ ਸਮਤਲ ਵਿੱਚ ਛੋਟੇ ਚਿੱਤਰਿਤ ਕੀਤੇ ਗਏ ਹਨ। ਚਿੱਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਮਤਲ ਨੂੰ ਬਾਕੀਆਂ ਨਾਲੋਂ ਉੱਚਾ ਰੱਖਿਆ ਹੁੰਦਾ ਹੈ। ਚਿੱਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਅੱਖਾਂ ਕਈ ਵਾਰ ਬੰਦ ਅਤੇ ਕਈ ਵਾਰ ਅੱਧ-ਮੀਟੀਆਂ ਚਿੱਤਰੀਆਂ ਗਈਆਂ ਹਨ, ਜਿਸਦਾ ਅਰਥ ਗੁਰੂ ਸਾਹਿਬ ਦੀ ਦ੍ਰਿਸ਼ਟੀ ਅਦ੍ਰਿਸ਼ਟਮਾਨ ਜਗਤ ਵਿੱਚ ਪੁਜ ਗਈ ਹੈ।

ਦੂਸਰਿਆਂ ਦੇ ਮੁਕਾਬਲੇ ਗੁਰੂ ਨਾਨਕ ਦੇਵ ਜੀ ਦੇ ਬਸਤਰਾਂ ਦੀ ਅਮੀਰੀ ਮਾਲੂਮ ਹੁੰਦੀ ਹੈ। ਕਈਆਂ ਚਿੱਤਰਾਂ ਵਿੱਚ ਅਗਰਭੂਮੀ ਤੇ ਪਿੱਠਭੂਮੀ ਦਾ ਅਹਿਸਾਸ ਬੜੀ ਬਾਰੀਕਬੀਨੀ ਨਾਲ ਚਿਤਰਿਆ ਗਿਆ ਹੈ। ਚਿੱਤਰ ਦੀ ਪਿੱਠਭੂਮੀ ਵਿੱਚ ਹਰੇ-ਭਰੇ ਫਲ ਲੱਦੇ ਦੱਰਖ਼ਤ ਗੁਰੂ ਸਾਹਿਬਾਨ ਦੀ ਆਤਮਿਕ ਅਮੀਰੀ ਵੱਲ ਇਸ਼ਾਰਾ ਕਰਦੇ ਹਨ। ਗੁਰੂ ਨਾਨਕ ਸਾਹਿਬ ਦੇ ਸਿਰ ਉੱਤੇ ਦੱਰਖ਼ਤ ਦਾ ਛਤ੍ਰ ਉਦੋਂ ਹੀ ਨਹੀਂ ਹੁੰਦਾ ਜਦੋਂ ਚਿੱਤਰ ਦਾ ਸੰਯੋਜਨ ਇਸ ਦੀ ਇਜਾਜ਼ਤ ਨਹੀਂ ਦਿੰਦਾ।[10] ਚਿੱਤਰਾਂ ਵਿੱਚ ਹਲਕੇ ਅਤੇ ਗਹਿਰੇ ਰੰਗਾਂ ਦੇ ਪ੍ਰਯੋਗ ਨਾਲ ਵਸਤਾਂ ਵਿੱਚ ਤ੍ਰੈ ਆਯਾਮ (*Three dimentions*) ਤੇ ਸਥਾਨ ਦੀ ਦੂਰੀ ਦਾ ਆਭਾਸ ਕਰਵਾਉਣ ਲਈ ਇੱਕ ਵਿਸ਼ੇਸ਼ ਵਿਧੀ ਏਰੀਅਲ ਪ੍ਰਸਪੈਕਟਿਵ *(Arial Perpective)* ਵਰਤੀ ਹੈ। ਇਸ ਵਿਧੀ ਵਿੱਚ ਪ੍ਰਕਿਰਤਕ ਦ੍ਰਿਸ਼ਾਂ ਦੇ ਅੱਗੇ ਦੱਰਖ਼ਤਾਂ ਵਿੱਚ ਗਹਿਰਾ ਰੰਗ ਭਰ ਕੇ ਬਾਕੀ ਉਸਦੇ ਪਿਛੇ ਵਾਲੇ ਦਰੱਖ਼ਤਾਂ ਵਿੱਚ ਹਲਕੇ ਰੰਗ ਭਰ ਕੇ ਦਰੱਖ਼ਤਾਂ ਦੀ ਆਪਸੀ ਦੂਰੀ ਨੂੰ ਬੜੀ ਸਰਲਤਾ ਨਾਲ ਚਿੱਤਰਿਤ ਕੀਤਾ ਹੈ। ਅਕਾਸ਼ ਵਿੱਚ ਉੱਡਦੇ ਪੰਛੀ, ਦਰੱਖ਼ਤ ਉਤੇ ਬੈਠੇ ਪੰਛੀਆਂ ਦੀ ਦਸ਼ਾ ਤੇ ਦਿਸ਼ਾ ਚਿੱਤਰ ਵਿਚਲੀਆਂ ਭਾਵਨਾਵਾਂ ਨੂੰ ਹੋਰ ਵੀ ਉਭਾਰਨ ਵਿੱਚ ਮਦਦ ਕਰਦੀ ਹੈ। ਲਘੂਤਾ-ਆਕਰਸ਼ਣ ਦੀ ਜੁਗਤ ਨਾਲ ਕਈ ਵਾਰ ਗੁਰੂ ਸਾਹਿਬ ਪਰਾਸੰਸਾਰੀ ਹੋ ਨਿਬੜਦੇ ਹਨ।[11]

---

10 **Hans, Surjit S. (ed.),** (1987). *B-40, Janam Sakhi Guru Bana Nanak Painting*, Guru Nanak Dev University, Amritsar, p. 15.

11 **ਭੁੱਲਰ, ਜਸਵਿੰਦਰ ਸਿੰਘ.** (1991). *ਕੰਧ-ਚਿੱਤਰਾਂ ਵਿੱਚ ਗੁਰੂ ਨਾਨਕ ਦੀ ਆਕ੍ਰਿਤੀ,* ਸਮਦਰਸ਼ੀ, ਅਕਤੂਬਰ-ਦਸੰਬਰ 1991, ਪੰਨਾ-4.

ਸਮੁੱਚੇ ਚਿੱਤਰਾਂ ਨੂੰ ਵਾਚਣ ਉਪਰੰਤ ਅਸੀਂ ਗੁਰੂ ਨਾਨਕ ਦੇ ਬਿੰਬ ਨੂੰ ਦੋ ਕਿਸਮਾਂ ਵਿੱਚ ਵੰਡ ਸਕਦੇ ਹਾਂ। ਪਹਿਲੀ ਕਿਸਮ ਦਾ ਬਿੰਬ ਪਰੰਪਰਾਗਤ ਅੰਦਾਜ਼ ਵਿੱਚ ਚਿੱਤਰਿਆ ਗਿਆ ਹੈ, ਜੋ ਕਿ ਇੱਕ ਤਰ੍ਹਾਂ ਦੀ ਦੇਵ ਸ਼ਕਤੀ ਦੇ ਸਮਾਨ ਹੈ, ਜਿਹੜਾ ਲੋਕਾਂ ਦੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਨੂੰ ਧਿਆਨ 'ਚ ਰੱਖਦੇ ਚਿੱਤਰਿਆ ਗਿਆ ਹੈ। ਇਹਨਾਂ ਚਿੱਤਰਾਂ ਵਿੱਚ ਦੈਵੀ ਗੁਣਾਂ ਨੂੰ ਉਭਾਰਿਆ ਗਿਆ ਹੈ। ਉਨ੍ਹਾਂ ਦੀ ਬਾਣੀ ਪੜ੍ਹਨ ਉਪਰੰਤ ਉਨ੍ਹਾਂ ਦੇ ਜੀਵਨ ਅਤੇ ਉਦੇਸ਼ਾਂ ਉੱਤੇ ਵਿਚਾਰ ਕਰਕੇ ਸਾਡੇ ਸਾਹਮਣੇ ਇੱਕ ਅਗੰਮੀ ਸ਼ਖ਼ਸੀਅਤ ਉੱਭਰ ਜਾਂਦੀ ਹੈ, ਜੋ ਗੌਰਵਤਾ, ਅਥਾਹ ਪਿਆਰ, ਆਂਤਮਿਕ ਚਾਨਣ, ਨਿਮਰਤਾ, ਮਿੱਠਤ, ਸਦਭਾਵਨਾ, ਦ੍ਰਿੜ੍ਹਤਾ, ਅਕਹਿ ਸੁਹਜ ਅਤੇ ਸੱਚਾਈ ਵਰਗੇ ਉੱਤਮ ਗੁਣਾਂ ਦਾ ਨਿਚੋੜ ਹੈ। ਇਸ ਕਿਸਮ ਦੇ ਚਿੱਤਰਾਂ ਦਾ ਵਿਸ਼ਾ ਵਸਤੂ ਆਮ ਤੌਰ ਤੇ ਨਿਸ਼ਚਿਤ ਧਾਰਮਿਕ ਕਾਨੂੰਨਾਂ ਤਹਿਤ ਜਨਮਸਾਖੀਆਂ ਵਿੱਚੋਂ ਲਏ ਗਏ ਹੁੰਦੇ ਹਨ। ਉਨ੍ਹਾਂ ਮੁਤਾਬਕ ਗੁਰੂ ਸਾਹਿਬ ਨੂੰ ਇਕਲਿਆਂ ਜਾਂ ਆਪਣੇ ਪ੍ਰਮਾਣਿਕ ਪਾਂਧੀਆਂ ਬਾਲੇ, ਮਰਦਾਨੇ ਅਤੇ ਬਾਕੀ ਗੁਰੂ ਸਾਹਿਬਾਨ ਨਾਲ ਚਿੱਤਰਿਆ ਹੈ। ਦੂਜੀ ਕਿਸਮ ਦੇ ਚਿੱਤਰ ਪੇਸ਼ੇਵਾਰ ਚਿੱਤਰਕਾਰਾਂ ਦੇ ਚਿੱਤਰ ਗਿਣੇ ਗਏ ਹਨ ਜਿਹੜੇ ਗੁਰੂ ਨਾਨਕ ਦਾ ਰਚਨਾਤਮਕ, ਗ਼ੈਰ ਰਸਮੀ ਚਿੱਤਰ ਸਿਰਜਣ ਦਾ ਨਿਸ਼ਾਨਾ ਸਾਹਮਣੇ ਰੱਖਦੇ ਹੋਏ ਚਿੱਤਰਣ ਕਰਦੇ ਹਨ। ਇਹੋ ਜਿਹੇ ਚਿੱਤਰ ਨੂੰ ਇਤਿਹਾਸਕ ਕਿਸਮ ਵਿੱਚ ਰੱਖਿਆ ਜਾ ਸਕਦਾ ਹੈ। ਇਹਨਾਂ ਚਿੱਤਰਾਂ ਦੇ ਚਿੱਤਰਣ ਦਾ ਮਕਸਦ ਸਿਰਫ਼ ਕੰਧਾਂ ਨੂੰ ਸਜਾਉਣ ਤੱਕ ਹੀ ਸੀਮਿਤ ਨਹੀਂ ਸੀ ਬਲਕਿ ਇਹਨਾਂ ਰਾਹੀਂ ਕਲਾਤਮਿਕ, ਇਤਿਹਾਸਕ, ਸਭਿਆਚਾਰਕ, ਧਾਰਮਿਕ ਅਤੇ ਸਾਹਿਤਕ ਵਿਰਸੇ ਨੂੰ ਦਰਸ਼ਕਾਂ ਸਾਹਮਣੇ ਇੱਕ ਤਸਵੀਰੀ ਕਿਤਾਬ ਵਾਂਗ ਪੇਸ਼ ਕਰਨਾ ਹੁੰਦਾ ਸੀ। ਦਰਸ਼ਕਾਂ ਦੀ ਸਹੂਲਤ ਵਾਸਤੇ ਚਿੱਤਰਾਂ ਨੂੰ ਸਮਝਣ ਅਤੇ ਘਟਨਾਵਾਂ ਦੀ ਸਪੱਸ਼ਟਤਾ ਲਈ ਸਾਖੀਆਂ ਦਾ ਵੇਰਵਾ ਵੀ ਚਿੱਤਰਾਂ ਉਤੇ ਗੁਰਮੁੱਖੀ ਵਿੱਚ ਲਿਖਿਆ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਧਾਰਮਿਕ ਲੋਕ-ਨਾਇਕ ਵਜੋਂ ਵੀ ਉੱਭਰੇ। ਚਿੱਤਰਕਾਰਾਂ ਨੇ ਇਸ ਲੋਕ-ਨਾਇਕ ਦੇ ਜੀਵਨ ਤੇ ਦਰਸ਼ਨ ਨੂੰ ਸਾਖੀ-ਚਿੱਤਰਾਂ ਰਾਹੀਂ ਲੋਕ ਮਨਾਂ ਤੱਕ ਪਹੁੰਚਾਉਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਚਿੱਤਰਾਂ ਦੇ ਅਧਿਐਨ ਤੋਂ ਇਹ ਗੱਲ ਨਿਸ਼ਚੇ ਪੂਰਵਕ ਕਹੀ ਜਾ ਸਕਦੀ ਹੈ ਕਿ ਚਿੱਤਰਕਾਰਾਂ ਨੇ ਜਨਮਸਾਖੀਆਂ ਗੁਰੂ ਸ਼ਬਦ ਪੜ੍ਹਕੇ, ਉਨ੍ਹਾਂ ਦੀ ਵਿਆਖਿਆ ਲਈ ਹੀ ਪਾਤਰਾਂ ਦੀ ਨੂੰ ਚਿੱਤਰਤ ਕੀਤਾ। ਉਨ੍ਹਾਂ ਪਾਸੋਂ ਮਨ ਇੱਛਿਤ ਭੂਮਿਕਾਵਾਂ ਕਰਵਾ ਕੇ ਮਨ ਚਾਹੇ ਅਰਥ ਸਿਰਜਣ ਦੀ ਕੋਸ਼ਿਸ਼ ਕੀਤੀ ਹੈ, ਉਹ ਅਰਥ ਜੋ

ਗੁਰਮਤਿ ਦੇ ਸਿਧਾਂਤਾਂ ਨੂੰ ਸਪੱਸ਼ਟ ਕਰਦੇ ਹੋਣ। ਜਸਵਿੰਦਰ ਸਿੰਘ ਭੁੱਲਰ ਨੇ ਆਪਣੇ ਖੋਜ ਪ੍ਰਬੰਧ ਵਿੱਚ ਗੁਰੂ ਨਾਨਕ ਸਾਹਿਬ ਨਾਲ ਸਬੰਧਿਤ ਜ਼ਿਆਦਾਤਰ ਸਾਖੀਆਂ ਮਿੱਥਾਂ 'ਤੇ ਆਧਾਰਤ ਦੱਸੀਆਂ ਹਨ।[12] ਮਿੱਥਾਂ ਵਿੱਚ ਇੱਕ ਦੈਵੀ ਪ੍ਰਧਾਨ ਪਾਤਰ ਹੁੰਦਾ ਹੈ। ਗੁਰੂ ਨਾਨਕ ਨਾਲ ਸਬੰਧਿਤ ਸਾਖੀਆਂ ਵਿੱਚ ਗੁਰੂ ਨਾਨਕ ਨੂੰ ਇੱਕ ਦੈਵੀ ਪੁਰਸ਼ ਵਜੋਂ ਪੇਸ਼ ਕੀਤਾ ਹੈ। ਕੰਧ-ਚਿੱਤਰ ਤੋਂ ਇਲਾਵਾ ਅਸੀਂ ਹੇਠ ਲਿਖੀਆਂ ਦੋ ਸਚਿੱਤਰ ਹੱਥ ਲਿਖਤ ਜਨਮਸਾਖੀਆਂ ਨੂੰ ਵੀ ਵਿਸ਼ਲੇਸ਼ਣ ਦਾ ਆਧਾਰ ਬਣਾਇਆ ਹੈ, ਕਿਉਂਕਿ ਦੋਵੇਂ ਸਾਖੀਆਂ ਅਸਾਨੀ ਨਾਲ ਉਪਲੱਬਧ ਹੋ ਸਕੀਆਂ ਹਨ।

ਬੀ-40 ਜਨਮਸਾਖੀ ਗੁਰੂ ਨਾਨਕ ਇਹ ਸਚਿੱਤਰ ਜਨਮਸਾਖੀ ਲੰਦਨ ਦੀ ਇੰਡੀਆ ਆਫਿਸ ਲਾਇਬ੍ਰੇਰੀ ਵਿੱਚ ਪਈ ਹੱਥ ਲਿਖਤ ਖਰੜਾ ਨੰ: ਬੀ-40 ਹੈ। ਜਿਸ ਦਾ ਰਚਨਾ ਕਾਲ 1733 ਈ: ਹੈ। ਇਸਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਬੀ-40 ਜਨਮਸਾਖੀ ਗੁਰੂ ਬਾਬਾ ਨਾਨਕ ਪੇਟਿੰਗਜ਼ ਦੇ ਨਾਂ ਹੇਠ ਪ੍ਰਕਾਸ਼ਿਤ ਵੀ ਕੀਤਾ ਹੈ। ਇਸ ਵਿੱਚ 57 ਉੱਤਮ ਕਲਮੀ ਚਿੱਤਰ ਹਨ। ਇਹਨਾਂ ਚਿੱਤਰਾਂ ਵਿੱਚ ਸੰਸਾਰ ਪਰਾਸੰਸਾਰ ਦੋਹਾਂ ਨੂੰ ਬਾਖੂਬੀ ਚਿੱਤਰਿਆ ਹੈ। ਬੀ-40 ਜਨਮਸਾਖੀ ਦੇ ਚਿੱਤਰ ਨੰ: 5, 6, 7, 8, 9, 10, 11, 12, 13, 14, 15, 16, 17, 18, 19, 20, 22, 23, 24, 25, 27, 51 ਵਿੱਚ ਬਾਬਾ ਨਾਨਕ ਨੂੰ ਕਾਲੀ ਦਾਹੜੀ ਨਾਲ ਜਵਾਨੀ ਦੀ ਅਵਸਥਾ ਵਿੱਚ ਚਿੱਤਰਿਆ ਹੈ ਜਦਕਿ 26, 30, 31, 32, 33, 34, 35, 36, 40, 41, 42, 43, 44, 45, 46, 49, 50, 52, 53, 54, 55, 56, 57 ਵਿੱਚ ਸਫ਼ੇਦ ਦਾਹੜੀ ਸਹਿਤ ਇੱਕ ਬਜ਼ੁਰਗ ਦੇ ਰੂਪ ਵਿੱਚ ਚਿੱਤਰਿਆ ਹੈ। ਚਿੱਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਬੈਠਣ ਦੀ ਮੁਦਰਾ ਜ਼ਿਆਦਾਤਰ ਸੱਜੇ ਪਾਸੇ ਹੈ। ਉਨ੍ਹਾਂ ਨੂੰ ਸੱਜੇ ਪਾਸਿਉ ਹੀ ਦੂਸਰੇ ਪਾਤਰਾਂ ਨਾਲ ਸੰਬੋਧਿਤ ਹੋ ਰਹੇ ਚਿੱਤਰਿਆ ਗਿਆ ਹੈ। ਇਹਨਾਂ ਵਿੱਚ ਭਰਪੂਰ ਪ੍ਰਕਿਰਤੀ ਚਿੱਤਰਣ ਹੋਇਆ ਹੈ। ਕੋਈ ਵੀ ਚਿੱਤਰ ਦਰੱਖ਼ਤਾਂ, ਫੁੱਲਾਂ ਅਤੇ ਪੰਛੀਆਂ ਤੋਂ ਸੱਖਣਾ ਨਹੀਂ ਹੈ। ਜ਼ਿਆਦਾਤਰ ਚਿੱਤਰਾਂ ਵਿੱਚ ਹਰੇ ਰੰਗ ਦੀ ਵਰਤੋਂ ਬਹੁਤ ਹੋਈ ਹੈ। ਚਿੱਤਰ ਵਿੱਚ ਮਰਦਾਨੇ ਨੇ ਹੱਥ ਵਿੱਚ ਰਬਾਬ ਫੜੀ ਹੋਈ ਹੈ। ਦਰਅਸਲ ਰਬਾਬ ਤੋਂ ਬਗ਼ੈਰ ਮਰਦਾਨੇ ਦੇ ਚਿੱਤਰ ਦਾ ਤਸੱਵੁਰ ਹੀ ਅਧੂਰਾ ਹੈ। ਮਰਦਾਨੇ ਦਾ ਚਿਹਰਾ ਇੱਕ-ਚਸ਼ਮ (*Side Pose*) ਹੀ ਚਿੱਤਰਿਆ ਹੈ।

---

12 **ਭੁੱਲਰ, ਜਸਵਿੰਦਰ ਸਿੰਘ,** (1994) *ਪੰਜਾਬੀ ਦੀ ਲੋਕ ਚਿੱਤਰਕਲਾ ਦਾ ਅਧਿਐਨ*, ਪੀਐੱਚ.ਡੀ. ਥੀਸਿਸ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ-116.

ਜਨਮਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਦੀ[13], ਰਚਨਾ ਕਾਲ 1834 ਬਿਕਰਮੀ (1777 ਈ) ਹੈ ਕੁੱਲ ਨੌਂ ਕਲਮੀ ਚਿੱਤਰ ਸਾਖੀ ਸਾਹਿਤ ਦੇ ਨਾਲ ਕ੍ਰਮਵਾਰ ਪੰਨਾ ਨੰ: 111, 164, 170, 182, 201, 226, 302, 341, 383 ਉੱਪਰ ਚਿੱਤਰਤ ਕੀਤੇ ਗਏ ਹਨ। ਇਹਨਾਂ ਚਿੱਤਰਾਂ ਦਾ ਸਾਇਜ 3'×4" ਹੈ। ਇਸ ਵਿੱਚ ਮਿਥਿਹਾਸਕ ਦ੍ਰਿਸ਼ ਵੀ ਚਿਤਰੇ ਗਏ ਹਨ। ਚਿੱਤਰਾਂ ਤੇ ਪਹਾੜੀ ਸ਼ੈਲੀ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਇਹਨਾਂ ਸਾਰੇ ਚਿੱਤਰਾਂ ਵਿੱਚ ਗੁਰੂ ਨਾਨਕ ਸਾਹਿਬ ਸੱਜੇ ਪਾਸਿਓ ਹੀ ਦੂਸਰਿਆਂ ਨੂੰ ਮੁਖ਼ਾਤਿਬ ਹੋ ਰਹੇ ਹਨ। ਗੁਰੂ ਨਾਨਕ ਤੇ ਸ਼ਿਵ ਜੀ ਤੋਂ ਇਲਾਵਾ ਬਾਕੀ ਸਾਰੀਆਂ ਆਕ੍ਰਿਤੀਆਂ ਇੱਕ ਤਰਫ਼ਾ ਹੀ ਚਿੱਤਰੀਆ ਗਈਆਂ ਹਨ। ਹਰ ਚਿੱਤਰ ਵਿੱਚ ਸਿਰਫ਼ ਆਕ੍ਰਿਤੀਆਂ ਵੱਲ ਧਿਆਨ ਦਿੱਤਾ ਗਿਆ ਹੈ। ਪਿੱਠ-ਭੂਮੀ ਵਿੱਚ ਪ੍ਰਕਿਰਤੀ ਜਾਂ ਕੋਈ ਭਵਨ ਆਦਿ ਦਾ ਚਿਤਰਣ ਨਹੀਂ ਹੋਇਆ। ਚਿੱਤਰਾਂ ਵਿੱਚਲੇ ਰੰਗ ਜ਼ਿਆਦਾ ਸ਼ੋਖ਼ ਹਨ।

ਸਿੱਖ ਗੁਰੂਆਂ ਨਾਲ ਸੰਬੰਧਿਤ ਪੰਜਾਬ ਦੇ ਕੰਧ-ਚਿੱਤਰਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਤੋਂ ਬਾਅਦ, ਚਿੱਤਰਾਂ ਦੀ ਗਿਣਤੀ ਅਨੁਸਾਰ, ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਚਿੱਤਰ ਬਾਕੀ ਗੁਰੂਆਂ ਨਾਲੋਂ ਵਧ ਉਲੀਕੇ ਮਿਲਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੂੰ ਚਿੱਤਰਾਂ ਵਿੱਚ ਅਕਸਰ ਘੋੜੇ ਤੇ ਸਵਾਰ ਚਿੱਤਰਿਆ ਗਿਆ ਹੈ। ਘੋੜੇ ਦੇ ਨਾਲ-ਨਾਲ ਪੰਜ ਸਿੰਘ ਪੈਦਲ ਹੁੰਦੇ ਹਨ ਜੋ ਸੇਵਾਦਾਰ ਆਖੇ ਜਾਂਦੇ ਹਨ। ਕਈ ਵਾਰ ਇਹ ਪੰਜ ਸਿੰਘ ਪੰਜ ਪਿਆਰੇ ਵੀ ਹੁੰਦੇ ਹਨ। ਇੱਕ ਸ਼ਿਕਾਰੀ ਕਿਸਮ ਦਾ ਛੋਟਾ ਕੁੱਤਾ ਵੀ ਘੋੜੇ ਦੇ ਨਾਲ-ਨਾਲ ਤੁਰਿਆ ਜਾਂਦਾ ਦਰਸਾਇਆ ਜਾਂਦਾ ਹੈ, ਜੋ ਚਿੱਤਰ ਦੀ ਰੌਣਕ ਵਧਾਉਂਦਾ ਹੈ। ਅਜਿਹੇ ਸੰਯੋਜਤ ਚਿੱਤਰ ਕਈਆਂ ਗੁਰਦੁਆਰਿਆਂ, ਮੰਦਰਾਂ, ਸਮਾਧਾਂ ਅਤੇ ਅਖਾੜਿਆਂ ਦੀਆਂ ਕੰਧਾਂ ਉਤੇ ਦੇਖੇ ਗਏ ਹਨ। ਪੰਜਾਬ ਦੇ ਕਈ ਇਲਾਕਿਆਂ ਵਿੱਚ ਇਹ ਸੰਯੋਜਨ ਬਹੁਤ ਚਿੱਤਰਿਆ ਗਿਆ ਹੈ। ਬਾਕੀ ਗੁਰੂ ਸਾਹਿਬਾਨ ਨੂੰ ਕੰਧ-ਚਿੱਤਰਾਂ ਵਿੱਚ ਵਧੇਰੇ ਚਿੱਤਰਿਆ ਨਹੀਂ ਦੇਖਿਆ ਗਿਆ, ਪਰੰਤੂ ਗੁਰੂ ਹਰਸਹਾਇ ਵਿਖੇ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਦਸਾਂ ਗੁਰੂ ਸਾਹਿਬਾਨਾਂ ਨੂੰ ਚਿੱਤਰਿਆ ਗਿਆ ਹੈ। ਇੱਕ ਚਿੱਤਰ ਵਿੱਚ ਬਾਬਾ ਬੁੱਢਾ ਜੀ ਨੂੰ ਮਾਤਾ ਗੰਗਾ ਜੀ ਨੂੰ ਆਸ਼ੀਰਵਾਦ ਦਿੰਦੇ ਦਿਖਾਇਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ

---

13 ਇਹ ਜਨਮਸਾਖੀ, ਜਿਸਦਾ ਹੱਥ-ਲਿਖਤ ਖਰੜਾ ਨੰ: 453 ਹੈ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਉਪਲਬੱਧ ਹੈ।

ਕੰਧ-ਚਿੱਤਰ ਕਈਆਂ ਥਾਵਾਂ ਤੇ ਮਿਲਦੇ ਹਨ ਜਿਨ੍ਹਾਂ ਵਿੱਚੋਂ ਗੁਰਦੁਆਰਾ ਪੋਥੀਮਾਲਾ ਵੀ ਇੱਕ ਪ੍ਰਮੁੱਖ ਸਥਾਨ ਹੈ। ਚਿੱਤਰ ਵਿੱਚ ਗੁਰੂ ਸਾਹਿਬ ਨੂੰ ਮੈਦਾਨ-ਏ-ਜੰਗ ਵਿੱਚ ਲੜਦਿਆਂ ਦਿਖਾਇਆ ਗਿਆ ਹੈ (ਚਿੱਤਰ 22)। ਘੋੜੇ ਦੇ ਨਾਲ-ਨਾਲ ਪੰਜ ਸਿੰਘ ਪੈਦਲ ਹਨ ਇੱਕ ਛੋਟਾ ਕੁੱਤਾ ਵੀ ਘੋੜੇ ਦੇ ਨਾਲ-ਨਾਲ ਤੁਰਿਆ ਜਾ ਰਿਹਾ ਹੈ ਜੋ ਚਿੱਤਰ ਦੀ ਰੌਣਕ ਵਧਾਉਂਦਾ ਹੈ। ਕਈਂ ਚਿੱਤਰਾਂ ਵਿੱਚ ਗੁਰੂ ਸਾਹਿਬ ਨੂੰ ਸਾਹਿਬਜ਼ਾਦਿਆਂ ਨਾਲ ਵੀ ਚਿੱਤਰਿਆ ਗਿਆ ਹੈ। ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਦਾ ਦ੍ਰਿਸ਼ ਵੀ ਅਕਸਰ ਚਿੱਤਰਿਆ ਮਿਲਦਾ ਹੈ, ਜਿਵੇਂ ਬਾਬਾ ਬਕਾਲਾ ਅੰਮ੍ਰਿਤਸਰ। ਜ਼ਿਆਦਾਤਰ ਚਿੱਤਰਾਂ ਵਿੱਚ ਗੁਰੂ ਗੋਬਿੰਦ ਸਿੰਘ ਨੂੰ ਘੋੜੇ ਉਤੇ ਸਵਾਰ ਹੀ ਚਿੱਤਰਿਆ ਹੈ। ਘੋੜੇ ਨੂੰ ਅਸਮਾਨੀ ਅਤੇ ਸਫ਼ੇਦ ਰੰਗ ਵਿੱਚ ਵੀ ਚਿੱਤਰਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਨੇ ਸ਼ਾਹੀ ਪੁਸ਼ਾਕ ਪਹਿਨੀ ਹੋਈ ਹੈ ਅਤੇ ਸਿਰ ਤੇ ਕਲਗ਼ੀ ਹੈ। ਗੁਰਦੁਆਰਾ ਪੋਥੀਮਾਲਾ ਦੇ ਕੰਧ ਚਿੱਤਰਾਂ ਦੀ ਖਾਸ ਪ੍ਰਮੁਖਤਾ ਇਹ ਵੀ ਹੈ ਕਿ ਇੱਥੇ ਦਸਾਂ ਗੁਰੂ ਸਾਹਿਬਾਨ ਨੂੰ ਚਿੱਤਰਤ ਕੀਤਾ ਗਿਆ ਸੀ ਪਰੰਤੂ ਇਹਨਾਂ ਵਿੱਚੋ ਜ਼ਿਆਦਾਤਰ ਚਿੱਤਰ ਬਹੁਤ ਖ਼ਰਾਬ ਹੋ ਚੁੱਕੇ ਹਨ। ਇਹਨਾਂ ਚਿੱਤਰਾਂ ਵਿਚੋਂ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ (ਚਿੱਤਰ 23), ਗੁਰੂ ਰਾਮਦਾਸ ਜੀ (ਚਿੱਤਰ 24), ਗੁਰੂ ਹਰਿਗੋਬਿੰਦ ਜੀ (ਚਿੱਤਰ 25) ਦੇ ਚਿੱਤਰਾਂ ਦਾ ਉਪਰਲਾ ਹਿੱਸਾ ਪੂਰੀ ਤਰ੍ਹਾਂ ਖਰਾਬ ਹੋ ਚੁੱਕਾ ਹੈ। ਗੁਰੂ ਹਰਿਰਾਏ ਜੀ (ਚਿੱਤਰ 26), ਗੁਰੂ ਹਰਕ੍ਰਿਸ਼ਨ ਜੀ (ਚਿੱਤਰ 27), ਗੁਰੂ ਤੇਗ਼ ਬਹਾਦਰ ਜੀ (ਚਿੱਤਰ 29), ਗੁਰੂ ਗੋਬਿੰਦ ਸਿੰਘ ਜੀ ਦੇ ਕੁੱਝ ਚਿੱਤਰ ਬਚੇ ਹਨ ਪ੍ਰੰਤੂ ਹਾਲਤ ਬੇਹੱਦ ਤਰਸਯੋਗ ਹੈ।

ਸਿੱਖ ਗੁਰੂਆਂ ਦੇ ਚਿੱਤਰਾਂ ਤੋਂ ਬਾਅਦ ਸਿੱਖ ਸਰਦਾਰਾਂ, ਸ਼ਹੀਦਾਂ ਦੇ ਕੰਧ-ਚਿੱਤਰ ਵੀ ਗੁਰਦੁਆਰਾ ਪੋਥੀਮਾਲਾ ਦੀ ਇਮਾਰਤ ਦੀ ਸ਼ਾਨ ਬਣੇ ਹਨ। ਇਹਨਾਂ ਸ਼ਹੀਦਾਂ ਵਿੱਚ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਜੀਤ ਸਿੰਘ, ਜੁਝਾਰ ਸਿੰਘ, ਫਤਿਹ ਸਿੰਘ, ਜ਼ੋਰਾਵਰ ਸਿੰਘ ਨੂੰ ਚਿੱਤਰਿਆ ਹੈ (ਚਿੱਤਰ 31)। ਚਾਰੋਂ ਸਾਹਿਬਜ਼ਾਦੇ ਗੁਰੂ ਜੀ ਨਾਲ ਘੋੜਿਆਂ ਤੇ ਸਵਾਰ ਚਿੱਤਰੇ ਹਨ। ਹਰੇਕ ਦੇ ਨਾਲ ਇੱਕ ਸੇਵਾਦਾਰ ਵੀ ਹੈ ਜੋ ਕਿ ਚੌਰ ਕਰ ਰਿਹਾ ਹੈ। ਦੋ ਸੇਵਾਦਾਰ ਅੱਗੇ ਅੱਗੇ ਚੱਲ ਰਹੇ ਹਨ ਜਿਨ੍ਹਾਂ ਵਿਚੋਂ ਇੱਕ ਦੇ ਹੱਥ ਵਿੱਚ ਨਿਸ਼ਾਨ ਸਾਹਿਬ ਅਤੇ ਦੂਜੇ ਦੇ ਹੱਥ ਵਿੱਚ ਨੇਜ਼ਾ ਅਤੇ ਬੰਦੂਕ ਫੜੀ ਹੋਈ ਹੈ। ਚਿੱਤਰ ਵਿੱਚ ਤਿੰਨ ਕੁੱਤੇ ਵੀ ਦਿਖਾਏ ਹੋਏ ਹਨ। ਘੋੜਿਆਂ ਅਤੇ ਕੁੱਤਿਆਂ ਦੀ ਰਫ਼ਤਾਰ ਨਾਲ ਚਿੱਤਰ ਵਿੱਚ

ਲੈ-ਭਰਪੂਰ ਵਾਤਾਵਰਨ ਉਤਪੰਨ ਹੋ ਰਿਹਾ ਹੈ। ਚਾਰੋ ਸਾਹਿਬਜ਼ਾਦਿਆਂ ਦੇ ਸਿਰ ਪਿੱਛੇ ਪ੍ਰਕਾਸ਼-ਮੰਡਲ ਬਣਿਆ ਹੋਇਆ ਹੈ। ਸੋਹਣੇ ਬਸਤਰ ਅਤੇ ਗਹਿਣਿਆਂ ਨਾਲ ਖ਼ੁਦ ਨੂੰ ਸ਼ਿੰਗਾਰਿਆ ਹੋਇਆ ਹੈ। ਬਾਕੀ ਸੇਵਾਦਾਰਾਂ ਨੇ ਸਾਦੇ ਬਸਤਰ ਪਹਿਨੇ ਹੋਏ ਹਨ। ਚਿੱਤਰ ਦਾ ਸੰਯੋਜਨ ਬਹੁਤ ਪ੍ਰਭਾਵਸ਼ਾਲੀ ਹੈ। ਇਹ ਚਿੱਤਰ ਦੀ ਤਸਵੀਰ ਲੈਣ ਸਮੇਂ ਤੱਕ ਇਸ ਦੀ ਹਾਲਤ ਕਾਫ਼ੀ ਸਹੀ ਸੀ ਪਰ ਦੋ ਤਿੰਨ ਸਾਲਾਂ ਵਿੱਚ ਹੀ ਇਹ ਚਿੱਤਰ ਬਹੁਤ ਜ਼ਿਆਦਾ ਖ਼ਰਾਬ ਹੋ ਚੁੱਕਾ ਹੈ। ਗੁਰਦੁਆਰਾ ਪੋਥੀਮਾਲਾ ਵਿੱਚ ਸੋਢੀ ਪਰਿਵਾਰ ਦੇ ਮੈਂਬਰਾਂ ਦੀ ਲੜੀ ਨੂੰ ਵੀ ਵਿਸ਼ੇਸ਼ ਤੌਰ 'ਤੇ ਚਿੱਤਰਿਆ ਗਿਆ ਹੈ। ਬਾਕੀ ਦੇ ਕੁੱਝ ਚਿੱਤਰ ਵੀ ਸਾਨੂੰ ਸਿੱਖ ਧਰਮ ਨਾਲ ਮੇਲ ਖਾਂਦੇ ਨਜ਼ਰ ਆਉਂਦੇ ਹਨ।

**ਨਿਹੰਗਾਂ, ਦੁਆਰਪਾਲ ਅਤੇ ਚੋਬਦਾਰਾਂ ਦੇ ਚਿੱਤਰ:**

ਪੰਜਾਬੀ ਵਿੱਚ ਕਿਹਾ ਜਾਣ ਵਾਲਾ ਸ਼ਬਦ ਨਿਹੰਗ ਅਸਲ ਵਿੱਚ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਇਹਨਾਂ ਨੂੰ ਅਕਾਲੀ ਨਿਹੰਗ ਕਰਕੇ ਜਾਣਿਆ ਜਾਂਦਾ ਸੀ। ਇਤਿਹਾਸਕ ਤੌਰ ਤੇ ਇਹਨਾਂ ਦੀ ਵੱਖਰੀ ਪਛਾਣ ਮੰਨੀ ਜਾਂਦੀ ਹੈ। ਨਿਹੰਗ ਸ਼ਬਦ ਦਾ ਅਰਥ ਹੈ ਮੌਤ ਤੋਂ ਨਾ ਡਰਨ ਵਾਲਾ। ਇਹ ਸ਼ਬਦ ਦਾ ਆਰੰਭ ਮੁਗ਼ਲ ਸਮੇਂ ਤੋਂ ਮੰਨਿਆ ਗਿਆ ਹੈ। ਮੁਗ਼ਲ ਇਹਨਾਂ ਨੂੰ ਮਗਰਮੱਛ ਦੀ ਕੌਮ ਮੰਨਦੇ ਸਨ।[14] ਨਿਹੰਗਾਂ ਦੀ ਪਛਾਣ ਅਸਲ ਵਿੱਚ ਕੜਾ, ਕਿਰਪਾਨ, ਦਸਤਾਰ, ਚੱਕਰ, ਕਛਿਹਰਾ ਆਦਿ ਪੰਜ ਪ੍ਰਕਾਰ ਦੇ ਕਕਾਰਾਂ ਤੋਂ ਸਥਾਪਿਤ ਹੁੰਦੀ ਹੈ ਇਸ ਕੌਮ ਨੂੰ ਖ਼ਾਲਸਾ ਕੌਮ ਨਾਲ ਸੰਬੰਧਤ ਕਰਕੇ ਜਾਣਿਆ ਜਾਂਦਾ ਹੈ, ਜਿਸਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ। 19ਵੀਂ ਸਦੀ ਦੇ ਪੰਜਾਬ ਦੇ ਕੰਧ-ਚਿੱਤਰਾਂ ਵਿੱਚ ਨਿਹੰਗ ਇੱਕ ਬਹੁਤ ਮਹੱਤਵਪੂਰਨ ਅਤੇ ਦਿਲਚਸਪ ਵਿਸ਼ਾ ਰਿਹਾ ਹੈ। ਇਹਨਾਂ ਚਿੱਤਰਾਂ ਵਿੱਚ ਨਿਹੰਗਾਂ ਦੇ ਰਹਿਣ ਸਹਿਣ ਅਤੇ ਦਿੱਖ ਨੂੰ ਬਾਖ਼ੂਬੀ ਚਿੱਤਰਿਆ ਹੈ ਜੋ ਕਿ 'ਚੋਬਦਾਰ' ਅਤੇ 'ਦਵਾਰਪਾਲ' ਦੇ ਰੂਪ ਵਿੱਚ ਆਪਣੇ ਹਥਿਆਰਾਂ ਨਾਲ ਲੈਸ ਦਿਖਾਈ ਦੇ ਰਹੇ ਹਨ। ਨਿਹੰਗਾਂ ਨੂੰ ਆਪਣੇ ਰਿਵਾਇਤੀ ਪਹਿਰਾਵੇ ਵਿੱਚ ਪੇਸ਼ ਕੀਤਾ ਗਿਆ ਹੈ।

ਗੁਰਦੁਆਰਾ ਪੋਥੀਮਾਲਾ ਦੇ ਛੋਟੇ ਕਮਰੇ ਵਿੱਚ ਚਿੱਤਰਿਤ ਚਿੱਤਰਾਂ ਦੀ ਵੇਸ਼ਭੂਸ਼ਾ ਤੋਂ ਇਹ ਨਿਹੰਗਾਂ ਦੀ ਸ਼੍ਰੇਣੀ ਵਿੱਚ ਹੀ ਆਉਂਦੇ ਹਨ (ਚਿੱਤਰ 32,33)। ਇਹ ਦੋਵੇਂ ਚਿੱਤਰ ਬਿਲਕੁਲ ਠੀਕ ਹਾਲਤ ਵਿੱਚ ਹਨ ਜਿਸਦਾ ਕਾਰਨ ਇਹ ਹੈ ਕਿ ਚਿੱਤਰ ਗੁਰਦੁਆਰਾ

---

14 **Singh., Khushwant.** (1999). *A History of the Sikh*, Vol. I: 1469-1839 India, Oxford University, Press, p. 215.

ਪੋਥੀਮਾਲਾ ਦੇ ਚਿੱਤਰਤ ਕਮਰੇ ਦੇ ਵਿਚਕਾਰ ਬਣੇ ਛੋਟੇ ਕਮਰੇ ਵਿੱਚ ਬਣੇ ਹੋਏ ਹਨ। ਚਿੱਤਰਾਂ ਨੂੰ ਖ਼ੂਬਸੂਰਤ ਹਾਸ਼ੀਏ ਨਾਲ ਸ਼ਿੰਗਾਰਿਆ ਗਿਆ ਹੈ ਤੇ ਰੰਗ ਚਮਕਦਾਰ ਹਨ। ਪਿੱਠ-ਭੂਮੀ ਸਾਦੀ ਅਤੇ ਰੇਸ਼ਮੀ ਪਰਦਿਆਂ ਨੂੰ ਉਪਰਲੇ ਪਾਸੇ ਟੰਗਿਆ ਹੋਇਆ ਹੈ। ਇਹਨਾਂ ਦੋਹਾਂ ਦੇ ਹੱਥਾਂ ਵਿੱਚ ਚੌਰ ਸਾਹਿਬ ਅਤੇ ਦੂਜੇ ਹੱਥ ਵਿੱਚ ਸਫ਼ੇਦ ਰੰਗ ਦਾ ਕੱਪੜਾ ਫੜਿਆ ਹੋਇਆ ਹੈ ਅਤੇ ਦਸਤਾਰ 'ਤੇ ਕਲਗ਼ੀ ਸਜਾਈ ਹੋਈ ਹੈ। ਦੋਹਾਂ ਨੇ ਲੰਮੇ ਕੁੜਤੇ ਅਤੇ ਕਛਿਹਰਾ ਪਹਿਨਿਆ ਹੋਇਆ ਹੈ। ਦੋਹਾਂ ਨੇ ਗਹਿਣੇ ਪਹਿਨੇ ਹਨ ਜਿਨ੍ਹਾਂ ਵਿੱਚ ਗਲੇ ਵਿੱਚ ਮਾਲਾ, ਹੱਥ ਵਿੱਚ ਕੜਾ, ਬਾਜ਼ੂਬੰਦ, ਕੰਨ ਵਿੱਚ ਵਾਲ਼ੇ ਪਹਿਨੇ ਹੋਏ ਹਨ। ਦੋਹਾਂ ਨਿਹੰਗਾਂ ਨੇ ਕਮਰਕਸੇ ਨਾਲ ਦੋ ਵੱਡੀਆਂ ਕਿਰਪਾਨਾਂ ਨੂੰ ਧਾਰਨ ਕੀਤਾ ਹੋਇਆ ਹੈ। ਇਸ ਤੋਂ ਬਿਨਾਂ ਦੋਹਾਂ ਨੇ ਮੋਢੇ ਤੇ ਕਮਾਨ ਵੀ ਟੰਗਿਆ ਹੋਇਆ ਹੈ। ਨੀਲੇ ਬਾਣੇ ਵਾਲੇ ਨਿਹੰਗ ਨੇ ਕੇਸਰੀ ਰੰਗ ਦੀ ਦਸਤਾਰ ਬੰਨੀ ਹੈ ਅਤੇ ਦਾਹੜੀ ਬੰਨੀ ਹੋਈ ਹੈ ਜਦ ਕਿ ਦੂਜੇ ਨਿਹੰਗ ਨੇ ਲਾਲ ਰੰਗ ਦਾ ਕੁੜਤਾ ਅਤੇ ਨੀਲੇ ਰੰਗ ਦੀ ਦਸਤਾਰ ਪਹਿਨੀ ਹੈ ਅਤੇ ਦਾਹੜੀ ਖੁੱਲ੍ਹੀ ਛੱਡੀ ਹੈ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਇਹ ਦੋਵੇਂ ਚਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਲੇ ਕਮਰੇ ਵਿੱਚ ਚਿੱਤਰੇ ਹਨ, ਜਿਸ ਕਰਕੇ ਦੋਹਾਂ ਨੇ ਪੈਰਾਂ ਵਿੱਚ ਪਵਿੱਤਰ ਗ੍ਰੰਥ ਦੇ ਸਤਿਕਾਰ ਵਜੋਂ ਕੁੱਝ ਵੀ ਪਹਿਨਿਆ ਨਹੀ ਹੋਇਆ। ਇਹਨਾਂ ਦੀ ਇੱਥੇ ਮੌਜੂਦਗੀ ਤੋਂ ਇਹ ਅੰਦਾਜ਼ਾ ਲਾਉਣਾ ਗ਼ਲਤ ਨਹੀਂ ਹੋਵੇਗਾ ਕਿ ਇਹ ਗ੍ਰੰਥੀਆਂ ਦੇ ਚਿੱਤਰ ਹਨ ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿੱਚ ਹਾਜ਼ਰ ਹਨ। ਗੁਰਦੁਆਰਾ ਪੋਥੀਮਾਲਾ ਵਿੱਚ ਇਹਨਾਂ ਦੇ ਚਿੱਤਰਨ ਦੇ ਢੰਗ ਅਤੇ ਜਗ੍ਹਾ ਤੋਂ ਸੁੱਤੇ ਸਿੱਧ ਹੀ ਇਹਨਾਂ ਦੀ ਪਦਵੀ ਬਾਰੇ ਪਤਾ ਚਲ ਜਾਂਦਾ ਹੈ ਅਤੇ ਕਈਆਂ ਦੇ ਉੱਪਰ ਤਾਂ ਚਿੱਤਰਕਾਰ ਵਲੋਂ ਲਿਖਤੀ ਰੂਪ ਵਿੱਚ ਇਹਨਾਂ ਦੇ ਨਾਮ ਵੀ ਅੰਕਿਤ ਕੀਤੇ ਗਏ ਸਨ ਪਰ ਹੁਣ ਇਹ ਨਾਮ ਮਿਟ ਚੁੱਕੇ ਹਨ (ਚਿੱਤਰ 35,36,37,38)। ਜ਼ਿਆਦਾਤਰ ਇਹਨਾਂ ਦਾ ਚਿਤਰਨ ਥੰਮ੍ਹਲਿਆਂ 'ਤੇ ਹੀ ਹੋਇਆ ਹੈ। ਬੜੇ ਹੀ ਚੌਕਸ, ਰੋਹਬਦਾਰ ਅਤੇ ਹਥਿਆਰਬੰਦ ਤਰੀਕੇ ਨਾਲ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਂਦੇ ਹਨ। ਇਹਨਾਂ ਵਿੱਚ ਖ਼ਾਸ ਗੱਲ ਇਹ ਹੈ ਕਿ ਬੇਸ਼ੱਕ ਚਿੱਤਰ ਸਰਦਾਰ ਨਿਹੰਗ ਦਾ ਹੋਵੇ ਜਾਂ ਫਿਰ ਸਿਪਾਹੀ ਦਾ ਦੋਹਾਂ ਚਿੱਤਰਾਂ ਵਿੱਚ ਉਨ੍ਹਾਂ ਦੇ ਰੁਤਬੇ ਤੇ ਪਹਿਚਾਣ ਉਨ੍ਹਾਂ ਦੀ ਵੇਸ਼ਭੂਸ਼ਾ ਤੋਂ ਅਤੇ ਚਿੱਤਰਤ ਸਥਾਨ ਤੋਂ ਪਤਾ ਲੱਗ ਜਾਂਦਾ ਹੈ। ਆਮ ਨਿਹੰਗ ਦੇ ਚਿੱਤਰ ਵਿੱਚ ਉਸਦੇ ਬਸਤਰ ਸਾਦੇ, ਗੋਡਿਆਂ ਤੱਕ ਕੁੜਤਾ, ਕਛਿਹਰਾ, ਕਮਰਕੱਸੇ ਨਾਲ ਕਿਰਪਾਨ ਟੰਗੀ ਹੋਈ ਹੈ ਹੱਥ ਵਿੱਚ ਨੇਜ਼ਾ ਅਤੇ ਦੂਜੇ

ਹੱਥ ਵਿੱਚ ਭਾਲਾ ਫੜਿਆ ਹੋਇਆ ਹੈ। ਸਿਰ ਤੇ ਉੱਚੀ ਪੱਗ ਬੰਨ੍ਹੀ ਹੋਈ ਹੈ ਅਤੇ ਚੱਕਰ ਵੀ ਨਜ਼ਰ ਆ ਰਹੇ ਹਨ। ਪਿੱਠ ਭੂਮੀ ਸਾਦੀ ਹੈ। ਉਪਰਲੇ ਪਾਸੇ ਸਾਦਾ ਪਰਦਾ ਟੰਗਿਆ ਹੋਇਆ ਹੈ।

ਗੁਰਦੁਆਰਾ ਪੋਥੀਮਾਲਾ ਵਿਖੇ ਦੋ ਚੋਬਦਾਰਾਂ ਦੇ ਚਿੱਤਰ ਚਿੱਤਰੇ ਗਏ ਹਨ। ਇਹ ਚਿੱਤਰ ਆਮੋ ਸਾਹਮਣੇ ਬਣੇ ਥੰਮ੍ਹਲਿਆਂ 'ਤੇ ਬਣੇ ਹੋਏ ਹਨ। ਇਹਨਾਂ ਦਾ ਸੁਤੰਤਰ ਚਿੱਤਰਨ ਹੈ। ਇੱਕ ਦੇ ਹੱਥ ਵਿੱਚ ਸਫ਼ੇਦ ਰੰਗ ਦਾ ਪੰਛੀ ਵੀ ਨਜ਼ਰ ਆ ਰਿਹਾ ਹੈ (ਚਿੱਤਰ 37)। ਮੋਢੇ ਤੇ ਕਮਾਨ ਟੰਗੀ ਹੈ। ਤੰਗ ਪਜਾਮਾ ਅਤੇ ਕੁੜਤਾ ਪਹਿਨਿਆ ਕਮਰਕੱਸਾ ਵੀ ਕੀਤਾ ਹੋਇਆ ਹੈ। ਸਿਰ ਤੇ ਪੱਗ ਬੰਨ੍ਹੀ ਹੋਈ ਹੈ। ਇਹ ਚਿੱਤਰ ਦੂਜੇ ਚੋਬਦਾਰ ਦੇ ਚਿੱਤਰ ਨਾਲੋਂ ਕਾਫ਼ੀ ਸਹੀ ਹਾਲਤ ਵਿੱਚ ਹੈ। ਦੂਜੇ ਚਿੱਤਰ ਦੇ ਰੰਗ ਬਹੁਤ ਘਸਮੈਲੇ ਹੋ ਚੁੱਕੇ ਹਨ (ਚਿੱਤਰ 38)। ਧਿਆਨ ਨਾਲ ਦੇਖਣ ਤੇ ਹੀ ਪਤਾ ਚਲਦਾ ਹੈ ਕਿ ਦੋਹਾਂ ਚੋਬਦਾਰਾਂ ਦੀ ਵੇਸ਼ਭੂਸ਼ਾ ਇੱਕੋ ਜਿਹੀ ਹੀ ਹੈ। ਗਹਿਣੇ ਬਸਤਰ ਵੀ ਇੱਕੋ ਜਿਹੇ ਹੀ ਪਹਿਨੇ ਹੋਏ ਹਨ ਤੇ ਚੌਕਸੀ ਨਾਲ ਆਪਣੀ ਡਿਊਟੀ ਨਿਭਾ ਰਹੇ ਹਨ। ਚਿੱਤਰਾਂ 'ਤੇ ਇਹਨਾਂ ਚੋਬਦਾਰਾਂ ਦੇ ਨਾਮ ਵੀ ਅੰਕਿਤ ਕੀਤੇ ਗਏ ਸਨ ਪਰ ਹੁਣ ਇਹ ਮਿਟ ਚੁੱਕੇ ਹਨ।

ਗੁਰਦੂਆਰਾ ਪੋਥੀਮਾਲਾ ਦੇ ਅੰਦਰ ਪ੍ਰਵੇਸ਼ ਹੁੰਦੇ ਹੀ ਸਾਹਮਣੇ ਵਾਲੀ ਕੰਧ ਦੇ ਸੱਜੇ ਪਾਸੇ ਦੋ ਸੇਵਾਦਾਰਾਂ ਦੇ ਚਿੱਤਰ ਹਨ ਅਤੇ ਇਹ ਚਿੱਤਰ ਆਕਾਰ ਵਿੱਚ ਬਾਕੀਆਂ ਨਾਲੋਂ ਵੱਡੇ ਹਨ। ਇਹਨਾਂ ਦੋਹਾਂ ਦੀ ਨਜ਼ਰ ਕਮਰੇ ਦੇ ਅੰਦਰਲੇ ਪਾਸੇ ਵੱਲ ਹੈ (ਚਿੱਤਰ 39,40)। ਖੋਜ ਸੰਬੰਧੀ ਜਦੋਂ ਗੁਰਦੁਆਰਾ ਪੋਥੀਮਾਲਾ ਵਿਖੇ ਜਾ ਕੇ ਦੇਖਿਆ ਗਿਆ ਤਾਂ ਜਿੱਥੇ ਇਹਨਾਂ ਦੋਹਾਂ ਦੁਆਰਪਾਲਾਂ ਨੂੰ ਚਿੱਤਰਿਆ ਹੋਇਆ ਹੈ ਉੱਥੇ ਖਿੜਕੀ ਜਾਂ ਦਰਵਾਜ਼ੇ ਨੂੰ ਇੱਟਾਂ ਦੀ ਕੰਧ ਨਾਲ ਬੰਦ ਕੀਤਾ ਹੋਇਆ ਸੀ ਪਰੰਤੂ ਇਸ ਪਾਸੇ ਵੱਲ ਵੀ ਕੋਈ ਦਰਵਾਜ਼ਾ ਹੁੰਦਾ ਸੀ, ਬਾਰੇ ਪਤਾ ਨਹੀਂ ਲੱਗਾ। ਉੱਥੇ ਮੌਜੂਦ ਸ਼ਕਤੀ ਨਾਮ ਦੇ ਲੜਕੇ, ਜਿਸਨੂੰ ਕਿ ਸਾਡੇ ਨਾਲ ਇਮਾਰਤ ਦਿਖਾਉਣ ਲਈ ਭੇਜਿਆ ਗਿਆ, ਨੇ ਦੱਸਿਆ ਕਿ ਇਸ ਪਾਸੇ ਖਿੜਕੀ ਹੀ ਸੀ ਜੋ ਕਿ ਟੁੱਟ ਚੁੱਕੀ ਸੀ ਅਤੇ ਕਿਸੇ ਕਿਸਮ ਦੀ ਦੁਰਘਟਨਾ ਤੋਂ ਬਚਣ ਲਈ ਇਸਨੂੰ ਬੰਦ ਕਰ ਦਿੱਤਾ ਗਿਆ ਹੈ, ਪਰੰਤੂ ਇਹ ਤੱਥ ਸਹੀ ਨਹੀਂ ਲਗਦਾ ਕਿਉਂਕਿ ਖਿੜਕੀਆਂ 'ਤੇ ਦੁਆਰਪਾਲਾਂ ਦਾ ਕੀ ਕੰਮ ਹੋ ਸਕਦਾ ਹੈ। ਦੋਨਾਂ ਦੇ ਸਿਰ ਤੇ ਪੱਗ ਸਾਦੇ ਢੰਗ ਨਾਲ ਬੰਨ੍ਹੀ ਹੋਈ ਹੈ। ਦੋਹਾਂ ਨੇ ਗਲੇ ਵਿੱਚ ਮਾਲਾ ਹੈ ਅਤੇ ਬਾਜ਼ੂਬੰਦ ਪਹਿਨੇ ਹੋਏ ਹਨ। ਇੱਕ ਦੁਆਰਪਾਲ ਨੇ ਹਰੇ ਰੰਗ ਦਾ

ਕੁੜਤਾ ਅਤੇ ਲਾਲ ਰੰਗ ਦਾ ਤੰਗ ਪਜਾਮਾ ਪਹਿਨਿਆ ਹੈ ਅਤੇ ਦੂਸਰੇ ਨੇ ਲਾਲ ਰੰਗ ਦਾ ਕੁੜਤਾ ਅਤੇ ਹਰੇ ਰੰਗ ਦਾ ਤੰਗ ਪਜਾਮਾ ਪਹਿਨਿਆ ਹੈ। ਕੰਨਾਂ ਵਿੱਚ ਵਾਲੇ ਪਹਿਨੇ ਹੋਏ ਹਨ। ਦੋਵੇ ਨੰਗੇ ਪੈਰੀਂ ਹੀ ਹਨ। ਨਜ਼ਰ ਇਕਦੱਮ ਚੌਕਸ ਹੈ। ਹੱਥ ਵਿੱਚ ਡੰਡੇ ਫੜੇ ਹਨ। ਇੱਕ ਦੁਆਰਪਾਲ ਨੇ ਕਮਰਕੱਸੇ ਨਾਲ ਕਿਰਪਾਨ ਪਹਿਨੀ ਹੈ ਪਰੰਤੂ ਦੂਸਰੇ ਨੇ ਜਿਸਦੀ ਉਮਰ ਵੀ ਘੱਟ ਲਗ ਰਹੀ ਹੈ, ਕਿਰਪਾਨ ਨਹੀਂ ਪਹਿਨੀ ਹੋਈ। ਹਰੇ ਰੰਗ ਦਾ ਬਾਣਾ ਪਹਿਨੇ ਦੁਆਰਪਾਲ ਦੀ ਅਜੇ ਕਿਸ਼ੋਰ ਅਵਸਥਾ ਹੈ (ਚਿੱਤਰ 39) ਅਤੇ ਦੂਜੇ ਦੁਆਰਪਾਲ ਦੇ ਮੁਕਾਬਲੇ ਉਮਰ ਦਾ ਕਾਫ਼ੀ ਅੰਤਰ ਹੈ।

**ਭਗਤਾਂ ਦੇ ਚਿੱਤਰ :**

ਗੁਰਦੁਆਰਾ ਪੋਥੀਮਾਲਾ ਵਿੱਚ ਹਿੰਦੂ ਅਤੇ ਸਿੱਖ ਭਗਤਾਂ ਦੇ ਚਿੱਤਰਾਂ ਨੂੰ ਵੀ ਥਾਂ ਦਿੱਤੀ ਗਈ ਹੈ। ਇਹਨਾਂ ਵਿੱਚੋਂ ਕਈ ਭਗਤਾਂ ਦੇ ਚਿੱਤਰ ਸਾਖੀਆਂ ਨਾਲ ਅਤੇ ਕਈਆਂ ਨੂੰ ਸੁਤੰਤਰ ਰੂਪ ਵਿੱਚ ਚਿੱਤਰਤ ਕੀਤਾ ਗਿਆ ਹੈ। ਸੁਤੰਤਰ ਰੂਪ ਵਿੱਚ ਚਿੱਤਰੇ ਭਗਤਾਂ ਦੀ ਪਛਾਣ ਨਹੀਂ ਹੋ ਸਕੀ ਹੈ। ਇਹਨਾਂ ਚਿੱਤਰਾਂ ਨੂੰ ਛੋਟੇ-ਛੋਟੇ ਖ਼ਾਨਿਆਂ ਵਿੱਚ ਛੱਤ ਦੇ ਕੋਨੇ 'ਤੇ ਚਿੱਤਰਿਆ ਗਿਆ ਹੈ ਅਤੇ ਇਹਨਾਂ ਨੂੰ ਆਲੇਖਣਾਂ ਵਾਂਗ ਚਿਤਰਿਆ ਗਿਆ ਹੈ। ਇਹਨਾਂ ਦੀ ਹਾਲਤ ਬਹੁਤ ਜ਼ਿਆਦਾ ਖ਼ਸਤਾ ਹੋ ਜਾਣ ਕਾਰਨ ਪਛਾਣ ਨਹੀਂ ਹੋ ਸਕੀ। ਇਸ ਤੋਂ ਬਿਨਾਂ ਬਾਬਾ ਫ਼ਰੀਦ ਜੀ, ਭਗਤ ਨਾਮਦੇਵ, ਭਗਤ ਸੇਨ, ਕਬੀਰ ਜੀ, ਸੁਦਾਮਾ ਭਗਤ ਨੂੰ ਇਹਨਾਂ ਨਾਲ ਸੰਬੰਧਤ ਘਟਨਾਵਾਂ ਦੇ ਆਧਾਰ 'ਤੇ ਚਿੱਤਰਿਆ ਗਿਆ ਹੈ। ਇਸ ਤੋਂ ਬਿਨਾਂ ਗੋਰਖਨਾਥ, ਭਰਥਰੀ ਨਾਥ, ਚਰਪਟ ਨਾਥ ਆਦਿ ਨਾਥ ਜੋਗੀਆਂ ਦਾ ਚਿੱਤਰਨ ਗੁਰੂ ਨਾਨਕ ਦੇਵ ਜੀ ਨਾਲ ਵੀ ਮਿਲਦਾ ਹੈ। ਚਿੱਤਰਾਂ ਵਿੱਚ ਪਾਤਰਾਂ ਦੇ ਨਾਮ ਲਿਖਤੀ ਰੂਪ ਵਿੱਚ ਵੀ ਦਰਜ ਹਨ, ਜਿਸ ਕਰਕੇ ਪਾਤਰਾਂ ਦੀ ਪਛਾਣ ਸੰਭਵ ਹੋ ਸਕੀ ਹੈ।

ਗੁਰਦੁਆਰਾ ਪੋਥੀਮਾਲਾ ਵਿੱਚ ਭਗਤਾਂ ਦੇ ਚਿੱਤਰਾਂ ਵਿੱਚ ਸਭ ਤੋਂ ਪਹਿਲਾ ਸੁਦਾਮਾ ਭਗਤ ਜੀ ਦਾ ਚਿੱਤਰ ਆਉਂਦਾ ਹੈ। ਇਹ ਇੱਕ ਨਿਰਧਨ ਬ੍ਰਾਹਮਣ ਸੀ, ਜੋ ਕ੍ਰਿਸ਼ਨ ਜੀ ਦਾ ਹਮਜਮਾਤੀ ਅਤੇ ਮਿੱਤਰ ਸੀ।[15] ਇਹਨਾਂ ਦੇ ਦੋ ਚਿੱਤਰ ਹਨ। ਇਕ ਵਿੱਚ ਸੁਦਾਮਾ ਭਗਤ ਜੀ ਆਪਣੀ ਪਤਨੀ ਨਾਲ ਵਾਰਤਾਲਾਪ ਕਰ ਰਹੇ ਹਨ (ਚਿੱਤਰ 41)। ਪਿਛਲੇ ਪਾਸੇ ਝੋਂਪੜੀ ਨਜ਼ਰ ਆ ਰਹੀ ਹੈ ਅਤੇ ਪਿੱਠ ਭੂਮੀ 'ਤੇ ਇੱਕ ਵੱਡਾ ਦਰੱਖਤ ਅਤੇ ਥੋੜ੍ਹਾ ਬਹੁਤ ਪ੍ਰਕਿਰਤੀ

15 **ਨਾਭਾ, ਭਾਈ ਕਾਨ੍ਹ ਸਿੰਘ,** (2006) , *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪੰਨਾ-213.

ਦਾ ਚਿਤਰਨ ਹੈ। ਸੁਦਾਮਾ ਜੀ ਦੀ ਪਤਨੀ ਆਪਣੇ ਕਾਰ-ਵਿਹਾਰ ਵਿੱਚ ਮਗਨ ਹੈ ਅਤੇ ਸੁਦਾਮਾ ਜੀ ਸ੍ਰੀ ਕ੍ਰਿਸ਼ਨ ਜੀ ਨੂੰ ਮਿਲਣ ਜਾਣ ਲਈ ਤਿਆਰ ਹਨ। ਅਗਲੇ ਚਿੱਤਰ ਵਿੱਚ ਸੁਦਾਮਾ ਭਗਤ ਜੀ ਨੂੰ ਕ੍ਰਿਸ਼ਨ ਜੀ ਦੇ ਦਰਬਾਰ ਵਿੱਚ ਵਿਖਾਇਆ ਗਿਆ ਹੈ। (ਚਿੱਤਰ-42)। ਚਿੱਤਰ ਦਾ ਵਾਤਾਵਰਨ ਪਰਮ ਮਿੱਤਰਾਂ ਦੇ ਆਪਸ ਵਿੱਚ ਮਿਲਾਪ ਨਾਲ ਬਹੁਤ ਸੁਖਦਾਈ ਹੋ ਗਿਆ ਹੈ। ਚਿੱਤਰ ਵਿੱਚ ਅਸੀਂ ਵੇਖਦੇ ਹਾਂ ਕਿ ਸ੍ਰੀ ਕ੍ਰਿਸ਼ਨ ਜੀ ਸੁਦਾਮਾ ਭਗਤ ਜੀ ਦੇ ਚਰਨ ਧੋ ਰਹੇ ਹਨ, ਜੋ ਕਿ ਉਨ੍ਹਾਂ ਦੇ ਸਭ ਤੋਂ ਪਿਆਰੇ ਮਿੱਤਰ ਹਨ ਅਤੇ ਬਹੁਤ ਲੰਮੇ ਸਮੇਂ ਮਗਰੋਂ ਮਿਲੇ ਹਨ, ਉਨ੍ਹਾਂ ਦੇ ਆਦਰ ਅਤੇ ਸਨਮਾਨ ਵਿੱਚ ਸੁਦਾਮਾ ਭਗਤ ਜੀ ਦੀ ਸੇਵਾ ਕਰ ਰਹੇ ਹਨ। ਬਾਕੀ ਦੀਆਂ ਆਕ੍ਰਿਤੀਆਂ ਬਹੁਤ ਧਿਆਨ ਪੂਰਵਕ ਇਸ ਸਾਰੇ ਕਾਰਜ ਵੱਲ ਵੇਖ ਰਹੀਆਂ ਹਨ।

ਗੁਰਦੁਆਰਾ ਪੋਥੀਮਾਲਾ ਵਿੱਚ ਇੱਕ ਚਿੱਤਰ ਸ਼੍ਰੋਮਣੀ ਭਗਤ ਕਬੀਰ ਜੀ ਦਾ ਹੈ। ਭਾਰਤ ਦੇ ਪ੍ਰਸਿੱਧ ਭਗਤ ਕਬੀਰ ਜੀ, ਜਿਨ੍ਹਾਂ ਦਾ ਜਨਮ ਇੱਕ ਵਿਧਵਾ ਬ੍ਰਾਹਮਣੀ ਦੇ ਉਦਰ ਤੋਂ ਜੇਠ ਸੁਦੀ 15 ਸੰਮਤ 1455 ਨੂੰ ਹੋਇਆ। ਇਹਨਾਂ ਦੀ ਮਾਤਾ ਨੇ ਬਨਾਰਸ ਕੋਲ ਇੱਕ ਤਲਾਅ ਦੇ ਪਾਸ ਨਵੇਂ ਜਨਮੇ ਬਾਲਕ ਨੂੰ ਰੱਖ ਦਿੱਤਾ, ਜਿਸ ਨੂੰ ਅਲੀ (ਨੀਰੂ) ਜੁਲਾਹੇ ਨੇ ਘਰ ਲੈ ਆਂਦਾ ਅਤੇ ਉਸ ਦੀ ਪਤਨੀ ਨੀਮਾ ਨੇ ਪੁੱਤਰ ਮੰਨ ਕੇ ਪਾਲਿਆ। ਯੋਗ ਸਮੇਂ ਮੁਸਲਮਾਨੀ ਮਤ ਅਨੁਸਾਰ ਕਬੀਰ ਨਾਮ ਰੱਖਿਆ ਗਿਆ ਅਤੇ ਇਸਲਾਮ ਦੀ ਸਿੱਖਿਆ ਦਿੱਤੀ ਗਈ, ਪਰ ਕਬੀਰ ਜੀ ਦਾ ਸੁਭਾਵਕ ਝੁਕਾਉ ਹਿੰਦੂ ਮਤ ਵੱਲ ਸੀ। ਯੁਵਾ ਅਵਸਥਾ ਹੋਣ ਤੇ ਆਪ ਦੀ ਸ਼ਾਦੀ ਬੀਬੀ ਲੋਈ ਨਾਲ ਹੋਈ, ਜਿਸ ਤੋਂ ਕਮਾਲ ਨਾਂ ਦਾ ਪੁੱਤਰ ਪੈਦਾ ਹੋਇਆ। ਕਬੀਰ ਜੀ ਨੇ ਰਾਮਾਨੰਦ ਜੀ ਤੋਂ ਰਾਮ ਨਾਮ ਦਾ ਉਪਦੇਸ਼ ਲੈ ਕੇ ਵੈਸ਼ਨਵ ਮਤ ਧਾਰਣ ਕੀਤਾ। ਕਾਸ਼ੀ ਵਿਦਵਾਨਾਂ ਦਾ ਅਸਥਾਨ ਹੋਣ ਕਰਕੇ ਕਬੀਰ ਜੀ ਨੂੰ ਮਤ-ਮਤਾਂਤਰਾਂ ਦੇ ਨਿਯਮ ਜਾਣਨ ਅਤੇ ਚਰਚਾ ਕਰਨ ਦਾ ਚੰਗਾ ਮੌਕਾ ਮਿਲਿਆ ਅਤੇ ਤੀਖਣ ਬੁੱਧੀ ਹੋਣ ਕਰਕੇ ਇਹ ਖੰਡਨ-ਮੰਡਨ ਵਿੱਚ ਨਿਪੁੰਨ ਹੋ ਗਏ। ਬਹੁਤ ਚਿਰ ਪੂਰਨ ਗਿਆਨੀਆਂ ਦੀ ਸੰਗਤ ਕਰਕੇ ਆਪ ਤੱਤ ਗਿਆਨੀ ਹੋਏ ਅਤੇ ਆਪਣੀ ਸੰਗਤ ਤੋਂ ਅਨੇਕਾਂ ਨੂੰ ਲਾਭ ਪਹੁੰਚਾਇਆ। ਕਾਸ਼ੀ ਵਿੱਚ ਕਬੀਰ ਜੀ ਦਾ ਅਸਥਾਨ ਕਬੀਰ ਚੌਰਾ ਨਾਮ ਤੋਂ ਪ੍ਰਸਿੱਧ ਹੈ ਅਤੇ ਲਹਿਰ ਤਲਾਉ ਤੇ ਵੀ ਆਪ ਦਾ ਮੰਦਿਰ ਹੈ। ਕਬੀਰ ਜੀ ਦੀ ਬਾਣੀ ਦਾ ਸੰਗ੍ਰਹਿ, ਜੋ ਧਰਮ ਦਾਸ ਅਤੇ ਸੂਰਤ ਗੋਪਾਲ ਆਦਿ ਚੇਲਿਆਂ ਨੇ ਕੀਤਾ ਹੈ, ਦਾ ਨਾਮ ਕਬੀਰ ਬੀਜਕ ਹੈ। ਰਿਆਸਤ ਰੀਵਾ ਵਿੱਚ

ਧਰਮ ਦਾਸ ਦਾ ਲਿਖਿਆ ਹੋਇਆ ਕਬੀਰ ਬੀਜਕ ਸੰਮਤ 1521 ਦਾ ਦੱਸਿਆ ਜਾਂਦਾ ਹੈ।[16] ਭਗਤ ਕਬੀਰ ਜੀ ਦੁਆਰਾ ਖੱਡੀ ਬੁਣਨ ਵਾਲਾ ਚਿੱਤਰ ਵੀ ਕਈਆਂ ਇਮਾਰਤਾਂ ਵਿੱਚ ਵੇਖਣ ਨੂੰ ਆਇਆ ਹੈ। ਗੁਰਦੁਆਰਾ ਪੋਥੀਮਾਲਾ ਵਿੱਚ ਵੀ ਇਸ ਵਿਸ਼ੇ ਨੂੰ ਬਹੁਤ ਖ਼ੂਬਸੂਰਤੀ ਨਾਲ ਚਿੱਤਰਿਆ ਗਿਆ ਹੈ (ਚਿੱਤਰ 43)। ਚਿੱਤਰ ਬਹੁਤ ਭਰਿਆ-ਭਰਿਆ ਅਤੇ ਲੈਅ ਭਰਪੂਰ ਹੈ। ਚਿੱਤਰ ਵਿੱਚ ਕਬੀਰ ਜੀ ਆਪਣੀ ਕੁਟੀਆ ਵਿੱਚ ਖੱਡੀ ਉੱਤੇ ਕੱਪੜਾ ਬੁਣ ਰਹੇ ਹਨ ਅਤੇ ਨਾਲ ਹੀ ਦੋ ਸਾਧੂ ਬੈਠੇ ਹਨ, ਜਿਨ੍ਹਾਂ ਵਿਚੋਂ ਇੱਕ ਦੇ ਸਿਰ ਤੇ ਪਗੜੀ ਅਤੇ ਦੂਜੇ ਦੇ ਕੇਸ ਖੁੱਲ੍ਹੇ ਹਨ। ਦੋਹਾਂ ਨੇ ਗਲੇ ਵਿੱਚ ਹਾਰ ਅਤੇ ਕੱਪੜਾ ਵਲੇਟਿਆ ਹੋਇਆ ਹੈ ਅਤੇ ਚਟਾਈ ਉਪਰ ਬੈਠੇ ਹਨ। ਕਬੀਰ ਜੀ ਨੂੰ ਬਿਰਧ ਅਵਸਥਾ ਵਿੱਚ ਦਿਖਾਇਆ ਹੈ। ਅਗਲੇ ਪਾਸੇ ਆਪਦੀ ਪਤਨੀ ਚਰਖ਼ਾ ਕੱਤ ਰਹੀ ਹੈ। ਉਹ ਵੀ ਬਿਰਧ ਅਵਸਥਾ ਵਿੱਚ ਹੈ। ਇੱਕ ਰਬਾਬੀ ਅਤੇ ਦੂਜਾ ਤਬਲਾ ਵਜਾ ਰਿਹਾ ਹੈ, ਜੋ ਕਿ ਭਜਨ ਗਾਇਨ ਕਰ ਰਹੇ ਹਨ। ਖੱਬੇ ਪਾਸੇ ਦੋ ਹੋਰ ਆਕ੍ਰਿਤੀਆਂ ਹਨ, ਜਿਨ੍ਹਾਂ ਵਿਚੋਂ ਇੱਕ ਕਬੀਰ ਜੀ ਦਾ ਪੁੱਤਰ ਜੋ ਤਾਣੇ ਨੂੰ ਪਣ ਲਾ ਰਿਹਾ ਹੈ ਅਤੇ ਉਸ ਦੇ ਪਿਛੇ ਇੱਕ ਇਸਤਰੀ ਦੀ ਆਕ੍ਰਿਤੀ ਹੈ ਜਿਸਨੇ ਗਹਿਣੇ ਪਹਿਨੇ ਹੋਏ ਹਨ। ਚਿੱਤਰਕਾਰ ਨੇ ਚਿੱਤਰ ਦਾ ਸੰਯੋਜਨ ਬੜੇ ਖ਼ੂਬਸੂਰਤ ਢੰਗ ਨਾਲ ਕੀਤਾ ਹੈ। ਇਸ ਦ੍ਰਿਸ਼ ਦੇ ਵਿੱਚੋਂ ਵਿੱਚ ਇੱਕ ਕੁੱਕੜ ਦੀ ਆਕ੍ਰਿਤੀ ਹੈ ਜੋ ਕਿ ਖ਼ੂਬਸੂਰਤ ਢੰਗ ਨਾਲ ਚਿਤਰੀ ਗਈ ਹੈ। ਇਸ ਦੀ ਮੌਜੂਦਗੀ ਚਿੱਤਰ ਵਿੱਚ ਅਤੇ ਭਜਨ ਦੇ ਸੁਰ ਚਿੱਤਰ ਵਿੱਚ ਅਨੰਤ ਖੁਸ਼ੀ ਅਤੇ ਵਿਸਮਾਦਮਈ ਪ੍ਰਭਾਵ ਨੂੰ ਉਜਾਗਰ ਕਰਦੇ ਹਨ। ਇਸ ਚਿੱਤਰ ਦੀ ਹਾਲਤ ਅੱਜ ਠੀਕ ਨਹੀਂ ਹੈ। ਇਸ ਦੇ ਰੰਗ ਕਾਫ਼ੀ ਹੱਦ ਤੱਕ ਝੜ ਚੁੱਕੇ ਹਨ।

ਗੁਰਦੁਆਰਾ ਪੋਥੀਮਾਲਾ ਵਿੱਚ ਇੱਕ ਵੱਡਾ ਚਿੱਤਰ ਭਗਤ ਧੰਨਾ ਜੀ ਦਾ ਹੈ। ਭਗਤ ਧੰਨਾ ਜੱਟ ਜੀ ਰਾਜਸਥਾਨ ਟਾਂਕ ਇਲਾਕੇ ਦੇ ਪਿੰਡ ਧੂਆਨ ਵਿਖੇ 1473 ਈ ਨੂੰ ਜੱਟ ਵੰਸ਼ ਵਿੱਚ ਪੈਦਾ ਹੋਏ। ਭਗਤ ਧੰਨਾ ਜੱਟ ਜ਼ਿਮੀਂਦਾਰ ਕਿਸਾਨੀ ਪਰਿਵਾਰ ਨਾਲ ਸਬੰਧ ਰੱਖਦੇ ਸਨ।[17] ਉਹ ਆਪਣੇ ਘਰ ਦਾ ਗੁਜ਼ਾਰਾ ਖੇਤੀਬਾੜੀ ਦੀ ਆਮਦਨ ਤੋਂ ਕਰਦੇ ਸਨ। ਬਚਪਨ ਤੋਂ ਹੀ ਉਹ ਦਿਆਲੂ, ਸੱਚ ਦੇ ਪੁਜਾਰੀ, ਈਮਾਨਦਾਰੀ ਦੇ ਧਾਰਨੀ, ਸਿੱਧੇ ਸਾਦੇ ਅਤੇ ਸਰਲ ਸੁਭਾਅ ਦੇ ਮਾਲਕ ਸਨ। ਉਨ੍ਹਾਂ ਨੂੰ ਆਪਣੇ ਮਨ ਮੰਦਰ 'ਚੋਂ ਇਕ ਅਲੌਕਿਕ ਸ਼ਕਤੀ ਦੇ

---

16 **ਨਾਭਾ, ਭਾਈ ਕਾਨ੍ਹ ਸਿੰਘ,** (1974), *ਮਹਾਨ ਕੋਸ਼,* ਭਾਸ਼ਾ ਵਿਭਾਗ,ਪੰਜਾਬ, ਪੰਨਾ-298.

17 ਉਹੀ, ਪੰਨਾ-673.

ਦਰਸ਼ਨ ਹੋਏ ਜਿਸ ਨਾਲ ਉਨ੍ਹਾਂ 'ਤੇ ਭਗਤੀ ਭਾਵ ਦਾ ਗੂੜ੍ਹਾ ਰੰਗ ਚੜ੍ਹ ਗਿਆ। ਉਹ ਤਨ, ਮਨ, ਆਤਮਾਂ ਤੋਂ ਸ਼ੁੱਧ ਅਤੇ ਬਾਹਰੀ ਵਿਕਾਰਾਂ ਤੋਂ ਮੁਕਤ ਹੋ ਚੁੱਕੇ ਸਨ। ਉਹ ਲੋਕਾਂ ਦੀ ਸੇਵਾ ਵਿੱਚ ਜੁਟ ਗਏ। ਇਲਾਕੇ ਵਿੱਚ ਭਗਤ ਧੰਨਾ ਜੱਟ ਦੇ ਭਗਤੀ ਭਾਵ ਦੀ ਪ੍ਰਸੰਸਾ ਅਤੇ ਉਸਤੱਤ ਦੂਰ-ਦੂਰ ਤੱਕ ਹੋਣ ਲੱਗੀ। ਉਨ੍ਹਾਂ ਕੋਲ ਦੂਰ-ਦੂਰ ਤੋਂ ਬੁੱਧੀਜੀਵੀ, ਵਿਦਵਾਨ, ਸਾਧੂ -ਸੰਤ, ਮਹਾਤਮਾ ਧਰਮ-ਚਰਚਾ ਲਈ ਆਉਣ ਲੱਗੇ। ਪ੍ਰਭੂ ਭਗਤੀ ਦੇ ਆਸ਼ੀਰਵਾਦ ਸਦਕਾ ਉਨ੍ਹਾਂ ਨੇ ਬਾਣੀ ਵੀ ਰਚੀ ਅਤੇ ਆਪਣੇ ਗਿਆਨ ਲੇਖਨ ਨੂੰ ਹੋਰ ਮਾਨਵਤਾਵਾਦੀ ਬਣਾਉਣ ਲਈ ਸਵਾਮੀ ਰਾਮਾਨੰਦ ਜੀ ਨੂੰ ਕਾਸ਼ੀ ਵਿਖੇ ਜਾ ਕੇ ਗੁਰੂ ਧਾਰ ਲਿਆ। ਰਾਮਾਨੰਦ ਜੀ ਤੋਂ ਕਈ ਸਾਲ ਸਿੱਖਿਆ ਲੈ ਕੇ ਬ੍ਰਹਮਗਿਆਨ ਨੂੰ ਪ੍ਰਾਪਤ ਹੋਏ ਅਤੇ ਉੱਚਕੋਟੀ ਦੀ ਬਾਣੀ ਲਿਖੀ। ਲੋਕਾਂ ਨੂੰ ਜੀਵਨ ਦੇ ਸਹੀ ਅਰਥਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਵੱਲੋਂ ਰਚਿਤ ਰਾਗਾਂ ਵਿੱਚ ਚਾਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਭਾਇਮਾਨ ਹਨ, ਜਿਨ੍ਹਾਂ ਦੀ ਬਦੌਲਤ ਉਹ ਸੰਸਾਰ ਵਿੱਚ ਅਮਰ ਹਨ। ਭਗਤ ਧੰਨਾ ਜੱਟ ਦੀ ਇੱਕ ਸਾਖੀ ਮਿਲਦੀ ਹੈ ਕਿ ਤ੍ਰਿਲੋਚਨ ਬ੍ਰਾਹਮਣ ਨੂੰ ਸਾਲਗਰਾਮ ਠਾਕੁਰ ਦੀ ਪੂਜਾ ਕਰਦੇ ਦੇਖ ਭਗਤ ਧੰਨਾ ਜੀ ਨੇ ਤ੍ਰਿਲੋਚਨ ਜੀ ਨੂੰ ਕਿਹਾ ਕਿ ਉਹ ਵੀ ਠਾਕੁਰ ਦੀ ਪੂਜਾ ਕਰਨਾ ਚਾਹੁੰਦੇ ਹਨ। ਤ੍ਰਿਲੋਚਨ ਬ੍ਰਾਹਮਣ ਜੀ ਨੇ ਪੱਥਰ ਰੂਪੀ ਠਾਕੁਰ ਦੇਣ ਦੇ ਬਦਲੇ ਇਕ ਗਊ ਦੀ ਮੰਗ ਕੀਤੀ। ਉਨ੍ਹਾਂ ਨੇ ਤ੍ਰਿਲੋਚਨ ਨੂੰ ਗਾਂ ਦੇ ਦਿੱਤੀ ਅਤੇ ਪੱਥਰ ਰੂਪੀ ਠਾਕੁਰ ਲੈ ਲਏ। ਭਗਤ ਧੰਨਾ ਜੱਟ ਜੀ ਭੋਲੇ ਭਾਲੇ ਅਤੇ ਸੱਚੇ ਇਨਸਾਨ ਸਨ। ਉਨ੍ਹਾਂ ਦੀ ਲਗਨ ਸੱਚੇ ਦਿਲੋਂ ਪ੍ਰਭੂ ਨਾਲ ਜੁੜ ਚੁੱਕੀ ਸੀ। ਇਸ ਕਰਕੇ ਠਾਕੁਰ ਨੇ ਉਹਨਾਂ ਨੂੰ ਦਰਸ਼ਨ ਦਿੱਤੇ ਅਤੇ ਧੰਨੇ ਦੇ ਖੇਤ ਵਿੱਚ ਕੰਮ ਕੀਤਾ।

ਭਾਈ ਗੁਰਦਾਸ ਜੀ ਵਲੋਂ ਧੰਨਾ ਜੀ ਦੀ ਸਾਖੀ ਇਸ ਤਰ੍ਹਾਂ ਦਿੱਤੀ ਹੈ।[18] ਉੱਪਰ ਵਰਣਿਤ ਸਾਖੀ ਨੂੰ ਦਰਸਾਉਂਦਾ ਚਿੱਤਰ ਗੁਰਦੁਆਰਾ ਪੋਥੀਮਾਲਾ ਵਿੱਚ ਹੈ (ਚਿੱਤਰ 44)।

---

18 *ਬਾਮ੍ਹਣ ਪੂਜੈ ਦੇਵਤੇ, ਧੰਨਾ ਗਊ ਚਰਾਵਣ ਆਵੈ।*
*ਧੰਨੇ ਡਿਠਾ ਚਲਿਤੁ ਏਹੁ, ਪੁਛੈ ਬਾਮ੍ਹਣ, ਆਖ ਸੁਣਾਵੈ।*
*ਠਾਕੁਰ ਦੀ ਸੇਵਾ ਕਰੈ, ਜੋ ਇਛੈ ਸੋਈ ਫਲੁ ਪਾਵੈ।*
*ਧੰਨਾ ਕਰਦਾ ਜੋਦੜੀ, ਮੈ ਭਿ ਦੇਹ ਇਕੁ ਜੇ ਤੁਧੁ ਭਾਵੈ।*
*ਪਾਥਰੁ ਇੱਕ ਪਲੇਟਿ ਕਰਿ, ਦੇ ਧੰਨੈ ਨੋ, ਗੈਲ ਛੁਡਾਵੈ।*
*ਠਾਕੁਰ ਨੋ ਨਾਵਾਲਿ ਕੈ, ਛਾਹਿ ਰੋਟੀ ਲੈ ਭੋਗ ਚੜ੍ਹਾਵੈ।*
*ਹਥਿ ਜੋੜਿ ਮਿਨਤਾਂ ਕਰੈ, ਪੈਰੀ ਪੈ ਪੈ ਬਹੁਤੁ ਮਨਾਵੈ।*
*ਹਉ ਭੀ ਮੁਹੁ ਨ ਜੁਠਾਲਸਾ ਤੂ ਰੁਠਾ ਮੈ ਕਿਹੁ ਨ ਸੁਖਾਵੈ।*
*ਗੋਸਾਂਈ ਪਰਤਖ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।*
*ਭੋਲਾ ਭਾਉ ਗੋਬਿੰਦੁ ਮਿਲਾਵੈ।।* ਭਾਈ ਗੁਰਦਾਸ ਜੀ, ਵਾਰ
**ਸਿੰਘ, ਹਜਾਰਾ ਕ੍ਰਿਤ,** (1951), *ਵਾਰਾਂ ਭਾਈ ਗੁਰਦਾਸ ਜੀ ਦੀਆਂ*, ਖਾਲਸਾ ਸਮਾਚਾਰ, ਅੰਮ੍ਰਿਤਸਰ, ਪੰਨਾ-205.

ਚਿੱਤਰ ਅਰਧ ਗੋਲਾਕਾਰ ਵਿੱਚ ਚਿੱਤਰਿਆ ਹੈ।ਚਿੱਤਰ ਦੇ ਇੱਕ ਕੋਨੇ ਵਿੱਚ ਪੰਡਤ ਤਰਲੋਚਨ, ਭਗਤ ਧੰਨਾ ਜੀ ਨੂੰ ਸਾਲਿਗਰਾਮ ਦੇ ਰਹੇ ਹਨ (ਚਿੱਤਰ 45)। ਭਗਤ ਧੰਨਾ ਜੀ ਠਾਕੁਰ ਨੂੰ ਭੋਗ ਲੱਗਾ ਰਹੇ ਹਨ ਅਤੇ ਧੰਨਾ ਜੀ ਦੀ ਭਗਤੀ ਤੋਂ ਪ੍ਰਸੰਨ ਹੋ ਕੇ ਭਗਵਾਨ ਨੇ ਦਰਸ਼ਨ ਦਿਤੇ ਹਨ (ਚਿੱਤਰ 46)। ਇੱਕ ਪਾਸੇ ਭਗਵਾਨ ਹੱਲਟ ਚਲਾ ਰਹੇ ਹਨ। ਥੱਲੇ ਭਗਵਾਨ ਜੀ ਖੇਤ ਵਿੱਚ ਨੱਕੇ ਛੱਡ ਰਹੇ ਹਨ। ਇਹ ਸਭ ਭਗਤ ਧੰਨਾ ਜੀ ਪੰਡਤ ਤ੍ਰਿਲੋਚਨ ਨੂੰ ਦਿਖਾ ਰਹੇ ਹਨ (ਚਿੱਤਰ 47)।

ਗੁਰਦੁਆਰਾ ਪੋਥੀਮਾਲਾ ਵਿੱਚ ਇੱਕ ਚਿੱਤਰ ਭਗਤ ਨਾਮਦੇਵ ਜੀ ਦਾ ਵੀ ਹੈ। ਭਗਤ ਨਾਮਦੇਵ ਜੀ ਬੰਬਈ ਦੇ ਜ਼ਿਲ੍ਹਾ ਸਤਾਰਾ ਵਿੱਚ ਦਾਮਸ਼ੇਟੀ ਛੀਂਬੇ ਦੇ ਘਰ ਗੋਨਾਬਾਈ ਦੇ ਉਦਰ ਤੋਂ ਸੰਮਤ 1328 ਵਿੱਚ ਨਾਮਦੇਵ ਜੀ ਦਾ ਜਨਮ ਹੋਇਆ। ਇਹਨਾਂ ਦੀ ਸ਼ਾਦੀ ਗੋਬਿੰਦਸ਼ੇਟੀ ਦੀ ਬੇਟੀ ਰਾਜਾਬਾਈ ਨਾਲ ਹੋਈ, ਜਿਸ ਤੋਂ ਚਾਰ ਪੁੱਤਰ ਨਾਰਾਇਣ, ਮਹਾਂਦੇਵ, ਗੋਬਿੰਦ, ਵਿੱਠਲ ਅਤੇ ਇੱਕ ਬੇਟੀ ਲਿੰਬਾ ਬਾਈ ਪੈਦਾ ਹੋਏ। ਇੱਕ ਵਾਰ ਭਗਤ ਨਾਮਦੇਵ ਜੀ ਪੂਜਾ ਕਰਨ ਮੰਦਰ ਗਏ। ਬ੍ਰਾਹਮਣਾਂ ਨੇ ਨੀਵੀਂ ਜਾਤ ਦਾ ਕਹਿ ਕੇ ਮੰਦਰ ਵਿੱਚੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਤਾਂ ਭਗਤ ਜੀ ਮੰਦਰ ਦੇ ਪਿਛਵਾੜੇ ਬੈਠ ਕੇ ਭਗਤੀ ਕਰਨ ਲੱਗੇ (ਮੰਦਰ ਨਾਲੋਂ, ਮੂਰਤੀਆਂ ਨਾਲੋਂ ਅਤੇ ਬ੍ਰਾਹਮਣ ਨਾਲੋਂ ਨਾਤਾ ਨਹੀਂ ਤੋੜਿਆ)। ਜਿਵੇਂ ਜਿਵੇਂ ਨਾਮਦੇਵ ਜੀ ਭਗਵਾਨ ਦੀ ਭਗਤੀ ਕਰਦੇ ਰਹੇ, ਦੇਹੁਰੇ ਦਾ ਦੁਆਰ ਘੁੰਮ ਕੇ ਭਗਤ ਜੀ ਵੱਲ ਹੁੰਦਾ ਗਿਆ। ਅਰਥਾਤ ਭਗਤ ਜੀ ਦੀ ਭਗਤੀ ਆਸਰੇ, ਕਰਾਮਾਤ ਵਾਪਰ ਗਈ ਅਤੇ ਦੇਹੁਰੇ ਦਾ ਦੁਵਾਰ ਘੁੰਮ ਕੇ ਭਗਤ ਜੀ ਵੱਲ ਹੋ ਗਿਆ। ਇਸ ਸਾਖੀ ਨਾਲ ਸੰਬੰਧਤ ਭਗਤ ਨਾਮਦੇਵ ਜੀ ਦਾ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧੧੬੪ ਅੰਗ ਨਿਮਨ ਅਨੁਸਾਰ ਹੈ :

*ਹਸਤ ਖੇਲਤ ਤੇਰੇ ਦੇਹੁਰੇ ਆਇਆ।। ਭਗਤਿ ਕਰਤ ਨਾਮਾ ਪਕਰਿ ਉਠਾਇਆ।। ੧।।*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ।। ਛੀਪੇ ਕੇ ਜਨਮਿ ਕਾਹੇ ਕਉ ਆਇਆ।। ੧।।*
*ਰਹਾਉ।।ਲੈ ਕਮਲੀ ਚਲਿਓ ਪਲਟਾਇ।। ਦੇਹੁਰੈ ਪਾਛੈ ਬੈਠਾ ਜਾਇ।।੨।।*
*ਜਿਉ ਜਿਉ ਨਾਮਾ ਹਰਿਗੁਣ ਉਚਰੈ।। ਭਗਤ ਜਨਾਂ ਕਉ ਦੇਹੁਰਾ ਫਿਰੈ।।੩।।(੧੧੬੪)* [19]

ਭਾਈ ਗੁਰਦਾਸ ਜੀ ਨੇ ਵੀ ਇਸ ਸਾਖੀ ਦਾ ਵਰਨਣ ਕੀਤਾ ਹੈ :

*ਨਾਮਾ ਛੀਂਬਾ ਆਖੀਐ ਗੁਰਮੁਖਿ ਭਾਇ ਭਗਤਿ ਲਿਵ ਲਾਈ।।*

---

19 *ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ,* ਅੰਗ ੧੧੬੪.

*ਖੜ੍ਹੀ ਬ੍ਰਾਹਮਣ ਦੇਹੁਰੈ ਉਤਮ ਜਾਤਿ ਕਰਨੀ ਵਡਿਆਈ।।*

*ਨਾਮਾ ਪਕੜਿ ਉਠਾਲਿਆ ਬਹਿ ਪਛਵਾੜੈ ਹਰਿ ਗੁਣ ਗਾਈ।।*

*ਭਗਤ ਵਛਲੁ ਆਖਾਇਦਾ ਫੇਰਿ ਦੇਹੁਰਾ ਪੈਜਿ ਰਖਾਈ।।*

*ਦਰਗਹ ਮਾਣੁ ਨਿਮਾਣਿਆ ਸਾਧਸੰਗਤਿ ਸਤਿਗੁਰ ਸਰਣਾਈ।।*

*ਉਤਮੁ ਪਦਵੀ ਨੀਚ ਜਾਤਿ ਚਾਰੇ ਵਰਣ ਪਏ ਪਗਿ ਆਈ।।*

*ਜਿਉ ਨੀਵਾਨਿ ਨੀਰੁ ਚਲਿ ਜਾਈ।।*

ਭਾਈ ਗੁਰਦਾਸ, ਵਾਰ ੨੫ [20]

ਦੇਸ਼-ਰਟਨ ਕਰਦੇ ਹੋਏ ਇੱਕ ਬਾਰ ਇਹ ਮਹਾਤਮਾ ਪੰਜਾਬ ਵਿੱਚ ਵੀ ਪਧਾਰੇ। ਉਨ੍ਹਾਂ ਦੀ ਯਾਦਗਾਰ ਦੇ ਕਈ ਅਸਥਾਨ ਪਾਏ ਜਾਂਦੇ ਹਨ, ਜਿਨ੍ਹਾਂ ਵਿੱਚੋਂ ਸ਼ਿਰੋਮਣੀ ਅਸਥਾਨ ਘੁੰਮਾਣ (ਜ਼ਿਲ੍ਹਾ ਗੁਰਦਾਸਪੁਰ) ਵਿੱਚ ਹੈ, ਜੋ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਬਣਵਾਇਆ ਹੈ। ਇੱਥੇ ਹਰ ਸਾਲ ੨ ਮਾਘ ਨੂੰ ਭਾਰੀ ਮੇਲਾ ਲਗਦਾ ਹੈ। ਨਾਮਦੇਵ ਜੀ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।[21] ਗੁਰਦੁਆਰਾ ਪੋਥੀਮਾਲਾ ਵਿੱਚ ਭਗਤ ਨਾਮਦੇਵ ਜੀ ਦੇ ਚਿੱਤਰ ਵਿੱਚ ਦੇਹੁਰਾ ਜਾਂ ਮੰਦਰ ਘੁੰਮਣ ਵਾਲੀ ਸਾਖੀ ਦਰਸਾਈ ਗਈ ਹੈ (ਚਿੱਤਰ 48)।

ਗੁਰਦੁਆਰਾ ਪੋਥੀਮਾਲਾ ਵਿੱਚ ਇੱਕ ਚਿੱਤਰ ਭਗਤ ਰਵਿਦਾਸ ਜੀ ਦਾ ਹੈ। ਭਗਤ ਰਵਿਦਾਸ ਜੀ ਦਾ ਜਨਮ 1433 ਈ. ਕਾਂਸ਼ੀ ਬਨਾਰਸ ਵਿਖੇ ਮਾਤਾ ਕੌਸ਼ ਦੇਵੀ ਜੀ ਦੀ ਕੁੱਖੋਂ ਪਿਤਾ ਸੰਤੋਖ ਦਾਸ ਜੀ ਦੇ ਗ੍ਰਹਿ ਵਿਖੇ ਹੋਇਆ ਹੈ। ਭਗਤ ਰਵਿਦਾਸ ਜੀ ਦੇ ਮਾਤਾ ਪਿਤਾ ਜੀ ਬੜੇ ਹੀ ਦਿਆਲੂ ਸੁਭਾਅ ਦੇ ਮਾਲਕ ਸਨ। ਇਸ ਲਈ ਭਗਤ ਰਵਿਦਾਸ ਜੀ ਮੁੱਢ ਤੋਂ ਹੀ ਪ੍ਰਮਾਤਮਾ ਦੀ ਭਗਤੀ ਵੱਲ ਰੁਚਿਤ ਸਨ। ਦਸ ਸਾਲ ਦੀ ਉਮਰ ਵਿੱਚ ਆਪਣੇ ਪਿਤਾ ਜੀ ਦੇ ਹੁਕਮ ਅਨੁਸਾਰ ਜੁੱਤੀਆਂ ਗੰਢਣ ਦਾ ਕੰਮਕਰਨ ਲੱਗ ਪਏ। ਭਗਤ ਜੀ ਸਦਾ ਆਪਣੇ ਕੰਮ ਵਿੱਚ ਮਗਨ ਰਹਿੰਦੇ ਅਤੇ ਜਦੋਂ ਕੰਮ ਕਾਰ ਤੋਂ ਵਿਹਲ ਮਿਲਦਾ ਤਾਂ ਨੇਤਰ ਬੰਦ ਕਰਕੇ ਨਿਰੰਕਾਰ ਦਾ ਸਿਮਰਨ ਕਰਨ ਲੱਗ ਜਾਂਦੇ। ਭਗਤ ਰਵਿਦਾਸ ਜੀ ਦੀ ਸ਼ਾਦੀ ਮਿਰਜ਼ਾਪੁਰ ਪਿੰਡ ਦੀ ਲੜਕੀ ਸ੍ਰੀ ਭਾਗਵੰਤੀ ਦੇਵੀ ਜੀ ਨਾਲ ਹੋਈ। ਦੋਵੇਂ ਪਤੀ ਪਤਨੀ ਕੰਮ-ਕਾਜ ਦੇ ਨਾਲ-ਨਾਲ ਸਦਾ ਹੀ ਆਏ ਗਏ ਮਹਿਮਾਨਾਂ ਦੀ ਬੜੇ ਹੀ ਚਾਅ ਨਾਲ ਸੇਵਾ ਕਰਦੇ। ਭਗਤ ਰਵਿਦਾਸ ਜੀ ਜੋ ਪੈਸੇ ਕੰਮ-ਕਾਜ ਤੋਂ ਕਮਾਉਂਦੇ ਉਹ ਸਾਰੇ ਹੀ ਆਪਣੇ ਸਾਥੀਆਂ ਨੂੰ ਵੰਡ

---

20 **ਸਿੰਘ, ਹਜਾਰਾ ਕ੍ਰਿਤ,** (1951), *ਵਾਰਾਂ ਭਾਈ ਗੁਰਦਾਸ ਜੀ ਦੀਆਂ*, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, ਪੰਨਾ-482.

21 **ਨਾਭਾ, ਭਾਈ ਕਾਨ੍ਹ ਸਿੰਘ** (1974)। *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪੰਨਾ-697.

ਦਿੰਦੇ। ਭਗਤ ਜੀ ਦੇ ਮਾਤਾ ਪਿਤਾ ਜੀ ਨੇ ਇਹੋ ਵਿਹਾਰ ਹੁੰਦਾ ਵੇਖ ਕੇ ਭਗਤ ਜੀ ਨੂੰ ਅੱਡ ਕਰ ਦਿੱਤਾ। ਭਗਤ ਰਵਿਦਾਸ ਜੀ ਆਪਣੇ ਕੰਮ ਵਿਚ ਪੂਰਨ ਇਮਾਨਦਾਰੀ ਰੱਖਦੇ ਸਨ। ਉਨ੍ਹਾਂ ਦੀ ਛੱਪਰੀ ਅੱਗੇ ਗਾਹਕਾਂ ਦਾ ਮੇਲਾ ਲੱਗਿਆ ਰਹਿੰਦਾ ਸੀ। ਇਹ ਭਗਤ ਰਾਮਾਨੰਦ ਜੀ ਦਾ ਚੇਲਾ ਸੀ। ਇਹ ਗਿਆਨ ਦੇ ਬਲ ਕਰਕੇ ਪਰਮਹੰਸ ਪਦਵੀ ਨੂੰ ਪ੍ਰਾਪਤ ਹੋਇਆ।[22]

ਰੱਬੀ ਸਿਮਰਨ ਅਤੇ ਸੱਚੀ ਲਗਨ ਨਾਲ ਕੀਤੀ ਰੱਬੀ ਭਗਤੀ ਨੂੰ ਕਿਰਤ ਕਰਨ-ਨਾਮ ਜੱਪਣ ਅਤੇ ਵੰਡ ਛੱਕਣ ਦੀ ਗੁਰਮਤਿ ਵਿਚਾਰਧਾਰਾ (ਸਿਧਾਂਤ) ਅਨੁਸਾਰ ਭਗਤ ਰਵਿਦਾਸ ਜੀ ਨੇ ਪਰਮਾਤਮਾ ਪਰਮੇਸ਼ਰ ਦੇ ਦਰਸ਼ਨ ਦੀਦਾਰੇ ਕੀਤੇ। ਸਾਧੂ ਦੇ ਰੂਪ ਵਿੱਚ ਪਰਮਾਤਮਾ ਨੇ ਭਗਤ ਰਵਿਦਾਸ ਜੀ ਦੇ ਸੱਚੇ ਦ੍ਰਿੜ੍ਹ ਵਿਸ਼ਵਾਸ ਦੀ ਪ੍ਰੀਖਿਆ ਲੈ ਕੇ ਭਗਤ ਜੀ ਉੱਪਰ ਰੂਹਾਨੀ ਕਿਰਨਾਂ ਦੀ ਬਾਰਸ਼ ਕੀਤੀ। ਭਗਤ ਰਵਿਦਾਸ ਜੀ ਨੇ ਰੋਜ਼ਾਨਾ ਜ਼ਿੰਦਗੀ ਦੇ ਪਿਤਾ ਪੁਰਖੀ ਧੰਦੇ ਨੂੰ ਛੱਡ ਕੇ ਨਿਰੋਲ ਗੁਰਮਤਿ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਭਗਤ ਜੀ ਦੀ ਮਹਿਮਾ ਸਾਰੇ ਸੰਸਾਰ ਵਿੱਚ ਫੈਲ ਗਈ। ਬਹੁਤ ਵੱਡੀ ਗਿਣਤੀ ਵਿੱਚ ਲੋਕ ਭਗਤ ਜੀ ਦੇ ਸ਼ਰਧਾਲੂ ਬਣ ਗਏ। ਚਿਤੌੜ ਦੀ ਰਾਣੀ ਝਾਲਾਬਾਈ ਭਗਤ ਜੀ ਦੇ ਬਚਨਾਂ ਤੋਂ ਪ੍ਰਭਾਵਤ ਹੋ ਕੇ ਭਗਤ ਜੀ ਦੀ ਚੇਲੀ ਬਣ ਗਈ। ਪ੍ਰਸਿੱਧ ਵਿਦਵਾਨ ਮੈਕਾਲਿਫ਼ ਅਨੁਸਾਰ ਭਗਤ ਰਵਿਦਾਸ ਜੀ ਨੇ ਸਾਰਿਆਂ ਨੂੰ ਇੱਕੋ ਪੰਗਤ ਵਿਚ ਬੈਠਾ ਕੇ ਲੰਗਰ ਛਕਾਉਣ ਦੀ ਰੀਤ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ। ਸੰਗਤਾਂ ਦੇ ਅਰਾਮ ਲਈ ਸਰਾਂ ਵੀ ਬਣਵਾਈ। ਭਗਤ ਰਵਿਦਾਸ ਜੀ ਨੇ ਸੋਲਾਂ ਰਾਗਾਂ ਵਿੱਚ ਬਾਣੀ ਰਚੀ। ਇਸ ਚਿੱਤਰ ਤੇ ਜੋ ਕੁਝ ਲਿਖਿਆ ਸੀ ਮਿਟ ਗਿਆ ਹੈ, ਕੇਵਲ ਦਾਸ ਭਗਤ ਪੜ੍ਹਿਆ ਜਾਂਦਾ ਹੈ ਪਰ ਥੱਲੇ ਪਏ ਜੁੱਤੀਆਂ ਗੰਢਣ ਦੇ ਸਮਾਨ ਤੋਂ ਸਾਫ਼ ਪਤਾ ਲੱਗਦਾ ਹੈ ਕਿ ਇਹ ਭਗਤ ਰਵਿਦਾਸ ਜੀ ਦਾ ਚਿੱਤਰ ਹੈ (ਚਿੱਤਰ 49)। ਕੋਲ ਉਹਨਾਂ ਦੀ ਪਤਨੀ ਬੈਠੀ ਹੈ। ਸਾਖੀ ਹੈ ਕਿ ਇਕ ਬ੍ਰਾਹਮਣ ਹਰਿਦੁਆਰ ਨੂੰ ਗੰਗਾ ਇਸ਼ਨਾਨ ਲਈ ਜਾ ਰਿਹਾ ਸੀ, ਉਹ ਆਪਣੀ ਟੁੱਟੀ ਹੋਈ ਜੁੱਤੀ ਨੂੰ ਗੰਢਵਾਉਣ ਲਈ ਭਗਤ ਰਵਿਦਾਸ ਜੀ ਕੋਲ ਰੁਕਿਆ। ਭਗਤ ਜੀ ਨੇ ਆਪਣੇ ਕੋਲੋਂ ਬ੍ਰਾਹਮਣ ਨੂੰ ਕੁਝ ਸਿੱਕੇ ਦੇ ਕੇ ਆਖਿਆ ਕਿ "ਜੇ ਮੇਰੀ ਭੇਟ ਨੂੰ ਗੰਗਾ ਮਾਈ ਹੱਥ ਨਾਲ ਸਵੀਕਾਰ ਕਰੇ ਤਾਂ ਹੀ ਦੇਣੀ"। ਬ੍ਰਾਹਮਣ ਨੇ ਇਸਨੂੰ ਮਜ਼ਾਕ ਮੰਨਿਆ ਪਰ ਜਦੋਂ ਉਹ ਗੰਗਾ ਵਿਚ ਇਸ਼ਨਾਨ ਲਈ ਗਿਆ ਤਾਂ ਗੰਗਾ ਨਦੀ ਨੇ ਇਸਤਰੀ ਦਾ ਰੂਪ ਧਾਰ ਕੇ ਭਗਤ ਰਵਿਦਾਸ ਜੀ ਵਾਲੀ ਭੇਟ ਮੰਗ ਕੇ ਸਵੀਕਾਰ ਕੀਤੀ।

---

22 **ਨਾਭਾ, ਭਾਈ ਕਾਨ੍ਹ ਸਿੰਘ** (1974)**।** *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪੰਨਾ-1026

ਬ੍ਰਾਹਮਣ ਦੀ ਹੈਰਾਨੀ ਦੀ ਹੱਦ ਨਾ ਰਹੀ। ਗੰਗਾ ਮਾਈ ਨੇ ਆਪਣੇ ਕੋਲੋਂ ਸੋਨੇ ਦਾ ਕੰਗਣ ਬ੍ਰਾਹਮਣ ਨੂੰ ਦਿੱਤਾ ਅਤੇ ਕਿਹਾ ਕਿ ਇਹ ਕੰਗਣ ਮੇਰੇ ਭਗਤ ਨੂੰ ਦੇ ਦੇਣਾ ਪਰ ਬ੍ਰਾਹਮਣ ਨੇ ਉਹ ਕੰਗਣ ਭਗਤ ਰਵਿਦਾਸ ਜੀ ਨੂੰ ਦੇਣ ਦੀ ਥਾਂ ਆਪਣੇ ਸ਼ਹਿਰ ਦੇ ਰਾਜੇ ਨੂੰ ਦੇ ਦਿੱਤਾ। ਰਾਜੇ ਨੇ ਜਦ ਉਹ ਕੰਗਣ ਆਪਣੀ ਰਾਣੀ ਨੂੰ ਦਿੱਤਾ ਤਾਂ ਰਾਣੀ ਇਹੋ ਜਿਹਾ ਇਕ ਹੋਰ ਕੰਗਣ ਮੰਗਣ ਲੱਗੀ। ਰਾਣੀ ਦੀ ਜ਼ਿੱਦ ਪੂਰੀ ਕਰਨ ਲਈ ਰਾਜੇ ਨੇ ਬ੍ਰਾਹਮਣ ਨੂੰ ਹੁਕਮ ਦਿੱਤਾ। ਪ੍ਰੇਸ਼ਾਨ ਹੋਇਆ ਬ੍ਰਾਹਮਣ ਜਦ ਭਗਤ ਰਵਿਦਾਸ ਜੀ ਕੋਲ ਪਹੁੰਚਿਆ ਤਾਂ ਉਸਦੀ ਸਾਰੀ ਕਹਾਣੀ ਸੁਣ ਕੇ ਭਗਤ ਜੀ ਨੇ ਆਪਣੇ ਜੁੱਤੀਆਂ ਗੰਢਣ ਵਾਲੇ ਸਮਾਨ ਵਿਚ ਪਏ ਪਾਣੀ ਵਾਲੇ ਕੂੰਡੇ ਵਿਚ ਝਾਤ ਮਾਰਨ ਲਈ ਆਖਿਆ। ਬ੍ਰਾਹਮਣ ਨੂੰ ਕੂੰਡੇ ਵਿਚ ਗੰਗਾ ਨਦੀ ਵਗਦੀ ਦਿਖਾਈ ਦਿੱਤੀ। ਜਿਸ ਵਿਚ ਲੱਖਾਂ ਕੰਗਣ ਤੇ ਹੋਰ ਸੋਨਾ ਚਾਂਦੀ ਸੀ। ਬ੍ਰਾਹਮਣ ਨੇ ਇਕ ਕੰਗਣ ਚੁੱਕ ਲਿਆ ਤੇ ਖ਼ੁਸ਼ੀ-ਖ਼ੁਸ਼ੀ ਭਗਤ ਜੀ ਦੀ ਜੈ-ਜੈਕਾਰ ਕਰਦਾ ਮੁੜ ਆਇਆ।

ਗੁਰਦੁਆਰਾ ਪੋਥੀਮਾਲਾ ਵਿੱਚ ਇੱਕ ਚਿੱਤਰ ਭਗਤ ਸੈਣ ਜੀ ਦਾ ਹੈ।ਭਗਤ ਸੈਣ ਜੀ ਪੰਦਰਵੀਂ ਸਦੀ ਦੇ ਇਕ ਅਹਿਮ ਭਗਤ ਹੋਏ ਹਨ, ਜਿਨ੍ਹਾਂ ਦੀ ਬਾਣੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹੈ। ਪੰਜਾਬ ਵਿੱਚੋਂ ਮਿਲੀ ਇਹਨਾਂ ਨਾਲ ਸੰਬੰਧਤ ਲਿਖਤ ਅਨੁਸਾਰ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਭਗਤ ਸੈਣ ਜੀ ਪੰਜਾਬ ਦੇ ਹੀ ਸਪੂਤ ਸਨ। ਇਨ੍ਹਾਂ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਨਿੱਕੇ ਜਿਹੇ ਪਿੰਡ ਸੋਹਲ ਝਬਾਲ ਵਿਚ ਮਾਤਾ ਜੀਵਨੀ ਦੀ ਪਵਿੱਤਰ ਕੁੱਖੋਂ ਅਤੇ ਬਾਬਾ ਮੁਕੰਦ ਰਾਏ ਦੇ ਗ੍ਰਹਿ ਵਿਖੇ ਮੱਘਰ ਦੀ ਪੂਰਨਮਾਸ਼ੀ ਦੇ ਦਿਨ ਸਰਘੀ ਵੇਲੇ ਹੋਇਆ। ਪਿੰਡ ਸੋਹਲ ਝਬਾਲ ਵਿਚ ਭਗਤ ਸੈਣ ਜੀ ਦੀ ਯਾਦ ਵਿਚ ਇਕ ਪਵਿੱਤਰ ਗੁਰਦੁਆਰੇ ਦਾ ਨਿਰਮਾਣ ਹੋ ਚੁੱਕਾ ਹੈ, ਜਿਸ ਦੇ ਨਾਲ ਹੀ ਇਕ ਸਰੋਵਰ ਵੀ ਸੁਸ਼ੋਭਿਤ ਹੈ। ਕਿਹਾ ਜਾਂਦਾ ਹੈ ਕਿ ਇਸ ਸਰੋਵਰ ਦਾ ਪਹਿਲਾ ਟੱਕ ਭਗਤ ਸੈਣ ਜੀ ਨੇ ਖ਼ੁਦ ਲਗਾਇਆ ਸੀ ਅਤੇ ਇਸ ਦੇ ਕੰਢੇ ਬੈਠ ਕੇ ਉਨ੍ਹਾਂ ਨੇ ਭਗਤੀ ਕੀਤੀ ਸੀ। ਵੱਡੇ ਹੋਣ 'ਤੇ ਭਗਤ ਸੈਣ ਜੀ ਆਪਣੀ ਭੂਆ ਦੇਵੀ ਕੋਲ ਲਾਹੌਰ ਚਲੇ ਗਏ। ਉਥੇ ਉਨ੍ਹਾਂ ਭਾਈ ਜਲਖੜ ਜੀ ਦੀ ਸਪੁੱਤਰੀ ਸੁਲੱਖਣੀ ਜੀ ਨਾਲ ਸ਼ਾਦੀ ਕਰ ਕੇ ਗ੍ਰਹਿਸਥ ਧਾਰਨ ਕੀਤਾ। ਸੰਤਾਨ ਵਜੋਂ ਉਨ੍ਹਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਇਸ ਤੋਂ ਬਾਅਦ ਉਹ ਦਿੱਲੀ ਪ੍ਰਵਾਸ ਕਰ ਗਏ ਅਤੇ ਉਥੇ ਰਾਜਸਥਾਨ ਦੇ ਰਾਜੇ ਦੀ ਨੌਕਰੀ ਵਿਚ ਜਾ ਪਹੁੰਚੇ। ਉੱਥੇ ਹੀ ਇਹਨਾਂ ਨੂੰ ਅਕਾਲ

ਪੁਰਖ ਤਕ ਰਸਾਈ ਪ੍ਰਾਪਤ ਹੋਈ। ਭਗਤ ਜੀ ਦੀ ਸ਼ੋਭਾ ਪੰਜਾਬ, ਰਾਜਸਥਾਨ ਤੇ ਕਰਨਾਟਕ ਤਕ ਪੁੱਜੀ ਹੋਈ ਸੀ ਅਤੇ ਇਹਨਾਂ ਸੂਬਿਆਂ ਦੇ ਇਤਿਹਾਸ ਦਾ ਅਧਿਐਨ ਕਰਨ ਸਮੇਂ ਭਗਤੀ ਲਹਿਰ ਵਿਚ ਭਗਤ ਸੈਣ ਜੀ ਦਾ ਨਾਂ ਉੱਘਾ ਹੈ, ਜਿਸ ਤੋਂ ਇਸ ਗੱਲ ਦਾ ਸਹਿਜੇ ਹੀ ਅੰਦਾਜ਼ਾ ਹੋ ਜਾਂਦਾ ਹੈ ਕਿ ਪ੍ਰਭੂ ਪ੍ਰਾਪਤੀ ਬਾਅਦ ਭਗਤ ਸੈਣ ਜੀ ਨੇ ਇਹਨਾਂ ਇਲਾਕਿਆਂ ਵਿਚ ਜਾ ਕੇ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਗੁਰਦੁਆਰਾ ਪੋਥੀਮਾਲਾ ਵਿੱਚ ਇੱਕ ਚਿੱਤਰ ਹੈ, ਜਿਸ 'ਤੇ ਲਿਖਿਆ ਹੈ ਸੈਨ ਭਗਤ ਜੀ। ਸਾਹਮਣੇ ਰਾਜਾ ਬੈਠਾ ਹੈ ਜਿਸ ਦਾ ਨਾਮ ਰਾਜਾ ਰਾਣਾ ਲਿਖਿਆ ਹੈ (ਚਿੱਤਰ 50)।ਇਸ ਚਿੱਤਰ ਵਿੱਚ ਰਾਜਾ ਭਗਤ ਜੀ ਨੂੰ ਸਿਰੋਪਾਓ ਦੇ ਰਿਹਾ ਹੈ ਅਤੇ ਭਗਤ ਜੀ ਉਸਨੂੰ ਸ਼ੀਸ਼ਾ ਦਿਖਾ ਰਹੇ ਹਨ। ਭਾਈ ਗੁਰਦਾਸ ਜੀ ਨੇ ਇਸ ਸਾਖੀ ਬਾਰੇ ਲਿਖਿਆ ਹੈ।[23]

ਭਗਤਾਂ ਦੇ ਚਿੱਤਰਾਂ ਨੂੰ ਦਰਸਾਉਂਦੇ ਗੁਰਦੁਆਰਾ ਪੋਥੀਮਾਲਾ ਵਿੱਚ ਇੱਕ ਚਿੱਤਰ ਨਰਸੀ ਭਗਤ ਜੀ ਦਾ ਹੈ। ਇਹ ਭਗਤ ਸੰਮਤ 1507 ਵਿੱਚ ਨਾਗਰ ਬ੍ਰਾਹਮਣ ਦੇ ਘਰ ਜੂਨਾਗੜ ਮੁੰਬਈ ਦੇ ਇੱਕ ਪਿੰਡ ਵਿੱਚ ਪੈਦਾ ਹੋਇਆ। ਇਸੇ ਨਰਸੀ ਭਗਤ ਦੀ ਹੁੰਡੀ ਸਾਵਲਸ਼ਾਹ ਨੇ ਦਵਾਰਕਾ ਵਿੱਚ ਤਾਰੀ ਸੀ। ਨਰਸੀ ਭਗਤ ਦਾ ਦੇਹਾਂਤ ਸੰਮਤ 1572 ਵਿੱਚ ਹੋਇਆ। ਵੈਸ਼ਨਵ ਭਗਤਾਂ ਦੇ ਨਿਸ਼ਚੇ ਅਨੁਸਾਰ ਨਰਸੀ ਭਗਤ ਦੀ ਹੁੰਡੀ ਤਾਰਨ ਲਈ ਵਿਸ਼ਨੂੰ ਭਗਵਾਨ ਨੇ ਸਾਵਲਸ਼ਾਹ ਦਾ ਰੂਪ ਧਾਰਨ ਕੀਤਾ ਸੀ।[24] ਇਹਨਾਂ ਦੇ ਚਿੱਤਰ 'ਤੇ ਲਿਖਿਆ ਹੈ ਨਰਸੀ ਭਗਤ ਜੀ। ਇਸ ਚਿੱਤਰ ਵਿੱਚ ਨਰਸੀ ਭਗਤ ਗੰਗਾ ਵਾਛੀ ਨੂੰ ਹੁੰਡੀ ਲਿਖਕੇ ਦੇ ਰਹੇ ਹਨ। ਦੂਜੇ ਪਾਸੇ ਗੰਗਾ ਵਾਛੀ ਸਾਵਲਸ਼ਾਹ ਨੂੰ ਲੱਭਦੇ ਫਿਰ ਰਹੇ ਹਨ(ਚਿੱਤਰ 51)।

---

23 ਭਾਈ ਗੁਰਦਾਸ ਜੀ ਨੇ ਆਪਣੀ ਵੀਂ ਵਾਰ ਦੀ ਵੀਂ ਪਉੜੀ ਵਿਚ ਰਾਜੇ ਵਾਲੀ ਸਾਖੀ ਇੰਜ ਲਿਖੀ ਹੈ :

*ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।*
*ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।*
*ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।*
*ਛਡਨਿ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।*
*ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।*
*ਸਾਧ ਜਨਾਂ ਨੋ ਵਿਦਾ ਕਰ ਰਾਜ ਦੁਆਰਿ ਗਇਆ ਸਰਮਾਈ।*
*ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ।*
*ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।*
*ਪਰਗਟੁ ਕਰੈ ਭਗਤਿ ਵਡਿਆਈ।।*

**ਸਿੰਘ, ਹਜਾਰਾ, ਕ੍ਰਿਤ** (1951).*ਵਾਰਾਂ ਭਾਈ ਗੁਰਦਾਸ ਜੀ ਦੀਆਂ*, ਖਾਲਸਾ ਸਮਾਚਾਰ, ਅੰਮ੍ਰਿਤਸਰ, ਪੰਨੇ-207-208.

24 **ਨਾਭਾ, ਭਾਈ ਕਾਨ੍ਹ ਸਿੰਘ.** (1974).*ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪੰਨਾ-683.

ਇਸ ਤੋਂ ਬਾਅਦ ਇੱਕ ਚਿੱਤਰ ਬਾਬਾ ਬੁੱਢਾ ਜੀ ਦਾ ਹੈ। ਬਾਬਾ ਬੁੱਢਾ ਜੀ ਦਾ ਜਨਮ ਸੁੱਘੇ ਰੰਧਾਵੇ ਦੇ ਘਰ ਮਾਤਾ ਗੌਰਾਂ ਦੇ ਉਦਰ ਤੋਂ 7 ਕੱਤਕ ਸੰਮਤ 1563 ਨੂੰ ਪਿੰਡ ਕੱਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਆਪ ਦੇ ਹੀ ਹੱਥੋਂ ਗੁਰੂ ਸਾਹਿਬਾਨ ਨੂੰ ਗੁਰਗੱਦੀ ਸਮੇਂ ਤਿਲਕ ਲਗਦਾ ਰਿਹਾ ਹੈ। 14 ਮੱਘਰ ਸੰਮਤ 1688 ਨੂੰ ਪਿੰਡ ਰਮਦਾਸ (ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਆਪ ਦਾ ਦੇਹਾਂਤ ਹੋਇਆ।[25] ਚਿੱਤਰ ਵਿੱਚ ਬਾਬਾ ਬੁੱਢਾ ਜੀ ਦੇ ਸਾਹਮਣੇ ਮਾਤਾ ਗੰਗਾ ਜੀ ਬੈਠੇ ਹਨ, ਉਹਨਾਂ ਦੇ ਪਿਛੇ ਇੱਕ ਟਹਿਲਣ ਬੈਠੀ ਹੈ (ਚਿੱਤਰ 30)। ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਵਿਆਹ 23 ਹਾੜ ਸੰਮਤ 1636 ਨੂੰ ਗੰਗਾ ਜੀ ਨਾਲ ਹੋਇਆ ਪਰ ਕਾਫ਼ੀ ਸਮਾਂ ਕੋਈ ਔਲਾਦ ਨਹੀਂ ਹੋਈ। ਗੁਰੂ ਜੀ ਨੇ ਮਾਤਾ ਜੀ ਨੂੰ ਸੰਤਾਨ ਪ੍ਰਾਪਤੀ ਦੇ ਵਰ ਲਈ ਬਾਬਾ ਬੁੱਢਾ ਜੀ ਦੀ ਸੇਵਾ ਵਿੱਚ ਜਾਣ ਲਈ ਕਿਹਾ। ਚਿੱਤਰ ਵਿੱਚ ਬਾਬਾ ਬੁੱਢਾ ਜੀ ਨੂੰ ਆਪਣੀ ਕੁਟੀਆ ਦੇ ਬਾਹਰ ਚਾਦਰ ਉਪਰ ਬੈਠੇ ਦਿਖਾਇਆ ਗਿਆ ਹੈ। ਸਿਰ ਤੇ ਪਗੜੀ ਅਤੇ ਤਨ ਤੇ ਚਾਦਰ ਲਪੇਟੀ ਹੈ। ਬਾਬਾ ਜੀ ਦੇ ਸਫ਼ੇਦ ਦਾਹੜੀ ਹੈ, ਸਾਹਮਣੇ ਮਾਤਾ ਗੰਗਾ ਜੀ ਆਪਣੀ ਟਹਿਲਣ ਨਾਲ ਬੈਠੇ ਹਨ ਅਤੇ ਬਾਬਾ ਜੀ ਨੂੰ ਹੱਥ ਜੋੜ ਕੇ ਪ੍ਰਸ਼ਾਦਾ ਭੇਟ ਕਰ ਰਹੇ ਹਨ। ਮਾਤਾ ਗੰਗਾ ਜੀ ਨੇ ਬਾਬਾ ਜੀ ਦੀ ਸੇਵਾ ਕਰਕੇ ਪੁੱਤਰ ਦਾ ਵਰ ਪ੍ਰਾਪਤ ਕੀਤਾ। ਚਿੱਤਰ ਦਾ ਵਾਤਾਵਰਨ ਹਰਿਆਵਲ ਭਰਿਆ ਹੈ। ਚਿੱਤਰ ਦੇ ਇੱਕ ਪਾਸੇ ਗਊਆਂ ਨੂੰ ਚਿੱਤਰਿਆ ਗਿਆ ਹੈ ਜੋ ਕਿ ਬਹੁਤ ਹੀ ਖ਼ੂਬਸੂਰਤ ਹਨ ਇਹ ਗਊਆਂ ਆਪਣੀ ਹੀ ਮਸਤੀ ਵਿੱਚ ਨਜ਼ਰ ਆ ਰਹੀਆਂ ਹਨ। ਇਹਨਾਂ ਦੇ ਚਿਤਰਨ ਤੋਂ ਸਾਫ ਜ਼ਾਹਿਰ ਹੈ ਕਿ ਚਿੱਤਰਕਾਰ ਪਸ਼ੂ ਚਿੱਤਰਨ ਵਿੱਚ ਵੀ ਕਮਾਲ ਦੀ ਮੁਹਾਰਤ ਹਾਸਲ ਸੀ।

ਭਗਤਾਂ ਦੇ ਚਿੱਤਰ ਵਿੱਚ ਪ੍ਰਮੁੱਖ ਭਗਤਾਂ ਤੋਂ ਇਲਾਵਾ ਛੱਤਾਂ ਦੀਆਂ ਨੁੱਕਰਾਂ ਤੇ ਵੀ ਇੱਕ ਲੜੀ ਵਿੱਚ ਭਗਤਾਂ ਦੇ ਛੋਟੇ-ਛੋਟੇ ਚਿੱਤਰ ਬਣਾਏ ਹੋਏ ਹਨ ਜਿਨ੍ਹਾਂ ਦੀ ਹਾਲਤ ਬਹੁਤ ਜ਼ਿਆਦਾ ਖ਼ਰਾਬ ਹੋ ਚੁੱਕੀ ਹੈ, ਜਿਸ ਕਾਰਨ ਇਹਨਾਂ ਭਗਤਾਂ ਬਾਰੇ ਕੋਈ ਜਾਣਕਾਰੀ ਅਤੇ ਪਛਾਣ ਨਹੀਂ ਹੋ ਸਕੀ (ਚਿੱਤਰ 53,54,55)।

**ਸਿੱਖ ਸਰਦਾਰਾਂ ਦੇ ਪੋਰਟਰੇਟ :**

19ਵੀਂ ਸਦੀ ਵਿੱਚ ਚਿੱਤਰਤ ਕੀਤੇ ਗਏ ਸਿੱਖ ਸਰਦਾਰਾਂ ਦੇ ਚਿੱਤਰਾਂ ਵਿਚੋਂ ਕਈ ਪੋਰਟਰੇਟਸ ਕਾਲਪਨਿਕ ਅਤੇ ਕਈ ਵਾਸਤਵਿਕ ਵਿਅਕਤੀਆਂ ਦੇ ਸਨ। ਇਹ ਪੋਰਟਰੇਟਸ

---

25 **ਨਾਭਾ, ਭਾਈ ਕਾਨ੍ਹ ਸਿੰਘ**, (1974), *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪੰਨਾ-881.

ਸਿੱਖ ਸਰਦਾਰਾਂ ਦੇ ਠਾਠ-ਬਾਠ ਅਤੇ ਸ਼ਾਨੋ ਸ਼ੌਕਤ ਨੂੰ ਦਰਸਾਉਂਦੇ ਹਨ। ਸਿੱਖ ਸਰਦਾਰਾਂ ਅਤੇ ਸਰਪ੍ਰਸਤਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਦੀ ਆਕ੍ਰਿਤੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਅਤੇ ਉੱਭਰਵੀਂ ਹੈ।[26] ਆਰੰਭਿਕ ਕਾਲ ਵਿੱਚ ਪੰਜਾਬ ਦੇ ਚਿੱਤਰਕਾਰਾਂ ਨੇ ਰੋਸ਼ਨੀ ਅਤੇ ਛਾਂ ਦਾ ਪ੍ਰਭਾਵ ਚਿੱਤਰਾਂ ਵਿੱਚ ਬੇਸ਼ਕ ਚੰਗੀ ਤਰ੍ਹਾਂ ਪ੍ਰਯੋਗ ਕੀਤਾ ਪਰ ਪੋਰਟਰੇਟਸ ਵਿੱਚ ਇਸ ਦੀ ਵਰਤੋਂ 19ਵੀਂ ਸਦੀ ਦੇ ਅੰਤ ਵਿੱਚ ਹੋਣ ਲੱਗੀ। ਗੁਰਦੁਆਰਾ ਪੋਥੀਮਾਲਾ ਵਿੱਚ ਸਿੱਖ ਸਰਦਾਰ ਦੇ ਚਿੱਤਰ ਸਫ਼ੇਦ ਪਿੱਠ-ਭੂਮੀ ਦੇ ਵਿਰੁੱਧ ਵਿੱਚ ਬਣਾਏ ਗਏ ਹਨ। ਕਈ ਇਤਿਹਾਸਕ ਵਿਅਕਤੀਆਂ ਦੇ ਚਿੱਤਰ ਕਲਪਨਾ ਦੇ ਅਧਾਰ 'ਤੇ ਬਣਾਏ ਗਏ ਹਨ। ਇਹਨਾਂ ਵਿਅਕਤੀਆਂ ਦੀ ਕੋਈ ਪਹਿਚਾਨ ਨਹੀਂ ਹੋ ਸਕੀ। ਇਹਨਾਂ ਵਿਚੋਂ ਕਈ ਮਹੰਤ[27] ਹਨ ਜਿਨ੍ਹਾਂ ਨੂੰ ਸੁਤੰਤਰ ਰੂਪ ਵਿੱਚ ਮਹਿਰਾਬਾਂ ਤੇ ਚਿਤਰਿਆ ਗਿਆ ਹੈ। ਗੁਰਦੁਆਰਾ ਪੋਥੀਮਾਲਾ ਵਿੱਚ ਇਹਨਾਂ ਚਿੱਤਰਾਂ ਦੇ ਰਚੈਤਾ ਦਾ ਇੱਕ ਸਵੈ-ਚਿੱਤਰ ਵੀ ਸੀ ਪ੍ਰੰਤੂ ਹੁਣ ਇਹ ਚਿੱਤਰ ਨਸ਼ਟ ਹੋ ਚੁੱਕਾ ਹੈ।

ਗੁਰਦੁਆਰਾ ਪੋਥੀਮਾਲਾ ਵਿੱਚ ਇੱਕ ਚਿੱਤਰ ਮਹਾਰਾਜਾ ਰਣਜੀਤ ਸਿੰਘ ਦਾ ਚਿੱਤਰ ਵੀ ਸੀ ਪਰੰਤੂ ਇਹ ਚਿੱਤਰ ਪੂਰੀ ਤਰ੍ਹਾਂ ਨਸ਼ਟ ਹੋ ਚੁੱਕਾ ਹੈ । ਇਸਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰਾਂ ਮਹਾਰਾਜਾ ਖੜਕ ਸਿੰਘ ਅਤੇ ਨੌਨਿਹਾਲ ਸਿੰਘ ਦਾ ਚਿੱਤਰ ਬਣਾਇਆ ਹੋਇਆ ਹੈ (ਚਿੱਤਰ 56)। ਇਹਨਾਂ ਦੇ ਪਿੱਛੇ ਚੌਬਦਾਰ ਬੈਠੇ ਹਨ। ਖੜਗ ਸਿੰਘ, ਮਹਾਰਾਜਾ ਰਣਜੀਤ ਸਿੰਘ ਸ਼ੇਰ-ਏ-ਪੰਜਾਬ ਦੀ ਮਹਾਰਾਣੀ ਦਾਤਾਰ ਕੌਰ ਦੇ ਉਦਰ ਤੋਂ ਵੱਡਾ ਪੁੱਤਰ ਸੀ। ਇਹ ਸੰਮਤ 1860 ਵਿੱਚ ਪੈਦਾ ਹੋਇਆ ਅਤੇ ਸੰਮਤ 1896 ਵਿੱਚ ਲਾਹੌਰ ਦੇ ਤਖ਼ਤ ਉੱਪਰ ਬੈਠਾ ਪਰ ਚਾਲਾਕ ਧਿਆਨ ਸਿੰਘ ਡੋਗਰੇ ਨੇ ਇਸ ਨੂੰ ਤਖ਼ਤੋਂ ਲਾਹ ਕੇ ਇਸ ਦੇ ਪੁੱਤਰ ਨੌਨਿਹਾਲ ਸਿੰਘ ਨੂੰ ਮਹਾਰਾਜਾ ਥਾਪਿਆ। ਖੜਗ ਸਿੰਘ ਇੱਕ ਵਰ੍ਹਾ ਗ਼ਮ ਨਾਲ ਬਿਮਾਰ ਰਹਿਕੇ 21 ਕੱਤਕ ਸੰਮਤ 1897 ਨੂੰ 38 ਵਰ੍ਹੇ ਦੀ ਉਮਰ ਵਿੱਚ ਗੁਜ਼ਰ ਗਿਆ। ਨੌਨਿਹਾਲ ਸਿੰਘ, ਮਹਾਰਾਜਾ ਰਣਜੀਤ ਸਿੰਘ ਦਾ ਪੋਤਾ ਅਤੇ ਮਹਾਰਾਜਾ ਖੜਕ ਸਿੰਘ ਦਾ ਪੁੱਤਰ ਸੀ। ਸਰਦਾਰ ਜੈਮਲ ਸਿੰਘ ਕਨ੍ਹੈਯਾ ਮਿਸਲ ਦੇ ਰਈਸ ਦੀ ਪੁੱਤਰੀ ਚੰਦ ਕੌਰ ਦੇ ਉਦਰ ਤੋਂ ਮਹਾਰਾਜਾ ਖੜਗ ਸਿੰਘ ਦਾ ਪੁੱਤਰ, ਜਿਸ ਦਾ ਜਨਮ ਫੱਗੁਣ ਸੰਮਤ 1877

---

26 **Kang., Kanwarjeet Singh. (Dr)** (1985). *Wall Paintings of Punjab and Haryana*, Atma Ram and Sons, New Delhi, p. 80.

27 **Oman., J.C.** *Mystics, Ascetics and Saints of India*, p. 259.

(1820 ਈ.) ਨੂੰ ਲਾਹੌਰ ਵਿਖੇ ਹੋਇਆ। ਸਮੇਂ ਸਿਰ ਇਸ ਦੀ ਧਾਰਮਿਕ ਸਿੱਖਿਆ ਭਾਈ ਸੰਤ ਸਿੰਘ ਗਿਆਨੀ ਕੋਲ ਹੋਈ ਅਤੇ ਸ਼ਸਤਰ ਵਿੱਦਿਆ ਦੇ ਉਸਤਾਦ ਸਰਦਾਰ ਲਹਿਣਾ ਸਿੰਘ ਮਜੀਠੀਆ, ਸਰਦਾਰ ਹਰੀ ਸਿੰਘ ਨਲਵਾ ਅਤੇ ਜਨਰਲ ਵੈਂਤੂਰਾ ਥਾਪੇ ਗਏ। ਸਰਦਾਰ ਸ਼ਾਮ ਸਿੰਘ ਅਟਾਰੀ ਦੀ ਸਪੁੱਤਰੀ ਨਾਨਕੀ ਨਾਲ ਨੌਨਿਹਾਲ ਸਿੰਘ ਦਾ ਵਿਆਹ 1893 (1837 ਈ) ਨੂੰ ਧੂਮਧਾਮ ਨਾਲ ਹੋਇਆ। ਨੌਨਿਹਾਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਆਸ਼ਾ ਅਨੁਸਾਰ ਯੋਗ ਰਾਜਕੁਮਾਰ ਸਾਬਤ ਹੋਇਆ ਇਸ ਨੇ ਆਪਣੇ ਦਾਦੇ ਦੇ ਹੁਕਮ ਨਾਲ ਕਈ ਇਲਾਕੇ ਸਿੱਖ ਰਾਜ ਨਾਲ ਮਿਲਾਏ। ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਪਿੱਛੋਂ ਰਾਜਕੁਮਾਰ ਦੇ ਪਿਤਾ ਮਹਾਰਾਜਾ ਖੜਗ ਸਿੰਘ ਪੰਜਾਬ ਦੇ ਤਖ਼ਤ ਤੇ ਬਿਰਾਜੇ। 1840 ਈ. (ਸੰਮਤ 1897) ਨੂੰ ਜਦ ਕੰਵਰ ਨੌਨਿਹਾਲ ਸਿੰਘ ਆਪਣੇ ਪਿਤਾ ਦਾ ਸਸਕਾਰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਪਾਸ ਕਰਕੇ ਕਿਲ੍ਹੇ ਨੂੰ ਵਾਪਿਸ ਆ ਰਿਹਾ ਸੀ, ਤਦ ਉਸਦੀ ਮੌਤ ਹੋ ਗਈ। ਕਈ ਇਤਿਹਾਸਕਾਰਾਂ ਨੇ ਅਤੇ ਕਰਨੈਲ ਅਲੈਗਜੈਂਡਰ ਗਾਡਨਰ ਨੇ ਜੋ ਅੱਖੀਂ ਵੇਖੇ ਹਾਲ ਲਿਖੇ ਹਨ, ਉਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਕੰਵਰ ਨੌਨਿਹਾਲ ਸਿੰਘ ਗੁੱਝੀ ਸਾਜ਼ਿਸ਼ ਅਧੀਨ ਮਾਰਿਆ ਗਿਆ।[28]

ਗੁਰਦੁਆਰਾ ਪੋਥੀਮਾਲਾ ਦੇ ਇੱਕ ਚਿੱਤਰ ਵਿੱਚ ਸ਼ਾਮ ਸਿੰਘ ਅਟਾਰੀ ਅਤੇ ਲਹਿਣਾ ਸਿੰਘ ਮਜੀਠੀਆ ਇੱਕਠੇ ਦਿਖਾਏ ਗਏ ਹਨ (ਚਿੱਤਰ 57)। ਮਜੀਠਾ ਦੇ ਇਤਿਹਾਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਕਸਬੇ ਦੀ ਨੀਂਹ ਮਧੂ ਨਾਮੀ ਇੱਕ ਜੱਟ ਨੇ ਰੱਖੀ ਜੋ ਗਿੱਲ ਗੋਤ ਨਾਲ ਸਬੰਧ ਰੱਖਦਾ ਸੀ। ਮਧੂ ਆਪਣੇ ਮਾਤਾ ਪਿਤਾ ਦਾ ਵੱਡਾ ਪੁੱਤਰ ਹੋਣ ਕਰਕੇ ਉਸ ਦਾ ਨਾਂ ਮਧੂ ਜੇਠਾ ਰੱਖ ਦਿੱਤਾ ਗਿਆ। ਇਸਨੇ ਜੋ ਪਿੰਡ ਵਸਾਇਆ ਉਸਦਾ ਨਾਮ ਮਧੂ ਜੇਠਾ ਪੈ ਗਿਆ। ਮਧੂ ਜੇਠਾ ਤੋਂ ਬਦਲਦਾ ਬਦਲਦਾ ਮਜੀਠਾ ਬਣਿਆ। ਇਸ ਤੋਂ ਅੱਗੇ ਇਸ ਖ਼ਾਨਦਾਨ ਵਿੱਚ ਦੇਸਾ ਸਿੰਘ ਮਜੀਠੀਆ, ਲਹਿਣਾ ਸਿੰਘ ਮਜੀਠੀਆ, ਅਮਰ ਸਿੰਘ ਮਜੀਠੀਆ ਅਤੇ ਰਾਣਾ ਸੂਰਤ ਸਿੰਘ ਮਜੀਠੀਆ ਹੋਏ, ਜਿਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਉੱਚ ਅਹੁਦਿਆਂ ਉਤੇ ਕੰਮ ਕਰਕੇ ਪ੍ਰਸਿੱਧੀ ਪ੍ਰਾਪਤ ਕੀਤੀ। ਮਜੀਠੀਆ ਖ਼ਾਨਦਾਨ ਦਾ ਸਭ ਤੋਂ ਪਹਿਲਾ ਸਰਦਾਰ ਦੇਸਾ ਸਿੰਘ ਸੀ, ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਕੀਤੀ। ਸਰਦਾਰ ਦੇਸਾ ਸਿੰਘ ਮਜੀਠੀਆ ਦਾ ਸਪੁੱਤਰ ਲਹਿਣਾ ਸਿੰਘ

28 **ਨਾਭਾ, ਭਾਈ ਕਾਨ੍ਹ ਸਿੰਘ,** (1974), *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪੰਨਾ-723.

ਹੋਇਆ। ਅਟਾਰੀ ਦੇ ਵੱਡ-ਵਡੇਰੇ ਸਿੱਧੂ ਬੰਸ ਨਾਲ ਸਬੰਧਿਤ ਸੀ। ਇਹ ਮੂਲ ਰੂਪ ਵਿੱਚ ਰਾਜਸਥਾਨ ਦੇ ਜੈਸਲਮੇਰ ਇਲਾਕੇ ਨਾਲ ਸੰਬੰਧਿਤ ਭੱਟੀ ਰਾਜਪੂਤ ਸਨ। ਪਹਿਲਾਂ ਇਹ ਫੂਲ ਮਹਿਰਾਜ ਦੇ ਇਲਾਕੇ 'ਚ ਆ ਕੇ ਆਬਾਦ ਹੋਏ ਅਤੇ ਫਿਰ ਇਹਨਾਂ ਦੇ ਵੱਡ-ਵਡੇਰੇ ਧੀਰ ਮੱਲ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਇੰਦਗੜ੍ਹ ਕਾਉਂਕੇ (ਅੱਜ ਕੱਲ ਕਾਉਂਕੇ ਕਲਾਂ) ਦੀ 1560 ਈ. ਦੇ ਕਰੀਬ ਨੀਂਹ ਰੱਖੀ । ਇਸ ਖਾਨਦਾਨ 'ਚੋਂ ਅੱਗੇ ਜਾ ਕੇ ਕਾਹਨ ਚੰਦ ਹੋਏ। ਸਰਦਾਰ ਸ਼ਾਮ ਸਿੰਘ ਅਟਾਰੀ ਕਾਹਨ ਚੰਦ (ਜਨਮ 1700 ਈ.) ਦੇ ਪੜਪੋਤੇ ਸਨ । ਸ਼ਾਮ ਸਿੰਘ ਅਟਾਰੀ ਵੀ ਸਰਦਾਰ ਨਿਹਾਲ ਸਿੰਘ ਦੇ ਜਿਉਂਦਿਆਂ ਹੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਚੁੱਕਾ ਸੀ।

ਗੁਰਦੁਆਰਾ ਪੋਥੀਮਾਲਾ ਵਿੱਚ ਇੱਕ ਚਿੱਤਰ ਸੰਧਾਵਾਲੀਆ ਸਰਦਾਰਾਂ ਦਾ ਹੈ (ਚਿੱਤਰ 58)। ਗੁਰਦੁਆਰਾ ਪੋਥੀਮਾਲਾ ਦੇ ਇਸ ਚਿੱਤਰ ਵਿੱਚ ਸੰਧਾਵਾਲੀਆ ਸਰਦਾਰਾਂ ਨੇ ਕੀਮਤੀ ਲਿਬਾਸ ਪਹਿਨੇ ਹੋਏ ਹਨ। ਦੋਹਾਂ ਨੇ ਕੁੜਤਾ ਅਤੇ ਚੂੜੀਦਾਰ ਪਜਾਮਾ ਪਹਿਨਿਆ ਹੋਇਆ ਹੈ। ਗਲੇ ਵਿੱਚ ਮੋਤੀਆਂ ਦੀ ਮਾਲਾ, ਬਾਜ਼ੂਬੰਦ, ਮੋਤੀਆਂ ਵਾਲੇ ਕੜੇ ਅਤੇ ਪਗੜੀ 'ਤੇ ਮੋਤੀਆਂ ਦੀ ਮਾਲਾ ਨਾਲ ਕਲਗ਼ੀ ਸਜਾਈ ਹੋਈ ਹੈ। ਕੰਨਾਂ ਵਿੱਚ ਵਾਲੀਆਂ ਪਹਿਨੀਆਂ ਹੋਇਆਂ ਹਨ। ਦੋਨਾਂ ਸਰਦਾਰਾਂ ਵਿੱਚੋਂ ਇੱਕ ਦੀ ਦਾਹੜੀ ਖੁੱਲ੍ਹੀ ਅਤੇ ਦੂਜੇ ਦੀ ਬੰਨ੍ਹੀ ਹੋਈ ਹੈ ਅਤੇ ਹੱਥ ਵਿੱਚ ਤਲਵਾਰ ਫੜੀ ਹੋਈ ਹੈ। ਇਹਨਾਂ ਨੇ ਪਿੱਛੇ ਗੋਲ ਤਕੀਏ ਦਾ ਢਾਸਣਾ ਲਾਈ ਹੋਈ ਹੈ। ਦੋਨਾਂ ਦੇ ਚਿਹਰਿਆਂ ਵਿੱਚੋ ਇੱਕ ਨੂੰ ਸਨਮੁੱਖ ਅਤੇ ਦੂਜੇ ਨੂੰ ਇੱਕ-ਚਸ਼ਮ ਚਿੱਤਰਿਆ ਹੈ। ਆਪਸੀ ਵਾਰਤਾਲਾਪ ਦੇ ਇਸ ਚਿੱਤਰ ਨੂੰ ਹਾਸ਼ੀਏ ਨਾਲ ਚਿੱਤਰਿਆ ਗਿਆ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਨੇੜੇ ਰਾਜਾਸਾਂਸੀ ਪਿੰਡ ਦੇ ਸੰਧਾਵਾਲੀਏ ਸਰਦਾਰ ਖ਼ਾਨਦਾਨ 19ਵੀਂ ਸਦੀ ਦੇ ਪੰਜਾਬ ਦੇ ਪ੍ਰਮੁੱਖ ਖ਼ਾਨਦਾਨਾਂ ਵਿਚੋਂ ਇੱਕ ਸੀ। ਸੰਧਾਵਾਲੀਆ ਪਰਿਵਾਰ ਕਲਾ ਦਾ ਸਰਪ੍ਰਸਤ ਵੀ ਸੀ, ਵਿਸ਼ੇਸ਼ਕਰ ਕੰਧ-ਚਿੱਤਰਾਂ ਦੀ ਕਲਾ ਦਾ। ਰਾਜਾਸਾਂਸੀ ਵਿਖੇ ਉਨ੍ਹਾਂ ਦੀ ਪੁਰਾਣੀ ਹਵੇਲੀ, ਜੋ ਮੌਲਿਕ ਰੂਪ ਵਿਚ ਸਾਰੀ ਦੀ ਸਾਰੀ ਕੰਧ-ਚਿੱਤਰਾਂ ਨਾਲ ਸ਼ਿੰਗਾਰੀ ਪਈ ਸੀ, ਹੁਣ ਢਹਿ-ਢੇਰੀ ਹੋ ਗਈ ਹੈ।

**ਹਿੰਦੂ ਵਿਸ਼ੇ** :

ਦੂਜੇ ਭਾਗ ਵਿੱਚ ਹਿੰਦੂ ਧਾਰਮਿਕ ਮਿਥਿਹਾਸਕ ਵਿਸ਼ਿਆਂ ਨੂੰ ਚਿੱਤਰਿਆ ਗਿਆ ਹੈ। ਪੰਜਾਬ ਦੇ ਕੰਧ ਚਿੱਤਰਾਂ ਵਿਚ ਹਿੰਦੂ ਮਿਥਿਹਾਸ ਦੇ ਵਿਸ਼ਿਆਂ ਨੂੰ ਵਿਸਥਾਰ ਸਹਿਤ

ਚਿੱਤਰਿਆ ਗਿਆ ਹੈ। ਸ਼ਾਇਦ ਹੀ ਕੋਈ ਮਿਥਿਹਾਸਕ ਘਟਨਾ ਹੋਵੇ, ਜਿਸ ਨੂੰ ਚਿੱਤਰਕਾਰ ਦੀ ਬੁਰਸ਼-ਛੋਹ ਪ੍ਰਦਾਨ ਨਾ ਹੋਈ ਹੋਵੇ। ਇਸ ਦਾ ਵੱਡਾ ਕਾਰਨ ਹਿੰਦੂਆਂ ਦੀ ਆਪਣੇ ਦੇਵੀ-ਦੇਵਤਿਆਂ ਨੂੰ ਮੂਰਤੀਆਂ ਅਤੇ ਚਿੱਤਰਾਂ ਰਾਹੀਂ ਅੰਕਿਤ ਕਰਨ ਦੀ ਸਦੀਆਂ ਪੁਰਾਣੀ ਪਰੰਪਰਾ ਸੀ। ਗੁਫ਼ਾਵਾਂ ਅਤੇ ਮੰਦਰਾਂ ਵਿਚ ਮੂਰਤੀਕਾਰੀ ਅਤੇ ਚਿੱਤਰਕਾਰੀ  ਕਰਨ ਦੀ ਇਹ ਹਿੰਦੂ ਪਰੰਪਰਾ ਬੁਤਸ਼ਿਕਨ ਧਾੜਵੀਆਂ ਦੇ ਆਉਣ ਨਾਲ ਲਗਭਗ ਅਲੋਪ ਹੋ ਗਈ ਸੀ ਪਰ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਸਿਆਸੀ ਸ਼ਾਂਤੀ ਅਤੇ ਆਰਥਿਕ ਖ਼ੁਸ਼ਹਾਲੀ ਦੇ ਆਉਣ ਨਾਲ ਇਹ ਪਰੰਪਰਾ ਮੁੜ ਜੀਵਤ ਹੋ ਗਈ ਅਤੇ 19ਵੀਂ ਸਦੀ ਦੇ ਪੰਜਾਬ ਦੀਆਂ ਸੈਂਕੜੇ ਇਮਾਰਤਾਂ ਦੀਆਂ ਕੰਧਾਂ ਉੱਤੇ ਹਿੰਦੂ ਦੇਵੀ ਦੇਵਤਿਆਂ ਦੇ ਅਤੇ ਹਿੰਦੂ ਮਿਥਿਹਾਸਕ ਚਿੱਤਰ ਉਲੀਕੇ ਗਏ ਸਨ।

ਗੁਰਦੁਆਰਾ ਪੋਥੀਮਾਲਾ ਵਿਖੇ ਹੋਈ ਚਿੱਤਰਕਾਰੀ ਦਾ ਵਧੇਰੇ ਹਿੱਸਾ ਹਿੰਦੂ ਧਾਰਮਿਕ ਮਿਥਿਹਾਸਕ ਵਿਸ਼ਿਆਂ ਨਾਲ ਸਬੰਧਤ ਹੈ। ਤਿੰਨ ਵੱਡੇ ਆਦਮਕੱਦ ਦੇ ਪੈਨਲ ਬ੍ਰਹਮਾ (ਬ੍ਰਹਮਾ : ਹਿੰਦੂ ਮਿਥਿਹਾਸ ਦੇ ਤਿੰਨ ਪ੍ਰਮੁੱਖ ਦੇਵਤਿਆਂ ਵਿਚੋਂ ਪਹਿਲਾ ਹੈ। ਰਾਮਾਇਣ, ਪੁਰਾਣਿਕ ਸਾਹਿਤ ਅਤੇ ਮਹਾਭਾਰਤ ਵਿੱਚ ਇਸ ਬਾਰੇ ਬੇਅੰਤ ਵਿਸਤ੍ਰਿਤ ਉਲੇਖ ਮਿਲਦੇ ਹਨ, ਜਿਨ੍ਹਾਂ ਵਿੱਚ ਇੱਕਰੂਪਤਾ ਨਹੀਂ ਹੈ। ਹਿੰਦੂ ਮਿਥਿਹਾਸ ਨੇ 'ਬ੍ਰਹਮਾ' ਨੂੰ ਸ੍ਰਿਸ਼ਟੀ ਦੀ ਉਤਪਤੀ ਦਾ ਕਾਰਜ ਸੌਂਪਿਆ ਹੋਇਆ ਹੈ। ਇਸ ਦੇ ਚਾਰ ਸਿਰ ਹਨ ਜਿਸ ਕਰਕੇ ਇਸ ਨੂੰ ਚਤੁਰਆਨਨ ਜਾਂ ਚਤੁਰ-ਮੁੱਖ ਅਰਥਾਤ 'ਚਾਰ ਮੂਹਾਂ ਵਾਲਾ' ਅਤੇ ਅੱਠ ਕੰਨਾਂ ਵਾਲਾ ਵੀ ਕਿਹਾ ਜਾਂਦਾ ਹੈ। ਇਸ ਦੀਆਂ ਚਾਰ ਬਾਹਾਂ ਹਨ। ਇਸ ਦੇ ਹੱਥ ਵਿੱਚ ਸ਼ਾਹੀ ਡੰਡਾ ਜਾਂ ਕੜਛੀ ਜਾਂ ਮਾਲਾ, ਪਰਿਵੀਤ ਨਾਂ ਦਾ ਧਨੁਸ਼ ਜਾ ਪਾਣੀ ਦਾ ਜੱਗ ਫੜਿਆ ਹੋਇਆ ਹੈ। ਵਿੱਦਿਆ ਦੀ ਦੇਵੀ ਸਰਸਵਤੀ ਇਸ ਦੀ ਪਤਨੀ ਹੈ, ਉਸਨੂੰ 'ਬ੍ਰਹਮੀ' ਵੀ ਕਿਹਾ ਜਾਂਦਾ ਹੈ। ਬ੍ਰਹਮਾ ਦੀ ਸਵਾਰੀ ਹੰਸ ਹੋਣ ਕਰਕੇ ਇਸ ਨੂੰ ਹੰਸ-ਵਾਹਨ ਵੀ ਕਿਹਾ ਜਾਂਦਾ ਹੈ। ਜਪੁਜੀ ਸਾਹਿਬ ਦੀ ਇਸ ਪੰਕਤੀ ਵਿੱਚ 'ਗੁਰੁ ਈਸ਼ਰ ਗੁਰ ਗੋਰਖ ਬ੍ਰਹਮਾ' ਦੀ ਵਿਆਖਿਆ ਵੇਲੇ ਬ੍ਰਹਮਾ ਦਾ ਉਲੇਖ ਆਉਂਦਾ ਹੈ।)[29], ਵਿਸ਼ਨੂੰ (ਵਿਸ਼ਨੂੰ: ਹਿੰਦੂਆਂ ਦੀ ਤ੍ਰੀ-ਮੂਰਤੀ ਦਾ ਦੂਜਾ ਦੇਵਤਾ ਜਿਸਨੂੰ ਸੂਰਜ ਦੀ ਸ਼ਕਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਵਿਸ਼ਨੂੰ ਦੇ ਹਜ਼ਾਰਾਂ ਅਵਤਾਰ ਦੱਸੇ ਜਾਂਦੇ

---

29 **ਸਿੰਘ**, **ਗੁਰਮੇਲ. ਐਮ.ਏ.**(2004). *ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਸਕ ਸੰਕੇਤਾਂ ਦਾ ਕੋਸ਼*, ਪ੍ਰੋ: ਸਾਹਿਬ ਸਿੰਘ ਗੁਰਮਤਿ ਟ੍ਰੱਸਟ, ਪਟਿਆਲਾ, ਪੰਨਾ-179.
**ਡੋਸਨ**, **ਜੋਨ**. *ਹਿੰਦੂ ਮਿਥਿਹਾਸ ਕੋਸ਼,* ਪੰਨਾ-366.

ਹਨ। ਜਿਨ੍ਹਾਂ ਵਿਚੋਂ ਸੱਤਵੇਂ ਅਤੇ ਅੱਠਵੇ ਰਾਮ ਅਤੇ ਕ੍ਰਿਸ਼ਣ ਦੀ ਮਾਨਤਾ ਮਹਾਨ ਸੰਸਾਰਕ ਬੀਰ ਵਿਅਕਤੀਆਂ ਵਾਂਗ ਕੀਤੀ ਜਾਂਦੀ ਹੈ।)[30] ਅਤੇ ਸ਼ਿਵ (ਸ਼ਿਵ - ਇਸ ਦੇ ਹੋਰ ਨਾਂ ਮਹਾਦੇਵ, ਮਹੇਸ਼, ਰੁਦਰ, ਤ੍ਰੈਲੋਕੀ ਨਾਥ ਆਦਿ ਵੀ ਹਨ ਪਰ ਵਧੇਰੇ ਪ੍ਰਚਲਤ ਸ਼ਿਵ ਹੈ। ਬਹੁਤ ਸਾਰੇ ਵਿਦਵਾਨ ਇਸ ਨੂੰ ਦਰਾਵੜੀਅਨ ਦਾ ਵਡੇਰਾ ਮੰਨਦੇ ਹਨ।)[31] ਦੇ ਹਨ, ਜਿਨ੍ਹਾਂ ਨੂੰ ਆਪਣੀਆਂ ਪਤਨੀਆਂ ਸਰਸਵਤੀ, ਲਕਸ਼ਮੀ ਅਤੇ ਪਾਰਵਤੀ ਜੀ ਦੇ ਨਾਲ ਚਿੱਤਰਿਆ ਹੋਇਆ ਹੈ। ਤਿੰਨ ਪੈਨਲ ਸ਼ਿਵ ਅਤੇ ਪਾਰਵਤੀ ਦੇ ਹਨ ਜਿਨ੍ਹਾਂ ਵਿਚੋਂ ਇੱਕ ਆਕਾਰ ਵਿੱਚ ਵੱਡਾ ਅਤੇ ਆਰੰਭ ਵਿੱਚ ਹੈ ਜਦਕਿ ਬਾਕੀ ਦੋ ਆਕਾਰ ਵਿੱਚ ਛੋਟੇ ਹਨ। ਇੱਕਾ-ਦੁੱਕਾ ਥਾਵਾਂ 'ਤੇ ਸ਼ਿਵ ਅਤੇ ਪਾਰਵਤੀ ਨੂੰ ਸੁਤੰਤਰ ਰੂਪ ਵਿੱਚ ਮਹਿਰਾਬਾਂ ਉੱਪਰ ਅੰਡਾਕਾਰ (oval) ਵਿੱਚ ਵੀ ਚਿੱਤਰਿਆ ਹੈ। ਦੋ ਪੈਨਲਾਂ ਵਿੱਚ ਵਿਸ਼ਨੂੰ ਦੇ ਨਰਸਿੰਘ ਅਵਤਾਰ ਅਤੇ ਕੂਰਮਾ (ਕੱਛੂ ਅਵਤਾਰ) ਦਾ ਚਿੱਤਰਨ ਕੀਤਾ ਹੋਇਆ ਹੈ। ਵਿਸ਼ਨੂੰ ਦਾ ਦਸਵਾਂ ਅਵਤਾਰ 'ਕਲਕੀ ਅਵਤਾਰ' ਇੱਕ ਹੋਰ ਮਹੱਤਵਪੂਰਨ ਵਿਸ਼ਾ ਹੈ। ਇਹਨਾਂ ਕੰਧ-ਚਿੱਤਰਾਂ ਦਾ ਆਧਾਰ ਮਹਾਂਕਾਵਿ ਰਾਮਾਇਣ ਅਤੇ ਮਹਾਭਾਰਤ ਆਦਿ ਮੰਨੇ ਜਾਂਦੇ ਹਨ। ਇਸ ਤੋਂ ਬਾਅਦ ਰਮਾਇਣ ਮਹਾਂਕਾਵਿ ਨਾਲ ਹੀ ਸੰਬੰਧਤ ਕੰਧ-ਚਿੱਤਰ ਆਉਂਦੇ ਹਨ ਜਿਨ੍ਹਾਂ ਵਿੱਚ ਲਕਸ਼ਮਣ ਦਾ ਸਰੂਪਨਖਾ ਦਾ ਨੱਕ ਵੱਡਣਾ, ਸ੍ਰੀ ਰਾਮ ਚੰਦਰ ਜੀ ਦਾ ਬਨਵਾਸ ਜਾਣਾ, ਸੀਤਾ ਹਰਨ ਆਦਿ ਚਿੱਤਰਾਂ ਨੂੰ ਤਰਤੀਬਵਾਰ ਚਿੱਤਰਿਆ ਗਿਆ ਹੈ।

ਹਨੂਮਾਨ (ਵਾਨਰ ਸੈਨਾ ਦਾ ਇੱਕ ਪ੍ਰਸਿੱਧ ਸਰਦਾਰ ਜਿਸਨੂੰ ਪਵਨ ਪੁੱਤਰ ਵੀ ਕਿਹਾ ਜਾਂਦਾ ਹੈ। ਰਮਾਇਣ ਵਿੱਚ ਇਸਦਾ ਚਿੱਤਰਨ ਆਇਆ ਹੈ। ਇਸਨੇ ਸ੍ਰੀ ਰਾਮ ਚੰਦਰ ਦੀ ਰਾਵਣ ਵਿਰੁੱਧ ਯੁੱਧ ਵਿੱਚ ਸਹਾਇਤਾ ਕੀਤੀ ਸੀ, ਜੋ ਕਿ ਦੈਵੀ ਸੰਤਾਨ ਅਤੇ ਪਰਾਪਾਕ੍ਰਿਤਕ ਸ਼ਕਤੀਆਂ ਦੇ ਮਾਲਕ ਸਨ। ਭਾਰਤੀ ਪੌਰਾਣਿਕ-ਪਰੰਪਰਾ ਵਿੱਚ ਇਸਦੀ ਉਤਪਤੀ ਤੇ ਹੋਰ ਕਾਰਜਾਂ ਬਾਰੇ ਅਨੇਕਾਂ ਰਵਾਇਤ ਪ੍ਰਚਲਤ ਹਨ। ਗਿਆਨ ਰਤਨਾਵਲੀ ਵਿੱਚ ਮੁਲਤਾਨ ਦੇ ਪੀਰ ਗੁਰੂ ਨਾਨਕ ਸਾਹਿਬ ਨਾਲ ਗੋਸ਼ਟ ਕਰਦਿਆ ਹਨੁਮਾਨ ਦੇ 'ਜ਼ੋਰ' ਦੀ ਤਾਰੀਫ਼ ਕਰਦੇ ਹਨ, 'ਜੋਰ ਉਹੀ ਹ ਜੋ ਹਨਵੰਤ ਕਰਾ ਹੈ॥'604)[32], ਬਾਲੀ (ਕਿਸ਼ਕਿੰਧਯਾ ਦਾ ਬਾਂਦਰ

---

30 **ਡੋਸਨ**, **ਜੋਨ**. *ਹਿੰਦੂ ਮਿਥਿਹਾਸ ਕੋਸ਼,* ਪੰਨਾ-366.

31 **ਸਿੰਘ**, **ਗੁਰਮੇਲ. ਐਮ.ਏ.**(2004). *ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਥੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਸਕ ਸੰਕੇਤਾਂ ਦਾ ਕੋਸ਼*, ਪੰਨਾ-28.

32 **ਸਿੰਘ**, **ਗੁਰਮੇਲ. ਐਮ.ਏ.**(2004). *ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਥੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਸਕ ਸੰਕੇਤਾਂ ਦਾ ਕੋਸ਼*, ਪੰਨਾ-69.

**ਡੋਸਨ, ਜੋਨ** (1963) *ਹਿੰਦੂ ਮਿਥਿਹਾਸ ਕੋਸ਼,* ਅਨੁਵਾਦਕ-ਰਜਿੰਦਰ ਸਿੰਘ ਸ਼ਾਸਤਰੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ-152.

ਰਾਜਾ, ਜਿਸਨੂੰ ਰਾਮ ਚੰਦਰ ਨੇ ਮਾਰ ਦਿੱਤਾ ਸੀ। ਇਹ ਇੰਦੂ ਦਾ ਪੁੱਤਰ ਅਤੇ ਆਪਣੀ ਮਾਤਾ ਦੇ ਵਾਲ ਤੋਂ ਪੈਂਦਾ ਹੋਇਆ ਮੰਨਿਆ ਜਾਂਦਾ ਹੈ ਜਿਸ ਕਰਕੇ ਇਸ ਦਾ ਨਾਮ ਬਾਲੀ ਪਿਆ।)[33]ਅਤੇ ਸੁਗਰੀਵ (ਇਸਦਾ ਸ਼ਾਬਦਿਕ ਅਰਥ ਹੈ ਸੋਹਣੀ ਗਰਦਨ ਵਾਲਾ। ਸੁਗਰੀਵ ਨੂੰ ਸੂਰਜ ਦਾ ਪੁੱਤਰ ਮੰਨਿਆ ਜਾਂਦਾ ਹੈ। ਇਸਨੂੰ ਬਾਂਦਰਾਂ ਦਾ ਰਾਜਾ ਕਰਕੇ ਵੀ ਜਾਣਿਆ ਜਾਂਦਾ ਹੈ। ਸੁਗਰੀਵ ਦੇ ਭਰਾ ਬਾਲੀ ਨੇ ਇਸ ਦਾ ਰਾਜ ਖੋਹ ਲਿਆ, ਪਰ ਰਾਮਚੰਦਰ ਜੀ ਨੇ ਬਾਲੀ ਨੂੰ ਮਾਰ ਕੇ ਇਸ ਨੂੰ ਮੁੜ ਰਾਜ ਦਿਵਾ ਦਿੱਤਾ ਸੀ। ਜਦੋਂ ਰਾਮ ਚੰਦਰ ਦੀ ਰਾਵਣ ਨਾਲ ਲੜਾਈ ਹੋਈ ਤਾਂ ਉਸ ਵੇਲੇ ਇਸ ਨੇ  ਆਪਣੇ ਨਾਲ ਹਨੂਮਾਨ ਅਤੇ ਬਾਂਦਰਾ ਦੀ ਫੌਜ ਸਮੇਤ ਰਾਮ ਦੀ ਸਹਾਇਤਾ ਕੀਤੀ।)[34] ਨੂੰ ਵੀ ਸੁਤੰਤਰ ਰੂਪ ਵਿੱਚ ਰਾਮਾਇਣ ਨਾਲ ਸੰਬੰਧ ਵਿਸ਼ਿਆਂ ਅਧੀਨ ਚਿੱਤਰਿਆ ਗਿਆ ਹੈ।

ਵੈਸ਼ਨਵ ਮੱਤ ਨਾਲ ਸੰਬੰਧਤ ਕ੍ਰਿਸ਼ਨ ਦੇ ਜੀਵਨ ਅਤੇ ਲੀਲ੍ਹਾਵਾਂ ਦਾ ਖ਼ੂਬਸੂਰਤ ਤਰਤੀਬਵਾਰ ਚਿੱਤਰਨ ਮਿਲਦਾ ਹੈ। ਦਰੋਪਤੀ ਚੀਰ-ਹਰਨ, ਸ਼ਾਮਾ ਸਾਖੀ, ਭਗਤਾਂ ਨਾਲ ਸੰਬੰਧਤ ਸਾਖੀ, ਕ੍ਰਿਸ਼ਨ ਵਿਆਹ-ਦ੍ਰਿਸ਼, ਕ੍ਰਿਸ਼ਨ ਲੀਲ੍ਹਾਵਾਂ ਦੇ ਦ੍ਰਿਸ਼ ਆਦਿ ਵੱਖੋ-ਵੱਖਰੇ ਪੈਨਲਾਂ ਵਿੱਚ ਚਿਤਰੇ ਮਿਲਦੇ ਹਨ। ਭਗਵਤਪੁਰਾਣ ਤੋਂ ਲਿੱਤੇ ਕ੍ਰਿਸ਼ਨ ਅਤੇ ਗੋਪੀਆਂ ਦੇ ਪ੍ਰੇਮ-ਚਿੱਤਰ ਅਧਿਆਤਮਿਕਤਾ ਨੂੰ ਦਰਸਾਉਂਦੇ ਹਨ। ਲਗਭਗ ਵੀਹ ਤੋਂ ਪੱਚੀ ਚਿੱਤਰ ਸਿੱਖ ਵਿਸ਼ਿਆਂ ਦੇ ਹਨ, ਇਹਨਾਂ ਦੀ ਸੰਖਿਆ ਵੱਧ ਵੀ ਹੋ ਸਕਦੀ ਹੈ ਪਰ ਕਈ ਕੰਧਾਂ ਦੇ ਚਿੱਤਰ ਪੂਰੀ ਤਰ੍ਹਾਂ ਨਸ਼ਟ ਹੋ ਚੁੱਕੇ ਹਨ। ਪੂਰੀ ਇਮਾਰਤ ਦੇ ਚਿੱਤਰਤ ਕਮਰੇ ਵਿੱਚ ਲੈਆਤਮਕ ਅਤੇ ਜਿਉਮੈਟ੍ਰੀਕਲ ਡਿਜ਼ਾਈਨ ਨਾਲ ਮਾਨਵ ਆਕ੍ਰਿਤੀਆਂ ਨੂੰ ਵੀ ਇਹਨਾਂ ਦਾ ਹਿੱਸਾ ਬਣਾਇਆ ਗਿਆ ਹੈ। ਕਈਆਂ ਥਾਵਾਂ ਤੇ ਇਹਨਾਂ ਨੂੰ (ਪ੍ਰਕਿਰਤੀ) ਰੂਪ ਵਿੱਚ ਵੀ ਚਿੱਤਰਤ ਕੀਤਾ ਹੋਇਆ ਹੈ। 'ਦਰੋਪਤੀ ਦਾ ਚੀਰ ਹਰਨ' ਇੱਕੋ-ਇੱਕ ਚਿੱਤਰ ਮਹਾਭਾਰਤ ਨਾਲ ਸੰਬੰਧਤ ਚਿੱਤਰਿਆ ਗਿਆ ਹੈ।

ਵਿਸ਼ਨੂੰ ਦੇ ਵੱਖੋ-ਵੱਖ ਅਵਤਾਰਾਂ ਵਿਚੋਂ ਇੱਕ ਸ਼੍ਰੀ ਰਾਮਚੰਦਰ[35] ਵੀ ਸਨ। ਰਾਮਾਇਣ ਨਾਲ ਸੰਬੰਧਤ ਚਿੱਤਰਾਂ ਵਿੱਚ ਮਹੱਤਵਪੂਰਨ ਚਿੱ!ਤਰਾਂ ਵਿੱਚ ਲਛਮਣ ਵਲੋਂ ਸਰੂਪਨਖਾ ਦਾ ਨੱਕ ਵੱਡਣਾ, ਸੀਤਾ ਹਰਨ, ਵਿਸ਼ਵਾਮਿੱਤਰ ਦਾ ਯੱਗ ਚਿੱਤਰ ਹਨ। ਪੰਜਾਬ ਵਿੱਚ ਰਾਮਾਇਣ,

---

33 **ਡੌਸਨ, ਜੋਨ** (1963) *ਹਿੰਦੂ ਮਿਥਿਹਾਸ ਕੋਸ਼,* ਅਨੁਵਾਦਕ-ਰਜਿੰਦਰ ਸਿੰਘ ਸ਼ਾਸਤਰੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ-393.

34 ਉਹੀ, ਪੰਨਾ-131.

35 **Kang, Kanwarjeet Singh. (Dr.)** (1988). *Punjab Art and Culture,* Atma Ram and Sons, Delhi, p. 52.

ਮਹਾਭਾਰਤ, ਹਿੰਦੂ ਵਿਸ਼ਿਆਂ ਅਧੀਨ ਚਿੱਤਰਤ ਇਮਾਰਤਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਜਿਨ੍ਹਾਂ ਵਿੱਚ ਖਾਸ ਕਰਕੇ ਪਲਕਿਆਣਾ ਮੰਦਿਰ ਅੰਮ੍ਰਿਤਸਰ, ਬੈਰਾਗੀ ਦਾ ਠਾਕੁਰ ਦੁਆਰਾ, ਰਾਮਟੱਟਵਾਲੀ ਹੁਸ਼ਿਆਰਪੁਰ, ਕਿਲ੍ਹਾ ਮੁਬਾਰਕ ਪਟਿਆਲਾ, ਪੰਚ ਮੰਦਿਰ ਫਤਿਹਗੜ੍ਹ ਚੂੜੀਆ, ਅੰਮ੍ਰਿਤਸਰ ਅਤੇ ਗੁਰਦੁਆਰਾ ਪੋਥੀਮਾਲਾ ਫ਼ਿਰੋਜ਼ਪੁਰ ਆਦਿ।

ਵੈਸ਼ਨਵ ਲਹਿਰ ਨਾਲ ਸੰਬੰਧਤ ਪੰਜਾਬ ਦੇ ਕੰਧ-ਚਿੱਤਰਾਂ ਵਿੱਚ ਸਭ ਤੋਂ ਵੱਧ ਸਥਾਨ ਸ੍ਰੀ ਕ੍ਰਿਸ਼ਨ ਜੀ ਨੂੰ ਮਿਲਿਆ ਹੈ। ਸ੍ਰੀ ਕ੍ਰਿਸ਼ਨ ਵੈਸ਼ਨਵ ਅਵਤਾਰਵਾਦ ਦੇ ਹਰਮਨ ਪਿਆਰੇ ਹੋਣ ਕਾਰਨ ਹੀ ਉਨ੍ਹਾਂ ਦੇ ਜੀਵਨ ਦੀ ਹਰ ਘਟਨਾ ਨੂੰ ਕੰਧ-ਚਿੱਤਰਾਂ ਦਾ ਵਿਸ਼ਾ ਬਣਾਇਆ ਗਿਆ ਹੈ। ਵੈਸ਼ਨਵ ਅਵਤਾਰਵਾਦ ਨਾਲ ਸੰਬੰਧਤ ਕੰਧ ਚਿੱਤਰਾਂ ਵਿੱਚ ਕ੍ਰਿਸ਼ਨ ਜੀ ਤੋਂ ਬਾਅਦ ਸ੍ਰੀ ਰਾਮਚੰਦਰ ਦੇ ਅਵਤਾਰ ਦੀ ਥਾਂ ਆਉਂਦੀ ਹੈ। ਸ੍ਰੀ ਰਾਮ ਨਾਲ ਸੰਬੰਧਤ ਜ਼ਿਆਦਾਤਰ ਚਿੱਤਰਾ ਵਿੱਚ ਉਨ੍ਹਾਂ ਨੂੰ ਭਗਵਾਨ ਦੇ ਰੂਪ ’ਚ ਹੀ ਦਰਸਾਇਆ ਗਿਆ ਹੈ ਜਿਸਦਾ ਆਧਾਰ ਮਹਾਂਕਾਵਿ ਰਾਮਾਇਣ ਹੈ। ਗੁਰਦੁਆਰਾ ਪੋਥੀਮਾਲਾ ਵਿੱਚ ਰਾਮਾਇਣ ਨਾਲ ਸੰਬੰਧਤ ਚਿੱਤਰ ਭਾਵੇਂ ਜ਼ਿਆਦਾ ਨਹੀਂ ਹਨ ਪਰ ਫਿਰ ਵੀ ਇਹਨਾਂ ਦੀ ਮੌਜੂਦਗੀ ਦਾ ਅਹਿਸਾਸ ਜ਼ਰੂਰ ਹੁੰਦਾ ਹੈ।

ਵਿਸ਼ਨੂੰ ਅਵਤਾਰ ਜੋ ਵੈਸ਼ਨਵ ਸੰਪ੍ਰਦਾਇ ਦੇ ਪਹਿਲੇ ਦੇਵਤੇ ਹਨ, ਨੂੰ ਵੀ ਪੋਥੀਮਾਲਾ ਦੀ ਇਮਾਰਤ ਵਿੱਚ ਖ਼ਾਸ ਥਾਂ ਹਾਸਲ ਹੈ। ਇਸ ਚਿੱਤਰ ਜਿਸ ਵਿੱਚ ਵਿਸ਼ਨੂੰ ਨੂੰ ਆਪਣੀ ਪਤਨੀ ਲਕਸ਼ਮੀ ਅਤੇ ਗਰੁੜ ਨਾਲ ਦਰਸਾਇਆ ਗਿਆ 13'x9" ਦਾ ਵਿਸ਼ਾਲ ਚਿੱਤਰ ਹੈ (ਚਿੱਤਰ 59)। ਵਿਸ਼ਨੂੰ ਹਿੰਦੂਆਂ ਦੀ ਤ੍ਰੀ-ਮੂਰਤੀ ਦਾ ਦੂਜਾ ਦੇਵਤਾ ਹੈ ਜਿਸਨੂੰ ਸੂਰਜ ਦੀ ਸ਼ਕਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਵਿਸ਼ਨੂੰ ਦੇ ਹਜ਼ਾਰਾਂ ਅਵਤਾਰ ਦੱਸੇ ਜਾਂਦੇ ਹਨ। ਜਿਨ੍ਹਾਂ ਵਿਚੋਂ ਸੱਤਵੇਂ ਅਤੇ ਅੱਠਵੇ ਰਾਮ ਅਤੇ ਕ੍ਰਿਸ਼ਨ ਦੀ ਮਾਨਤਾ ਮਹਾਨ ਸੰਸਾਰਕ ਬੀਰ ਵਿਅਕਤੀਆਂ ਵਾਂਗ ਕੀਤੀ ਜਾਂਦੀ ਹੈ। ਇਸ ਦੀ ਧੁੰਨੀ ਵਿਚੋਂ ਕੰਵਲ ਪੈਦਾ ਹੋਇਆ, ਕੰਵਲ ਵਿਚੋਂ ਬ੍ਰਹਮਾ ਜਨਮਿਆ। ਵਿਸ਼ਨੂੰ ਦੇ ਮੱਥੇ ਵਿਚੋਂ ਹੀ ਰੁਦਰ (ਸ਼ਿਵ) ਪੈਦਾ ਹੋਇਆ ਸੀ। ਵਿਸ਼ਨੂੰ ਨੂੰ ਵਿਭਿੰਨ ਅਵਤਾਰਾਂ ਦੇ ਰੂਪ ਵਿੱਚ ਵੀ ਚਿੱਤਰਿਆ ਗਿਆ ਹੈ। ਇਹਨਾਂ ਵਿੱਚ ਉਸਨੂੰ ਵਰਾਹ, ਸ੍ਰੀ ਰਾਮ, ਕ੍ਰਿਸ਼ਨ ਅਤੇ ਕਲਕੀ ਅਵਤਾਰ ਦੇ ਰੂਪ ਵਿੱਚ ਉਲੀਕਿਆ ਗਿਆ ਹੈ। ਚਿੱਤਰ ਵਿੱਚ ਵਿਸ਼ਨੂੰ ਜੀ ਤੋਂ ਬਿਨ੍ਹਾਂ ਲਕਸ਼ਮੀ ਜੀ ਅਤੇ ਗਰੁੜ ਨੂੰ ਵੀ ਚਿੱਤਰਤ ਕੀਤਾ ਗਿਆ ਹੈ। ਗਰੁੜ ਇਹਨਾਂ ਦੀ ਸਵਾਰੀ ਮੰਨਿਆ ਜਾਂਦਾ ਹੈ। ਚਿੱਤਰ ਵਿੱਚ ਸਪਸ਼ਟ ਰੂਪ

ਵਿੱਚ ਵਿਸ਼ਨੂੰ ਜੀ ਦੀਆਂ ਚਾਰ ਭੁਜਾਵਾਂ ਦਿਖਾਈਆਂ ਗਈਆਂ ਹਨ। ਇਹਨਾਂ ਚਾਰੇ ਭੁਜਾਵਾਂ ਦੇ ਚਾਰੇ ਹੱਥਾਂ ਵਿੱਚੋਂ ਇੱਕ ਵਿੱਚ ਗਦਾ[36], ਦੂਜੇ ਵਿੱਚ ਸ਼ੰਖ[37], ਤੀਜੇ ਵਿੱਚ ਚੱਕਰ[38] ਤੇ ਚੌਥੇ ਵਿੱਚ ਕੰਵਲ ਹੈ। ਪੁਰਾਣਾਂ ਅਨੁਸਾਰ ਲੱਛਮੀ ਇਹਨਾਂ ਦੀ ਅਤਿ ਸੁੰਦਰ ਤੇ ਸ਼ੀਲਵੰਤੀ ਇਸਤਰੀ ਹੈ ਅਤੇ ਸੰਸਾਰ ਦੇ ਧੰਨ ਦੌਲਤ ਅਤੇ ਐਸ਼ਵਰਜ ਦੀ ਦੇਵੀ ਹੈ। ਇਸਨੂੰ 'ਕਉਲਾ' ਅਤੇ 'ਕਵਲਾ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।[39] ਇਸੇ ਕਰਕੇ ਵਿਸ਼ਨੂੰ ਨੂੰ ਕਵਲਾ-ਪਤੀ ਵੀ ਆਖਿਆ ਜਾਂਦਾ ਹੈ।[40] ਚਿੱਤਰ ਵਿੱਚ ਵਿਸ਼ਨੂੰ ਜੀ ਅਤੇ ਗਰੁੜ ਨੂੰ ਵਰਤਾਲਾਪ ਕਰਦੇ ਦਿਖਾਇਆ ਹੈ। ਵਿਸ਼ਨੂੰ ਜੀ ਦੇ ਪਿੱਛੇ ਲਕਸ਼ਮੀ ਜੀ ਹੱਥ ਵਿੱਚ ਕੌਲ ਫੜੀ ਖੜੇ ਹਨ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰਾਂ ਨੂੰ ਵੇਖਕੇ ਸਾਫ਼ ਗਿਆਤ ਹੁੰਦਾ ਹੈ ਕਿ ਚਿੱਤਰਕਾਰ ਹਿੰਦੂ ਮਿਥਿਹਾਸਕ ਘਟਨਾਵਾਂ ਅਤੇ ਹਿੰਦੂ ਅਵਤਾਰਾਂ ਬਾਰੇ ਸੰਪੂਰਨ ਗਿਆਨ ਰੱਖਦੇ ਸਨ ਜਿਸਦਾ ਪ੍ਰਮਾਣ ਇਹ ਚਿੱਤਰ ਹੈ, ਕਿਉਂਕਿ ਸੰਪੂਰਨ ਕੰਧ-ਚਿੱਤਰਾਂ ਵਿੱਚੋਂ ਆਕਾਰ ਵਿੱਚ ਸਭ ਤੋਂ ਵੱਡਾ ਹੋਣ ਕਾਰਨ ਇਸ ਦਾ ਪ੍ਰਭਾਵ ਵੀ ਜ਼ਿਆਦਾ ਅਤੇ ਖਿੱਚ ਭਰਪੂਰ ਹੈ। ਸੋਢੀ ਮਿਹਰਬਾਨ ਦੀ ਰਚਨਾ ਸੁਖਮਨੀ ਸਹੰਸ੍ਰਨਾਮਾ ਵਿੱਚ ਤ੍ਰਿਗੁਣ ਅਵਤਾਰ ਬਾਰੇ ਜ਼ਿਕਰ ਆਉਂਦਾ ਹੈ। ਇਸ ਰਚਨਾ ਵਿੱਚ ਵਿਸ਼ਨੂੰ ਦੇ ਸਾਰੇ ਅਵਤਾਰਾਂ ਨੂੰ ਸਲੋਕ ਅਤੇ ਪਉੜੀ ਵਿੱਚ ਬਿਆਨ ਕੀਤਾ ਗਿਆ ਹੈ। ਸੰਭਵ ਹੈ ਕਿ ਚਿੱਤਰਕਾਰਾਂ ਨੇ ਇਸ ਰਚਨਾ ਨੂੰ ਹੀ ਆਧਾਰ ਬਣਾ ਕੇ ਕੰਧ-ਚਿੱਤਰਕਾਰੀ ਕੀਤੀ ਹੈ। ਦਿਲਚਸਪ ਗੱਲ ਇਹ ਹੈ ਕਿ ਇਹ ਚਿੱਤਰ, ਹਿੰਦੂ ਵਿਸ਼ੇ ਦੇ ਕੰਧ-ਚਿੱਤਰਾਂ ਦੇ ਆਰੰਭ ਵਿੱਚ ਚਿਤਰਿਆ ਗਿਆ ਹੈ, ਇਸਦੇ ਵਿਪਰੀਤ ਸ਼ਿਵ ਅਤੇ ਬ੍ਰਹਮਾ ਦੇ ਚਿੱਤਰ ਹਨ ਅਤੇ ਫਿਰ ਵਿਸ਼ਨੂੰ ਦੇ ਵੱਖੋ ਵੱਖ ਅਵਤਾਰਾਂ ਨੂੰ ਚਿੱਤਰਿਆ ਗਿਆ ਹੈ। ਇਸ ਤ੍ਰਿਮੂਰਤੀ ਬਾਰੇ ਸੁਖਮਨੀ ਸਹੰਸ੍ਰਨਾਮਾ ਵਿੱਚ ਤ੍ਰਿਗੁਣ ਅਵਤਾਰ ਸਿਰਲੇਖ ਹੇਠ ਇਸ ਤਰ੍ਹਾਂ ਜ਼ਿਕਰ ਆਉਂਦਾ ਹੈ।

---

36 ਗਦਾ - ਗਦਾਸੁਰ ਨਾਮਕ ਰਾਖ਼ਸ਼ ਦੀ ਅਸਥੀਆ ਦਾ ਗਦਾ ਧਾਰਨ ਕਰਨ ਉਪਰੰਤ ਵਿਸ਼ਨੂੰ ਦਾ ਇੱਕ ਨਾਮ ਗਦਾਧਰ ਵੀ ਹੋਇਆ। ਗਦਾ ਸ਼ਸਤਰ ਦਾ ਸੰਬੰਧ ਵਿਸ਼ਨੂੰ ਤੋਂ ਇਲਾਵਾ, ਕੁਬੇਰ, ਦੁਰਗਾ,ਹਨੂਮਾਨ, ਭੀਮ ਆਦਿ ਨਾਲ ਵੀ ਰਿਹਾ ਹੈ।

37 ਸ਼ੰਖ - ਵਿਸ਼ਨੂੰ ਦੇ ਸ਼ੰਖ ਦਾ ਨਾਮ 'ਪਚਜਯ' ਹੈ ਅਤੇ ਇਹ ਜਲਤੱਤ ਦਾ ਪ੍ਰਤੀਕ ਹੈ। ਮਹਾਭਾਰਤ ਦੇ ਸਮੁੰਦਰ ਮੰਥਨ ਦੇ ਵਿਆਖਿਆਨ ਵਿੱਚ ਇਹ ਮਹੱਤਵਪੂਰਨ ਹੈ ਕਿ ਸਮੁੰਦਰ ਮੰਥਨ ਸਮੇਂ ਅੰਮ੍ਰਿਤ ਆਦਿ ਵਸਤੂਆਂ ਦੇ ਨਾਲ ਸ਼ੰਖ ਦੀ ਵੀ ਉਤਪਤੀ ਹੋਈ ਜਿਸਨੂੰ ਕਿ ਵਿਸ਼ਨੂੰ ਨੇ ਲਕਸ਼ਮੀ ਦੇ ਨਾਲ ਧਾਰਨ ਕੀਤਾ।

38 ਚੱਕਰ - ਚੱਕਰ ਵਿਸ਼ਨੂੰ ਦਾ ਸਭ ਤੋਂ ਵੱਧ ਮਹੱਤਵਪੂਰਨ ਸ਼ਸਤਰ ਹੈ। ਵੈਦਿਕ ਕਾਲ ਵਿੱਚ ਇਸਨੂੰ ਰਚਨਾ ਦਾ ਪ੍ਰਤੀਕ, ਕਾਲਚੱਕ ਪ੍ਰਵਰਤੀ ਕਾਲ ਵਿੱਚ ਸੰਹਾਰ-ਚੱਕਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

39 **ਸਿੰਘ, ਮਹਿਤਾਬ**. (1991). *ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਇਤਿਹਾਸਕ ਨਾਵਾਂ ਅਤੇ ਥਾਵਾਂ ਦਾ ਕੋਸ਼*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਨਾ-99.

40 ਉਹੀ ਪੰਨਾ-100.

*ਸਲੋਕ :* *ਤ੍ਰਿਗੁਣ ਲੀਓ ਅਵਤਾਰੁ ਹਰਿ ਕੀਨੇ ਅਨਿਕ ਬਿਸਥਾਰ।*
*ਤੀਨੇ ਗੁਨ ਆਪੇ ਭੈਆ ਭਬ ਰਚਨ ਲਗਾ ਸੈਸੁਾਰੁ॥1॥*

*ਪਉੜੀ :* *ਤੀਨਿ ਦੇਵ ਆਪੇ ਪ੍ਰਗਟਾਏ।*
*ਵੈਰਾਟ ਪਿਤਾ ਮਨਸਾ ਜਿਸੁ ਮਾਏ।*
*ਨਾਭ ਕਵਲ ਤੇ ਬ੍ਰਹਮਾ ਧਾਰੇ।*
*ਹਿਰਦੇ ਵਿਸਨੁ ਜੀਆ ਪ੍ਰਤਧਾਰੇ ॥2॥*
*ਭਿਗ੍ਰਟੀ ਸ਼ਿਵ ਜੁ ਅੰਤਿ ਸੰਘਾਰੇ।*
*ਸਰਬ ਥਾਨ ਗੁਰੂ ਉਅੰਕਾਰੇ*
*ਬ੍ਰਹਮਾ ਦੇਵ ਪੜੈ ਮੁਖਿ ਚਾਰੇ।*
*ਏਹਿ ਨਾ ਸਮਝਹਿ ਉਹ ਨਦਰਿ ਨਿਹਾਰੇ॥2॥*[41]

ਇਹ ਅਸਥਾਨ ਬੇਸ਼ਕ ਸਿੱਖ ਧਰਮ ਨਾਲ ਸੰਬੰਧਤ ਹੈ ਪਰੰਤੂ ਚਿੱਤਰਕਾਰੀ ਵਿੱਚ ਹਿੰਦੂ ਵਿਸ਼ੇ ਨੂੰ ਲੈ ਕੇ ਚਿੱਤਰਾਂ ਬਾਰੇ ਉਸਾਰੂ ਸੋਚ ਸਾਫ਼ ਜ਼ਾਹਿਰ ਹੁੰਦੀ ਹੈ। ਚਿੱਤਰਕਾਰ ਬਾਰੇ ਕਿਹਾ ਜਾ ਸਕਦਾ ਹੈ ਕਿ ਜਾਂ ਤਾਂ ਉਹ ਹਿੰਦੂ ਹੋਵੇਗਾ ਜਾਂ ਫਿਰ ਕੰਧ-ਚਿੱਤਰਕਾਰੀ ਤੋਂ ਪਹਿਲਾਂ ਚਿੱਤਰਕਾਰ ਨੇ ਹਿੰਦੂ ਧਰਮ ਸਬੰਧੀ ਸੰਪੂਰਨ ਜਾਣਕਾਰੀ ਪ੍ਰਾਪਤ ਕੀਤੀ ਹੋਵੇਗੀ। ਵਿਸ਼ਨੂੰ ਅਤੇ ਗਰੁੜ ਦੀ ਆਕ੍ਰਿਤੀ ਤੋਂ ਅਤੇ ਉਨ੍ਹਾਂ ਦੀ ਵੇਸ਼-ਭੂਸ਼ਾ ਤੋਂ ਚਿੱਤਰਕਾਰ ਉਨ੍ਹਾਂ ਦੇ ਚਰਿੱਤਰ ਨੂੰ ਉਭਾਰਨ ਵਿੱਚ ਪੂਨਰ ਤੌਰ ’ਤੇ ਸਫਲ ਹੋਇਆ ਹੈ। ਜਿਥੇ ਲਕਸ਼ਮੀ ਜੀ ਦੀ ਆਕ੍ਰਿਤੀ ਅਤੇ ਵੇਸ਼-ਭੂਸ਼ਾ ਦਾ ਸਵਾਲ ਹੈ ਉਥੇ ਸਮਕਾਲੀ ਪੰਜਾਬੀ ਇਸਤਰੀ ਦੀ ਝਲਕ ਨਜ਼ਰ ਆਉਂਦੀ ਹੈ।

ਹਿੰਦੂ ਮਿਥਿਹਾਸ ਅਨੁਸਾਰ ਵਿਸ਼ਨੂੰ, ਬ੍ਰਹਮਾ ਤੇ ਮਹੇਸ਼ (ਸ਼ਿਵ ਜੀ) ਸਭ ਤੋਂ ਵੱਡੇ ਦੇਵਤੇ ਮੰਨੇ ਗਏ ਹਨ। ਇਸੇ ਸੰਦਰਭ ਵਿੱਚ ਗੁਰਦੁਆਰਾ ਪੋਥੀਮਾਲਾ ਵਿਖੇ ਵਿਸ਼ਨੂੰ ਦਾ ਚਿੱਤਰ ਬਾਕੀ ਸਾਰੇ ਚਿੱਤਰਾਂ ਨਾਲੋਂ ਵਿਸ਼ਾਲ ਬਣਾਇਆ ਗਿਆ ਹੈ। ਵਿਸ਼ਨੂੰ ਦੀ ਆਕ੍ਰਿਤੀ ਬੇਹੱਦ ਪ੍ਰਭਾਵਸ਼ਾਲੀ ਹੈ, ਚਿੱਤਰ ਦੇ ਆਕਾਰ ਤੋਂ ਇਹਨਾਂ ਦੀ ਪ੍ਰਮੁੱਖਤਾ ਸਾਫ਼ ਨਜ਼ਰ ਆਉਂਦੀ ਹੈ। ਬ੍ਰਹਮਾ ਜੀ ਇਹਨਾਂ ਦੀ ਨਾਭੀ ਵਿਚੋਂ ਪੈਦਾ ਹੋਏ ਦੱਸੇ ਜਾਂਦੇ ਹਨ। ਰਾਮ, ਕ੍ਰਿਸ਼ਨ, ਵਰਾਹ, ਮੱਛ, ਕੱਛ ਆਦਿ 24 ਅਵਤਾਰਾਂ ਨੂੰ ਵਿਸ਼ਨੂੰ ਦੇ ਅਵਤਾਰ ਹੀ ਮੰਨਿਆ ਜਾਂਦਾ ਹੈ।[42]

---

41 **ਜੋਸ਼ੀ, ਬਲਜਿੰਦਰ ਕੋਰ. (ਡਾ.)** (ਸੰਪਾ)(2000) *ਬਾਣੀ ਬਿਲਾਸ ਸੋਢੀ ਮਿਹਰਬਾਨ*, ਸਮੂਹ ਪਰਿਵਾਰ, ਸੋਢੀ ਲਛਮਣ ਸਿੰਘ ਉਪਾਸਕ, ਬਾਬਾ ਦੱਖਣੀ ਦਾਸ ਘਰਾਚੋਂ/ ਕਪਿਆਲ,ਪੰਨਾ-13.

42 **ਸਿੰਘ, ਮਹਿਤਾਬ.** (1991). *ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਇਤਿਹਾਸਕ ਨਾਵਾਂ ਅਤੇ ਥਾਵਾਂ ਦਾ ਕੋਸ਼,* ਸਿੰਘ ਬ੍ਰਦਰਸ,ਅੰਮ੍ਰਿਤਸਰ ਪੰਨਾ-99.

ਵਿਸ਼ਨੂੰ, ਲਕਸ਼ਮੀ ਅਤੇ ਗਰੁੜ ਦੇ ਚਿੱਤਰ ਤੋਂ ਵਿਪਰਿਤ ਬ੍ਰਹਮਾ ਅਤੇ ਸ਼ਿਵ ਦੇ ਆਦਮ ਕੱਦ ਚਿੱਤਰ ਵੇਖੇ ਜਾ ਸਕਦੇ ਹਨ। ਇਹਨਾਂ ਦੋਹਾਂ ਦੇ ਨਾਲ ਵੀ ਸ਼ਿਵ ਪਾਰਵਤੀ (ਚਿੱਤਰ 60) ਅਤੇ ਬ੍ਰਹਮਾ ਨਾਲ ਸਰਸਵਤੀ (ਚਿੱਤਰ 61) ਨੂੰ ਚਿੱਤਰਤ ਕੀਤਾ ਗਿਆ ਹੈ। ਬ੍ਰਹਮਾ ਨੂੰ ਸ੍ਰਿਸ਼ਟੀ ਦਾ ਰਚੈਤਾ ਮੰਨਿਆ ਜਾਂਦਾ ਹੈ। ਉਨ੍ਹਾਂ ਦੀ ਉਤਪਤੀ ਸਬੰਧੀ ਅਨੇਕਾਂ ਪੌਰਾਣਿਕ ਗਾਥਾਵਾਂ ਵਿੱਚੋਂ ਇੱਕ ਗਾਥਾ ਇਹ ਹੈ ਕਿ ਕਾਲ ਸ਼ਕਤੀ ਦੇ ਨਾਲ ਜੀਵਾਂ ਦੇ ਕਰਮਾਂ ਲਈ ਵਿਸ਼ਨੂੰ ਨੂੰ ਪ੍ਰੇਰਿਤ ਕੀਤਾ ਤਾਂ ਉਨ੍ਹਾਂ ਦੀ ਨਾਭੀ ਵਿੱਚੋਂ ਕਮਲ ਪ੍ਰਗਟ ਹੋਇਆ ਤੇ ਕਮਲ ਵਿੱਚੋਂ 'ਬ੍ਰਹਮਾ' ਦੀ ਉਤੱਪਤੀ ਹੋਈ।[43] ਹਿੰਦੂ ਧਰਮ ਵਿੱਚ ਵੇਦ ਨੂੰ ਸਭ ਤੋਂ ਵੱਡਾ ਪ੍ਰਮਾਣਿਕ ਗ੍ਰੰਥ ਮੰਨਿਆ ਜਾਂਦਾ ਹੈ ਅਤੇ ਬ੍ਰਹਮਾ ਇਹਨਾਂ ਵੇਦਾਂ (ਯਜੁਰਵੇਦ, ਰਿਗਵੇਦ, ਸਾਮਵੇਦ ਅਤੇ ਅਥਰਵਵੇਦ)[44] ਦੇ ਰਚੈਤਾ ਦੇ ਰੂਪ ਵਿੱਚ ਸਾਹਮਣੇ ਆਏ ਹਨ। ਇਹਨਾਂ ਚਾਰੇ ਵੇਦਾਂ ਦਾ ਹਿੰਦੂ ਧਰਮ ਵਿੱਚ ਬਹੁਤ ਸਤਿਕਾਰ ਹੈ। ਚਿੱਤਰ ਵਿੱਚ ਬ੍ਰਹਮਾ ਦੇ ਚਾਰੋਂ ਵੇਦਾਂ ਦੇ ਰਚੈਤਾ ਹੋਣ ਦਾ ਪੁਖ਼ਤਾ ਸਬੂਤ ਉਨ੍ਹਾਂ ਦੀਆਂ ਚਾਰੋਂ ਬਾਹਾਂ ਵਿੱਚ ਵੇਦ ਦਰਸਾਏ ਹੋਣ ਨਾਲ ਮਿਲ ਜਾਂਦਾ ਹੈ। ਚਾਰੋਂ ਵੇਦ ਚੌਹਾਂ ਮੁੱਖਾਂ ਤੋਂ ਉਚਾਰੇ ਅਤੇ ਇਹਨਾਂ ਦਾ ਗਿਆਨ ਆਪ ਨੇ ਸਭ ਤੋਂ ਪਹਿਲਾਂ ਸ੍ਰਿਸ਼ਟੀ ਨੂੰ ਦਿੱਤਾ। ਚਿੱਤਰ ਵਿੱਚ ਬ੍ਰਹਮਾ ਨੇ ਸਿਰ ਤੇ ਮੁਕਟ ਅਤੇ ਗਲੇ ਵਿੱਚ ਮਾਲਾਵਾਂ ਪਹਿਨੀਆਂ ਹੋਈਆਂ ਹਨ ਨਾਲ ਹੀ ਸਰਸਵਤੀ ਨੂੰ ਬਿਲਕੁਲ ਵੱਖਰੇ ਢੰਗ ਵਿੱਚ ਚਿੱਤਰਿਆ ਗਿਆ। ਚਿੱਤਰਕਾਰ ਨੂੰ ਦੇਵਤਾਵਾਂ ਨੂੰ ਉਨ੍ਹਾਂ ਦੇ ਚਰਿੱਤਰ ਵਿੱਚ ਪੂਰੀ ਤਰ੍ਹਾਂ ਢਾਲਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿੱਚ ਉਹ ਪੂਰੀ ਤਰ੍ਹਾਂ ਕਾਮਯਾਬ ਵੀ ਹੋਇਆ ਹੈ ਪਰੰਤੂ ਦੇਵੀ ਚਿੱਤਰਨ ਵਿੱਚ ਇਸ ਤਰ੍ਹਾਂ ਦਾ ਕੁੱਝ ਦੇਖਣ ਨੂੰ ਨਹੀਂ ਮਿਲਦਾ।

ਪੁਰਾਣਾਂ ਵਿੱਚ ਆਪਣੇ-ਆਪਣੇ ਵਿਸ਼ੇਸ਼ ਦੇਵਤਾ, ਚਾਹੇ ਉਹ ਸ਼ਿਵ ਹੈ ਜਾਂ ਵਿਸ਼ਨੂੰ, ਵੀ ਸਰਵ ਉੱਚਤਾ ਨੂੰ ਭਿੰਨ-ਭਿੰਨ ਰੂਪਾਂ ਵਿੱਚ ਵਰਣਨ ਕੀਤਾ ਗਿਆ ਹੈ। ਇਸੇ ਪ੍ਰਕਾਰ ਕੰਧ-ਚਿੱਤਰਾਂ ਵਿੱਚ ਵੀ ਆਪਣੇ-ਆਪਣੇ ਮਨਪਸੰਦ ਦੇਵਤਿਆਂ ਦੀ ਮਹਿਮਾ ਤੇ ਸਤਿਕਾਰ ਨੂੰ ਵਧਾਉਣ ਲਈ ਪ੍ਰਾਚੀਨ ਰਚਨਾਵਾਂ ਦੀਆਂ ਅਣਗਿਣਤ ਮਿਥਿਹਾਸਕ ਕਹਾਣੀਆਂ ਤੇ ਸੰਕੇਤਾਂ ਚਿੱਤਰਕਾਰੀ ਦੇ ਰੂਪ ਵਿੱਚ ਵਿਕਾਸ ਅਤੇ ਵਿਸਥਾਰ ਕਰ ਲਿਆ ਗਿਆ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਇਸਨੂੰ ਬ੍ਰਹਮਾ ਅਤੇ ਸ਼ਿਵ ਦੇ ਚਿੱਤਰ ਇਸੇ ਸੰਦਰਭ ਵਿੱਚ

---

43 **ਸਿੰਘ, ਗੁਰਮੇਲ. (ਸੰਪਾ)** (2004). *ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, ਪੰਨਾ-179.

44 **ਡੋਸਨ, ਜੋਨ.** (1963). *ਹਿੰਦੂ ਮਿਥਿਹਾਸਕ ਕੋਸ਼*, ਅਨੁਵਾਦਕ-ਰਜਿੰਦਰ ਸਿੰਘ ਸ਼ਾਸਤਰੀ, ਭਾਸ਼ਾ ਵਿਭਾਗ, ਪੰਜਾਬ,ਪਟਿਆਲਾ, ਪੰਨਾ-558.

ਆਉਂਦੇ ਹਨ। ਸ਼ਿਵ ਅਤੇ ਪਾਰਵਤੀ ਦਾ ਚਿੱਤਰ ਵੀ ਬ੍ਰਹਮਾ ਦੇ ਚਿੱਤਰ ਦੇ ਆਕਾਰ ਅਨੁਸਾਰ ਵਿਸ਼ਾਲ ਹੈ। ਭਾਵੇਂ ਸ਼ਿਵ ਦੀ ਪੂਜਾ ਬ੍ਰਹਮਾ, ਵਿਸ਼ਨੂੰ ਤੇ ਇੰਦਰ ਦੇ ਨਾਲ ਹੀ ਹੁੰਦੀ ਹੈ ਪਰ ਇਹ ਵਿਸ਼ਨੂੰ ਦੀ ਈਸ਼ਵਰਤਾ ਨੂੰ ਸਵੀਕਾਰ ਕਰਦੇ ਹਨ ਅਤੇ ਆਪਣੀ ਪਦਵੀ ਨੂੰ ਇਸ ਨਾਲੋਂ ਘੱਟ ਮੰਨਦੇ ਹਨ। ਸ਼ਿਵ ਜੋ ਹਿੰਦੂ ਤ੍ਰਿਮੂਰਤੀ ਦਾ ਤੀਜਾ ਦੇਵਤਾ ਹੈ ਅਤੇ ਆਪਣੇ ਉਪਾਸ਼ਕਾਂ ਦਾ ਸਰਵਉਚ ਪਰਮਾਤਮਾ ਹੈ। ਜੇ ਇਸਦਾ ਸਰੂਪ ਥੋੜੇ ਜਿਹੇ ਸ਼ਬਦਾਂ ਵਿੱਚ ਵਰਣਨ ਕੀਤਾ ਜਾਏ ਤਾਂ ਇਹ ਪ੍ਰਧਾਨ ਸੰਘਾਰਕ ਹੈ ਪਰ ਹਿੰਦੂ ਵਿਸ਼ਵਾਸ ਅਨੁਸਾਰ ਸੰਘਾਰ ਦਾ ਅਰਥ ਪੁਨਰ-ਉਤਪਤੀ ਹੈ।[45] ਇਸੇ ਲਈ ਸ਼ਿਵ ਕਲਿਆਣਕਾਰੀ ਹੈ। ਸ਼ਿਵ ਭੁਤੇਸ਼ਵਰ ਅਰਥਾਤ ਭੂਤਾਂ ਅਤੇ ਪ੍ਰੇਤਾਂ ਦਾ ਸੁਆਮੀ ਹੋਣ ਕਰਕੇ ਇਸ ਦੇ ਸਿਰ ਅਤੇ ਗਲੇ ਵਿੱਚ ਸੱਪਾਂ ਅਤੇ ਖੋਪਰੀਆਂ ਦੀ ਮਾਲਾ ਪਾਈ ਹੁੰਦੀ ਹੈ ਜੋ ਕਿ ਚਿੱਤਰ ਵਿੱਚ ਸਾਫ ਨਜ਼ਰ ਆ ਰਹੀ ਹੈ। ਜੋਨ ਡੌਸਨ ਨੇ ਸ਼ਿਵ ਦੇ ਇੱਕ ਰਿਵਾਇਤ ਅਨੁਸਾਰ 1008 ਨਾਂ ਹੋਣ ਬਾਰੇ ਦੱਸਿਆ ਹੈ।[46] ਚਿੱਤਰ ਵਿੱਚ ਸ਼ਿਵ ਦਾ ਰੂਪ ਇੱਕ ਗਹਿਰੇ ਚਿੰਤਨ ਵਿੱਚ ਦਰਸਾਇਆ ਗਿਆ ਹੈ, ਮੱਥੇ 'ਤੇ ਤੀਜੀ ਅੱਖ ਹੈ ਅਤੇ ਸਿਰ ਤੇ ਚੰਨ ਨਜ਼ਰ ਆ ਰਿਹਾ ਹੈ। ਵਾਲਾਂ ਦੀ ਜਟਾਂ ਦਾ ਕੁੰਡਲ ਜਿਸ ਵਿੱਚ ਗੰਗਾ ਦਾ ਚਿੰਨ੍ਹ ਹੈ ਜਿਸ ਬਾਰੇ ਕਿਹਾ ਗਿਆ ਹੈ ਕਿ ਸਵਰਗ ਤੋਂ ਹੇਠਾਂ ਆਉਂਦਿਆਂ ਸ਼ਿਵ ਨੇ ਧਾਰਨ ਕਰ ਲਈ ਸੀ। ਗਲੇ ਵਿੱਚ ਮਾਲਾ ਧਾਰਨ ਕੀਤੀ ਹੋਈ ਹੈ ਅਤੇ ਸੱਪ ਨੂੰ ਨਾਗ ਕੁੰਡਲ ਦੀ ਤਰ੍ਹਾਂ ਵਾਲੇਟਿਆ ਹੋਇਆ ਹੈ। ਜ਼ਹਿਰ ਪੀਣ ਕਰਕੇ ਸ਼ਰੀਰ ਨੀਲੇ ਰੰਗ ਦਾ ਹੈ। ਇੱਕ ਹੱਥ ਵਿੱਚ ਤ੍ਰਿਸ਼ੂਲ ਫੜਿਆ ਹੋਇਆ ਹੈ ਜਿਸ ਨਾਲ ਇੱਕ ਡਮਰੂ ਅਤੇ ਰੱਸੀ ਜੋ ਬਾਗ਼ੀ ਅਪਰਾਧੀਆਂ ਨੂੰ ਬੰਨ੍ਹਣ ਲਈ ਹੈ। ਸ਼ਿਵ ਦੇ ਲਿਬਾਸ ਅਤੇ ਹਥਿਆਰ ਸੰਬੰਧੀ ਕਈ ਕਹਾਣੀਆਂ ਪ੍ਰਚਲਤ ਹਨ।[47] ਚਿੱਤਰ ਵਿੱਚ ਸ਼ਿਵ ਜੀ ਨੇ ਧੋਤੀ ਪਹਿਨੀ ਹੋਈ ਹੈ ਅਤੇ ਪਾਰਵਤੀ ਨਾਲ ਵਾਰਤਾਲਾਪ ਕਰ ਰਹੇ ਹਨ। ਦੂਜੇ ਪਾਸੇ ਪਾਰਵਤੀ ਦਾ ਚਿੱਰਤਨ ਰਾਣੀਆਂ ਵਾਂਗ ਹੈ ਜਿਸ ਦੇ ਹੱਥ ਵਿੱਚ ਗੜਵੀ ਅਤੇ ਦੂਜੇ ਵਿੱਚ ਖੰਭ ਫੜਿਆ ਹੋਇਆ ਹੈ। ਚਿੱਤਰ ਦੀ ਪਿੱਠ-ਭੂਮੀ ਸਾਦੀ ਹੈ।

---

45 **ਡੌਸਨ, ਜੋਨ**. (1963), *ਹਿੰਦੂ ਮਿਥਿਹਾਸਕ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ-12.

46 ਉਹੀ, ਪੰਨਾ-124
ਸ਼ੰਕਰ ਕ੍ਰੋੜਿ ਤੇਤੀਸ ਧਿਆਇਓ............ (ਬੈਗੜੀ ਮ: ਪੰਨਾ-719)
**ਸਿੰਘ, ਮਹਿਤਾਬ**. (1991). *ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਇਤਿਹਾਸਕ ਨਾਵਾਂ ਅਤੇ ਥਾਵਾਂ ਦਾ ਕੋਸ਼*, ਸਿੰਘ ਬ੍ਰਦਰਜ਼,ਪੰਨਾ-110.

47 **ਡੌਸਨ, ਜੋਨ**. (1963),*ਹਿੰਦੂ ਮਿਥਿਹਾਸਕ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ-126.

ਅਗਲੇ ਭਾਗ ਵਿੱਚ ਵਿਸ਼ਨੂੰ ਦੇ ਇੱਕ ਅਵਤਾਰ ਸ੍ਰੀ ਕ੍ਰਿਸ਼ਨ ਦੇ ਜੀਵਨ ਨਾਲ ਸੰਬੰਧਤ ਮਹੱਤਵਪੂਰਨ ਘਟਨਾਵਾਂ ਨੂੰ ਚਿੱਤਰਿਆ ਹੈ (ਚਿੱਤਰ 62)। ਰਾਧਾ ਕ੍ਰਿਸ਼ਨ ਨਾਲ ਸੰਬੰਧਤ ਚਿੱਤਰਾਂ ਦੇ ਵਿਸ਼ੇ ਨੂੰ ਬੜੀ ਖ਼ੂਬਸੂਰਤੀ ਨਾਲ ਚਿੱਤਰਿਆ ਹੈ। ਇੱਕ ਕੰਧ ਨੂੰ ਪੰਜ-ਛੇ ਵੱਖ-ਵੱਖ ਭਾਗਾਂ ਵਿੱਚ ਵਿਭਾਜਿਤ ਕਰਕੇ ਵੱਖ-ਵੱਖ ਵਿਸ਼ਿਆਂ ਨੂੰ ਚਿੱਤਰਿਆ ਹੈ। ਸਭ ਤੋਂ ਉੱਪਰ ਫ਼ਲੋਰਲ ਡਿਜ਼ਾਇਨ ਬਣਾਏ ਗਏ ਹਨ। ਸਾਰੀ ਦੀਵਾਰ ਉੱਪਰ ਕੁੱਲ ਛੇ ਚਿੱਤਰ ਹਨ ਜਿਨ੍ਹਾਂ ਵਿਚੋਂ ਦੋ ਦੇ ਆਕਾਰ ਵੱਡੇ ਹਨ ਅਤੇ ਬਾਕੀ ਚਾਰੋ ਇੱਕੋ ਆਕਾਰ ਵਿੱਚ ਹਨ। ਚਿੱਤਰਕਾਰ ਨੇ ਸਾਰੀ ਦੀਵਾਰ ਨੂੰ ਬੜੀ ਸਮਝਦਾਰੀ ਨਾਲ ਵਿਭਾਜਿਤ ਕੀਤਾ ਹੈ (ਚਿੱਤਰ 62)। ਦੀਵਾਰ ਦੇ ਮੱਧ ਵਿੱਚ ਇੱਕ ਚਿੱਤਰ ਸ਼੍ਰੀ ਕ੍ਰਿਸ਼ਨ ਅਤੇ ਰਾਧਾ ਨੂੰ ਮੇਘਦੂਤ ਦਾ ਸੁਆਗਤ ਕਰਦੇ ਚਿੱਤਰਿਆ ਹੈ (ਚਿੱਤਰ 63)। ਅਗਲੇ ਚਿੱਤਰ ਵਿੱਚ ਸ਼੍ਰੀ ਕ੍ਰਿਸ਼ਨ ਆਪਣੇ ਸਹਿਪਾਠੀਆਂ ਨਾਲ ਵਿੱਦਿਆ ਹਾਸਲ ਕਰ ਰਹੇ ਹਨ (ਚਿੱਤਰ 64)। ਚਿੱਤਰ ਵਿੱਚ ਕ੍ਰਿਸ਼ਨ ਜੀ ਸਹਿਪਾਠੀਆਂ ਨਾਲ ਸਭ ਤੋਂ ਅੱਗੇ ਬੈਠੇ ਹਨ ਹੱਥ ਵਿੱਚ ਪੱਟੀ ਫੜੀ ਹੋਈ ਹੈ। ਪਿਛੇ ਦੋ ਸਹਿਪਾਠੀ ਹਨ ਅਤੇ ਦੋ ਇੱਕ ਪਾਸੇ ਬੈਠੇ ਹਨ। ਕ੍ਰਿਸ਼ਨ ਜੀ ਦੀ ਆਕ੍ਰਿਤੀ ਵੱਲ ਇਸ਼ਾਰਾ ਕਰਕੇ ਸਮਝਾ ਰਹੇ ਹਨ। ਚਿੱਤਰ ਉੱਪਰ ਲਿਖਤੀ ਰੂਪ ਵਿੱਚ "ਕ੍ਰਿਸ਼ਨ ਜੀ ਪੱਟੀ ਪੜ ਰਹੇ ਹਨ" ਲਿਖਿਆ ਹੈ। ਪਾਠਸ਼ਾਲਾ ਦੇ ਅੰਦਰ ਦਾ ਦ੍ਰਿਸ਼ ਹੋਣ ਕਾਰਨ ਬਾਹਰੀ ਦੀਵਾਰ ਨਜ਼ਰ ਆ ਰਹੀ ਹੈ। ਇਸ ਤੋਂ ਅਗਲੇ ਚਿੱਤਰ ਵਿੱਚ ਕ੍ਰਿਸ਼ਨ ਜੀ ਨੂੰ ਰਾਧਾ ਅਤੇ ਗੋਪੀਆਂ ਨਾਲ ਦਿਖਾਇਆ ਹੋਇਆ ਹੈ। ਰਾਧਾ ਅਤੇ ਕ੍ਰਿਸ਼ਨ ਕਿੱਕਲੀ ਪਾ ਰਹੇ ਹਨ (ਚਿੱਤਰ 65)। ਆਲੇ ਦੁਆਲੇ ਛਾਂਦਾਰ ਦਰੱਖ਼ਤ ਦਿਖਾਈ ਦੇ ਰਹੇ ਹਨ। ਇੱਕ ਗੋਪੀ ਦੇ ਹੱਥ ਵਿੱਚ ਫੁੱਲ ਫੜੇ ਹਨ ਅਤੇ ਦੂਜੇ ਪਾਸੇ ਦੀ ਗੋਪੀ ਕ੍ਰਿਸ਼ਨ ਰਾਧਾ ਨੂੰ ਵੇਖ ਰਹੀ ਹੈ। ਹੇਠਾਂ ਇੱਕ ਗਵਾਲਾ ਬੈਠਾ ਹੈ। ਚਿੱਤਰ ਲੈਅ ਭਰਪੂਰ ਹੈ, ਚਿੱਤਰ ਵਿੱਚ ਆਕ੍ਰਿਤੀਆਂ ਦੇ ਨੈਨ ਨਕਸ਼ ਖ਼ੂਬਸੂਰਤ ਹਨ। ਕ੍ਰਿਸ਼ਨ ਅਤੇ ਰਾਧਾ ਦੀ ਆਕ੍ਰਿਤੀ ਨੂੰ ਪ੍ਰਮੁੱਖਤਾ ਦੇਣ ਲਈ ਉਨ੍ਹਾਂ ਨੂੰ ਚਿੱਤਰ ਦੇ ਵਿਚਕਾਰ ਬਣਾਇਆ ਹੋਇਆ ਹੈ। ਪ੍ਰਕਿਰਤੀ ਚਿਤਰਨ ਸਾਦਾ ਹੀ ਹੈ। ਇਸੇ ਦੀਵਾਰ ਤੇ ਇੱਕ ਹੋਰ ਚਿੱਤਰ ਵਿੱਚ ਕ੍ਰਿਸ਼ਨ ਜੀ ਆਪਣੇ ਸਾਥੀ ਗਵਾਲਿਆਂ ਨਾਲ ਲੁੱਕਣ ਮਿੱਟੀ ਖੇਡ ਰਹੇ ਹਨ (ਚਿੱਤਰ 66)। ਇਹ ਨਦੀ ਦੇ ਕਿਨਾਰੇ ਦਾ ਚਿੱਤਰ ਹੈ। ਦੂਰ ਸ਼ਹਿਰ ਦਿਖਾਈ ਦੇ ਰਿਹਾ ਹੈ ਦੂਰੀ ਦਾ ਆਭਾਸ ਕਰਵਾਉਣ ਲਈ ਕਿਤੇ ਛੋਟੇ ਅਤੇ ਕਿਤੇ ਵੱਡੇ ਆਕਾਰ ਵਿੱਚ ਦਰੱਖ਼ਤ ਅਤੇ ਪੌਦੇ ਚਿੱਤਰੇ ਗਏ ਹਨ। ਚਿੱਤਰ ਵਿੱਚ ਗਊਆਂ ਨੂੰ ਵੀ ਚਿਤਰਿਆ ਹੈ ਜੋ ਕਿ ਬੇਹੱਦ ਖ਼ੂਬਸੂਰਤ

ਅਤੇ ਕਲਾਤਮਕ ਅੰਦਾਜ਼ ਵਿੱਚ ਚਿੱਤਰ ਦੇ ਵਿਚਕਾਰ ਬੈਠੀਆਂ ਹਨ। ਚਿੱਤਰ ਵਿੱਚ ਸ਼੍ਰੀ ਕ੍ਰਿਸ਼ਨ ਨੇ ਆਪਣੇ ਇੱਕ ਸਾਥੀ ਦੀਆਂ ਅੱਖਾਂ ਬੰਦ ਕੀਤੀਆਂ ਹੋਈਆਂ ਹਨ ਅਤੇ ਬਾਕੀ ਸਾਰੇ ਛੁੱਪਣ ਲਈ ਇੱਧਰ ਉੱਧਰ ਭੱਜ ਰਹੇ ਹਨ। ਕ੍ਰਿਸ਼ਨ ਜੀ ਤੋਂ ਬਿਨ੍ਹਾਂ ਕੁੱਲ ਦਸ ਆਕ੍ਰਿਤੀਆਂ ਹਨ ਅਤੇ ਚਾਰ ਗਊਆਂ ਦਾ ਵੀ ਚਿੱਤਰਨ ਹੈ। ਚਿੱਤਰ ਵਿੱਚ ਆਲੇ ਦੁਆਲੇ ਵੱਡੇ-ਵੱਡੇ ਦਰੱਖ਼ਤ ਚਿੱਤਰੇ ਹੋਏ ਹਨ। ਪ੍ਰਕਿਰਤੀ ਚਿੱਤਰਨ ਬੇਸ਼ਕ ਸਾਦਾ ਹੈ ਪ੍ਰੰਤੂ ਪ੍ਰਭਾਵਸ਼ਾਲੀ ਹੈ। ਅਗਲੇ ਚਿੱਤਰ ਵਿੱਚ ਸ਼੍ਰੀ ਕ੍ਰਿਸ਼ਨ ਗੁਜਰੀਆਂ ਨਾਲ ਵਾਰਤਾਲਾਪ ਕਰ ਰਹੇ ਹਨ ਅਤੇ ਹੇਠਾਂ ਇੱਕ ਗੁਵਾਲਾ ਦੁੱਧ ਪੀ ਰਿਹਾ ਹੈ (ਚਿੱਤਰ 67)। ਇਹ ਦ੍ਰਿਸ਼ ਵੀ ਨਦੀ ਦੇ ਕਿਨਾਰੇ ਦਾ ਹੈ। ਚਿੱਤਰ ਵਿੱਚ ਇੱਕ ਹੋਰ ਇਸਤਰੀ ਦੀ ਆਕ੍ਰਿਤੀ ਜੋ ਕਿ ਅਰਧ ਨਗਨ ਅਵਸਥਾ ਵਿੱਚ ਹੈ ਅਤੇ ਦਰੱਖ਼ਤ ਪਿੱਛੇ ਛੁਪੀ ਹੋਈ ਹੈ। ਗੁਜਰੀਆਂ ਦੇ ਘੱਗਰਾ ਅਤੇ ਚੋਲੀ ਪਹਿਨੀ ਹੋਈ ਹੈ। ਘਗਰਿਆਂ ਦੇ ਕਿਨਾਰੀਆਂ ਤੇ ਚੌੜਾ ਗੋਟਾ ਲੱਗਾ ਹੋਇਆ ਹੈ ਅਤੇ ਸਿਰ ਤੇ ਦੁਪੱਟਾ ਲਿਆ ਹੋਇਆ ਹੈ। ਗਹਿਣੇ ਪਹਿਨੇ ਹੋਏ ਹਨ। ਇੱਕ ਗੁਜਰੀ ਕ੍ਰਿਸ਼ਨ ਨਾਲ ਵਾਰਤਾਲਾਪ ਕਰ ਰਹੀ ਹੈ ਅਤੇ ਦੂਜੀ ਜਿਸਦੇ ਹੱਥ ਵਿੱਚ ਕਮਲ ਦੇ ਫੁੱਲ ਦੀ ਡੰਡੀਆਂ ਹਨ ਪਿੱਛੇ ਨੂੰ ਦੇਖ ਰਹੀ ਹੈ। ਕ੍ਰਿਸ਼ਨ ਨੇ ਤੰਗ ਪਜਾਮੀ ਅਤੇ ਕੁੜਤੇ ਨਾਲ ਕਮਰਕਸਾ ਬੰਨ੍ਹਿਆ ਹੈ। ਸਿਰ ਤੇ ਮੋਰ-ਪੰਖੀ ਮੁਕਟ ਅਤੇ ਗਲੇ ਵਿੱਚ ਮਾਲਾਵਾਂ, ਬਾਜ਼ੂਬੰਦ, ਪੈਰਾਂ ਵਿੱਚ ਖੜਾਵਾਂ ਅਤੇ ਹੱਥ ਵਿੱਚ ਬੰਸਰੀ ਅਤੇ ਦੂਜੇ ਹੱਥ ਵਿੱਚ ਸੋਟੀ ਫੜੀ ਹੋਈ ਹੈ। ਪਿਛਲੇ ਪਾਸੇ ਦੂਰ ਨਦੀ ਦਾ ਚਿੱਤਰਨ ਹੈ ਅਤੇ ਦੂਰ ਦੇ ਦਰੱਖ਼ਤ ਬਹੁਤ ਛੋਟੇ ਦਿਖਾਏ ਹਨ। ਗੁਆਲੇ ਨੇ ਧੋਤੀ ਪਹਿਨੀ ਹੈ ਅਤੇ ਸਿਰ ਤੇ ਟੋਪੀ ਲਈ ਹੋਈ ਹੈ ਅਤੇ ਮਸਤੀ ਨਾਲ ਦੁੱਧ ਪੀ ਰਿਹਾ ਹੈ। ਸੰਪੂਰਨ ਚਿੱਤਰਨ ਪ੍ਰਭਾਵਸ਼ਾਲੀ ਹੈ। ਇਸੇ ਸਿਲਸਿਲੇ ਦਾ ਇੱਕ ਹੋਰ ਚਿੱਤਰ ਜਿਸ ਵਿੱਚ ਰਾਧਾ ਕ੍ਰਿਸ਼ਨ ਨੂੰ ਪੀਂਘ ਝੂਟਦੇ ਵਿਖਾਇਆ ਗਿਆ ਹੈ (ਚਿੱਤਰ 68)। ਨਦੀ ਕਿਨਾਰੇ ਦਾ ਇੱਕ ਹੋਰ ਖ਼ੂਬਸੂਰਤ ਚਿੱਤਰ ਹੈ, ਇਸ ਚਿੱਤਰ ਵਿੱਚ ਚਾਰ ਗੋਪੀਆਂ ਅਤੇ ਇੱਕ ਬੱਚਾ ਵੀ ਹੈ ਜੋ ਕਿ ਇਸ ਖ਼ੁਸ਼ਨੁਮਾ ਮਾਹੌਲ ਦਾ ਆਨੰਦ ਮਾਣ ਰਹੇ ਹਨ। ਬੱਚੇ ਦਾ ਧਿਆਨ ਆਪਣੀ ਖੇਡ ਵਿੱਚ ਹੈ, ਜਦ ਕਿ ਉਸਦੀ ਮਾਂ ਅਤੇ ਬਾਕੀ ਗੋਪੀਆਂ ਦਾ ਧਿਆਨ ਪ੍ਰਮੁੱਖ ਆਕ੍ਰਿਤੀਆਂ ਵੱਲ ਹੈ। ਵਿਸ਼ਨੂੰ ਦੇ ਇਸ ਅਵਤਾਰ ਨੂੰ ਸੁਨਿਹਰੀ ਰੰਗ ਦੇ ਬਸਤਰਾਂ ਵਿੱਚ ਚਿੱਤਰਿਆ ਗਿਆ ਹੈ ਸਿਰ ਤੇ ਮੋਰ-ਪੰਖੀ ਮੁਕਟ ਅਤੇ ਗਲੇ ਵਿੱਚ ਪਰਨਾ ਅਤੇ ਮਾਲਾਵਾਂ ਪਹਿਨੀਆਂ ਹੋਈਆਂ ਹਨ। ਰਾਧਾ ਨੇ ਕੁੜਤੀ ਅਤੇ ਤੰਗ ਪਜਾਮਾ ਪਹਿਨਿਆ ਹੈ ਨਾਲ ਦੁੱਪਟਾ ਅਤੇ ਗਹਿਣੇ ਪਹਿਨੇ ਹੋਏ ਹਨ। ਇਸ ਚਿੱਤਰ ਵਿੱਚ ਵੀ

ਬਾਕੀਆਂ ਦੀ ਤਰ੍ਹਾਂ ਨਦੀ ਦਾ ਚਿੱਤਰਨ ਕੀਤਾ ਗਿਆ ਹੈ। ਇੱਕ ਬਹੁਤ ਵੱਡੇ ਆਕਾਰ ਦੇ ਦਰੱਖ਼ਤ ਉੱਪਰ ਪੀਂਘ ਪਾਈ ਹੋਈ ਹੈ। ਬਾਕੀ ਗੋਪੀਆਂ ਦੇ ਘੱਗਰਾ ਕੁੜਤੀ ਪਹਿਨੀ ਹੈ ਅਤੇ ਉਨ੍ਹਾਂ ਦੇ ਬਸਤਰ ਰਾਧਾ ਦੇ ਮੁਕਾਬਲੇ ਬਹੁਤ ਹੀ ਸਾਦੇ ਹਨ।

ਰਾਸ-ਮੰਡਲ ਕ੍ਰਿਸ਼ਨ ਦੀਆਂ ਲੀਲਾਵਾਂ ਨਾਲ ਸੰਬੰਧਤ ਇੱਕ ਹੋਰ ਬਹੁਤ ਹੀ ਖ਼ੂਬਸੂਰਤ ਅਤੇ ਪਿਆਰਾ ਵਿਸ਼ਾ ਹੈ ਜੋ ਕਿ ਗੁਰਦੁਆਰਾ ਪੋਥੀਮਾਲਾ ਦੇ ਚਿੱਤਰਾਂ ਦੀ ਪ੍ਰਮੁੱਖਤਾ ਵਿੱਚ ਹੋਰ ਵਾਧਾ ਕਰਦਾ ਹੈ। ਚਿੱਤਰ ਵਿੱਚ ਰਾਧਾ ਅਤੇ ਕ੍ਰਿਸ਼ਨ ਨਾਚ ਕਰ ਰਹੇ ਹਨ ਅਤੇ ਬਾਕੀ ਗੋਪੀਆਂ ਵਖੋ-ਵੱਖਰੇ ਸਾਜ਼ ਵਜਾ ਰਹੀਆਂ ਹਨ (ਚਿੱਤਰ 69)। ਦੋ ਗੋਪੀਆਂ ਚੌਰ ਕਰ ਰਹੀਆਂ ਹਨ ਅਤੇ ਇਹਨਾਂ ਦੇ ਹੱਥ ਵਿੱਚ ਕੁੱਝ ਫੜਿਆ ਹੋਇਆ ਹੈ। ਮਹੱਲ ਦੇ ਅੰਦਰ ਹੋ ਰਹੇ ਇਸ ਰਾਸ-ਮੰਡਲ ਵਿੱਚ ਕ੍ਰਿਸ਼ਨ ਅਤੇ ਰਾਧਾ ਦੇ ਕੀਮਤੀ ਵਸਤਰ ਪਹਿਨੇ ਹਨ ਅਤੇ ਗਹਿਣੇ ਵੀ ਪਹਿਨੇ ਹੋਏ ਹਨ। ਦੋਹਾਂ ਨੇ ਆਪਣੇ ਕੁੜਤਿਆਂ ਦੀਆਂ ਕਿਨਾਰੀਆਂ ਨੂੰ ਫੜਿਆ ਹੋਇਆ ਹੈ ਅਤੇ ਦੂਜੇ ਹੱਥ ਦੁਪੱਟਾ ਫੜਿਆ ਹਇਆ ਹੈ। ਬਾਕੀ ਆਕ੍ਰਿਤੀਆਂ ਦੇ ਬਸਤਰ ਸਾਦੇ ਪਹਿਨੇ ਹੋਏ ਹਨ ਅਤੇ ਇਹਨਾਂ ਦੇ ਗਹਿਣੇ ਵੀ ਸਾਦੇ ਹੀ ਹਨ। ਚਿੱਤਰ ਵਿੱਚ ਚਾਰ ਆਕ੍ਰਿਤੀਆਂ ਬੈਠੀਆਂ ਹਨ ਅਤੇ ਸਾਜ਼ ਵਜਾ ਰਹੀਆਂ ਹਨ। ਇੱਕ ਦੇ ਹੱਥ ਵਿੱਚ ਵੀਣਾ, ਡਫਲੀ, ਢੋਲਕ ਆਦਿ ਹਨ। ਸਾਰਿਆਂ ਦਾ ਧਿਆਨ ਕ੍ਰਿਸ਼ਨ ਦੀ ਆਕ੍ਰਿਤੀ ਵੱਲ ਕੇਂਦਰਿਤ ਹੈ ਅਤੇ ਸੰਗੀਤ ਵਿੱਚ ਮਗਨ ਆਪਣੇ ਆਪ ਵਿੱਚ ਮਸਤੀ ਭਰੇ ਰੋਹ ਵਿੱਚ ਹਨ। ਦੂਰ ਹਲਕੇ ਰੰਗ ਦੇ ਦਰੱਖ਼ਤ ਦਰਸਾਏ ਹੋਏ ਹਨ। ਇਹ ਸਾਰੇ ਚਿੱਤਰ ਬੇਹੱਦ ਖ਼ੂਬਸੂਰਤ ’ਤੇ ਲੈਆਤਮਕ ਹਨ ਅਤੇ ਬੇਲ-ਬੂਟਿਆਂ ਨਾਲ ਸ਼ਿੰਗਾਰੇ ਹੋਏ ਹਨ। ਹਰੇਕ ਚਿੱਤਰ ਦੇ ਵਿਚਕਾਰ ਬੇਲ-ਬੂਟਿਆਂ ਅਤੇ ਪੰਛੀਆਂ ਨੂੰ ਚਿੱਤਰਤ ਕੀਤਾ ਗਿਆ ਹੈ। ਇਹਨਾਂ ਨੂੰ ਪਲੇਟ ਅਤੇ ਗਮਲਿਆਂ ਵਿੱਚ ਫਲਾਂ ਦੇ ਨਾਲ ਚਿੱਤਰਿਆ ਹੋਇਆ ਹੈ।

ਸ਼੍ਰੀ ਕ੍ਰਿਸ਼ਨ ਜੀ ਗਾਊਆਂ ਨੂੰ ਚਾਰਦੇ ਹੋਏ ਇੱਕ ਚਿੱਤਰ ਵਿੱਚ ਗਵਾਲਿਆਂ ਨਾਲ ਨਦੀ ਕਿਨਾਰੇ ਵਿਚਰ ਰਹੇ ਹਨ (ਚਿੱਤਰ 70)। ਚਿੱਤਰ ਵਿੱਚ ਕ੍ਰਿਸ਼ਨ ਗਊਆਂ ਨੂੰ ਚਾਰ ਰਹੇ ਹਨ, ਹੱਥ ਵਿੱਚ ਡੰਡਾ ਫੜਿਆ ਹੋਇਆ ਹੈ ਅਤੇ ਮੁਕਟ ਅਤੇ ਗਹਿਣੇ ਪਹਿਨੇ ਹੋਏ ਹਨ। ਦੋਵੇਂ ਗੁਆਲਿਆਂ ਦੇ ਸਾਦੇ ਕੱਪੜੇ ਅਤੇ ਸਿਰ ਤੇ ਟੋਪੀ ਲਈ ਹੋਈ ਹੈ। ਚਿੱਤਰ ਵਿੱਚ ਨਦੀ ਅੱਗੋਂ ਦੀ ਜਾਂਦੀ ਹੋਈ ਪਿੱਛੇ ਦੂਰ ਤੱਕ ਦਿਖਾਈ ਗਈ ਹੈ। ਦੂਰ ਦੇ ਦਰੱਖ਼ਤ ਆਕਾਰ ਵਿੱਚ ਛੋਟੇ ਹਨ ਅਤੇ ਵਿਚੋਂ-ਵਿੱਚ ਰਿਹਾਇਸ਼ੀ ਇਲਾਕਾ ਅਤੇ ਇਮਾਰਤਾਂ ਦਿਖਾਈਆਂ ਗਈਆਂ ਹਨ।

ਚਿੱਤਰਾਂ ਵਿੱਚ ਇਮਾਰਤਸਾਜ਼ੀ ਆਧੁਨਿਕ ਹੈ, ਜਿਸਤੋਂ ਚਿੱਤਰਕਾਰਾਂ ਦੇ ਚਿੱਤਰਾਂ ਉਪਰ ਵਿਦੇਸ਼ੀ ਪ੍ਰਭਾਵ ਬਾਰੇ ਪਤਾ ਲਗਦਾ ਹੈ। ਤਿੰਨੋਂ ਆਕ੍ਰਿਤੀਆਂ ਦੇ ਹੱਥਾਂ ਵਿੱਚ ਕਮਲ ਹੈ। ਪਸ਼ੂ ਦੀਆਂ ਆਕ੍ਰਿਤੀਆਂ ਵਿੱਚ ਚੰਚਲਤਾ ਨਜ਼ਰ ਆਉਂਦੀ ਹੈ। ਗਊਆਂ ਮਸਤੀ ਨਾਲ ਅੱਗੇ ਵੱਧ ਰਹੀਆਂ ਹਨ। ਗਲੇ ਵਿੱਚ ਟੱਲੀਆਂ ਲਟਕਾਈਆਂ ਹੋਈਆਂ ਹਨ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰਾਂ ਵਿੱਚ ਚਿੱਤਰਕਾਰ ਦੁਆਰਾ ਆਮ ਤੌਰ ਤੇ ਚਿੱਤਰ ਸੰਬੰਧੀ ਜਾਣਕਾਰੀ ਵੀ ਦਿੱਤੀ ਗਈ ਹੈ ਪ੍ਰੰਤੂ ਇਹ ਲਿਖਾਵਟ ਸਾਰੇ ਚਿੱਤਰਾਂ 'ਤੇ ਨਹੀਂ ਹੈ। ਇਸ ਲਈ ਸਾਨੂੰ ਕਈ ਚਿੱਤਰਾਂ ਬਾਰੇ ਜਾਣਕਾਰੀ ਨਹੀਂ ਮਿਲਦੀ।

ਸ਼੍ਰੀ ਕ੍ਰਿਸ਼ਨ ਦੇ ਜਨਮ ਤੋਂ ਬਾਅਦ ਉਨ੍ਹਾਂ ਦੇ ਮਾਮੇ ਕੰਸ ਨੇ ਕ੍ਰਿਸ਼ਨ ਨੂੰ ਮਾਰਨ ਲਈ ਕਈ ਯੋਜਨਾਵਾਂ ਬਣਾਈਆਂ। ਉਸ ਨੇ ਆਪਣੇ ਕਈ ਸੇਵਕ ਅਤੇ ਦਾਨਵਾਂ ਨੂੰ ਇਸ ਕੰਮ ਲਈ ਭੇਜਿਆ। ਇਨ੍ਹਾਂ ਵਿਚੋਂ ਇੱਕ ਸੀ ਪੂਦਨਾ ਦਾਈ ਜਿਸਨੇ ਕਿ ਜ਼ਹਿਰ ਵਾਲਾ ਦੁੱਧ ਪਿਲਾ ਕੇ ਕ੍ਰਿਸ਼ਨ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ ਪਰ ਹੋਣੀ ਇਸ ਤੋਂ ਉਲਟ ਹੀ ਹੋਈ ਅਤੇ ਕ੍ਰਿਸ਼ਨ ਜੀ ਨੇ ਉਸ ਦਾਈ ਨੂੰ ਹੀ ਮਾਰ ਦਿੱਤਾ। 'ਕ੍ਰਿਸ਼ਨ ਜੀ ਨੇ ਪੂਤਨਾ ਦਾਈ ਮਾਰੀ' ਸਿਰਲੇਖ ਅਧੀਨ ਚਿੱਤਰਿਆ ਚਿੱਤਰ ਹੈ (ਚਿੱਤਰ 71)। ਇਸ ਵਿੱਚ ਨੰਦਬਾਬਾ ਅਤੇ ਯਸ਼ੋਧਾ ਵੀ ਦਿਖਾਈ ਦੇ ਰਹੇ ਹਨ ਪ੍ਰੰਤੂ ਚਿੱਤਰ ਵਿੱਚ ਕ੍ਰਿਸ਼ਨ ਦੀ ਛਵੀ ਨਹੀਂ ਨਜ਼ਰ ਆ ਰਹੀ। ਯਸ਼ੋਧਾ ਦਾਈ ਨੂੰ ਧੱਕੇ ਮਾਰ ਕੇ ਬਾਹਰ ਕੱਢ ਰਹੀ ਹੈ।

ਸ਼੍ਰੀ ਕ੍ਰਿਸ਼ਨ ਜੀ ਦੇ ਕਿਸ਼ੋਰ ਅਵਸਥਾ ਵਿਚਲੇ ਬੇਹੱਦ ਪਿਆਰੇ ਚਿੱਤਰਾਂ ਵਿਚੋਂ ਇੱਕ ਹੋਰ ਚਿੱਤਰ ਜਿਸ ਵਿੱਚ ਸ਼੍ਰੀ ਕ੍ਰਿਸ਼ਨ ਨੰਦਬਾਬਾ ਦੀ ਉੱਗਲ ਫੜ ਕੇ ਬਲਭੱਦਰ ਵੱਲ ਇਸ਼ਾਰਾ ਕਰ ਰਹੇ ਹਨ (ਚਿੱਤਰ 72)। ਚਿੱਤਰ ਵਿੱਚ ਸ਼੍ਰੀ ਕ੍ਰਿਸ਼ਨ ਦੇ ਵੱਡੇ ਭਰਾ ਬਲਭੱਦਰ ਨੂੰ ਵੀ ਚਿੱਤਰਿਆ ਹੈ। ਚਿੱਤਰ ਨੂੰ ਦੇਖ ਕੇ ਪ੍ਰਤੀਤ ਹੁੰਦਾ ਹੇ ਕਿ ਸ਼੍ਰੀ ਕ੍ਰਿਸ਼ਨ ਬਲਭੱਦਰ ਨੇ ਕੋਈ ਸ਼ਰਾਰਤ ਕੀਤੀ ਹੈ ਅਤੇ ਪਿਛੇ ਯਸ਼ੋਧਾ ਖਿੜਕੀ ਵਿੱਚ ਖੜੀ ਦੇਖ ਰਹੀ ਹੈ। ਨੰਦ ਬਾਬਾ ਦੇ ਹੱਥ ਵਿੱਚ ਸੋਟੀ ਫੜੀ ਹੋਈ ਹੈ। ਨੰਦ ਬਾਬਾ ਆਕ੍ਰਿਤੀ ਸਿੱਖ ਸਰਦਾਰਾਂ ਵਾਂਗ ਚਿੱਤਰੀ ਗਈ ਹੈ। ਸਿਰ ਦੀ ਪੱਗ, ਦਾਹੜੀ ਮੁੱਛਾ ਸਿੱਖ ਚਰਿੱਤਰਾਂ ਵਾਂਗ ਹਨ। ਨੀਲੇ ਰੰਗ ਦਾ ਤੰਗ ਪਜਾਮਾ ਸੁਨਿਹਰੀ ਕਿਨਾਰੀ ਵਾਲਾ ਪਹਿਨਿਆ ਹੋਇਆ ਹੈ ਅਤੇ ਗੁੜੇ ਰੰਗ ਦਾ ਕੁੜਤਾ, ਕਮਰਕਸਾ ਅਤੇ ਗਲੇ ਵਿੱਚ ਪਰਨਾ ਪਾਇਆ ਹੋਇਆ ਹੈ। ਬਲਭੱਦਰ ਅਤੇ ਕ੍ਰਿਸ਼ਨ ਦੋਹਾਂ ਨੇ ਮੋਰ ਦੇ ਖੰਭ ਵਾਲਾ ਮੁਕਟ ਪਹਿਨਿਆ ਹੈ। ਕ੍ਰਿਸ਼ਨ ਦੇ ਸੁਨਿਹਰੀ ਰੰਗ ਦਾ ਝੱਗਾ, ਪੈਰਾਂ ਵਿੱਚ ਪੰਜੇਬਾ,

ਗਲੇ ਵਿੱਚ ਹਾਰ ਅਤੇ ਬਾਹਾਂ ਵਿੱਚ ਬਾਜ਼ੂਬੰਦ ਪਹਿਨੇ ਹੋਏ ਹਨ। ਇਸੇ ਤਰ੍ਹਾਂ ਬਲਭੱਦਰ ਜੋ ਕਿ ਜ਼ਮੀਨ ਤੇ ਬੈਠੇ ਹਨ, ਨੇ ਗੂੜ੍ਹੇ ਰੰਗ ਦਾ ਝੱਗਾ ਪਹਿਨਿਆ ਹੋਇਆ ਹੈ, ਜ਼ਮੀਨ ਤੇ ਬੰਸਰੀ ਪਈ ਹੈ। ਕ੍ਰਿਸ਼ਨ ਦੇ ਹੱਥ ਵਿੱਚ ਇੱਕ ਸੋਟੀ ਫੜੀ ਹੋਈ ਹੈ। ਇਸੇ ਦੀਵਾਰ ਦੇ ਸੱਜੇ ਪਾਸੇ ਵੱਲ ਨੂੰ ਇੱਕ ਹੋਰ ਕ੍ਰਿਸ਼ਨ ਦੇ ਬਚਪਨ ਨੂੰ ਚਿੱਤਰਤ ਕਰਦਾ ਚਿੱਤਰ, ਜਿਸ ਵਿੱਚ ਉਹ ਚੰਦ ਦੀ ਮੰਗ ਕਰ ਰਹੇ ਹਨ (ਚਿੱਤਰ 73)। ਬਾਲ ਗੋਪਾਲ ਆਪਣੀ ਮਾਤਾ ਦੀ ਗੋਦ ਵਿੱਚ ਹਨ ਅਤੇ ਦੋ ਦਾਸੀਆਂ ਨਾਲ ਖੜ੍ਹੀਆਂ ਹਨ, ਜਿਨ੍ਹਾਂ ਵਿਚੋਂ ਇੱਕ ਪੱਖਾ ਝੱਲ ਰਹੀ ਹੈ ਅਤੇ ਦੂਸਰੀ ਦਾਸੀ ਸਾਹਮਣੇ ਖੜੀ ਹੈ। ਚਿੱਤਰ ਵਿੱਚ ਅਗਲੇ ਪਾਸੇ ਇੱਕ ਵੱਡੇ ਬਰਤਨ ਵਿੱਚ ਪਾਣੀ ਰੱਖਿਆ ਹੋਇਆ ਹੈ ਅਤੇ ਨਾਲ ਦੋ ਹੋਰ ਬਰਤਨ ਪਏ ਹਨ। ਚਿੱਤਰ ਇਸ ਤਰ੍ਹਾਂ ਹੈ ਕਿ ਬਾਲ ਗੋਪਾਲ ਆਪਣੀ ਮਾਤਾ ਕੋਲੋਂ ਚੰਦ ਦੀ ਮੰਗ ਕਰ ਰਹੇ ਹਨ ਅਤੇ ਉਨ੍ਹਾਂ ਦੀ ਇਸ ਮੰਗ ਨੂੰ ਪੂਰਾ ਕਰਨ ਲਈ ਵੱਡੇ ਸਾਰੇ ਬਰਤਨ ਵਿੱਚ ਪਾਣੀ ਪਾ ਕੇ ਉਸ ਵਿੱਚ ਚੰਦ ਦੇ ਅਕਸ ਨੂੰ ਦਿਖਾਇਆ ਜਾ ਰਿਹਾ ਹੈ। ਦ੍ਰਿਸ਼ ਰਾਤ ਦਾ ਪ੍ਰਸਤੁਤ ਕੀਤਾ ਗਿਆ ਹੈ। ਅਸਮਾਨ ਵਿੱਚ ਚੰਦ ਅਤੇ ਤਾਰੇ ਨਜ਼ਰ ਆ ਰਹੇ ਹਨ। ਮਹੱਲ ਦੇ ਅੰਦਰ ਦਾ ਚਿੱਤਰ ਹੈ। ਪਿੱਛੇ ਕੰਧ ਨਜ਼ਰ ਆ ਰਹੀ ਹੈ। ਦੂਰ ਦਰੱਖ਼ਤ ਨਜ਼ਰ ਆ ਰਹੇ ਹਨ। ਚਿੱਤਰ ਵਿੱਚ ਮਾਤਾ ਯਸ਼ੋਧਾ ਗੋਲ ਤਕੀਏ ਦਾ ਸਹਾਰਾ ਲੈ ਕੇ ਬਾਲ ਗੋਪਾਲ ਨੂੰ ਗੋਦ ਵਿੱਚ ਲੈ ਕੇ ਬੈਠੇ ਹਨ। ਦਾਸੀਆਂ ਦੀ ਵੇਸ਼ਭੂਸ਼ਾ ਸਾਦੀ ਹੈ ਅਤੇ ਇਹਨਾਂ ਨੇ ਗਹਿਣੇ ਵੀ ਸਾਦੇ ਹੀ ਪਹਿਨੇ ਹਨ। ਇਮਾਰਤ ਚਿੱਤਰਨ ਵੀ ਬਹੁਤ ਖ਼ੂਬਸੂਰਤ ਹੈ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਚਿੱਤਰਤ ਇਮਾਰਤਸਾਜ਼ੀ ਨੂੰ ਦੇਖਕੇ ਸਪੱਸ਼ਟ ਹੁੰਦਾ ਹੈ ਕਿ ਚਿੱਤਰਕਾਰਾਂ ਨੂੰ ਇਮਾਰਤਸਾਜ਼ੀ ਦਾ ਵੀ ਪੂਰਾ ਗਿਆਨ ਸੀ। ਰੇਖਾ ਚਿੱਤਰਨ ਵੀ ਕਮਾਲ ਦਾ ਹੈ ਅਤੇ ਲੈਅ ਭਰਪੂਰ ਹੈ। ਇਮਾਰਤ ਦਾ ਚਿੱਤਰਨ ਪੋਥੀਮਾਲਾ ਦੀ ਤਰ੍ਹਾਂ ਹੀ ਕੀਤਾ ਗਿਆ ਹੈ।

ਰਾਧਾ ਅਤੇ ਸ੍ਰੀ ਕ੍ਰਿਸ਼ਨ ਦੇ ਅਧਿਆਤਮਕ ਪ੍ਰੇਮ-ਪ੍ਰਸੰਗਾਂ ਨੂੰ ਚਿੱਤਰਤ ਕਰਦੇ ਇਹਨਾਂ ਕੰਧ-ਚਿੱਤਰਾਂ ਵਿੱਚ ਇੱਕ ਹੋਰ ਚਿੱਤਰ ਹੈ ਜਿਸ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਮਧੁਰ ਬੰਸਰੀ ਸੁਣ ਕੇ ਰਾਧਾ ਬੇਸੁੱਧ ਹੋ ਜਾਂਦੀ ਹੈ ਅਤੇ ਉਸ ਦੀਆਂ ਦਾਸੀਆਂ ਉਸਨੂੰ ਹੋਸ਼ ਵਿੱਚ ਲਿਆਉਣ ਦੀ ਕੋਸ਼ਿਸ਼ ਕਰਦੀਆਂ ਹਨ(ਚਿੱਤਰ 74)। ਚਿੱਤਰ ਵਿੱਚ ਇੱਕ ਦਾਸੀ ਨੇ ਰਾਧਾ ਨੂੰ ਆਪਣੀ ਗੋਦ ਵਿੱਚ ਲਿਆ ਹੋਇਆ ਹੈ ਅਤੇ ਦੂਜੀ ਪੱਖਾ ਝੱਲ ਰਹੀ ਹੈ। ਚਿੱਤਰ ਵਿੱਚ ਸ੍ਰੀ ਕ੍ਰਿਸ਼ਨ ਦੀ ਆਕ੍ਰਿਤੀ ਨੂੰ ਸਭ ਤੋਂ ਉੱਪਰ ਮੱਧ ਵਿੱਚ ਬਣਾਇਆ ਗਿਆ ਹੈ ਅਤੇ ਆਲੇ-ਦੁਆਲੇ ਦਰੱਖ਼ਤਾਂ

ਨੂੰ ਚਿੱਤਰਿਆ ਹੈ ਜੋ ਕਿ ਉਨ੍ਹਾਂ ਦੀ ਪ੍ਰਭਾਵਸ਼ਾਲੀ ਆਕ੍ਰਿਤੀ ਦੇ ਪ੍ਰਭਾਵ ਨੂੰ ਹੋਰ ਵੀ ਵਧਾਉਂਦੇ ਹਨ। ਇਸੇ ਲੜੀ ਦੇ ਅਗਲੇ ਚਿੱਤਰ ਵਿੱਚ ਉਦਾਸ ਅਤੇ ਬਿਮਾਰ ਰਾਧਾ ਨੂੰ ਮਿਲਣ ਲਈ ਕ੍ਰਿਸ਼ਨ ਜੀ ਵੈਦ ਦਾ ਰੂਪ ਧਾਰਕੇ ਆਉਂਦੇ ਹਨ (ਚਿੱਤਰ 75) ਚਿੱਤਰ ਵਿੱਚ ਰਾਧਾ ਉਦਾਸ ਮੁਦਰਾ ਵਿੱਚ ਨੀਵੀ ਪਾਈ ਬੈਠੀ ਹੈ ਅਤੇ ਨਾਲ ਦਾਸੀ ਹੈ ਜਦ ਕਿ ਸ਼੍ਰੀ ਕ੍ਰਿਸ਼ਨ ਜੀ ਸਾਹਮਣੇ ਖੜੇ ਹਨ।ਸ਼੍ਰੀ ਕ੍ਰਿਸ਼ਨ ਜਨਮ ਜੋ ਕਿ ਬੇਹੱਦ ਹਰਮਨ ਪਿਆਰਾ ਵਿਸ਼ਾ ਰਿਹਾ ਹੈ ਅਤੇ ਪੰਜਾਬ ਦੇ ਕੰਧ-ਚਿੱਤਰਾਂ ਵਿੱਚ ਸਭ ਤੋਂ ਵੱਧ ਥਾਂ ਮਿਲੀ ਹੈ।'ਕ੍ਰਿਸ਼ਨ ਜਨਮ' ਦਾ ਚਿੱਤਰ ਗੁਰਦੁਆਰਾ ਪੋਥੀਮਾਲਾ ਦੀ ਇਸ ਵਿਸ਼ੇ ਸੰਬੰਧੀ ਉੱਚ ਦਰਜੇ ਦੀ ਉਦਾਹਰਣ ਹੈ। ਇਸ ਘਟਨਾ ਦੇ ਮਹੱਤਵ ਨੂੰ ਸਮਝਦੇ ਹੋਏ ਚਿੱਤਰਕਾਰ ਨੇ ਇਸ ਚਿੱਤਰ ਨੂੰ ਬਾਕੀ ਚਿੱਤਰਾਂ ਦੇ ਮੱਧ ਵਿੱਚ ਬਣਾਇਆ ਹੈ (ਚਿੱਤਰ 76)। ਚਿੱਤਰ ਦਾ ਸੰਯੋਜਨ ਬਹੁਤ ਸੁੰਦਰ ਹੈ। ਇੱਕ ਪਾਸੇ ਯਸ਼ੋਧਾ ਅਤੇ ਦੂਜੇ ਪਾਸੇ ਦੇਵਕੀ ਨੂੰ ਚਿੱਤਰਿਆ ਹੈ। ਦੁਆਰ ਤੇ ਸੈਨਿਕਾਂ ਨੂੰ ਸੁੱਤੇ ਹੋਏ ਦਿਖਾਇਆ ਗਿਆ ਹੈ। ਵਾਸੁਦੇਵ ਬਾਲ ਕ੍ਰਿਸ਼ਨ ਨੂੰ ਸਿਰ ਉਪਰ ਚੁੱਕ ਕੇ ਯਮੁਨਾ ਨਦੀ ਪਾਰ ਕਰ ਰਹੇ ਹਨ। ਚਿੱਤਰ ਉਪਰ ਕੋਈ ਲਿਖਾਵਟ ਨਹੀਂ ਹੈ। ਅਸਮਾਨ ਉਪਰ ਬੱਦਲਾਂ, ਸ਼ੇਸ਼ ਨਾਗ, ਦਰਿਆ ਵਿਚਲੇ ਪਾਣੀ ਦੇ ਭਿਆਨਕ ਵਾਵਰੋਲੇ ਅਤੇ ਸ਼ੇਰ ਜਿਸਨੂੰ ਕਿ ਦਰਿਆ ਦੇ ਕਿਨਾਰੇ ਤੇ ਚਿਤਰਿਆ ਗਿਆ ਹੈ ਅਤੇ ਇਹ ਚਿੱਤਰ ਵਿੱਚਲੇ ਭਿਆਨਕ ਵਾਤਾਵਰਣ ਨੂੰ ਦਰਸਾਉਣ ਲਈ ਖ਼ੌਫ਼ ਦੇ ਪ੍ਰਤੀਕ ਵੱਜੋਂ ਚਿੱਤਰਿਆ ਹੈ।[48]

ਅਗਲੇ ਭਾਗ ਵਿੱਚ ਬਾਲ ਕ੍ਰਿਸ਼ਨ ਦਾ ਮੱਖਣ ਚੋਰੀ ਕਰਕੇ ਭੱਜਣਾ (ਚਿੱਤਰ 77) ਜੰਗਲ ਵਿੱਚ ਬੰਸਰੀ ਵਜਾਉਂਦੇ ਹੋਏ (ਚਿੱਤਰ 78), ਸ਼੍ਰੀ ਕ੍ਰਿਸ਼ਨ ਬ੍ਰਹਮਾ ਵਾਰਤਾਲਾਪ (ਚਿੱਤਰ 79), ਸ਼ਾਮਾ ਸਾਖੀ (ਚਿੱਤਰ 80), ਸ਼੍ਰੀ ਕ੍ਰਿਸ਼ਨ ਦੁਆਰਾ ਰਾਧਾ ਦਾ ਸਿਰ ਵਾਹੁਣਾ (ਚਿੱਤਰ 81), ਚੋਪਟ ਖੇਡਣਾ (ਚਿੱਤਰ 82), ਸ਼੍ਰੀ ਕ੍ਰਿਸ਼ਨ ਦੁਆਰਾ ਅਰਜਨ ਨੂੰ ਉਪਦੇਸ਼ ਦਿੰਦੇ ਹੋਏ (ਚਿੱਤਰ 83) ਆਦਿ ਚਿੱਤਰਾਂ ਨੂੰ ਗੁਰਦੁਆਰਾ ਪੋਥੀਮਾਲਾ ਦੀਆਂ ਕੰਧਾਂ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਚਿੱਤਰਿਆ ਗਿਆ ਹੈ। ਇਹਨਾਂ ਤੋਂ ਬਿਨਾਂ ਬਹੁਤ ਸਾਰੇ ਅਜਿਹੇ ਚਿੱਤਰ ਵੀ ਹਨ ਜਿਨ੍ਹਾਂ ਦੀ ਪਛਾਣ ਨਹੀਂ ਹੋ ਸਕੀ ਜਿਸ ਦਾ ਕਾਰਨ ਉਨ੍ਹਾਂ ਦਾ ਵਧੇਰੇ ਭਾਗ ਨਸ਼ਟ ਹੋ ਜਾਣਾ ਹੈ। ਚਿੱਤਰਾਂ ਨੂੰ ਬੇਹੱਦ ਖ਼ੂਬਸੂਰਤ ਹਾਸ਼ੀਏ ਨਾਲ ਸ਼ਿੰਗਾਰਿਆ ਹੋਇਆ ਹੈ। ਜੀਵਨ ਦੇ

---

48 **Goswamy., B.N. and Fisher.**, **Eberhard.** (2009). *Pahari Masters,Court Painters Of Northen India***,**Indian Reprint by Niyogi Books,First published in 1992 by Artibus Asia Supplimentum XXXVIII, p. 112.

ਇਹਨਾਂ ਪੱਖਾਂ ਨੂੰ ਚਿੱਤਰਕਾਰ ਨੇ ਬੜੀ ਸੂਝ-ਬੂਝ ਨਾ ਚਿੱਤਰਿਆ ਹੈ ਪ੍ਰੰਤੂ ਇਹ ਚਿੱਤਰ ਸ਼੍ਰੀ ਕ੍ਰਿਸ਼ਨ ਦੇ ਜਨਮ ਤੋਂ ਲੈ ਕੇ ਤਰਤੀਬਵਾਰ ਨਹੀਂ ਹਨ ਕਿਉਂਕਿ ਸ਼੍ਰੀ ਕ੍ਰਿਸ਼ਨ ਅਤੇ ਰਾਧਾ ਦੀਆਂ ਲੀਲ੍ਹਾਵਾਂ ਦੇ ਚਿੱਤਰ ਪਹਿਲਾਂ ਬਣਾਏ ਗਏ ਹਨ ਅਤੇ ਜਨਮ ਅਤੇ ਕਿਸ਼ੋਰ ਅਵਸਥਾ ਦੇ ਚਿੱਤਰ ਬਾਅਦ ਵਿੱਚ ਹਨ। ਇਹਨਾਂ ਚਿੱਤਰਾਂ ਦੇ ਵਿਪਰੀਤ ਦੀਵਾਰ ਜੋ ਕਿ ਕਮਰੇ ਦੇ ਵਿਚਲੇ ਛੋਟੇ ਕਮਰੇ ਦੀ ਬਾਹਰੀ ਦੀਵਾਰ ਉਪਰ ਸ਼੍ਰੀ ਕ੍ਰਿਸ਼ਨ ਦੇ ਵਿਆਹ ਦਾ ਚਿੱਤਰ ਸਾਰੀ ਦੀਵਾਰ ਤੇ ਬਣਾਇਆ ਗਿਆ ਹੈ ਜੋ ਕਿ ਬਹੁਤ ਹੀ ਮਹੱਤਵਪੂਰਨ ਚਿੱਤਰ ਹੈ। ਇਸ ਚਿੱਤਰ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ ਉਪਰਲੇ ਭਾਗ ਵਿੱਚ ਇੱਕ ਪਾਸੇ ਕ੍ਰਿਸ਼ਨ ਜੀ ਅਤੇ ਰੁਕਮਾ ਦੀ ਲੜਾਈ ਦਾ ਦ੍ਰਿਸ਼ ਹੈ (ਚਿੱਤਰ 84) ਅਤੇ ਫਿਰ ਰੱਥ ਤੇ ਕ੍ਰਿਸ਼ਨ ਜੀ ਰੁਕਮਨੀ ਨੂੰ ਲੈ ਕੇ ਜਾ ਰਹੇ ਹਨ। ਦੂਜੇ ਮੁੱਖ ਭਾਗ ਵਿੱਚ ਸ੍ਰੀ ਕ੍ਰਿਸ਼ਨ ਅਤੇ ਰੁਕਮਨੀ ਦੇ ਵਿਆਹ ਦਾ ਦ੍ਰਿਸ਼ ਹੈ (ਚਿੱਤਰ 85)। ਜਿਸ ਵਿੱਚ ਸਾਰੇ ਦੇਵੀ ਦੇਵਤੇ ਹਾਜ਼ਰ ਹਨ। ਇਹ ਮਹੱਲ ਦੇ ਅੰਦਰ ਦਾ ਦ੍ਰਿਸ਼ ਹੈ। ਇੱਕ ਪਾਸੇ ਦੇਵਤੇ ਅਤੇ ਦੂਜੇ ਪਾਸੇ ਬਾਰਾਤੀ ਖੜੇ ਨਜ਼ਰ ਆ ਰਹੇ ਹਨ। ਪੂਰੇ ਚਿੱਤਰ ਵਿੱਚ ਇਸਤਰੀਆਂ ਦੀਆਂ ਆਕ੍ਰਿਤੀਆਂ ਜ਼ਿਆਦਾ ਹਨ ਜਿਨ੍ਹਾਂ ਨੇ ਵੱਖੋ-ਵੱਖਰੇ ਗਹਿਣੇ ਪਹਿਨੇ ਹੋਏ ਹਨ ਅਤੇ ਆਪਸ ਵਿੱਚ ਸ਼੍ਰੀ ਕ੍ਰਿਸ਼ਨ ਤੇ ਰੁਕਮਨੀ ਦੇ ਵਿਆਹ ਸੰਬੰਧੀ ਗਲਾਂ ਕਰ ਰਹੀਆਂ ਹਨ।

ਇੱਕ ਚਿੱਤਰ ਵਿੱਚ ਸ਼੍ਰੀ ਕ੍ਰਿਸ਼ਨ ਜੀ ਰਾਧਾ ਦਾ ਪੱਤਰ ਪੜ੍ਹ ਰਹੇ ਹਨ (ਚਿੱਤਰ 86), ਜੋ ਕਿ ਰਾਧਾ ਨੇ ਊਦੋ ਜੀ ਦੇ ਹੱਥ ਸ਼੍ਰੀ ਕ੍ਰਿਸ਼ਨ ਜੀ ਨੂੰ ਭੇਜਿਆ ਹੈ। ਦੂਜੇ ਚਿੱਤਰ ਵਿੱਚ ਰਾਧਾ ਪੱਤਰ ਲਿਖ ਰਹੀ ਹੈ ਅਤੇ ਊਦੋ ਜੀ ਸਾਹਮਣੇ ਬੈਠੇ ਹਨ (ਚਿੱਤਰ 87)। ਇਸੇ ਤਰ੍ਹਾਂ ਦੇ ਕੁੱਝ ਚਿੱਤਰ ਗੁਰਦੁਆਰਾ ਪੋਥੀਮਾਲਾ ਦੇ ਇਸ ਕਮਰੇ ਦੇ ਬਾਹਰ ਵਾਲੀ ਕੰਧ 'ਤੇ ਹਨ ਜੋ ਕਿ ਬਹੁਤ ਜ਼ਿਆਦਾ ਖ਼ਰਾਬ ਹੋ ਚੁੱਕੇ ਹਨ। ਇਹਨਾਂ ਨੂੰ ਧਿਆਨ ਨਾਲ ਦੇਖਣ ਤੇ ਇੱਕ ਚਿੱਤਰ ਜਿਸ ਵਿੱਚ ਇਸਤਰੀ ਪੱਤਰ ਲਿਖ ਰਹੀ ਹੈ, ਬਹੁਤ ਖ਼ਰਾਬ ਹੋ ਚੁੱਕਾ ਹੈ (ਚਿੱਤਰ 88)। ਇੱਕ ਚਿੱਤਰ ਊਦੋ ਜੀ ਦਾ ਹੈ ਜਿਸ ਵਿੱਚ ਉਹ ਪਾਣੀ ਮੰਗ ਰਹੇ ਹਨ (ਚਿੱਤਰ 89)। ਇਸ ਤੋਂ ਬਿਨਾ ਹੋਰ ਕਈ ਛੋਟੇ ਵੱਡੇ ਆਕਾਰ ਦੇ ਚਿੱਤਰ ਸਨ ਜੋ ਸਮੇਂ ਅਤੇ ਮੌਸਮ ਦੀ ਭੇਂਟ ਚੜ੍ਹ ਚੁੱਕੇ ਹਨ। ਇਹਨਾਂ ਵਿੱਚ ਇੱਕ ਬਹੁਤ ਦੁਰਲੱਭ ਚਿੱਤਰ ਵੇਖਣ ਨੂੰ ਮਿਲਿਆ ਹੈ, ਜਿਸ ਵਿੱਚ ਕ੍ਰਿਸ਼ਨ, ਰੁਕਮਨੀ ਅਤੇ ਰਾਧਾ ਨੂੰ ਇਕੱਠਿਆਂ ਦਿਖਾਇਆ ਹੈ (ਚਿੱਤਰ 90)। ਸ਼੍ਰੀ ਕ੍ਰਿਸ਼ਨ ਜੀ ਬੰਸਰੀ ਵਜਾ ਰਹੇ ਹਨ ਅਤੇ ਤਿੰਨਾਂ ਦਾ ਇੱਕ ਇੱਕ ਪੈਰ ਬਾਹਰ ਵਾਲੀ ਦਿਵਾਰ ਤੇ

ਰੱਖਿਆ ਹੋਇਆ ਹੈ। ਸ਼੍ਰੀ ਕ੍ਰਿਸ਼ਨ ਦੇ ਰੂਪ ਵਿੱਚ ਅਨੇਕਾਂ ਸ਼ਰਧਾਲੂਆਂ ਦੀ ਤਰ੍ਹਾਂ ਚਿੱਤਰਕਾਰਾਂ ਨੇ ਵੀ ਲਾਵੇਨਯ, ਸਰੋਦ ਅਤੇ ਆਕਰਸ਼ਣ ਮਹਿਸੂਸ ਕੀਤਾ ਹੈ ਅਤੇ ਉਨ੍ਹਾਂ ਦੇ ਇਸ ਰੂਪ ਨੂੰ ਅੰਕਿਤ ਕਰਨ ਲਈ ਉਹ ਖੁਸ਼ੀ ਮਹਿਸੂਸ ਕਰਦੇ ਸਨ। ਸ਼੍ਰੀ ਕ੍ਰਿਸ਼ਨ ਦੇ ਇਹ ਲਾਵੰਨਯਮਈ ਰੂਪ ਅਨੇਕਾਂ ਚਿੱਤਰਾਂ ਵਿੱਚ ਸਪੱਸ਼ਟ ਹੈ। ਉਨ੍ਹਾਂ ਦੇ ਹੱਥ ਵਿੱਚ ਬੰਸਰੀ ਹੈ ਅਤੇ ਇਸ ਦੇ ਮਧੁਰ ਸਵਰ ਤੋਂ ਮਾਨਵ ਹੀ ਨਹੀਂ ਬਲਕਿ ਸਭ ਪਸ਼ੂ ਪੰਛੀ, ਦਰੱਖ਼ਤ ਪੌਦੇ ਸਭ ਮੰਤਰ-ਮੁਗਦ ਹੋ ਜਾਂਦੇ ਹਨ।

ਕੰਧ-ਚਿੱਤਰਾਂ ਵਿੱਚ ਸ਼੍ਰੀ ਕ੍ਰਿਸ਼ਨ ਨੂੰ ਉਨ੍ਹਾਂ ਦੇ ਵਿਰਾਟ ਰੂਪ ਧਾਰਨ ਤੱਕ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਚਿੱਤਰਿਆ ਗਿਆ ਹੈ। ਕਿਤੇ ਬਚਪਨ ਦੀ ਲੀਲ੍ਹਾ, ਕਿਤੇ ਰਾਧਾ ਨਾਲ ਅਤੇ ਗੋਪੀਆਂ ਨਾਲ ਆਦਿ ਚਿੱਤਰ ਚਿਤਰੇ ਮਿਲਦੇ ਹਨ। ਚਿੱਤਰ ਵਿੱਚ ਕ੍ਰਿਸ਼ਨ ਨੂੰ ਬੰਸਰੀ ਵਜਾਉਂਦਿਆਂ ਤੇ ਕਈਆਂ ਵਿੱਚ ਗਵਾਲੇ ਦੇ ਰੂਪ ਵਿੱਚ ਚਿੱਤਰਿਆ ਹੈ। ਰਾਧਾ ਕ੍ਰਿਸ਼ਨ ਨਾਲ ਸੰਬੰਧਤ ਚਿੱਤਰਾਂ ਵਿੱਚ ਰੁਮਾਂਸ ਦਾ ਵਾਤਾਵਰਣ ਪ੍ਰਧਾਨ ਹੈ। ਰੁਮਾਂਸ ਦਾ ਵਾਤਾਵਰਣ ਪੈਦਾ ਕਰਨ ਲਈ ਪਿੱਠ ਭੂਮੀ ਵਿੱਚ ਦਰੱਖ਼ਤ, ਕੁੱਝ ਪੰਛੀ ਉੱਡਦੇ ਜਾਂ ਦਰੱਖ਼ਤ ਉਤੇ ਬੈਠੇ, ਨੇੜੇ ਵਗਦੀ ਨਦੀ ਅਤੇ ਪਹਾੜ ਉਲੀਕੇ ਗਏ ਹਨ। ਕੁੱਝ ਚਿੱਤਰ ਵਿੱਚ ਕ੍ਰਿਸ਼ਨ ਨੂੰ ਗੋਪੀਆਂ ਨਾਲ ਗਲਵੱਕੜੀ ਪਾਉਂਦਿਆਂ ਅਤੇ ਖੇਡਦਿਆਂ ਦਿਖਾਇਆ ਗਿਆ ਹੈ। ਗੋਪੀਆਂ ਦੇ ਕੱਪੜੇ ਚੁਰਾਉਣ ਦਾ ਵਾਤਾਵਰਣ ਵੀ ਬੜੀ ਖ਼ੂਬਸੂਰਤੀ ਨਾਲ ਚਿੱਤਰਿਆ ਗਿਆ ਹੈ। ਇਸ ਚਿੱਤਰ ਵਿੱਚ ਕ੍ਰਿਸ਼ਨ ਦਰੱਖ਼ਤ ਉਤੇ ਚੜ੍ਹੇ ਹਨ, ਦਰੱਖ਼ਤ ਦੀਆਂ ਟਾਹਣੀਆਂ ਉਤੇ ਗੋਪੀਆਂ ਦੇ ਚੁਰਾਏ ਕੱਪੜੇ ਲਟਕ ਰਹੇ ਹਨ, ਜੋ ਹੇਠਾਂ ਵਹਿੰਦੀ ਨਦੀ ਵਿੱਚ ਨਹਾ ਰਹੀਆਂ ਹਨ। ਦਰੋਪਦੀ ਦੇ ਚੀਰ-ਹਰਨ ਦਾ ਵਿਸ਼ਾ ਵੀ ਚਿੱਤਰਾਂ ਵਿੱਚ ਕਾਫੀ ਲੋਕਪ੍ਰੀਯ ਰਿਹਾ ਹੈ। ਇਹਨਾਂ ਚਿੱਤਰਾਂ ਵਿੱਚ ਸ਼੍ਰੀ ਕ੍ਰਿਸ਼ਨ ਦੇ ਦੈਵੀ ਪ੍ਰਭਾਵ ਨਾਲ ਦਰੋਪਦੀ ਦੀ ਇੱਜਤ ਬਚਾਉਂਦਿਆਂ ਦਿਖਾਇਆ ਗਿਆ ਹੈ। ਇੱਕ ਚਿੱਤਰ ਵਿੱਚ ਕ੍ਰਿਸ਼ਨ ਜੀ ਨੂੰ ਸੁਦਾਮੇ ਨਾਲ ਵੀ ਚਿੱਤਰਿਆ ਹੈ।

ਰਾਧਾ ਅਤੇ ਗੋਪੀਆਂ ਦਾ ਚਿਤਰਣ ਨਾਇਕਾਵਾਂ ਦੇ ਰੂਪ ਵਿੱਚ ਹੋਇਆ ਹੈ। ਭਾਰਤੀ ਸਾਹਿਤ ਵਿੱਚ ਕ੍ਰਿਸ਼ਨ ਦੇ ਪ੍ਰਤੀ ਰਾਧਾ ਅਤੇ ਗੋਪੀਆਂ, ਜਿਹੜੀਆਂ ਮਧੁਰ ਭਾਵਨਾਵਾਂ ਨੂੰ ਲੈ ਕੇ ਉੱਭਰਦੀਆਂ ਹਨ, ਉਹ ਵਿਭਿੰਨ ਨਾਇਕਾਵਾਂ ਦੀਆਂ ਸਥਿਤੀਆਂ ਦੇ ਵਿਕਾਸ ਦਾ ਆਧਾਰ ਬਣ ਜਾਂਦਾ ਹੈ। ਚਿੱਤਰਾਂ ਵਿੱਚ ਜਿਥੇ ਰਾਧਾ ਕ੍ਰਿਸ਼ਨ ਸਨ, ਉਥੇ ਪ੍ਰਕਿਰਤੀ ਆਪਣੇ ਸਾਰੇ ਰੰਗਾਂ ਨਾਲ ਪ੍ਰਤੀਕਾਤਮਕ ਅਭਿਵਿਅਕਤੀ ਵਿੱਚ ਪੂਰਾ ਸਮਰਥਨ ਕਰਦੀ ਹੈ। ਕ੍ਰਿਸ਼ਨ ਰੰਗ ਤੋਂ

ਕਾਲਾ ਅਤੇ ਰਾਧਾ ਗੋਰੀ ਹੈ। ਕ੍ਰਿਸ਼ਨ ਅਤੇ ਰਾਧਾ ਦੀਆਂ ਇਹਨਾਂ ਚਰਿੱਤਰਕ ਵਿਸ਼ੇਸ਼ਤਾਵਾਂ ਦੇ ਸਮਰਥਨ ਵਿੱਚ ਸਮੁੱਚੀ ਪ੍ਰਕਿਰਤੀ ਵਿੱਚ ਪ੍ਰਤੀਕਾਂ ਅਤੇ ਮੋਟਿਫ਼ ਦੀ ਸਾਰਥਿਕਤਾ ਪਹਿਚਾਣੀ ਜਾ ਸਕਦੀ ਹੈ। ਇਹਨਾਂ ਚਿੱਤਰਾਂ ਵਿੱਚ ਰਾਧਾ ਕ੍ਰਿਸ਼ਨ ਦੀਆਂ ਅੱਖਾਂ ਕਮਲ ਦੇ ਸਮਾਨ ਵੱਡੀਆਂ ਤੇ ਲੁਭਾਉਣੀਆਂ ਹਨ। ਚਿੱਤਰਾਂ ਵਿਚਲੇ ਨਾਰੀ ਆਕਾਰ ਪਤਲੇ ਹਨ ਜਿਵੇਂ ਪਤਲੀ ਕਮਰ, ਨੁਕੀਲੀਆਂ ਅੱਖਾਂ, ਪਤਲਾ ਜਿਸਮ। ਚਿੱਤਰਾਂ ਵਿਚਲੇ ਰੰਗ ਵੀ ਰੁਮਾਂਸ ਨਾਲ ਸੰਬੰਧਤ ਹਨ। ਇਹਨਾਂ ਚਿੱਤਰਾਂ ਵਿੱਚ ਰਾਜਸਥਾਨੀ ਚਿੱਤਰ-ਸ਼ੈਲੀ ਦਾ ਪ੍ਰਭਾਵ ਪ੍ਰਤੱਖ ਵੇਖਣ ਨੂੰ ਮਿਲਦਾ ਹੈ। ਗੁਰਦੁਆਰਾ ਪੋਥੀਮਾਲਾ ਦੇ ਸਿਖਰ ਉਪਰ ਜਿੱਥੇ ਗੁੰਬਦ ਹੈ, ਇੱਕ ਟੁੱਟਾ ਹੋਇਆ ਕਮਰਾ ਹੈ, ਜਿਸਦੇ ਬਾਹਰਵਾਰ ਕੰਧ ਉਪਰ ਨੀਲੇ ਰੰਗ ਦੇ ਹਾਸ਼ੀਏ ਬਣੇ ਹੋਏ ਹਨ ਪਰ ਇਹਨਾਂ ਵਿੱਚ ਕੋਈ ਚਿੱਤਰ ਨਹੀਂ ਹੈ (ਚਿੱਤਰ 91)।

ਅਗਲੇ ਭਾਗ ਵਿੱਚ ਵਿਸ਼ਨੂੰ ਦੇ ਇੱਕ ਹੋਰ ਅਵਤਾਰ ਸ਼੍ਰੀ ਰਾਮਚੰਦਰ ਦੇ ਜੀਵਨ ਨਾਲ ਸੰਬੰਧਤ ਮਹੱਤਵਪੂਰਨ ਘਟਨਾ ਨੂੰ ਚਿੱਤਰਿਆ ਹੈ। ਸ਼੍ਰੀ ਰਾਮਚੰਦਰ ਸੂਰਜਵੰਸ਼ੀ ਅਯੋਧਿਆਪਤੀ ਰਾਜਾ ਦਸ਼ਰਥ ਦੇ ਸਪੁੱਤਰ, ਜੋ ਰਾਣੀ ਕੌਸ਼ਲਿਆ ਦੇ ਉਦਰ ਤੋਂ ਚੇਤ ਸੁਦੀ ੯ ਨੂੰ ਜਨਮੇ। ਵਿਸ਼ਵਾਮਿੱਤਰ ਯੱਗ ਵਿੱਚ ਵਿਘਨ ਕਰਨ ਵਾਲੇ ਸੁਬਾਹੁ ਤੇ ਮਰੀਚ ਆਦਿ ਰਾਖਸ਼ਾਂ ਨੂੰ ਦੰਡ ਦੇਣ ਉਪਰੰਤ ਜਨਕਪੁਰੀ ਜਾ ਕੇ ਸਵੰਬਰ ਦੇ ਧਨੁਖ ਨੂੰ ਤੋੜਕੇ ਸੀਤਾ ਨੂੰ ਵਰਿਆ। ਪਿਤਾ ਦੀ ਆਗਿਆ ਨਾਲ ੧੪ ਵਰ੍ਹੇ ਜੰਗਲ ਵਿੱਚ ਰਹੇ ਅਤੇ ਰਿਸ਼ੀਆਂ ਨੂੰ ਦੁੱਖ ਦੇਣ ਵਾਲੇ ਦੁਰਾਚਾਰੀਆਂ ਨੂੰ ਦੰਡ ਦੇ ਕੇ ਸ਼ਾਂਤੀ ਸਥਾਪਤ ਕੀਤੀ। ਸੀਤਾ-ਹਰਨ ਵਾਲੇ ਰਾਵਣ ਨੂੰ ਦੱਖਣ ਦੇ ਜੰਗਲੀ ਲੋਕਾਂ (ਵਾਨਰ ਸੈਨਾ) ਦੀ ਸਹਾਇਤਾ ਨਾਲ ਮਾਰਕੇ ਸੀਤਾ ਸਹਿਤ ਅਯੋਧਿਆ ਆ ਕੇ ਰਾਜ ਸਿੰਘਾਸਨ ਤੇ ਵਿਰਾਜੇ। ਪੰਜਾਬ ਦੇ ਕੰਧ-ਚਿੱਤਰਾਂ ਵਿਚ ਸੈਂਕੜੇ ਚਿੱਤਰ ਰਾਮਾਇਣ ਦੇ ਮਹਾਂਕਾਵਿ ਉੱਤੇ ਆਧਾਰਿਤ ਮਿਲਦੇ ਹਨ ਜੋ ਅੱਜ ਵੀ ਕਈ ਥਾਵਾਂ ਤੇ ਸੁਰੱਖਿਅਤ ਹਨ। ਇਹ ਚਿੱਤਰ ਪ੍ਰਮੁੱਖ ਰੂਪ ਵਿਚ ਗੁਰਦਾਸਪੁਰ ਜ਼ਿਲ੍ਹੇ ਵਿਚ ਪੰਡੋਰੀ ਮਹੰਤਾਂ ਦੇ ਮੰਦਿਰ, ਧਿਆਨਪੁਰ ਵਿਖੇ ਡੇਰਾ ਬਾਬਾ ਲਾਲ ਜੀ, ਬਟਾਲਾ ਵਿਖੇ ਕਿਸ਼ਨ ਚੰਦ ਭੰਡਾਰੀ ਦੇ ਮੰਦਿਰ, ਸ੍ਰੀ ਹਰਗੋਬਿੰਦਪੁਰ ਨੇੜੇ ਕਿਸ਼ਨਕੋਟ ਵਿਖੇ ਰਾਜਾ ਸਾਹਿਬ ਦਿਆਲ ਦੇ ਮੰਦਿਰ, ਅੰਮ੍ਰਿਤਸਰ ਵਿਚ ਕਟੜਾ ਮੋਹਰ ਸਿੰਘ ਵਿਖੇ ਦੁਰਆਣਾ ਮੱਲ ਦੇ ਮੰਦਿਰ, ਤਰਨਤਾਰਨ ਪੱਟੀ ਸੜਕ ਉੱਤੇ ਪਿੰਡ ਜੌੜਾ ਦੇ ਨੇੜੇ ਸਥਿਤ ਮੰਦਿਰ ਸ੍ਰੀ ਪਲਕਿਆਣਾ ਸਾਹਿਬ, ਪਠਾਨਕੋਟ ਨੇੜੇ

ਡਮਟਾਲ ਦੇ ਵੈਸ਼ਨਵ ਮੱਠ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਢੋਲਬਾਹਾ ਨੇੜੇ ਰਾਮਟਟਵਾਲੀ ਦੇ ਮੰਦਿਰ ਅਤੇ ਜਗਾਧਰੀ ਵਿਖੇ ਰਾਜੇਵਾਲ ਦੇ ਮੰਦਿਰ ਵਿਚ ਦੇਖੇ ਜਾ ਸਕਦੇ ਹਨ।

19ਵੀਂ ਸਦੀ ਦੇ ਮੱਧ ਵਿਚ ਚਿੱਤਰੇ ਅਨੇਕਾਂ ਚਿੱਤਰ ਉਲੀਕੇ ਮਿਲਦੇ ਹਨ ਪਰ ਇਹਨਾਂ ਦੀ ਸੰਭਾਲ ਨਾ ਹੋਣ ਕਾਰਨ ਬਹੁਤੇ ਨਸ਼ਟ ਹੋ ਚੁੱਕੇ ਹਨ ਅਤੇ ਜੋ ਬਚੇ ਹਨ ਉਨ੍ਹਾਂ ਦੀ ਹਾਲਤ ਬਹੁਤ ਖ਼ਸਤਾ ਹੋ ਗਈ ਹੈ। ਗੁਰਦੁਆਰਾ ਪੋਥੀਮਾਲਾ ਵਿੱਚ ਰਾਮਾਇਣ ਨਾਲ ਸੰਬੰਧਤ ਇਹਨਾਂ ਚਿੱਤਰਾਂ ਵਿੱਚ ਸ੍ਰੀ ਰਾਮਚੰਦਰ, ਲਛਮਣ ਅਤੇ ਸੀਤਾ ਨੂੰ ਆਦਿਵਾਸੀ ਵੇਸ਼-ਭੂਸ਼ਾ ਵਿੱਚ ਚਿੱਤਰਿਆ ਹੈ (ਚਿੱਤਰ 92)। ਵਿਸ਼ਨੂੰ ਦੇ ਅਵਤਾਰ ਸ਼੍ਰੀ ਰਾਮਚੰਦਰ ਜੀ ਨੂੰ ਨੀਲੇ ਰੰਗ ਵਿੱਚ ਚਿੱਤਰਿਆ ਹੈ। ਇਹ ਚਿੱਤਰ ਉਸ ਸਮੇਂ ਦਾ ਹੈ ਜਦੋਂ ਚੌਦਾਂ ਸਾਲ ਦੇ ਬਨਵਾਸ ਦੌਰਾਨ ਗੋਦਾਵਰੀ ਦੇ ਕੰਢੇ ਦੱਖਣ ਦਿਸ਼ਾ ਦੇ ਜੰਗਲਾਂ ਦੇ ਨੇੜੇ ਇੱਕ ਸਥਾਨ ਪੰਚਵਟੀ ਵਿਖੇ ਸ਼੍ਰੀ ਰਾਮਚੰਦਰ ਕਾਫੀ ਦੇਰ ਰਹੇ ਸੀ। ਲਛਮਣ ਨੇ ਸਰੂਪਨਖਾ ਦਾ ਨੱਕ ਇਥੇ ਹੀ ਵੱਢਿਆ ਸੀ। ਸੀਤਾ ਜੀ ਦੇ ਪੱਤਿਆਂ ਦਾ ਵਸਤਰ ਬਣਾ ਕੇ ਪਹਿਨਿਆ ਹੋਇਆ ਨਜ਼ਰ ਆ ਰਿਹਾ ਹੈ ਅਤੇ ਸ਼੍ਰੀ ਰਾਮਚੰਦਰ ਅਤੇ ਲਛਮਣ ਨੇ ਵੀ ਪੱਤਿਆ ਦੇ ਵਸਤਰ ਪਹਿਨੇ ਹਨ। ਇਸੇ ਦ੍ਰਿਸ਼ ਦੇ ਉਪਰਲੇ ਪਾਸੇ ਲਛਮਣ ਸਰੂਪਨਖਾ ਦਾ ਨੱਕ ਵੱਢ ਰਿਹਾ ਹੈ (ਚਿੱਤਰ 92)। ਜਿਸ ਕਾਰਨ ਹੀ ਗ਼ੁੱਸੇ ਵਿੱਚ ਆ ਕੇ ਰਾਵਣ ਨੇ ਸੀਤਾ ਦਾ ਹਰਨ ਕੀਤਾ ਹੈ। ਚਿੱਤਰ ਵਿੱਚ ਹੇਠਲੇ ਪਾਸੇ ਸ਼੍ਰੀ ਰਾਮਚੰਦਰ ਜੀ ਅਤੇ ਸੀਤਾ ਜੀ ਨੂੰ ਕੁਟੀਆ ਦੇ ਬਾਹਰ ਬੈਠੇ ਦਿਖਾਇਆ ਹੋਇਆ ਹੈ। ਸ਼੍ਰੀ ਰਾਮਚੰਦਰ ਜੀ ਨੇ ਮੋਢੇ 'ਤੇ ਤੀਰ ਕਮਾਨ ਟੰਗਿਆ ਹੋਇਆ ਹੈ, ਪਿੱਛੇ ਸੀਤਾ ਜੀ ਬੈਠੇ ਹਨ ਅਤੇ ਸਾਦੀ ਪਿੱਠ-ਭੂਮੀ ਤੇ ਚਿੱਤਰ ਚਿੱਤਰਿਆ ਹੈ। ਇਸ ਤੋਂ ਅਗਲੇ ਚਿੱਤਰ ਵਿੱਚ ਸੀਤਾ ਹਰਨ ਦਾ ਦ੍ਰਿਸ਼ ਹੈ (ਚਿੱਤਰ 93)। ਸੀਤਾ ਹਰਨ ਦੇ ਦ੍ਰਿਸ਼ ਵਿੱਚ ਸ੍ਰੀ ਰਾਮ ਅਤੇ ਲਛਮਣ ਜੰਗਲ ਵਿੱਚ ਸ਼ਿਕਾਰ ਖੇਡ ਰਹੇ ਹਨ ਅਤੇ ਸਾਧੂ ਦਾ ਭੇਸ ਬਣਾ ਕੇ ਰਾਵਣ ਸੀਤਾ ਤੋਂ ਭਿੱਖਿਆ ਲੈਣ ਆਇਆ ਹੈ। ਸੋਢੀ ਮਿਹਰਬਾਨ ਜੀ ਨੇ ਆਪਣੀ ਰਚਨਾ ਸੁਖਮਨੀ ਸਹੰਸ੍ਰਨਾਮਾ ਵਿੱਚ 'ਆਦਿ ਰਾਮਾਇਣ' ਸਿਰਲੇਖ ਹੇਠ ਸ਼੍ਰੀ ਰਾਮਚੰਦਰ ਜੀ ਦੇ ਜੀਵਨ ਸੰਬੰਧੀ ਰਚਨਾ ਕੀਤੀ ਹੈ ਅਤੇ ਰਾਮਾਇਣ ਦੀ ਇਸ ਮਹਤਵਪੂਰਨ ਘਟਨਾ ਦਾ ਜ਼ਿਕਰ ਕੀਤਾ ਹੈ। ਚਿੱਤਰਕਾਰ ਨੇ ਇਹ ਘਟਨਾ ਦੀ ਪ੍ਰਮੁਖਤਾ ਨੂੰ ਜਾਣਦਿਆਂ ਗੁਰਦੁਆਰਾ ਪੋਥੀਮਾਲਾ ਦੀ ਇਮਾਰਤ ਵਿੱਚ ਦ੍ਰਿਸ਼ ਚਿੱਤਰਿਆ ਹੈ, ਜਿਸ ਵਿੱਚ ਸ਼੍ਰੀ ਰਾਮਚੰਦਰ ਜੀ ਅਤੇ ਲਛਮਣ ਜੀ ਨੂੰ ਆਦਿਵਾਸੀ ਵੇਸ਼ਭੂਸ਼ਾ ਵਿੱਚ ਹਿਰਨ ਦੇ ਪਿੱਛੇ ਦਿਖਾਇਆ ਹੈ। ਸ਼੍ਰੀ ਰਾਮਚੰਦਰ ਜੀ ਤੀਰ ਚਲਾ ਰਹੇ ਹਨ ਅਤੇ ਲਛਮਣ ਉਨ੍ਹਾਂ ਦੇ ਪਿੱਛੇ ਹਨ। ਚਿੱਤਰ ਵਿੱਚ ਦੂਰੀ ਦਾ ਆਭਾਸ ਕਰਵਾਉਣ ਲਈ ਥਾਂ-ਥਾਂ 'ਤੇ

ਦਰੱਖ਼ਤ ਬਣਾਏ ਹੋਏ ਹਨ। ਦੂਜੇ ਪਾਸੇ ਸੀਤਾ ਜੀ ਆਪਣੀ ਕੁਟਿਆ ਦੇ ਬਾਹਰ ਦਿਖਾਈ ਦੇ ਰਹੇ ਹਨ। ਚਿੱਤਰ ਵਿੱਚ ਲਛਮਣ ਦੁਆਰਾ ਖਿੱਚੀ ਲਛਮਣ-ਰੇਖਾ, ਜੋ ਕਿਸੇ ਵੀ ਅਣਹੋਣੀ ਤੋਂ ਬਚਣ ਵਾਸਤੇ ਖਿੱਚੀ ਸੀ, ਦਿਖਾਈ ਦੇ ਰਹੀ ਹੈ, ਪ੍ਰੰਤੂ ਰਾਵਣ ਜੋ ਕਿ ਸਾਧੂ ਦੇ ਭੇਸ ਵਿੱਚ ਸੀ, ਦੇ ਹੱਠ ਕਰਨ ਤੇ ਸੀਤਾ ਜੀ ਇਹ ਰੇਖਾ ਪਾਰ ਕਰ ਲੈਂਦੇ ਹਨ, ਜੋ ਕਿ ਚਿੱਤਰ ਵਿੱਚ ਸਪੱਸ਼ਟ ਰੂਪ ਵਿੱਚ ਨਜ਼ਰ ਆ ਰਿਹਾ ਹੈ। ਸੀਤਾ ਜੀ ਦਾ ਇੱਕ ਪੈਰ ਰੇਖਾ ਤੋਂ ਬਾਹਰ ਹੈ। ਸੀਤਾ ਜੀ ਦੇ ਘੱਗਰੇ ਦੇ ਨਾਲ ਕੁੜਤੀ ਪਹਿਨੀ ਹੋਈ ਹੈ ਤੇ ਸਿਰ ਤੇ ਦੁਪੱਟਾ ਲਿਆ ਹੋਇਆ ਹੈ, ਗਹਿਣੇ ਵੀ ਪਹਿਨੇ ਹੋਏ ਹਨ। ਇਸੇ ਦੀਵਾਰ ਦੇ ਦੂਸਰੇ ਪਾਸੇ ਵਿਸ਼ਵਾਮਿੱਤਰ ਦਾ ਚਿੱਤਰ ਹੈ ਜਿਸ ਵਿੱਚ ਉਹ ਯੱਗ ਕਰਵਾ ਰਹੇ ਹਨ (ਚਿੱਤਰ 94)।

ਅਵਤਾਰਾਂ ਦੇ ਚਿੱਤਰਾਂ ਵਿੱਚ ਸਭ ਤੋਂ ਪਹਿਲਾ ਵਾਮਨ ਅਵਤਾਰ ਦਾ ਚਿੱਤਰ ਹੈ (ਚਿੱਤਰ 97)। ਵਾਮਨ ਸੰਸਕ੍ਰਿਤ ਦਾ ਸ਼ਬਦ ਹੈ, ਜਿਸਦਾ ਅਰਥ ਹੈ ਬੌਣਾ ਜਾਂ ਛੋਟੇ ਕੱਦ ਦਾ। ਇਹ ਪ੍ਰਹਿਲਾਦ ਦਾ ਪੋਤਾ ਵਿਰੋਚਨ ਦਾ ਪੁੱਤਰ, ਜੋ ਵਿੰਧਯਾਵਲੀ ਦੇ ਉਦਰ ਤੋਂ ਪੈਦਾ ਹੋਇਆ ਸੀ। ਜੋ ਐਸਾ ਪ੍ਰਤਾਪੀ ਸੀ ਕਿ ਇੰਦਰ ਨੂੰ ਜਿੱਤ ਕੇ ਤਿੰਨ ਲੋਕਾਂ ਵਿੱਚ ਇਸ ਨੇ ਆਪਣਾ ਰਾਜ ਸਥਾਪਿਤ ਕੀਤਾ। ਦੇਵਤਿਆਂ ਵੱਲੋਂ ਵਿਸ਼ਨੂੰ ਨੇ ਬਲੀ ਨੂੰ ਛਲਣ ਲਈ ਵਾਮਨ ਅਵਤਾਰ ਧਾਰਿਆ ਅਤੇ ਬਲੀ ਤੋਂ ਤਿੰਨ ਕਦਮ ਜ਼ਮੀਨ ਮੰਗੀ। ਬਲਿ ਨੇ ਦੈਂਤ ਗੁਰੂ ਸ਼ੁੱਕ੍ਰਾਚਾਰੀਆ ਦੇ ਮਨ੍ਹਾ ਕਰਨ ਤੇ ਵੀ ਜ਼ਮੀਨ ਦਾ ਸੰਕਲਪ ਵਾਮਨ ਨੂੰ ਦੇ ਦਿੱਤਾ। ਵਾਮਨ ਨੇ ਆਪਣਾ ਸ਼ਰੀਰ ਵਧਾ ਕੇ ਦੋ ਕਦਮ ਨਾਲ ਪ੍ਰਿਥਵੀ ਅਤੇ ਆਕਾਸ਼ ਮਿਣ ਲਏ, ਤੀਜੇ ਕਦਮ ਵਿੱਚ ਬਲੀ ਦਾ ਸ਼ਰੀਰ ਲੈ ਲਿਆ। ਵਿਸ਼ਨੂੰ ਨੇ ਇਸ ਦੀ ਭਗਤੀ ਦੇਖਕੇ ਬਲੀ ਨੂੰ ਪਾਤਾਲ ਦਾ ਰਾਜਾ ਥਾਪਿਆ ਅਤੇ ਉਸ ਦੀ ਬੇਨਤੀ ਅਨੁਸਾਰ ਉਸ ਦਾ ਦਵਾਰਪਾਲ ਹੋ ਕੇ ਰਹਿਣਾ ਅੰਗੀਕਾਰ ਕੀਤਾ।[49] ਕੰਧ-ਚਿੱਤਰ ਵਿੱਚ ਰਾਜਾ ਬਲੀ ਦੇ ਦਰਬਾਰ ਵਿੱਚ ਭਗਵਾਨ ਵਿਸ਼ਨੂੰ ਵਾਮਨ ਦੇ ਰੂਪ ਵਿੱਚ ਖੜ੍ਹੇ ਹਨ ਅਤੇ ਇੱਕ ਪਾਸੇ ਸ਼ੁਕ੍ਰ ਨੂੰ ਖੜ੍ਹੇ ਦਿਖਾਇਆ ਗਿਆ ਹੈ। ਰਾਜਾ ਬਲੀ ਨੂੰ ਰਾਣੀ ਨਾਲ ਦਿਖਾਇਆ ਗਿਆ ਹੈ। ਰਾਜਾ ਦੇ ਹੱਥ ਵਿੱਚ ਸੁਰਾਹੀ ਦਿਖਾਈ ਗਈ ਹੈ ਕਿਉਂਕਿ ਉਸਨੇ ਹੱਥ ਵਿੱਚ ਪਾਣੀ ਲੈ ਕੇ ਸੰਕਲਪ ਦਿੱਤਾ ਸੀ।

ਇੱਕ ਚਿੱਤਰ ਨਰਸਿੰਘ ਅਵਤਾਰ ਦਾ ਹੈ। ਇਹ ਵਿਸ਼ਨੂੰ ਦਾ ਚੌਥਾ ਅਵਤਾਰ ਹੈ, ਜਿਸ ਦਾ ਅੱਧਾ ਸ਼ਰੀਰ ਨਰ (ਆਦਮੀ) ਦਾ ਅਤੇ ਅੱਧਾ ਸਿੰਹ (ਸ਼ੇਰ) ਦਾ ਹੈ। ਸਤਯੁਗ ਵਿੱਚ ਹਰਣਾਕਸ਼ ਨੇ ਤਪ ਕਰਕੇ ਬ੍ਰਹਮਾ ਤੋਂ ਇਹ ਵਰ ਲੈ ਲਿਆ ਕਿ ਮੈਂ ਦੇਵਤਾ, ਦੈਂਤ,

---

49 **ਨਾਭਾ, ਭਾਈ ਕਾਨ੍ਹ ਸਿੰਘ**, (1974), *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪੰਨਾ-844.

ਗੰਧਰਵ, ਨਾਗ, ਮਨੁੱਖ ਆਦਿ ਤੋਂ ਨਾ ਮਾਰਿਆ ਜਾਵਾਂ, ਨਾ ਮੈਂ ਅਸਤ੍ਰ ਸ਼ਸਤ੍ਰ ਤੋਂ ਮਰਾਂ, ਨਾ ਦਿਨ ਅਤੇ ਰਾਤ ਵਿੱਚ ਮੇਰੀ ਮੌਤ ਹੋਵੇ, ਆਦਿ। ਹਰਣਾਕਸ਼ ਆਪਣੇ ਪੁੱਤਰ ਪ੍ਰਹਿਲਾਦ ਨੂੰ ਜੋ ਵਿਸ਼ਨੂੰ ਭਗਤ ਸੀ, ਬਹੁਤ ਦੁੱਖ ਦਿੱਤਾ। ਦੇਵਤਿਆਂ ਅਤੇ ਪ੍ਰਹਿਲਾਦ ਦੀ ਰੱਖਿਆ ਲਈ ਵਿਸ਼ਨੂੰ ਨੇ ਨਰਸਿੰਘ ਰੂਪ ਧਾਰਕੇ ਹਰਨਾਕਸ਼ ਨੂੰ ਨੌਹਾਂ ਨਾਲ ਐਸੇ ਸਮੇਂ ਮਾਰਿਆ, ਜਦ ਨਾ ਦਿਨ ਸੀ ਨਾ ਰਾਤ, ਕਿੰਤੂ ਸੰਧਯਾ ਦਾ ਵੇਲਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਨਰਸਿੰਘ ਅਵਤਾਰ ਬਾਰੇ ਜ਼ਿਕਰ ਆਇਆ ਹੈ।[50] ਚਿੱਤਰ ਵਿੱਚ ਇੱਕ ਪਾਸੇ ਪ੍ਰਹਿਲਾਦ ਭਗਤ ਹੱਥ ਜੋੜ ਕੇ ਖੜ੍ਹੇ ਹਨ ਅਤੇ ਦੂਜੇ ਪਾਸੇ ਪ੍ਰਹਿਲਾਦ ਦੀ ਮਾਤਾ ਖੜ੍ਹੀ ਹੈ, ਇਹਨਾਂ ਦੋਨਾਂ ਅਕ੍ਰਿਤਿਆਂ ਨੂੰ ਧਰਤੀ ਤੋਂ ਉੱਚਾ ਬਣਾਇਆ ਗਿਆ ਹੈ। ਥਮ੍ਹਲਿਆਂ ਨੂੰ ਤੋੜ ਕੇ ਨਰਸਿੰਘ ਅਵਤਾਰ ਪ੍ਰਗਟ ਹੋਏ ਹਨ ਅਤੇ ਹਰਨਾਕਸ਼ ਨੂੰ ਮਾਰ ਰਹੇ ਹਨ (ਚਿੱਤਰ 98)।

ਗੁਰਦੁਆਰਾ ਪੋਥੀਮਾਲਾ ਦਾ ਇੱਕ ਹੋਰ ਚਿੱਤਰ ਵਿਸ਼ਨੂੰ ਦੇ ਅਵਤਾਰ ਪਰਸ਼ੁਰਾਮ ਜੀ ਦਾ ਹੈ (ਚਿੱਤਰ 99)। ਪਰਸ਼ੁਰਾਮ ਭ੍ਰਿਗੁ ਵੰਸ਼ ਦੇ ਇੱਕ ਬ੍ਰਾਹਮਣ ਜਮਦਗਨੀ ਦਾ ਪੁੱਤਰ ਸੀ। ਵਿਸ਼ਨੂਪੁਰਾਣ ਵਿੱਚ ਲਿਖਿਆ ਹੈ ਕਿ ਇੱਕ ਸਮੇਂ ਰਿਚਕ ਰਿਸ਼ੀ ਨੇ ਆਪਣੇ ਤਪ ਦੇ ਪ੍ਰਭਾਵ ਨਾਲ ਇੱਕ ਦਿਵਯ ਭੋਜਨ ਤਿਆਰ ਕੀਤਾ, ਜਿਸ ਦੇ ਖਾਣ ਤੋਂ ਬ੍ਰਾਹਮਣ ਦੀਆਂ ਸਿਫਤਾਂ ਵਾਲਾ ਪੁੱਤਰ ਹੋਵੇ। ਉਸ ਨੇ ਉਸੇ ਵੇਲੇ ਇੱਕ ਹੋਰ ਆਹਾਰ ਤਿਆਰ ਕਰਕੇ ਸਤਯਵਤੀ ਦੀ ਮਾਤਾ ਨੂੰ ਵੀ ਦਿੱਤਾ, ਜਿਸ ਦੇ ਅਸਰ ਨਾਲ ਯੋਧਾ ਪੁੱਤਰ ਜਨਮੇ। ਇਹਨਾਂ ਮਾਵਾਂ ਧੀਆਂ ਨੇ ਉਹ ਆਹਾਰ ਆਪਸ ਵਿੱਚ ਬਦਲ ਲਏ, ਇਸ ਲਈ ਰਿਚਕ ਦਾ ਪੁੱਤਰ ਜਮਦਗਨੀ ਤਾਂ ਯੋਧਾ ਹੋਇਆ ਅਤੇ ਗਾਧਿ ਕਸ਼ਤ੍ਰੀ ਦਾ ਪੁੱਤਰ ਵਿਸ਼ਵਾਮਿਤ੍ਰ ਬ੍ਰਾਹਮਣ ਹੋਇਆ। ਪਰਸ਼ੁਰਾਮ ਇਸੇ ਜਮਦਗਨੀ ਬ੍ਰਾਹਮਣ ਅਤੇ ਰੇਣੁਕਾ ਦਾ ਪੰਜਵਾਂ ਪੁੱਤਰ ਸੀ। ਇਸ ਦੀ ਕਥਾ ਪੁਰਾਣ ਮਹਾਭਾਰਤ ਅਤੇ ਰਾਮਾਇਣ ਵਿੱਚ ਵਿਸਥਾਰ ਨਾਲ ਹੈ। ਬ੍ਰਹਮਵੈਵਰਤ ਪੁਰਾਣ ਅਨੁਸਾਰ ਇੱਕ ਵਾਰ ਸਹਸਤਰਬਾਹੁ ਜਮਦਗਨੀ ਰਿਸ਼ੀ ਦੇ ਆਸ਼ਰਮ ਵਿਖੇ ਸੈਨਾ ਸਮੇਤ ਗਿਆ। ਰਿਸ਼ੀ ਨੇ ਕਪਿਲਾ ਨਾਮਕ ਕਾਮਧੇਨੁ ਗਊ ਦੀ ਸਹਾਇਤਾ ਨਾਲ ਰਾਜੇ ਦੀ ਅਜੇਹੀ ਮਹਿਮਾਨਨਵਾਜ਼ੀ ਕੀਤੀ ਕਿ ਸਹਸਤਰਬਾਹੁ ਹੈਰਾਨ ਹੋ ਗਿਆ। ਤੁਰਨ ਵੇਲੇ ਰਾਜੇ ਨੇ ਰਿਸ਼ੀ ਤੋਂ ਗਾਂ ਮੰਗੀ, ਪਰ ਜਮਦਗਨੀ ਨੇ ਇਨਕਾਰ ਕਰ ਕੀਤਾ। ਇਸ ਤੇ ਸਹਸਤਰਬਾਹੁ ਨੇ ਜ਼ੋਰੋ ਜ਼ੋਰੀ ਗਾਂ ਖੋਹਣੀ ਚਾਹੀ, ਪਰ ਗਊ ਤੋਂ ਪੈਦਾ ਹੋਈ ਫੌਜ ਨੇ ਰਾਜੇ ਦੀ ਸੈਨਾ ਨੂੰ ਭਾਰੀ ਹਾਰ ਦਿੱਤੀ। ਇਸ ਅਪਮਾਨ ਨੂੰ ਬਰਦਾਸ਼ਤ ਨਾ ਕਰਦੇ ਹੋਏ ਇੱਕ ਵਾਰ ਫੇਰ ਸਹਸਤਰਬਾਹੁ ਨੇ ਜਮਦਗਨੀ ਨੂੰ

50 *ਹਰਨਾਖਸ ਦੁਸਟ ਹਰਿ ਮਾਰਿਆ ਪ੍ਰਹਲਾਦ ਤਰਾਇਆ। (ਆਸਾ ਛੰਤ ਮ ੪), ਮਹਾਨ ਕੋਸ਼,* ਪੰਨਾ-683.

ਮਾਰ ਦਿੱਤਾ। ਉਸ ਵੇਲੇ ਜਮਦਗਨੀ ਦਾ ਪੁੱਤਰ ਪਰਸ਼ੁਰਾਮ ਘਰ ਨਹੀਂ ਸੀ ਪਰ ਜਦ ਉਹ ਆਸ਼ਰਮ ਵਿੱਚ ਪਹੁੰਚਿਆ ਤਾਂ ਉਸ ਦੀ ਮਾਂ ਰੇਣੁਕਾ ਨੂੰ ਵਿਰਲਾਪ ਕਰਦੇ ਦੇਖਿਆ। ਇਸ ਤੇ ਪਰਸ਼ੁਰਾਮ ਨੇ ਪ੍ਰਤਿਗਿਆ ਕੀਤੀ ਕਿ ਮੈਂ ੨੧ ਵਾਰ ਪ੍ਰਿਥਵੀ ਨੂੰ ਕਸ਼ਤ੍ਰੀਆਂ ਰਹਿਤ ਕਰਾਂਗਾ, ਅਤੇ ਜੰਗ ਕਰਕੇ ਸਹਸਤਰਬਾਹੁ ਨੂੰ ਮਾਰਿਆ। ਇਹ ਸਾਰੀ ਕਥਾ ਕੰਧ-ਚਿੱਤਰ ਵਿੱਚ ਦੋ ਭਾਗਾਂ ਵਿੱਚ ਵਿਭਾਜਿਤ ਕਰਕੇ ਦਰਸਾਈ ਗਈ ਹੈ। ਉਪਰਲੇ ਪਾਸੇ ਜਮਦਗਨੀ ਦੀ ਮ੍ਰਿਤਕ ਦੇਹ ਤੇ ਉਸਦੀ ਪਤਨੀ ਰੇਣੁਕਾ ਵਿਰਲਾਪ ਕਰ ਰਹੀ ਹੈ। ਕਾਮਧੇਨੂੰ ਗਾਂ ਅਤੇ ਕਲਪ ਬਿਰਖ ਪਿੱਠ-ਭੂਮੀ ਤੇ ਚਿੱਤਰਤ ਹਨ। ਚਿੱਤਰ ਦੇ ਹੇਠਲੇ ਭਾਗ ਵਿੱਚ ਪਰਸੁਰਾਮ ਸਹਸਤਰਬਾਹੂ ਨਾਲ ਯੁੱਧ ਕਰ ਰਿਹਾ ਹੈ। ਸਹਸਤਰਬਾਹੂ ਦੀਆਂ ਕਈ ਬਾਹਾਂ ਦਿਖਾਈਆਂ ਗਈਆਂ ਹਨ, ਕੁੱਝ ਕੱਟ ਕੇ ਹੇਠਾਂ ਸੁੱਟੀਆਂ ਹੋਈਆਂ ਹਨ। ਇੱਕ ਹੀ ਕੰਧ-ਚਿੱਤਰ ਦੇ ਚੌਖਟੇ ਵਿੱਚ ਕਈ ਵਾਰ ਕਥਾ ਨੂੰ ਭਾਗਾਂ ਵਿੱਚ ਵੰਡ ਕੇ ਚਿੱਤਰਨ ਦਾ ਵੀ ਰਿਵਾਜ ਸੀ।

ਦਾਨਵਾਂ ਅਤੇ ਦੇਵਤਿਆਂ ਵਿਚਕਾਰ ਅੰਮ੍ਰਿਤ ਨੂੰ ਲੈ ਕੇ ਹੋਏ ਝਗੜੇ ਅਤੇ ਫਿਰ ਸਮੁੰਦਰ ਮੰਥਨ ਦੀ ਘਟਨਾ ਨੂੰ ਵੀ ਗੁਰਦੁਆਰਾ ਪੋਥੀਮਾਲਾ ਵਿੱਚ ਚਿੱਤਰਿਆ ਗਿਆ ਹੈ (ਚਿੱਤਰ 100)। ਚਿੱਤਰ ਦੀ ਹਾਲਤ ਬਹੁਤ ਜ਼ਿਆਦਾ ਖ਼ਰਾਬ ਹੋ ਜਾਣ ਕਾਰਨ ਇਹ ਸਪੱਸ਼ਟ ਨਹੀਂ ਹੈ। ਇੱਕ ਪਾਸੇ ਦਾਨਵ ਅਤੇ ਦੂਸਰੇ ਪਾਸੇ ਦੇਵਤੇ ਖੜ੍ਹੇ ਹਨ, ਵਿਸ਼ਨੂੰ ਜੀ ਦੀ ਆਕ੍ਰਿਤੀ ਚੱਟਾਨ ਦੇ ਉੱਪਰ ਨਜ਼ਰ ਆ ਰਹੀ ਹੈ। ਸਮੁੰਦਰ ਮੰਥਨ ਦੀ ਮਿਥਿਹਾਸਕ ਘਟਨਾ ਵਿੱਚ ਵਿਸ਼ਨੂੰ ਦੇ ਕੱਛ (*kurma*)[51] ਅਵਤਾਰ ਨੂੰ ਚਿੱਤਰਿਆ ਗਿਆ ਹੈ। ਕੁਰਮਾ ਨੇ ਆਪਣੇ ਪਿੱਠ ਉਪਰ ਚੱਟਾਨ (*mandana*)[52] ਨੂੰ ਚੁੱਕਿਆ ਹੈ, ਜਿਸਨੂੰ ਕਿ ਸਮੁੰਦਰ ਰਿੜਕਣ ਲਈ ਵਰਤਿਆ ਗਿਆ ਹੈ। ਸ਼ੇਸ਼ਨਾਗ ਨੂੰ ਮੰਥਨ ਲਈ ਰੱਸੀ ਦੇ ਰੂਪ ਵਿੱਚ ਵਰਤਿਆ ਗਿਆ ਹੈ। ਚਿੱਤਰ ਬਹੁਤ ਖ਼ਰਾਬ ਹੋ ਜਾਣ ਕਾਰਨ ਨਾਗ ਦੀ ਆਕ੍ਰਿਤੀ ਸਪੱਸ਼ਟ ਨਹੀਂ ਹੈ। ਚਿੱਤਰ ਵਿੱਚ ਦੇਵਤਿਆਂ ਨੂੰ ਸੱਜੇ ਪਾਸੇ ਅਤੇ ਰਾਖਸ਼ਾਂ ਨੂੰ ਖੱਬੇ ਪਾਸੇ ਚਿੱਤਰਿਆ ਗਿਆ ਹੈ। ਮੰਥਨ ਕਾਫ਼ੀ ਹੱਦ ਤੱਕ ਸੰਪੰਨ ਹੋ ਚੁੱਕਾ ਹੈ। ਇਸ ਮੰਥਨ ਤੋਂ ਕੀਮਤੀ ਰਤਨ ਜਿਨ੍ਹਾਂ ਵਿੱਚ ਪਰੀਜਾਤ (*parijata*)[53] ਦਰੱਖ਼ਤ ਅਤੇ ਕੁੱਝ ਆਕ੍ਰਿਤੀਆਂ ਤੋਂ ਬਿਨਾਂ ਬਾਕੀ ਚਿੱਤਰ ਦੇ ਰੰਗ ਝੜ ਚੁੱਕੇ ਹਨ।

---

51 **Goswamy., B.N. and Fisher.**, **Eberhard.** (2009). *Pahari Masters,Court Painters Of Northen India*,Indian Reprint by Niyogi Books, Frist published in 1992 by Artibus Asia Supplimentum XXXVIII, p. 146.

52 Ibid.

53 Ibid.

ਗੁਰਦੁਆਰਾ ਪੋਥੀਮਾਲਾ ਵਿੱਚ ਇੱਕ ਚਿੱਤਰ ਮਹਾਂਭਾਰਤ ਦੀ ਪ੍ਰਮੁੱਖ ਘਟਨਾ ਤੇ ਅਧਾਰਤ ਚਿੱਤਰਿਆ ਗਿਆ ਹੈ। ਇਹ ਚਿੱਤਰ ਦਰੋਪਤੀ ਚੀਰਹਰਨ ਦਾ ਹੈ (ਚਿੱਤਰ 101)। ਇਹ ਚਿੱਤਰ ਪੂਰੀ ਤਰ੍ਹਾਂ ਖ਼ਰਾਬ ਹੋ ਚੁੱਕਾ ਹੈ। ਕਾਫ਼ੀ ਸਮਾਂ ਪਹਿਲਾਂ ਤਸਵੀਰ ਲਈ ਜਾ ਚੁੱਕੀ ਸੀ ਪਰੰਤੂ ਕੁਝ ਸਾਲਾਂ ਵਿੱਚ ਹੀ ਇਹ ਚਿੱਤਰ ਆਪਣੀ ਹੋਂਦ ਗਵਾ ਬੈਠਾ। ਚਿੱਤਰ ਵਿੱਚ ਪੰਜੋ ਪਾਂਡਵ ਉਦਾਸ ਬੈਠੇ ਹਨ ਅਤੇ ਦੁਰਯੋਧਨ ਸਿੰਘਾਸਨ ’ਤੇ ਬੈਠਾ ਹੈ। ਦੁਸ਼ਾਸਨ ਦਰੋਪਤੀ ਦੀ ਸਾੜ੍ਹੀ ਉਤਾਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਗੁਰਦੁਆਰਾ ਪੋਥੀਮਾਲਾ ਵਿਖੇ ਮਹਾਂਭਾਰਤ ਨਾਲ ਸੰਬੰਧਤ ਇੱਕੋ-ਇੱਕ ਚਿੱਤਰ ਬਣਾਇਆ ਗਿਆ ਹੈ।

## ਨਾਰੀ ਚਿਤਰਨ

ਤੀਜੇ ਭਾਗ ਵਿੱਚ ਨਾਰੀ ਚਿੱਤਰਣ ਕੀਤਾ ਗਿਆ ਹੈ, ਜਿਸ ਵਿੱਚ ਨਾਰੀ ਦੇ ਕਈ ਸਰੂਪ ਦਰਸਾਏ ਗਏ ਹਨ। ਸੁਤੰਤਰ ਰੂਪ ਵਿੱਚ ਚਿੱਤਰਤ ਚਿੱਤਰਾਂ ਵਿੱਚ ਨਾਰੀ ਦੇ 12 ਛੋਟੇ ਪੈਨਲ ਹਨ, ਜਿਸ ਵਿੱਚ ਨਾਰੀ ਨੂੰ ਵੀਣਾ ਵਜਾਉਂਦੀ, ਮਾਂ ਅਤੇ ਬੱਚਾ, ਪਾਲਤੂ ਜਾਨਵਰਾਂ ਨਾਲ, ਅਤੇ ਨ੍ਰਿਤ ਕਰਦੀ ਵਿਖਾਇਆ ਗਿਆ ਹੈ। ਇਹਨਾਂ ਦਾ ਚਿੱਤਰਨ ਇਮਾਰਤ ਦੀ ਸਜਾਵਟ ਦੇ ਪੱਖੋਂ ਕੀਤਾ ਗਿਆ ਹੈ ਪਰ ਫਿਰ ਵੀ ਇਹਨਾਂ ਦੀ ਵੱਖਰੀ ਪਛਾਣ ਹੈ ਅਤੇ ਇਹ ਚਿੱਤਰ ਆਪਣੇ ਵੱਲੋਂ ਦਰਸ਼ਕ ਨੂੰ ਆਕਰਸ਼ਿਤ ਕਰਦੇ ਹਨ।

ਪੰਜਾਬ ਦੇ ਕੰਧ-ਚਿੱਤਰਾਂ ਵਿਚ ਨਾਰੀ ਨੂੰ ਭਾਵੇਂ ਪੁਰਸ਼ ਨਾਲੋਂ ਘੱਟ ਚਿੱਤਰਿਆ ਗਿਆ ਹੈ ਪਰ ਨਾਰੀ ਨੂੰ ਵੱਖ ਵੱਖ ਰੂਪਾਂ ਵਿਚ ਦਰਸਾਉਂਦੇ ਜੋ 19ਵੀਂ ਸਦੀ ਦੇ ਕੰਧ-ਚਿੱਤਰ ਅੱਜ ਤੱਕ ਸੁਰੱਖਿਅਤ ਹਨ, ਉਹ ਕਿਸੇ ਰੌਚਕ ਅਧਿਐਨ ਤੋਂ ਸੱਖਣੇ ਨਹੀਂ। ਗਿਣਤੀ ਵਿਚ ਘੱਟ ਹੁੰਦਿਆਂ ਵੀ ਇਹ ਚਿੱਤਰ ਆਪਣੇ ਸਮੇਂ ਦੇ ਸਮਾਜ ਵਿਚ ਨਾਰੀ ਜੀਵਨ ਦੇ ਕਈ ਪੱਖਾਂ ਨੂੰ ਸੂਖਮ ਅੰਦਾਜ਼ ਨਾਲ ਉਘਾੜਦੇ ਹਨ। ਨਾਰੀ ਨੂੰ ਵਿਅਕਤੀਗਤ ਰੂਪ ਵਿਚ ਚਿੱਤਰਨ ਦਾ ਆਰੰਭ ਫ਼ਰੰਗੀਆਂ ਦੇ ਪ੍ਰਭਾਵ ਅਧੀਨ ਹੋਇਆ ਪ੍ਰਤੀਤ ਹੁੰਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਇਕ ਯੂਰਪੀਨ ਫੌਜੀ ਅਫਸਰ ਆਬੁਤਬੇਲੇ ਨੇ ਪਿਸ਼ਾਵਰ ਵਿਚ ਆਪਣੇ ਰਿਹਾਇਸ਼ੀ ਸਥਾਨ ਦੀਆਂ ਕੰਧਾਂ ਉੱਤੇ ਜੋ ਚਿੱਤਰ ਬਣਵਾਏ ਸਨ, ਉਨ੍ਹਾਂ ਵਿੱਚ ਇਕ ਯੂਰਪੀਨ ਨਾਰੀ ਦਾ ਚਿੱਤਰ ਵੀ ਸੀ ਪਰ ਜਿਸ ਦੇ ਨਾਂ ਬਾਰੇ ਕੁਝ ਪਤਾ ਨਹੀਂ ਚਲਦਾ। ਸ਼ਾਇਦ ਇਹ ਨਾਰੀ ਨੂੰ ਵਿਅਕਤੀਗਤ ਰੂਪ ਵਿਚ ਦਿਖਾਉਣ ਦਾ ਵੀਂ ਸਦੀ ਦੇ ਪੰਜਾਬ ਦਾ ਪਹਿਲਾ ਕੰਧ-ਚਿੱਤਰ ਸੀ। ਹਰਿਆਣੇ ਵਿਚ ਦਾਦਰੀ ਸਥਿਤ ਚੰਦਰ ਸੈਨ ਦੇ ਦੀਵਾਨਖ਼ਾਨੇ ਦੇ ਕੰਧ-ਚਿੱਤਰਾਂ ਵਿਚ

ਵੀ ਸ੍ਰੀਮਤੀ ਲਾਰਡ ਲੇਕ ਦਾ ਚਿੱਤਰ ਉਲੀਕਿਆ ਗਿਆ ਸੀ। ਇਹਨਾਂ ਫ਼ਰੰਗੀ ਨਾਰੀਆਂ ਦੇ ਵਿਅਕਤੀਗਤ ਕੰਧ-ਚਿੱਤਰਾਂ ਤੋਂ ਇਲਾਵਾ ਸਿੱਖ ਸ਼ਾਹੀ ਘਰਾਣਿਆਂ ਨਾਲ ਸਬੰਧ ਰੱਖਦੀਆਂ ਨਾਰੀਆਂ ਦੇ ਕੰਧ-ਚਿੱਤਰ ਵੀ ਉਲੀਕੇ ਗਏ ਸਨ ਪਰ ਇਹਨਾਂ ਬਾਰੇ ਖੋਜ ਦੀ ਇਸ ਪੱਧਰ ਉੱਤੇ ਨਿਰਣੇ ਨਾਲ ਇਹ ਕਹਿਣਾ ਕਠਿਨ ਹੈ ਕਿ ਇਹ ਵਾਸਤਵ ਵਿਚ ਉਨ੍ਹਾਂ ਨਾਰੀਆਂ ਦੇ ਹੀ ਚਿੱਤਰ ਹਨ ਜੋ ਸਥਾਨਕ ਪਰੰਪਰਾ ਅਨੁਸਾਰ ਸਮਝੇ ਜਾਂਦੇ ਹਨ। ਰਾਜਾਸਾਂਸੀ ਸਥਿਤ ਸੰਧਾਵਾਲੀਆ ਸਰਦਾਰਾਂ ਦੀ ਪੁਰਾਣੀ ਹਵੇਲੀ ਦੇ ਕੰਧ-ਚਿੱਤਰਾਂ ਵਿਚ ਇਕ ਅਤਿ ਸੁੰਦਰ ਨਾਰੀ ਨੂੰ ਦਰਸਾਉਂਦਾ ਚਿੱਤਰ ਦੇਖਿਆ ਗਿਆ, ਜੋ ਸਥਾਨਕ ਪਰੰਪਰਾ ਅਨੁਸਾਰ ਮਹਾਰਾਣੀ ਜਿੰਦਾਂ ਦਾ ਦੱਸਿਆ ਗਿਆ ਸੀ। ਇਸੇ ਹਵੇਲੀ ਵਿਚ ਇਕ ਹੋਰ ਕੰਧ-ਚਿੱਤਰ ਸੰਧਾਵਾਲੀਆ ਸਰਦਾਰਾਂ ਦੀ ਕਿਸੇ ਰਾਣੀ ਨੂੰ ਨਿਰੂਪਣ ਕਰਦਾ ਚਿਤਰਿਆ ਹੋਇਆ ਸੀ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰਾਂ ਵਿੱਚ ਨਾਰੀ ਕੰਧ-ਚਿੱਤਰਾਂ ਦੀ ਬਹੁਤ ਖ਼ੂਬਸੂਰਤ ਉਦਾਹਰਣ ਮਿਲਦੀ ਹੈ। ਨਾਰੀ ਕੰਧ-ਚਿੱਤਰਾਂ ਦੀ ਪ੍ਰਮਾਣਿਕਤਾ ਦੀ ਹੋਂਦ ਆਰੰਭ ਤੋਂ ਲੈ ਕੇ ਅਜੋਕੇ ਸਮੇਂ ਤੱਕ ਸਵੀਕਾਰ ਕੀਤੀ ਜਾਂਦੀ ਹੈ ਜਦੋਂ ਤੋਂ ਇਸ ਪ੍ਰਿਥਵੀ ਤੇ ਇਸਤਰੀ ਦੀ ਹੋਂਦ ਸਥਾਪਿਤ ਹੋਈ ਹੈ।

ਪ੍ਰਾਇਮਰੀ ਅਤੇ ਸੈਕੰਡਰੀ ਸੋਮਿਆਂ ਦੀ ਸ਼੍ਰੇਣੀ ਵਿੱਚ ਵੇਦ, ਪੁਰਾਣ, ਗ੍ਰੰਥਾਂ, ਪੁਸਤਕਾਂ, ਮੈਗਜ਼ੀਨ, ਜਨਰਲਾਂ ਆਦਿ ਵਿੱਚ ਨਾਰੀ ਦੀ ਮਹਾਨਤਾ ਦੀ ਪ੍ਰਦਰਸ਼ਨੀ ਕੰਧ ਚਿੱਤਰਾਂ ਦੇ ਰੂਪ ਵਜੋਂ ਸਥਾਪਿਤ ਹੋਣਾ ਇੱਕ ਅਨੋਖੀ ਅਤੇ ਹੈਰਾਨੀ-ਜਨਕ ਗੱਲ ਹੈ, ਜਿਹੜੀ ਸਾਨੂੰ ਔਰਤ ਦੀ ਸਥਿਤੀ ਦਾ ਪ੍ਰਗਟਾਵਾ ਦਰਸਾਉਂਦੀ ਹੈ। ਔਰਤ ਦਾ ਵਰਗੀਕਰਨ ਉਸਦੀ ਉਮਰ, ਤਜਰਬਾ, ਸਰੀਰਕ ਅਤੇ ਮਾਨਸਿਕ ਗੁਣ, ਸਥਿਤੀ, ਭਾਵਨਾਵਾਂ ਆਦਿ ਚਿੱਤਰਕਾਰ ਲਈ ਵਿਸ਼ਾ ਪ੍ਰਦਾਨ ਕਰਦੇ ਸਨ। ਗੁਰਦੁਆਰਾ ਪੋਥੀਮਾਲਾ ਵਿੱਚ ਨਾਇਕਾ-ਚਿੱਤਰਾਂ ਦੀ ਸੰਖਿਆ ਇੱਕ ਵਿਭਿੰਨ ਵਿਸ਼ਾ ਪੇਸ਼ ਕਰਦੀ ਹੈ। ਪਿਆਰ ਦੀ ਭਾਵਨਾ ਦਾ ਇਹ ਸਵਰੂਪ ਇੱਕ ਗੰਭੀਰ ਧਰਮ ਦੀਆਂ ਕਲਪਨਾਵਾਂ ਪੇਸ਼ ਕਰਦਾ ਹੈ। “ਆਤਮਾ ਦੇ ਦੇਵਤਾ ਸ਼੍ਰੀ ਕ੍ਰਿਸ਼ਨ ਪ੍ਰਤੀ ਰਾਧਾ ਦਾ ਚਿੱਤਰ ਉਸਦੇ ਸਮਰਪਣ ਦਾ ਪ੍ਰਤੀਕ ਹੈ। ਗਰਮ ਖ਼ੂਨ ਦੇ ਸਾਰੇ ਜਨੂੰਨੀ ਤੱਤ ਉਸ ਸਰਵ ਸ਼ਕਤੀਮਾਨ ਦੇ ਅੱਗੇ ਪ੍ਰਾਰਥਨਾ ਦੀ ਇੱਕ ਸ਼ਕਤੀਸ਼ਾਲੀ ਵਾੜ ਰੱਖਣਾ ਜ਼ਰੂਰੀ ਸਮਝਦੇ ਹਨ ਜਿਹੜੇ ਉਸਦਾ ਪਿਆਰ ਨਾਲ ਇੰਤਜ਼ਾਰ ਕਰਦੇ ਹਨ, ਉਸ ਸੰਬੰਧ ਵਿੱਚ ਹਥਿਆਰਾਂ ਦੀ ਪੂਜਾ ਕਰਨਾ ਅਤੇ ਉਸਦੀ ਸੁਰੱਖਿਆ ਪ੍ਰਤੀ ਦਾਅਵਾ ਪੇਸ਼ ਕਰਨਾ ਆਪਣਾ ਜ਼ਰੂਰੀ ਕਰਤੱਵ ਸਮਝਦੇ ਹਨ,

ਜਿਹੜਾ ਬੇਮਿਸਾਲ ਸਮੁੰਦਰ ਦੀ ਤਰ੍ਹਾਂ ਪ੍ਰਤੀਤ ਹੰਦਾ ਹੈ। ਕੇਸ਼ਵ ਦਾਸ (ਬੁੰਦੇਲਖੰਡ ਦੇ ਬ੍ਰਾਹਮਣ) ਅਨੁਸਾਰ,"ਔਰਤਾਂ ਨੂੰ ਚਾਰ ਭਾਗਾਂ ਵਿੱਚ ਵਰਗੀਕ੍ਰਿਤ ਕੀਤਾ ਜਾ ਰਿਹਾ ਹੈ-ਕਮਲ (*ਪਦਮਣੀ*), ਭਿੰਨ-ਭਿੰਨ (*ਚਿੱਤਰਿਣੀ*) ਸੰਖ ਦੀ ਤਰ੍ਹਾਂ (*ਸੰਖਿਣੀ*), ਅਤੇ ਹਾਥੀ ਦੀ ਤਰ੍ਹਾਂ (*ਹਸਤਿਣੀ*)।"[54]

ਨਾਰੀ ਦੇ ਵੱਖ-ਵੱਖ ਰੂਪਾਂ ਨੂੰ ਚਿੱਤਰਤ ਕਰਦੇ ਕੰਧ-ਚਿੱਤਰਾਂ ਵਿੱਚ ਕਿਤੇ ਨਾਰੀ ਨੂੰ ਜਨਨੀ ਦੇ ਰੂਪ ਵਿੱਚ, ਪਤਨੀ ਦੇ ਰੂਪ ਵਿੱਚ, ਸੰਗੀਤਕਾਰ ਦੇ ਰੂਪ ਵਿੱਚ ਅਤੇ ਆਲੇਖਨਾ ਵਿੱਚ ਪ੍ਰਕਿਰਤੀ ਰੂਪ ਵਿੱਚ ਚਿੱਤਰਤ ਕੀਤਾ ਗਿਆ ਹੈ। ਪੰਜਾਬ ਦੇ ਕੰਧ-ਚਿੱਤਰਾਂ ਵਿੱਚ ਭਾਵੇਂ ਨਾਰੀ ਚਿੱਰਤਨ ਪੁਰਸ਼ਾਂ ਨਾਲੋਂ ਘੱਟ ਹੋਇਆ ਹੈ ਪਰ ਨਾਰੀ ਨੂੰ ਵੱਖ-ਵੱਖ ਰੂਪ ਵਿੱਚ ਦਰਸਾਉਂਦੇ 19ਵੀਂ ਸਦੀ ਦੇ ਕੰਧ-ਚਿੱਤਰ ਜੋ ਕਿ ਅੱਜ ਕਾਫ਼ੀ ਹੱਦ ਤੱਕ ਸੁਰੱਖਿਅਤ ਹਨ ਆਪਣੇ ਸਮਾਜ ਵਿੱਚ ਨਾਰੀ ਦੇ ਕਈ ਪੱਖਾਂ ਨੂੰ ਸੂਖਮ ਅੰਦਾਜ ਨਾਲ ਉਗਾੜਦੇ ਹਨ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ "ਦਸਮ ਗ੍ਰੰਥ" ਵਿੱਚ ਇਹ ਬਿਆਨ ਕਰਦੇ ਹਨ ਕਿ ਰਾਧਾ ਆਪਣੇ ਦੇਵਤਾ ਦੀ ਤਲਾਸ਼ 'ਚ ਪ੍ਰਕਾਸ਼ਿਤ ਰੂਪ ਧਾਰ ਕੇ ਲੱਭਣ ਜਾਂਦੀ ਹੈ, ਜੋ ਚੰਦਰਮਾ ਦੀ ਰੌਸ਼ਨੀ ਵਿੱਚ ਗੁਆਚ ਗਿਆ ਹੈ।[55] ਸਮਾਜ ਵਿੱਚ ਉੱਚੇ ਤਬਕੇ ਨਾਲ ਸਬੰਧਤ ਨਾਰੀਆਂ ਤੋਂ ਬਿਨਾਂ ਵਕਤ ਦੇ ਨਾਲ-ਨਾਲ ਸਧਾਰਨ ਨਾਰੀਆਂ ਦੇ ਚਿੱਤਰ ਵੀ ਚਿੱਤਰੇ ਜਾਣ ਲੱਗੇ ਪਰ ਇਹਨਾਂ ਸਬੰਧੀ ਕੋਈ ਠੋਸ ਜਾਣਕਾਰੀ ਨਾ ਹੋਣ ਕਰਕੇ ਇਹਨਾਂ ਦੇ ਨਾਂ ਅਤੇ ਸਥਾਨਕ ਮਹਾਨਤਾ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਨਾਰੀ ਚਿਤਰਨ ਦੀ ਇਸੇ ਲੜੀ ਵਿੱਚ ਆਉਂਦੇ ਹੋਰ ਚਿੱਤਰ ਗੁਰਦੁਆਰਾ ਪੋਥੀਮਾਲਾ ਇਮਾਰਤ ਵਿੱਚ ਵੀ ਵੇਖੇ ਜਾ ਸਕਦੇ ਹਨ। ਦੂਜੇ ਵਿਸ਼ਿਆਂ ਦੇ ਸੰਦਰਭ ਵਿੱਚ ਆਏ ਨਾਰੀ ਚਿੱਤਰ ਅਣਗਿਣਤ ਹਨ ਪ੍ਰੰਤੂ ਇਹਨਾਂ ਚਿੱਤਰਾਂ ਨੂੰ ਅਲੱਗ ਕੱਢ ਕੇ ਨਹੀਂ ਦੇਖਿਆ ਜਾ ਸਕਦਾ। ਨਾਰੀ ਦੇ ਰੋਮਾਂਟਿਕ ਰੂਪ ਵਜੋਂ ਵੀ ਕੰਧ-ਚਿੱਤਰਾਂ ਦੀ ਭਰਮਾਰ ਹੈ। ਇਤਿਹਾਸ ਇਸ ਗੱਲ ਦਾ ਗੁਆਹ ਹੈ ਕਿ ਜਦੋਂ ਇਤਿਹਾਸਕ ਪ੍ਰਮਾਣਾਂ ਦੀ ਹੋਂਦ ਨੂੰ ਲੱਭਿਆ ਗਿਆ ਤਾਂ ਸਭ ਤੋਂ ਪਹਿਲਾਂ ਨ੍ਰਿਤ ਕਰਦੀ ਔਰਤ ਦੀ ਮੂਰਤੀ ਦਾ ਚਿੱਤਰ ਸਾਹਮਣੇ ਆਇਆ, ਜਿਹੜਾ ਉਸ ਦੇ ਜੀਵਨ ਦੀ ਸਵਤੰਤਰਤਾ ਨੂੰ ਦਰਸਾ ਰਿਹਾ ਸੀ, ਜਿਸ ਵਿੱਚ ਔਰਤ ਆਪਣੇ ਰੰਗ ਵਿੱਚ ਰੰਗੀ ਨ੍ਰਿਤ ਮੁਦਰਾ ਵਿੱਚ ਪ੍ਰਦਰਸ਼ਿਤ ਹੁੰਦੀ ਦਿਖਾਈ ਦਿੰਦੀ ਹੈ।[56]

---

54 Randhawa., M. S., *Kangra Velley Paintings*, p. 33.

55 Ibid, p. 39.

56 **ਗੁਪਤਾ, ਐਚ.ਆਰ.**(1944-52). *ਹਿਸਟਰੀ ਆਫ ਸਿੱਖਜ਼,* ਵੋਲਿਅਮ-3, ਲਾਹੌਰ, ਪੰਨਾ-20.

ਗੁਰਦੁਆਰਾ ਪੋਥੀਮਾਲਾ ਵਿੱਚ ਔਰਤ ਨੂੰ ਕਈ ਤਰ੍ਹਾਂ ਦੇ ਰੂਪ ਵਿੱਚ ਚਿੱਤਰਿਆ ਹੈ। ਉਸ ਨੂੰ ਗਹਿਣਿਆਂ ਨਾਲ ਸ਼ਿੰਗਾਰ ਕੇ ਕਦੇ ਸ਼੍ਰੀ ਕ੍ਰਿਸ਼ਨ ਦੇ ਸਨਮੁੱਖ, ਕਦੇ ਉਸਦੇ ਮਹੱਲ ਦੀ ਰਾਣੀ ਦੇ ਰੂਪ ਵਜੋਂ, ਕਦੇ ਦਾਸੀ ਦੇ ਰੂਪ ਵਜੋਂ ਪ੍ਰਦਰਸ਼ਿਤ ਕੀਤਾ ਹੈ। ਇਹ ਅੰਤਰ ਕੇਵਲ ਉਸ ਦੇ ਪਹਿਰਾਵੇ ਅਤੇ ਵੇਸ਼ਭੂਸ਼ਾ ਤੋਂ ਪ੍ਰਗਟ ਹੁੰਦਾ ਹੈ। ਰੋਮਾਂਟਿਕ ਦ੍ਰਿਸ਼ਾਂ ਵਿੱਚ ਕਦੇ ਔਰਤ ਹਿਰਨ ਜਾਂ ਗਊਆਂ ਨਾਲ ਪਿਆਰ ਦਰਸਾਉਂਦੀ ਆਉਂਦੀ ਹੈ, ਕਦੇ ਤੋਤੇ ਨੂੰ ਚੋਗ ਚੁਗਾਉਂਦੀ, ਕਦੇ ਮੋਰ ਨਾਲ ਕਲੋਲ ਕਰਦੀ ਅਤੇ ਕਈ ਥਾਵਾਂ ਤੇ ਹਾਰ-ਸ਼ਿੰਗਾਰ ਕਰਦੀ ਨਜ਼ਰ ਆਉਂਦੀ ਹੈ। ਨਾਰੀ ਦੇ ਘਰੇਗੀ ਜੀਵਨ ਦੇ ਨਿੱਤ ਦੇ ਕਾਰਵਿਹਾਰ ਵੀ ਚਿੱਤਰਾਂ ਦਾ ਵਿਸ਼ਾ ਬਣੇ। ਕਈ ਥਾਵਾਂ ਤੇ ਚਿੱਤਰਕਾਰਾਂ ਨੇ ਔਰਤ ਨੂੰ ਕਪਾਹ ਵੇਲਦੀ, ਚਰਖਾ ਕੱਤਦੀ, ਛੱਜ ਨਾਲ ਦਾਣੇ ਛੱਟਦੀ, ਚੱਕੀ ਪੀਂਹਦੀ ਆਦਿ ਦੇ ਰੂਪਾਂ ਵਿੱਚ ਵੀ ਦਿਖਾਇਆ ਹੈ। ਇਸ ਅਸਥਾਨ ’ਤੇ ਪਰੀਆਂ ਦੇ ਸਜਾਵਟੀ ਮੋਟਿਫ਼ ਵਿੱਚ ਨਾਰੀ ਆਕ੍ਰਿਤੀ ਨੂੰ ਬਹੁਤ ਸੁੰਦਰ ਉਲੀਕਿਆ ਗਿਆ ਹੈ। ਇੱਕ ਚਿੱਤਰ ਜਿਸ ਵਿੱਚ ਇੱਕ ਸੰਗੀਤਕਾਰ ਔਰਤ ਨੂੰ ਸਾਜ਼ ਵਜਾਉਂਦੇ ਵਿਖਾਇਆ ਗਿਆ ਹੈ। ਚਿੱਤਰ ਦੀ ਪਿੱਠ ਭੂਮੀ ਸਾਦੀ ਹੈ। ਔਰਤ ਨੇ ਪਾਰਦਰਸ਼ੀ ਕਮੀਜ਼ ਪਹਿਨੀ ਹੈ ਜਿਸ ’ਚੋਂ ਹਲਕੀ ਨੀਲੀ ਅਤੇ ਹਰੇ ਰੰਗ ਦੀ ਭਾਅ ਮਾਰ ਰਹੀ ਹੈ। ਸੁਰਮਈ ਰੰਗ ਦੀ ਪਜਾਮੀ ਪਹਿਨੀ ਹੈ। ਹੱਥ ਵਿੱਚ ਸਿਤਾਰ ਫੜੀ ਸੰਗੀਤ ਦੀ ਧੁੰਨ ਵਿੱਚ ਮਸਤ ਆਪਣੇ ਰਸਤੇ ਤੇ ਤੁਰੀ ਜਾ ਰਹੀ ਹੈ। ਧਿਆਨ ਦੇਣ ਯੋਗ ਗੱਲ ਹੈ ਕਿ ਪੋਥੀਮਾਲਾ ਵਿੱਚ ਚਿੱਤਰਤ ਇਹਨਾਂ ਇਸਤਰੀ ਆਕ੍ਰਿਤੀਆਂ ਦੇ ਚਿੱਤਰ ਇੱਕ-ਚਸ਼ਮ ਹਨ। ਕੋਈ ਇੱਕ ਦੁੱਕਾ ਚਿੱਤਰ ਹੀ ਹੈ ਜੋ ਕਿ ਸਾਹਮਣਿਓਂ ਬਣਾਇਆ ਗਿਆ ਹੋਵੇ। ਇੱਕ ਹੋਰ ਸੰਗੀਤਕਾਰ ਨਾਰੀ ਦੇ ਵਿਅਕਤੀ-ਚਿੱਤਰ ਵਿੱਚ ਉਸਨੇ ਹੱਥ ਵਿੱਚ ਵੀਣਾ ਫੜੀ ਹੋਈ ਹੈ। ਇਹ ਚਿੱਤਰ ਬੇਹੱਦ ਖ਼ੂਬਸੂਰਤ ਅਤੇ ਸਹੀ ਹਾਲਤ ਵਿੱਚ ਹੈ (ਚਿੱਤਰ 102)। ਚਿੱਤਰ ਵਿਚਲੀ ਔਰਤ ਨੂੰ ਵੇਖ ਕੇ ਮਹਿਸੂਸ ਹੁੰਦਾ ਹੈ ਕਿ ਉਹ ਸੰਗੀਤ ਵਿੱਚ ਨਿਪੁੰਨ ਹੈ। ਇਸਤਰੀ ਮਸਤੀ ਭਰੇ ਅੰਦਾਜ਼ ਵਿੱਚ ਸਾਜ਼ ਵਜਾ ਰਹੀ ਹੈ ਅਤੇ ਨ੍ਰਿਤ ਦੀ ਮੁਦਰਾ ਵਿੱਚ ਹੈ। ਸੰਗੀਤ ਦੀ ਧੁੰਨ ਵਿੱਚ ਮਸਤ ਉਸਦੇ ਹਾਵ-ਭਾਵ ਚਿਹਰੇ ਅਤੇ ਅੱਖਾਂ ਤੋਂ ਸਾਫ਼ ਨਜ਼ਰ ਆ ਰਹੇ ਹਨ। ਤਿੱਖੇ ਨੈਣਾਂ ਵਾਲੀ ਇਸ ਔਰਤ ਨੇ ਕਈ ਤਰ੍ਹਾਂ ਦੇ ਗਹਿਣੇ ਪਹਿਨੇ ਹਨ, ਜਿਵੇਂ ਨੱਕ ਵਿੱਚ ਕੋਕਾ, ਗਲੇ ਵਿੱਚ ਮਾਲਾਵਾਂ, ਬਾਹਾਂ ਵਿੱਚ ਚੂੜੀਆਂ, ਬਾਜ਼ੂਬੰਦ ਅਤੇ ਪੈਰਾਂ ਵਿੱਚ ਪੰਜੇਬਾਂ ਪਹਿਨੀਆਂ ਹੋਈਆਂ ਹਨ। ਪਾਰਦਰਸ਼ੀ ਭੂਰੇ ਰੰਗ ਦਾ ਕੁੜਤਾ ਪਹਿਨਿਆ ਹੈ ਜਿਸ ਦੀਆਂ ਕਿਨਾਰੀਆਂ ਤੇ ਚੌੜਾ ਗੋਟਾ

ਲੱਗਾ ਹੈ, ਕੁੜਤੇ ਹੇਠਾਂ ਪਹਿਨੀ ਗੁੜੇ ਭੂਰੇ ਰੰਗ ਦੀ ਚੋਲੀ ਵਿਖਾਈ ਦੇ ਰਹੀ ਹੈ ਤੇ ਹਲਕੇ ਹਰੇ ਰੰਗ ਦੀ ਪਜਾਮੀ ਪਹਿਨੀ ਹੈ। ਇਹ ਪੰਜਾਬ ਦਾ ਪੁਰਾਤਨ ਪਹਿਰਾਵਾ ਸੀ। ਇਸਤਰੀ ਨੇ ਨੀਲੇ ਰੰਗ ਦੀ ਚੁੰਨੀ ਲਈ ਹੈ ਜਿਸਦੇ ਕਿਨਾਰੇ ਤੇ ਗੋਟਾ ਲੱਗਾ ਹੈ। ਇਸ ਸੰਗੀਤਕਾਰ ਇਸਤਰੀ ਨਾਲ ਇੱਕ ਕੁੱਤਾ ਤੇ ਪੰਛੀ ਵੀ ਹਨ ਜੋ ਮੰਤਰ ਮੁਗਧ ਹੋ ਕੇ ਸੰਗੀਤ ਸੁਣ ਰਹੇ ਹਨ। ਚਿੱਤਰ ਵਿਚਲੇ ਦਰੱਖ਼ਤ ਵੀ ਇਸ ਸੰਗੀਤਮਈ ਵਾਤਾਵਰਣ ਵਿੱਚ ਮੰਤਰ ਮੁਗਧ ਹੋਏ ਜਾਪਦੇ ਹਨ। ਸੰਪੂਰਨ ਵਾਤਾਵਰਣ ਸੰਗੀਤਕ ਹੈ। ਚਿੱਤਰ ਦੀ ਪਿੱਠ ਭੂਮੀ ਸਾਦੀ ਹੈ। ਇਮਾਰਤ ਦੇ ਪਹਿਲੇ ਭਾਗ ਵਿੱਚ ਜਿਥੇ ਪੰਜਾਬ ਦੇ ਹਿੱਸਿਆਂ ਨਾਲ ਸੰਬੰਧਤ ਚਿੱਤਰ ਚਿੱਤਰਤ ਹਨ ਉਨ੍ਹਾਂ ਦੇ ਨਾਲ ਇਹ ਨਾਰੀ ਚਿੱਤਰਨ ਵੇਖਣ ਨੂੰ ਮਿਲਦਾ ਹੈ। ਇਹਨਾਂ ਚਿੱਤਰਾਂ ਨਾਲ ਇਮਾਰਤ ਦੀ ਸਜਾਵਟ ਲਈ ਬਣੇ ਉਭਾਰਾਂ ਨੂੰ ਸਜਾਇਆ ਗਿਆ ਹੈ। ਹਰੇਕ ਉਭਾਰ ਦੇ ਉਪਰੋਂ ਹੇਠਾਂ ਤੱਕ ਚਿੱਤਰਾਂ ਨੂੰ ਆਇਤਾਕਾਰ ਰੂਪ ਵਿੱਚ ਹਾਸ਼ੀਏ ਸਮੇਤ ਚਿੱਤਰਤ ਕੀਤਾ ਗਿਆ ਹੈ। ਇਹਨਾਂ ਵਿੱਚੋਂ ਜ਼ਿਆਦਾਤਰ ਚਿੱਤਰ ਚੰਗੀ ਹਾਲਤ ਵਿੱਚ ਹਨ ਤੇ ਸਮਾਂ ਬੀਤਣ ਨਾਲ ਵੀ ਇਹਨਾਂ ਦੇ ਰੰਗਾਂ ਵਿੱਚ ਕੋਈ ਖਾਸ ਅੰਤਰ ਨਹੀਂ ਪਿਆ ਅਤੇ ਇਹਨਾਂ ਦੀ ਚਮਕ-ਦਮਕ ਅੱਜ ਵੀ ਬਰਕਰਾਰ ਹੈ। ਇੱਕ ਥਾਂ ਤੇ ਸੁਨਹਿਰੀ ਰੰਗ ਦੇ ਲਿਬਾਸ ਵਿੱਚ ਔਰਤ ਦਾ ਚਿੱਤਰ ਹੈ (ਚਿੱਤਰ 103)। ਇਸਤਰੀ ਨੇ ਇੱਕ ਖ਼ਾਸ ਕਿਸਮ ਦਾ ਲਿਬਾਸ ਪਹਿਨਿਆ ਹੋਇਆ ਜਿਸ ਤੋਂ ਉਸਦਾ ਕਿਸੇ ਸ਼ਾਹੀ ਪਰਿਵਾਰ ਨਾਲ ਸੰਬੰਧਤ ਹੋਣ ਦਾ ਭੁਲੇਖਾ ਪੈਂਦਾ ਹੈ। ਔਰਤ ਨੇ ਪੰਜਾਬ ਦੇ ਰਿਵਾਇਤੀ ਗਹਿਣੇ ਜਿਵੇਂ ਸੱਗੀ ਫੁੱਲ, ਨੱਥਨੀ, ਕੰਨਾਂ ਵਿੱਚ ਵਾਲੇ ਅਤੇ ਗਲੇ ਵਿੱਚ ਮੋਤੀਆਂ ਦੇ ਛੋਟੇ ਅਤੇ ਵੱਡੇ ਹਾਰ ਪਹਿਨੇ ਹਨ। ਬਾਹਾਂ ਵਿੱਚ ਚੂੜੀਆਂ ਤੇ ਬਾਜ਼ੂਬੰਦ ਹਨ। ਵਾਲਾਂ ਨੂੰ ਗੁੰਦ ਕੇ ਗੁੱਤ ਕੀਤੀ ਹੈ। ਪੈਰਾਂ ਵਿੱਚ ਝਾਂਜਰਾ ਪਹਿਨੀਆਂ ਹਨ। ਔਰਤ ਨੰਗੇ ਪੈਰੀ ਹੈ। ਚੁੰਨੀ ਅਤੇ ਲਿਬਾਸ ਦੀਆਂ ਕਿਨਾਰੀਆਂ ਤੇ ਚੌੜਾ ਸਫੇਦ ਰੰਗ ਦਾ ਗੋਟਾ ਹੈ। ਇੱਕ ਹੱਥ ਠੋਡੀ ’ਤੇ ਅਤੇ ਦੂਸਰੇ ਹੱਥ ਨਾਲ ਚੁੰਨੀ ਨੂੰ ਫੜਿਆ ਹੈ। ਇਸਤਰੀ ਆਪਣੇ ਖੱਬੀ ਲੱਤ ਸੱਜੀ ਦੇ ਉਪਰੋਂ ਦੀ ਦੂਜੇ ਪਾਸੇ ਕਰੀ ਖੜੀ ਹੈ ਅਤੇ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਕਿਸੇ ਗਹਿਰੀ ਸੋਚ ਵਿੱਚ ਡੁੱਬੀ ਹੋਵੇ। ਨੈਣ ਨਕਸ਼ ਬੇਹੱਦ ਖ਼ੂਬਸੂਰਤ ਹਨ ਅਤੇ ਇੱਕ ਪੰਜਾਬਣ ਦੀ ਖ਼ੂਬਸੂਰਤੀ ਨੂੰ ਬਹੁਤ ਸੋਹਣੇ ਢੰਗ ਨਾਲ ਚਿੱਤਰਤ ਗਿਆ ਕੀਤਾ ਹੈ। ਚਿੱਤਰ ਵਿੱਚ ਦਰੱਖ਼ਤਾਂ ਦੀਆਂ ਟਾਹਣੀਆਂ ਦਿਖਾਈ ਦੇ ਰਹੀਆਂ ਹਨ। ਪਿੱਠ ਭੂਮੀ ਸਫ਼ੇਦ ਰੰਗ ਦੀ ਹੈ। ਚਿੱਤਰ ਨੂੰ ਪਹਿਲਾਂ ਸੁਨਹਿਰੀ ਰੰਗ ਦੇ ਹਾਸ਼ੀਏ ਨਾਲ ਅਤੇ ਫਿਰ ਬਾਕੀ ਬਚੇ ਸਥਾਨ ਤੇ

ਨੀਲੇ ਰੰਗ ਨੂੰ ਕੀਤਾ ਗਿਆ ਹੈ ਫਿਰ ਲਾਲ ਨੀਲੇ ਰੰਗ ਦੇ ਹਾਸ਼ੀਏ ਬਣਾ ਕੇ ਚਿੱਤਰ ਨੂੰ ਹੋਰ ਵੀ ਖ਼ੂਬਸੂਰਤੀ ਪ੍ਰਦਾਨ ਕੀਤੀ ਗਈ ਹੈ। ਗੁਰਦੁਆਰਾ ਪੋਥੀਮਾਲਾ ਵਿੱਚ ਸੁਤੰਤਰ ਰੂਪ ਵਿੱਚ ਬਾਰਾਂ ਚਿੱਤਰ ਇਹਨਾਂ ਨਾਰੀਆਂ ਦੇ ਹਨ (ਚਿੱਤਰ 104, 105, 106, 107, 108, 109, 110, 111, 112)। ਇਹਨਾਂ ਚਿੱਤਰਾਂ ਵਿੱਚ ਨਾਰੀ ਦੀ ਤਤਕਾਲੀਨ ਵੇਸ਼-ਭੂਸ਼ਾ ਦੇਖਣ ਨੂੰ ਮਿਲਦੀ ਹੈ। ਇਹੀ ਨਹੀਂ ਬਲਕਿ ਇਹਨਾਂ ਚਿੱਤਰਾਂ ਵਿੱਚ ਅਲੰਕਾਰਾਂ ਦੀ ਪ੍ਰਧਾਨਤਾ ਵੀ ਹੈ। ਉਸ ਕਾਲ ਦੇ ਨਾਰੀ ਚਿੱਤਰਾਂ ਵਿੱਚ ਤਤਕਾਲੀਨ ਅਭੂਸ਼ਣਾਂ ਦਾ ਚਿਤਰਨ ਕਰਕੇ ਨਾਰੀ ਦੀ ਖ਼ੂਬਸੂਰਤੀ ਵਿੱਚ ਵਾਧਾ ਕੀਤਾ ਗਿਆ ਹੈ। ਗੁਰਦੁਆਰਾ ਪੋਥੀਮਾਲਾ ਵਿਖੇ ਹੋਏ ਨਾਰੀ ਚਿੱਤਰਨ ਵਿੱਚ ਪਹਾੜੀ ਕਲਾ ਅਤੇ ਰਾਜਸਥਾਨੀ ਚਿੱਤਰਕਲਾ ਦਾ ਸੁਮੇਲ ਵੇਖਿਆ ਜਾ ਸਕਦਾ ਹੈ। ਤੂਲਿਕਾ ਦਾ ਕਮਾਲ ਇਹਨਾਂ ਚਿੱਤਰਾਂ ਦੀ ਵਿਸ਼ੇਸ਼ਤਾ ਹੈ। ਭਾਰਤੀ ਨਾਰੀ ਦੀ ਖ਼ੂਬਸੂਰਤੀ ਵਿਸ਼ੇਸ਼ ਕਰਕੇ ਇੱਕ ਪੰਜਾਬਣ ਦੇ ਰੂਪ ਨੂੰ ਪੂਰਨ ਰੂਪ ਵਿੱਚ ਚਿੱਤਰਤ ਕਰਨ ਵਿੱਚ ਇਹ ਕਲਾਕਾਰ ਸਫਲ ਹੋਏ ਹਨ। ਕਿਤੇ ਨਾਇਕਾਵਾਂ ਨੂੰ ਖੁੱਲ੍ਹੇ ਜੰਗਲ ਵਿੱਚ, ਕਿਤੇ ਮਹੱਲ ਦੇ ਅੰਦਰ ਜਾਂ ਕਈ ਵਾਰ ਪਾਣੀ ਭਰਦਿਆਂ ਦਿਖਾਇਆ ਹੈ। ਕੁਲ ਮਿਲਾ ਕੇ ਰਾਗ ਰਾਗਨੀਆਂ ਵਿੱਚ ਨਾਰੀ ਅੰਕਨ ਸਥਾਨ ਦੀ ਭਿੰਨਤਾ ਦੇ ਤਹਿਤ ਲਗਭਗ ਸਾਰੀਆਂ ਸ਼ੈਲੀਆਂ ਵਿੱਚ ਕੁੱਝ ਨਾ ਕੁੱਝ ਵਖਰੇਵੇਂ ਨਾਲ ਜ਼ਰੂਰ ਹੋਇਆ ਹੈ।

ਮੁਗ਼ਲ ਕਾਲ ਦੌਰਾਨ ਹੋਏ ਕੰਮ ਕਰਨ ਵਾਲਿਆਂ ਵਿੱਚ ਜ਼ਿਆਦਾਤਰ ਹਿੰਦੂ ਚਿੱਤਰਕਾਰ ਸਨ, ਜਿਨ੍ਹਾਂ ਨੇ ਦਰਬਾਰੀ ਜੀਵਨ ਦੇ ਚਿੱਤਰ ਤਾਂ ਉਕੇਰੇ, ਨਾਲ ਹੀ ਇਤਿਹਾਸਕ ਚਿੱਤਰਾਂ ਵਿੱਚ ਸੁੰਦਰ ਨਾਰੀ ਚਿੱਤਰਨ ਵੀ ਕੀਤਾ। ਜਹਾਂਗੀਰ ਨੇ ਆਪਣੇ ਹਰਮ ਵਿੱਚ ਬੇਗਮਾਂ ਦੇ ਚਿੱਤਰ ਵੀ ਚਿੱਤਰਕਾਰਾਂ ਦੁਆਰਾ ਬਣਵਾਏ। ਪੰਜਾਬ ਵਿੱਚ ਜਨਮੀ ਅਤੇ ਹਿਮਾਲਿਆ ਵਿੱਚ ਵਿਕਸਤ ਇਸ ਚਿਤਰਕਾਰੀ ਵਿੱਚ ਬਹੁਤ ਵਿਸ਼ੇਸ਼ਤਾਵਾਂ ਹਨ। ਲੋਕ ਚਿੱਤਰ, ਲੋਕ ਕਲਾ, ਸਾਹਿਤ ਅਤੇ ਆਚਾਰ ਵਿਹਾਰ ਤੇ ਅਧਾਰਿਤ ਇਹ ਪਹਾੜੀ ਸ਼ੈਲੀ ਦੇ ਚਿੱਤਰ ਨਾਇਕਾ ਭੇਦ ਨੂੰ ਅਧਾਰ ਮੰਨ ਕੇ ਬਣਾਏ ਗਏ ਹਨ।

ਕੰਧ-ਚਿੱਤਰ ਦੀ ਪਰੰਪਰਾ ਵਿੱਚ ਸਾਡੇ ਦੇਸ਼ ਦੀਆਂ ਨਾਰੀ ਚਿੱਤਰਨ ਵਿਸ਼ੇਸ਼ ਮਹੱਤਵਪੂਰਨ ਹੈ। ਇਸ ਸੰਦਰਭ ਵਿੱਚ ਪ੍ਰੋ. ਚਿਰੰਜੀ ਲਾਲ ਝਾਅ ਦਾ ਕਹਿਣਾ ਹੈ ਕਿ ਭਾਰਤੀ ਨਾਰੀਆਂ ਦੁਆਰਾ ਬਣਾਈਆਂ ਗਈਆਂ ਸਾਂਝੀ, ਕਰਵਾਚੌਥ ਅਤੇ ਅਹੋਈ ਦੀਆਂ ਆਕ੍ਰਿਤੀਆਂ ਵੀ ਚਿੱਤਰਕਾਰੀ ਦੀ ਇੱਕ ਸ਼ਾਖਾ ਵਿੱਚ ਆਉਂਦੀਆਂ ਹਨ। ਕਲਾ ਦੀ

ਆਤਮਿਕ ਅਨੁਭੂਤੀ ਕਰਵਾਉਣ ਵਾਲੀ ਨਾਰੀ ਨੂੰ ਸ਼ਕਤੀ ਦਾ ਪ੍ਰਤੀਰੂਪ ਕਿਹਾ ਗਿਆ ਹੈ। ਧਰਮਸ਼ਾਸਤਰ, ਸਾਹਿਤ ਕਾਵਿ ਆਦਿ ਸਭ ਵਿੱਚ ਨਾਰੀ ਦਾ ਪਵਿੱਤਰ ਰੂਪ ਝਲਕਦਾ ਹੈ। ਬਾਰਾਮਾਹ ਅਤੇ ਰਾਗ ਮਾਲਾਵਾਂ ਵਿੱਚ ਵੀ ਨਾਰੀ ਚਿੱਤਰਨ ਦੀਆਂ ਉੱਚਕੋਟੀ ਦੀਆਂ ਉਦਾਹਰਣਾਂ ਮਿਲਦੀਆਂ ਹਨ। ਸੰਗੀਤ ਸਬੰਧੀ ਚਿੱਤਰਾਂ ਦੀ ਮੂਲ ਪ੍ਰੇਰਣਾ ਨਾਇਕਾ ਭੇਦ ਤੋਂ ਮਿਲੀ, ਜਿਸ ਤੋਂ ਬੇਮੁੱਖ ਨਹੀਂ ਹੋਇਆ ਜਾ ਸਕਦਾ। ਸਾਹਿਤਕ ਪਰੰਪਰਾ ਵਿੱਚ ਪ੍ਰਚਲਤ ਨਾਇਕ ਨਾਇਕਾਵਾਂ ਨੂੰ ਚਿੱਤਰਾਂ ਵਿੱਚ ਉਤਾਰਿਆ ਗਿਆ। ਇਹਨਾਂ ਚਿੱਤਰਾਂ ਵਿੱਚ ਪ੍ਰਕਿਰਤੀ ਦਾ ਸੁੰਦਰ ਰੂਪ ਨਾਰੀ-ਚਿਤਰਣ ਨੂੰ ਆਕਰਸ਼ਕ ਬਣਾਉਣ ਵਿੱਚ ਸਫਲ ਹੋਇਆ ਹੈ। ਇਹਨਾਂ ਚਿੱਤਰਾਂ ਵਿੱਚ ਪ੍ਰਕਿਰਤੀ ਚਿੱਤਰਨ ਰੁੱਤਾਂ ਅਨੁਸਾਰ ਹੋਣ ਕਾਰਨ ਰਾਗਮਾਲਾ, ਅਤੇ ਬਾਰਾਮਾਹਾ ਦੇ ਚਿੱਤਰਾਂ ਵਿੱਚ ਸਮਾਨਤਾ ਨਜ਼ਰ ਆਉਂਦੀ ਹੈ। ਦ੍ਰਿਸ਼ ਚਿੱਤਰਨ, ਨਾਰੀ ਵੇਸ਼ਭੂਸ਼ਾ ਆਦਿ ਇੱਕ ਦੂਜੇ ਨਾਲ ਸਮਾਨਤਾ ਰੱਖਦੀ ਹੈ। ਕਈ ਵੇਰ ਇਹਨਾਂ ਚਿੱਤਰਾਂ ਵਿੱਚ ਭੇਦ ਕਰਨਾ ਕਠਿਨ ਹੋ ਜਾਂਦਾ ਹੈ। ਇਹਨਾਂ ਚਿੱਤਰਾਂ ਵਿੱਚ ਜਿਥੇ ਨਾਰੀ ਦੀ ਸੁੰਦਰਤਾ ਮਨ ਨੂੰ ਮੋਹੰਦੀ ਹੈ, ਉੱਥੇ ਹੀ ਪ੍ਰਕਿਰਤੀ ਦਾ ਚਿੱਤਰਨ ਚਿੱਤਰ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦਾ ਹੈ। ਸ੍ਰੀ ਕ੍ਰਿਸ਼ਨ ਅਤੇ ਗੋਪੀਆਂ ਨੂੰ ਰਾਗ ਰਾਗਨੀਆਂ ਦੇ ਰੂਪ ਵਿੱਚ ਨਾਇਕ ਨਾਇਕਾ ਮੰਨ ਕੇ ਚਿੱਤਰਨ ਕੀਤਾ ਗਿਆ ਹੈ। ਹਿੰਦੂ ਮਿਥਿਹਾਸਕ ਚਿੱਤਰ ਸ਼ੈਲੀ ਵਿੱਚ ਵਿਸ਼ੇਸ਼ ਕਰ ਨਾਰੀ ਚਿੱਤਰਨ ਬਹੁਤ ਹੋਇਆ ਅਤੇ ਇਹ ਸਾਧਾਰਨ ਦੇ ਨਾਲ ਨਾਲ ਅਲੇਖਨ ਚਿੱਤਰਨ ਵਿੱਚ ਵੀ ਮਹੱਤਵਪੂਰਨ ਅੰਗ ਬਣਿਆ। 15ਵੀਂ ਅਤੇ 16ਵੀਂ ਸ਼ਤਾਬਦੀ ਵਿੱਚ ਮੇਵਾੜ, ਜੋ ਕਿ ਵੀਰਾਂ ਦੀ ਧਰਤੀ ਮੰਨੀ ਜਾਂਦੀ ਹੈ, ਵਿੱਚ ਨਾਰੀ ਚਿਤਰਨ ਦੇਖਣ ਨੂੰ ਮਿਲਦਾ ਹੈ।[57]

**ਪ੍ਰੀਤ ਗਾਥਾਵਾਂ**

ਪ੍ਰੀਤ-ਗਾਥਾਵਾਂ ਪੰਜਾਬ ਦੇ ਲੋਕ-ਕਿੱਸਿਆਂ ਜਿਨ੍ਹਾਂ ਵਿੱਚ 'ਸੱਸੀ ਪੁੰਨੂ', 'ਮਿਰਜ਼ਾ ਸਾਹਿਬਾ' ਅਤੇ 'ਸੋਹਣੀ ਮਹੀਂਵਾਲ' ਆਉਂਦੇ ਹਨ, ਚਿੱਤਰੇ ਗਏ ਹਨ। ਗੁਰਦੁਆਰਾ ਪੋਥੀਮਾਲਾ ਵਿਖੇ ਤਿੰਨ ਪੈਨਲ ਕਿੱਸਾ-ਸਾਹਿਤ ਨਾਲ ਸੰਬੰਧਤ ਹਨ, ਜਿਸ ਵਿੱਚ ਸੱਸੀ ਪੁੰਨੂ, ਸੋਹਣੀ ਮਹੀਂਵਾਲ ਅਤੇ ਹੀਰ ਰਾਂਝਾ ਦੇ ਚਿੱਤਰ ਚਿੱਤਰੇ ਗਏ ਹਨ।

ਮੱਧਕਾਲੀਨ ਪੰਜਾਬੀ ਸਾਹਿਤ ਦਾ ਇੱਕ ਮਹੱਤਵਪੂਰਨ ਅੰਗ ਕਿੱਸਾ-ਸਾਹਿਤ ਹੈ। ਮੱਧਕਾਲੀਨ ਪੰਜਾਬੀ ਸਾਹਿਤ ਆਪਣੇ ਸਮਕਾਲੀ ਗੁਰਮਤਿ ਸਾਹਿਤ ਤੇ ਸੂਫ਼ੀ ਸਾਹਿਤ ਵਿੱਚੋਂ

57 **गुप्त., दिनेश चंद्र.** (2002),*भारतीय चित्रकला में नारी अंकन,* धर्मा प्रकाशन, इलाहाबाद, पृ. 187.

ਲੋਕ-ਜੀਵਨ ਅਤੇ ਸਭਿਆਚਾਰ ਨੂੰ ਵਿਸਤ੍ਰਿਤ ਰੂਪ ਵਿੱਚ ਬਿਆਨ ਕਰਨ ਵਿੱਚ ਨਿਵੇਕਲਾ ਸਥਾਨ ਰੱਖਦਾ ਹੈ। ਕਿੱਸਾ ਮੂਲ ਰੂਪ ਵਿੱਚ ਇੱਕ ਪ੍ਰੀਤ-ਕਥਾ ਹੁੰਦੀ ਹੈ ਪਰੰਤੂ ਇਸਦਾ ਹੋਰ ਲੱਛਣ ਸਮਕਾਲੀ ਸਮਾਜ ਤੇ ਸਭਿਆਚਾਰ ਦੀ ਤਸਵੀਰ ਪੇਸ਼ ਕਰਨਾ ਹੈ।ਸਾਡੇ ਕਿੱਸਿਆਂ ਨੇ ਮੱਧਕਾਲੀ ਪੰਜਾਬੀ ਸਮਾਜ ਦੀ ਸਭਿਅਤਾ ਤੇ ਸਭਿਆਚਾਰ ਦੇ ਇਤਿਹਾਸ ਨੂੰ ਸਾਂਭ ਕੇ ਰੱਖਿਆ ਹੈ।[58] ਪੰਜਾਬੀ ਕਿੱਸਾ ਸਾਹਿਤ ਵਿੱਚ ਵਰਣਿਤ ਕੱਪੜੇ ਤੇ ਗਹਿਣੇ ਮੂਲ ਤੌਰ ’ਤੇ ਭਾਰਤੀ ਸਭਿਆਚਾਰ ਦੇ ਸੁਮੇਲ ਦੇ ਰੂਪ ਵਿੱਚ ਉਘੜ ਕੇ ਦ੍ਰਿਸ਼ਟੀਗੋਚਰ ਹੁੰਦੇ ਹਨ, ਕਿਉਂਕਿ ਪਹਿਰਾਵੇ ਮਨੁੱਖੀ ਸੋਚ ਅਤੇ ਆਲੇ-ਦੁਆਲੇ ਦੇ ਪ੍ਰਤੀਬਿੰਬ ਹੁੰਦੇ ਹਨ।[59] ਕਿੱਸਿਆਂ ਰਾਹੀਂ ਲੌਕਿਕ ਜੀਵਨ ਦੇ ਸੰਦਰਭ ਵਿੱਚ ਪਹਿਲੀ ਵਾਰ ਲੋਕ-ਜੀਵਨ ਦੀ ਪੇਸ਼ਕਾਰੀ ਹੋਈ ਹੈ। ਪਹਿਲੀ ਵਾਰੀ ਲੌਕਿਕ-ਪ੍ਰੇਮ ਅਤੇ ਪ੍ਰੇਮ-ਵਿਆਹ ਨੂੰ ਕੇਂਦਰੀ ਵਿਸ਼ੇ ਵਜੋਂ ਉਸਾਰਨ ਅਤੇ ਉਭਾਰਨ ਦਾ ਯਤਨ ਹੋਇਆ ਹੈ। ਇਸ ਵਿਸ਼ੇ ਨੂੰ ਜਿੱਥੇ ਕਿੱਸਾਕਾਰਾਂ ਨੇ ਸਮਕਾਲੀਨ ਸਮਾਜ ਅਤੇ ਸਭਿਆਚਾਰ ਨੂੰ ਪਿੱਠ-ਭੂਮੀ ਵਜੋਂ ਪੇਸ਼ ਕੀਤਾ ਹੈ ਉੱਥੇ ਚਿੱਤਰਕਾਰਾਂ ਨੇ ਇਹਨਾਂ ਕਿੱਸਿਆਂ ਨੂੰ ਕੰਧ-ਚਿੱਤਰਕਾਰੀ ਦਾ ਵਿਸ਼ਾ ਚੁਣ ਕੇ ਇਹਨਾਂ ਦੇ ਸਮਾਜ ਵਿੱਚ ਵੱਖਰੇ ਅਤੇ ਸਨਮਾਨਜਨਕ ਰੁਤਬੇ ਨੂੰ ਉਜਾਗਰ ਕੀਤਾ ਹੈ। ਕਿੱਸੇ ਆਮ ਤੌਰ ’ਤੇ ਲੋਕ ਕਹਾਣੀਆਂ, ਇਤਿਹਾਸਕ ਪ੍ਰਸੰਗ, ਪਾਤਰ, ਜਿਨ੍ਹਾਂ ਨਾਲ ਲੋਕ-ਭਾਵਨਾ ਜੁੜੀ ਹੁੰਦੀ ਹੈ, ਉਤੇ ਆਧਾਰਿਤ ਹੁੰਦੇ ਹਨ। ਕਿੱਸੇ ਦੀ ਕਹਾਣੀ ਬਹੁ-ਪਾਤਰੀ ਹੋਣੀ ਸੁਭਾਵਿਕ ਹੈ। ਕਈ ਵਾਰ ਕਿੱਸੇ ਵਿੱਚ ਨਾਇਕ ਦੇ ਬਚਪਨ ਤੋਂ ਲੈ ਕੇ ਅੰਤ ਤੱਕ ਸਭ ਹਾਲਾਤ ਬਿਆਨ ਕੀਤੇ ਜਾਂਦੇ ਹਨ, ਤੇ ਕਈ ਵਾਰ ਜੀਵਨ ਦੇ ਕਿਸੇ ਇੱਕ ਪੱਖ ਦਾ ਹਾਲ ਬਿਆਨਦੇ ਹਨ। ਭਾਰਤੀ ਪਰੰਪਰਾ ਵਿੱਚ ‘ਕਿੱਸਾ’ ਲਈ ਢੁੱਕਵਾਂ ਸ਼ਬਦ ‘ਆਖਿਆਨ’ ਹੈ ਤੇ ਪ੍ਰੀਤ ਦੇ ਕਿੱਸੇ ਨੂੰ ‘ਪ੍ਰੇਮਾਖਿਆਨ’ ਕਿਹਾ ਜਾਂਦਾ ਹੈ।[60] ਕਿੱਸਾ ਸ਼ਬਦ ਦਾ ਅਰਥ ਹੈ ਕਹਾਣੀ ਅਤੇ ਸਾਹਿਤਕ ਪਰਿਭਾਸ਼ਾ ਵਿੱਚ ਇਸਦਾ ਭਾਵ ਹੈ ਕੋਈ ਲੰਮੀ ਵਾਰਤਾ ਜਾਂ ਕੋਈ ਸਵਿਸਥਾਰ ਵਰਣਨ, ਭਾਵੇਂ ਉਹ ਵਾਰਤਕ ਹੈ ਜਾਂ ਕਵਿਤਾ। ਕਵਿਤਾ ਦੇ ਖੇਤਰ ਵਿੱਚ ਕਿੱਸਾ ਬਿਆਨੀਆ ਜਾਂ ਬਿਰਤਾਂਤ-ਕਾਵਿ ਦਾ ਨਾਂ ਹੈ।[61] ਪੰਜਾਬ ਵਿੱਚ ਇਹ ਨਾਂ ਪਹਿਲਾਂ-ਪਹਿਲ ਰੋਮਾਂਚਿਕ ਕਵਿਤਾ ਦੇ ਉਸ ਰੂਪ ਨੂੰ ਦਿੱਤਾ ਗਿਆ,

---

58 **ਕਾਂਗ, ਕੁਲਬੀਰ ਸਿੰਘ. (ਡਾ.)** *ਕਿੱਸਾ ਕਾਵਿ, ਇੱਕ ਸਮੀਖਿਆ* , ਪੰਨਾ-107.

59 **ਸਿੰਘ, ਸਵਰਨ. (ਡਾ.),** *ਕਿੱਸਾ-ਕਾਵਿ ਵਿੱਚ ਸਮਾਜ ਤੇ ਸਭਿਆਚਾਰ*, ਪੰਨਾ-219.

60 **ਕਾਂਗ, ਕੁਲਬੀਰ ਸਿੰਘ (ਡਾ.)** (1987)**.** *ਪੰਜਾਬੀ ਕਿੱਸਾ ਕਾਵਿ-ਇੱਕ ਸੰਖੇਪ ਅਧਿਐਨ*, ਨਿਊ ਏਜ਼ ਬੁੱਕ ਸੈਂਟਰ, ਅੰਮ੍ਰਿਤਸਰ, ਪੰਨਾ-9.

61 **ਸਿੰਘ, ਦੀਵਾਨ (ਡਾ.)** *ਸੂਫ਼ੀਵਾਦ ਤੇ ਹੋਰ ਲੇਖ*, ਪੰਨੇ-92-93.

ਜਿਸ ਵਿੱਚ ਕਿਸੇ ਪ੍ਰੀਤ-ਜੋੜੀ ਦੀਆਂ ਪ੍ਰੇਮ-ਪੂਰਤੀ ਲਈ ਕੀਤੀਆਂ ਘਾਲਨਾਵਾਂ ਦਾ ਵਰਨਣ ਹੁੰਦਾ ਸੀ।[62]

ਪੰਜਾਬ ਦੀਆਂ ਪੰਜ ਲੋਕ-ਕਹਾਣੀਆਂ: ਹੀਰ ਰਾਂਝਾ, ਸੋਹਣੀ ਮਹੀਂਵਾਲ, ਮਿਰਜਾ ਸਾਹਿਬਾ, ਪੂਰਨ ਭਗਤ ਤੇ ਰਾਜਾ ਰਸਾਲੂ ਹਨ।[63] ਔਰਤ ਮਰਦ ਦੇ ਇਸ਼ਕ ਮਜਾਜ਼ੀ ਵਿੱਚ ਇਹਨਾਂ ਗਾਥਾਵਾਂ ਨੂੰ ਸਾਹਿਤਕ ਦਰਜਾ ਪ੍ਰਾਪਤ ਹੈ। ਇਹਨਾਂ ਪ੍ਰੀਤ-ਗਾਥਾਵਾਂ ਨੂੰ ਪੰਜਾਬੀ ਦੇ ਸੈਂਕੜੇ ਕਵੀਆਂ ਅਤੇ ਲੇਖਕਾਂ ਨੇ ਗੱਦ-ਪਦ ਰੂਪ ਵਿੱਚ ਸੰਪੂਰਨ ਰੂਪ ਵਿੱਚ ਪ੍ਰਗਟਾਇਆ ਅਤੇ ਲਿਖਿਆ ਹੈ। ਪੰਜਾਬੀ ਸਾਹਿਤ ਵਿੱਚ ਇਸਦਾ ਪ੍ਰਾਚੀਨ ਹਵਾਲਾ ਸ਼ਾਹ ਹੁਸੈਨ (1538-1600 ਈ.) ਦੀ ਕਾਫ਼ੀ ਵਿੱਚ ਆਇਆ ਹੈ।[64] ਇਸ ਪ੍ਰੀਤ-ਕਥਾ ਦਾ ਇੱਕ ਹੋਰ ਹਵਾਲਾ ਗੁਰੂ ਗੋਬਿੰਦ ਸਿੰਘ ਜੀ (1666-1708 ਈ.) ਵਲੋ ਰਚਿਤ ਮੰਨੇ ਜਾਦੇ 'ਚਰਿਤ੍ਰੋਪਾਖਯਾਨ' ਦੇ ਅੰਕ 101ਵੇਂ ਵਿੱਚ ਅੰਕਿਤ ਹੈ। ਇਸ ਉਪਾਖਯਾਨ ਵਿੱਚ ਮਹੀਂਵਾਲ ਨੂੰ ਸਮਰਕੰਦ ਜਾ ਬਲਖ਼-ਬੁਖ਼ਾਰੇ ਦਾ ਬਿਦੇਸ਼ੀ ਸੁਦਾਗਰ ਦਰਸਾਉਣ ਦੀ ਥਾਂ ਰਾਵੀ ਕਿਨਾਰੇ ਦਾ ਇੱਕ ਜੱਟ ਦੱਸਿਆ ਗਿਆ ਹੈ।[65]

ਸੋਹਣੀ ਮਹੀਂਵਾਲ ਦੀ ਪ੍ਰੀਤ ਕਹਾਣੀ (ਕਥਾ) ਅਣਵੰਡੇ ਪੰਜਾਬ ਦੀ ਸਥਾਨਕ ਕਹਾਣੀ ਹੈ। ਸਰਬੋਤਮ ਸੂਫ਼ੀ ਕਵੀ ਬੁੱਲੇਸ਼ਾਹ ਨੇ ਵੀ ਆਪਣੇ ਇਸ਼ਕ-ਹਕੀਕੀ ਦੇ ਅਨੁਭਵ ਨੂੰ ਪੁਸ਼ਟਿਤ ਕਰਨ ਲਈ ਅਨੇਕਾਂ ਕਾਫ਼ੀਆਂ ਵਿੱਚ ਸੋਹਣੀ ਮਹੀਂਵਾਲ ਦੀ ਕਹਾਣੀ ਵੱਲ ਸੰਕੇਤ ਕੀਤੇ ਹਨ। ਗੁਰਦੁਆਰਾ ਪੋਥੀਮਾਲਾ ਵਿੱਚ ਸੋਹਣੀ ਮਹੀਂਵਾਲ ਦਾ ਕਿੱਸਾ ਚਿੱਤਰਿਆ ਹੋਇਆ ਹੈ। (ਚਿੱਤਰ 113)

*'ਸੋਹਣੀ ਕੱਚੇ ਘੜੇ ਡੁਬਾਈ'* (ਕਾਫੀ ਨੰ: 11)

---

62 **ਪ੍ਰੇਮੀ, ਗੁਰਦਿੱਤ ਸਿੰਘ** (ਸੰਪਾ.) (1974), *ਦਮੋਦਰ ਰਚਨਾਵਲੀ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ-4.

63 **ਰੰਧਾਵਾ, ਮਹਿੰਦਰ ਸਿੰਘ (ਡਾ.)** (ਸੰਪਾ.), *ਪੰਜਾਬ*, ਪੰਨੇ-255-330.

64 ਜੰਗਲ, ਜੰਗਲ ਫਿਰਾ ਢੂੰਡੇਦੀ
ਕਦੀ ਨਾ ਆਇਆ ਮਹੀਂਵਾਲ
ਨੀ ਮੈਂ ਕੇਨੂੰ ਆਖਾਂ। (ਕਾਫੀਆਂ - ਸ਼ਾਹ ਹੁਸੈਨ)

65 ਦਸਮ ਗ੍ਰੰਥ ਵਿੱਚ ਸੋਹਣੀ ਮਹਿਵਾਲ ਦੀ ਕਥਾ ਦਾ ਮੂਲ ਰੂਪ ਇਸ ਪ੍ਰਕਾਰ ਹੈ :
ਰਾਵੀ ਤੀਰ ਜਾਟ ਇੱਕ ਰਹੈ,
ਮਹੀਵਾਲ ਨਾਮ ਜਰਾ ਕਹੈ।
ਨਿਰਖ ਸੋਹਨੀ ਪਾਗ ਹੈ ਗਈ
ਤਾ ਪੈ ਰੀਝ ਸੁ ਆਸ਼ਕ ਭਾਈ। (*ਚਰਿਤ੍ਰੋਪਖਯਾਨ* 101, ਪੰਨਾ-955)
ਉਦਰੀਤ - **ਕੌਰ, ਰਣਜੀਤ.** (1993). *ਸੋਹਣੀ ਮਹੀਂਵਾਲ ਕਥਾ-ਚੱਕਰ ਨਾਲ ਸੰਬੰਧਤ ਚੋਣਵੇਂ ਕਿੱਸਿਆਂ ਦਾ ਲੋਕਧਾਰਕ ਅਧਿਐਨ*, ਖੋਜ-ਨਿਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ-78.

ਇਹ ਕਥਾਗਤ ਇਸ ਪ੍ਰਕਾਰ ਹੈ: ਪੰਜਾਬ ਦੇ ਝਨਾਅ ਦਰਿਆ ਦੇ ਕੰਢੇ ਉੱਤੇ ਗੁੱਜਰਾਂ ਦੇ ਵਸਾਏ ਗੁਜਰਾਤ ਨਗਰ ਵਿੱਚ 'ਤੁੱਲਾ' ਨਾਂ ਦਾ ਇੱਕ ਘੁਮਿਆਰ ਰਹਿੰਦਾ ਸੀ, ਜਿਸਦੇ ਬਣਾਏ ਭਾਂਡੇ ਦੂਰ-ਦੂਰ ਤੱਕ ਪ੍ਰਸਿੱਧ ਸਨ। ਸੋਹਣੀ ਉਸਦੀ ਮੁਟਿਆਰ ਧੀ ਸਚਮੁੱਚ ਰੂਪਵਤੀ ਸੀ। ਘਰ ਅਤੇ ਪਰਿਵਾਰਕ ਕਿਰਤ ਕਲਾ ਦੇ ਕੰਮ ਵਿੱਚ ਉਸਨੂੰ ਪ੍ਰਬੀਨ ਕੀਤਾ। 'ਇੱਜ਼ਤ ਬੱਖ਼ਸ਼ ਬੇਗ਼' ਨਾਂ ਨਾਲ ਪ੍ਰਸਿੱਧ ਸਮਰਕੰਦ ਦਾ ਵਪਾਰੀ ਆਪਣੇ ਹਿੰਦੋਸਤਾਨੀ ਵਪਾਰ ਦੇ ਸਿਲਸਿਲੇ ਵਿੱਚ ਗੁਜਰਾਤ ਨਗਰ ਵਿਚੋਂ ਗੁਜ਼ਰਿਆ। ਉਹ ਬੜਾ ਸੋਹਣਾ, ਦੁਨਿਆਵੀ ਵਿੱਦਿਆ ਵਿੱਚ ਤਾਕ, ਘੋੜ-ਸਵਾਰੀ ਅਤੇ ਤੀਰ ਅੰਦਾਜ਼ੀ ਵਿੱਚ ਨਿਪੁੰਨ ਸੀ। ਵਪਾਰੀ ਹੋਣ ਦੇ ਨਾਤੇ ਤੁੱਲੇ ਗੁਜਰਾਤੀ ਦੇ ਭਾਂਡਿਆ ਦੀ ਤਾਰੀਫ਼ ਸੁਣੀ ਅਤੇ ਆਪਣੇ ਨੌਕਰ ਰਾਹੀਂ ਇਸ ਦੀ ਪੁਸ਼ਟੀ ਕੀਤੀ। ਨੌਕਰ ਨੇ ਭਾਡਿਆਂ ਨਾਲੋਂ ਵੱਧ ਉਸਦੀ ਧੀ 'ਸੋਹਣੀ' ਦੀ ਤਾਰੀਫ਼ ਕੀਤੀ। ਜਦੋਂ ਉਹ ਤੁੱਲੇ ਦੇ ਘਰ ਗਿਆ ਤਾਂ ਪਹਿਲੀ ਤੱਕਣੀ ਵਿੱਚ ਹੀ ਸੋਹਣੀ ਦੇ ਹੁਸਨ ਤੇ ਮੋਹਿਤ ਹੋ ਗਿਆ। ਸਾਥੀਆਂ ਨੂੰ ਵਾਪਸ ਭੇਜ ਆਪ ਸਭ ਕੁੱਝ ਵੇਚ-ਵੱਟ ਕੇ ਤੁੱਲੇ ਦੀ ਨੌਕਰੀ ਕਰਨ ਲੱਗਾ। ਇੰਝ ਉਹ ਸੌਦਾਗਰ ਤੋਂ 'ਮਹੀਂਵਾਲ' ਬਣ ਗਿਆ ਅਤੇ ਇਸ ਇਸ਼ਕ ਦੀ ਚਰਚਾ ਸਾਰੇ ਪਾਸੇ ਫੈਲ ਗਈ। ਤੁੱਲੇ ਨੇ ਆਪਣੀ ਧੀ ਮਹੀਂਵਾਲ ਦੀ ਥਾਂ 'ਰਲਿਆਣ' ਨਗਰ ਵਿੱਚ ਆਪਣੇ ਭਤੀਜੇ ਨਾਲ ਮੰਗ ਦਿੱਤੀ। ਭਾਵੇਂ ਉਸਦਾ ਵਿਆਹ ਹੋ ਗਿਆ ਪਰ ਉਸ ਤਨੋ-ਮਨੋ ਇੱਜ਼ਤ ਬੇਗ਼ ਨੂੰ ਹੀ ਆਪਣਾ ਪਤੀ ਮੰਨਿਆ ਹੋਇਆ ਸੀ। ਇਸ ਲਈ ਉਸਨੇ ਆਪਣੇ ਅਖੌਤੀ ਖ਼ਾਵੰਦ ਨੂੰ ਮੂੰਹ ਨਾ ਲਾਇਆ। ਇੱਜ਼ਤ ਬੇਗ਼ ਝਨਾਅ ਪਾਰ ਕਰਕੇ ਉਸਨੂੰ ਮਿਲਣ ਆਉਂਦਾ ਰਿਹਾ ਅਤੇ ਮੱਛੀ ਭੁੰਨ ਕੇ ਭੇਟ ਕਰਦਾ ਰਿਹਾ। ਇੱਕ ਦਿਨ ਮੱਛੀ ਨਾ ਮਿਲਣ ਤੇ ਉਸਨੇ ਆਪਣੇ ਪੱਟ ਦਾ ਮਾਸ ਭੁੰਨ ਕੇ ਉਸਨੂੰ ਖਵਾ ਦਿੱਤਾ। ਜਦੋਂ ਪਤਾ ਲੱਗਾ ਤਾਂ ਉਹ ਉਸ ਤੇ ਅਸਲੋਂ ਫ਼ਿਦਾ ਹੋ ਗਈ। ਹੁਣ ਉਸ ਨੇ ਮਹੀਂਵਾਲ ਨੂੰ ਕਿਹਾ ਕਿ ਉਹ ਝਨਾਂ ਪਾਰ ਮਿਲਣ ਆਇਆ ਕਰੇਗੀ।

ਸੋਹਣੀ ਆਪਣਾ ਬਚਨ ਪਾਲਣ ਲੱਗੀ ਅਤੇ ਹਰ ਰਾਤ ਪੁੱਠੇ ਘੜੇ ਉੱਤੇ ਠਿਲ੍ਹ ਕੇ ਝਨਾਅ ਪਾਰ ਕਰਕੇ ਆਪਣੇ ਆਸ਼ਕ ਨੂੰ ਮਿਲਣ ਜਾਂਦੀ। ਇੱਕ ਦਿਨ ਉਸ ਦੀ ਨਨਾਣ ਨੂੰ ਉਸਦੀ ਗ਼ੈਰ ਹਾਜ਼ਰੀ ਦਾ ਪਤਾ ਲੱਗ ਗਿਆ ਅਤੇ ਉਸ ਨੇ ਅਗਲੇ ਦਿਨ ਪਿੱਛਾ ਕਰ ਸਾਰੀ ਸੂਹ ਲਈ, ਫਿਰ ਪੱਕੇ ਘੜੇ ਦੀ ਥਾਂ ਕੱਚਾ ਘੜਾ ਰੱਖ ਦਿੱਤਾ ਤਾਂ ਜੋ ਸੋਹਣੀ ਡੁੱਬ ਜਾਵੇ। ਸੋਹਣੀ ਨੇ ਪੱਕੇ ਘੜੇ ਦੀ ਥਾਂ ਕੱਚਾ ਘੜਾ ਦੇਖਿਆ ਤਾਂ ਉਹ ਸਮਝ ਗਈ ਕਿ ਉਸਦੇ ਭੇਤ ਦਾ

ਪਤਾ ਲੱਗ ਚੁੱਕਾ ਹੈ ਪਰੰਤੂ ਉਸਨੇ ਆਪਣੇ ਮਹੀਂਵਾਲ ਵੱਲ ਜਾਣ ਦਾ ਫ਼ੈਸਲਾ ਕੀਤਾ। ਗੁਰਦੁਆਰਾ ਪੋਥੀਮਾਲਾ ਵਿੱਚ ਚਿੱਤਰਤ ਕੰਧ ਚਿੱਤਰ ਵਿੱਚ ਸੋਹਣੀ ਕੱਚੇ ਘੜੇ ਤੇ ਤਰਦੀ ਦਿਖਾਈ ਗਈ ਹੈ ਅਤੇ ਦੂਜੇ ਬੰਨੇ ਮਹੀਂਵਾਲ ਕੰਢੇ ਤੇ ਸੋਹਣੀ ਦਾ ਇੰਤਜ਼ਾਰ ਕਰ ਰਿਹਾ ਹੈ।

ਗੁਰਦੁਆਰਾ ਪੋਥੀਮਾਲਾ ਵਿੱਚ ਚਿੱਤਰਤ ਇੱਕ ਹੋਰ ਕਿੱਸਾ ਹੀਰ ਰਾਂਝਾ ਦਾ ਹੈ (ਚਿੱਤਰ 114)। ਇਹ ਕਿੱਸਾ ਪੰਜਾਬੀ ਦਾ ਪ੍ਰਥਮ ਕਿੱਸਾ ਹੈ ਜਿਸ ਨੂੰ ਬਹੁਤ ਸਾਰੇ ਕਵੀਆਂ ਨੇ ਪੰਜਾਬੀ ਵਿੱਚ ਲਿੱਖਿਆ ਹੈ। ਇਸ ਕਿੱਸੇ ਦੀ ਪੰਦਰ੍ਹਵੀ ਸਦੀ ਦੇ ਆਰੰਭ ਵਿੱਚ ਅਰਥਾਤ 1402 ਈ: ਵਿੱਚ ਹੀਰ ਦੇ ਜਨਮ ਤੋਂ ਸ਼ੁਰੂਆਤ ਹੋਈ। ਸ਼ਾਹ ਹੁਸੈਨ (ਸਮਕਾਲੀ, ਗੁਰੂ ਅਰਜਨ ਦੇਵ ਜੀ) ਦੁਆਰਾ ਇਹਨਾਂ ਪਾਤਰਾਂ ਨੂੰ ਆਪਣੇ ਰਹੱਸਵਾਦੀ ਪ੍ਰਤੀਕ ਬਣਾਉਣ ਤੋਂ ਵੀ ਇਸ ਤੱਥ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਇਹ ਪਾਤਰ ਉਸ ਸਮੇਂ ਲੋਕ ਸਮ੍ਰਿਤੀ ਦਾ ਅੰਗ ਬਣ ਚੁੱਕੇ ਸਨ। ਇੱਥੋਂ ਤੱਕ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਕਥਾ ਨੂੰ 'ਚਰਿਤਰੋਪਾਖਿਆਨ' ਦੇ 98ਵੇਂ ਅਧਿਆਏ ਵਿੱਚ ਭਾਰਤੀ ਸੰਸਕ੍ਰਿਤੀ ਅਨੁਸਾਰ ਢਾਲ ਕੇ ਰੱਚਿਆ ਹੈ।[66]

ਰਾਂਝਾ ਛੋਟੀ ਉਮਰ ਵਿੱਚ ਪਿਉ ਦੇ ਮਰ ਜਾਣ, ਭਰਾਵਾਂ ਤੇ ਭਾਬੀਆਂ ਦੇ ਧ੍ਰੋਹ ਕਰਨ, ਜ਼ਮੀਨ ਭੈੜੀ ਦੇਣ ਆਦਿ ਕਾਰਨਾਂ ਕਰਕੇ ਇਸ ਜੀਵਨ ਤੋਂ ਉਚਾਟ ਹੋ ਕੇ ਘਰੋਂ ਨਿਕਲ ਗਿਆ। ਰਾਹ ਵਿੱਚ ਥੱਕਿਆ ਟੁੱਟਿਆ ਹੀਰ ਦੇ ਵਿਛਾਉਣੇ ਉੱਤੇ ਸੋਂ ਜਾਂਦਾ ਹੈ। ਉੱਥੇ ਹੀਰ ਤੋਂ ਝਮਕਾਂ ਖਾਧੀਆਂ। ਹੋਣੀ ਵਲੋਂ ਚਮਤਕਾਰ ਵਾਪਰਿਆ, ਦੋਹਾਂ ਦੀ ਰੂਹਾਨੀ ਸਾਂਝ ਪੱਕੀ ਹੋਈ ਤੇ ਗਲ ਅੱਗੇ ਤੁਰੀ। ਹੀਰ ਦੀ ਇੱਛਾ ਅਨੁਸਾਰ ਰਾਂਝਾ ਮਹੀਂਵਾਲ ਬਣ ਜਾਂਦਾ ਹੈ। ਮੱਝੀਆਂ ਚਾਰਦਾ, ਚੂਰੀ ਖਾਂਦਾ ਤੇ ਬੇਲੇ ਵਿੱਚ ਮੇਲ ਦੇ ਰੰਗ ਪਾਲਦਾ ਹੈ। ਹੀਰ ਦਾ ਚਾਚਾ ਕੈਦੋ ਲੰਙਾ ਹੀਰ ਦੇ ਮਾਪਿਆਂ ਨੂੰ ਸਾਰੀ ਗੱਲ ਦੱਸਦਾ ਹੈ ਅਤੇ ਸਬੂਤ ਦੇ ਤੌਰ ਤੇ ਰਾਂਝੇ ਕੋਲੋਂ ਚੂਰੀ ਮੰਗ ਕੇ ਲੈ ਜਾਂਦਾ ਹੈ। ਚਿੱਤਰ ਵਿੱਚ ਇਹ ਦ੍ਰਿਸ਼ ਸਾਫ਼ ਨਜ਼ਰ ਆ ਰਿਹਾ ਹੈ। ਹੀਰ ਨੂੰ ਬੜੀ ਦਲੇਰ ਪੇਸ਼ ਕੀਤਾ ਹੈ ਜੋ ਕੈਦੋ ਨੂੰ ਰੋਕਣ ਦੀ ਕੋਸ਼ਿਸ਼ ਕਰਦੀ ਹੈ। ਹੀਰ ਬਦੋ-ਬਦੀ ਖੇੜਿਆਂ ਨਾਲ ਵਿਆਹੀ ਜਾਂਦੀ ਹੈ ਤੇ ਰਾਂਝਾ ਜੋਗੀ ਹੋ ਜਾਂਦਾ ਹੈ। ਇਸ ਤੋਂ ਬਿਨਾਂ ਇੱਕ ਹੋਰ ਕਿੱਸਾ ਸੱਸੀ-ਪੁਨੂੰ ਵੀ ਚਿੱਤਰਿਆ ਗਿਆ ਹੈ (ਚਿੱਤਰ 115)। ਇਹਨਾਂ ਕਿੱਸਿਆਂ ਦੇ ਚਿੱਤਰਾਂ

---

66 **ਕਾਂਗ, ਕੁਲਬੀਰ ਸਿੰਘ. (ਡਾ.)** (1987)**.** *ਪੰਜਾਬੀ ਕਿੱਸਾ-ਕਾਵਿ, ਇੱਕ ਸੰਖੇਪ ਅਧਿਐਨ,* ਨਿਉ ਏਜ, ਬੁੱਕ ਸੈਂਟਰ, ਅੰਮ੍ਰਿਤਸਰ, ਪੰਨਾ-34.

ਵਿੱਚ ਵਿਸ਼ੇਸ਼, ਮਹੱਤਵਪੂਰਨ ਘਟਨਾ ਨੂੰ ਬਿਆਨਿਆ ਚਿੱਤਰਿਆ ਹੋਇਆ ਹੈ ਜਿਸਤੋਂ ਸੁੱਤੇ ਸਿੱਧ ਹੀ ਇਸ ਗੱਲ ਵੱਲ ਇਸ਼ਾਰਾ ਹੁੰਦਾ ਹੈ ਕਿ ਚਿੱਤਰਕਾਰਾਂ ਨੂੰ ਕਿੱਸਿਆਂ ਬਾਰੇ ਪੂਰੀ ਜਾਣਕਾਰੀ ਸੀ ਭਾਵੇਂ ਕਿ ਇਹਨਾਂ ਕਿੱਸਿਆ ਨੂੰ ਉਨ੍ਹਾਂ ਕੇਵਲ ਇੱਕ-ਇੱਕ ਚਿੱਤਰ ਵਿੱਚ ਹੀ ਬਿਆਨ ਕੀਤਾ ਹੈ, ਜਿਵੇਂ ਹੀਰ ਰਾਂਝੇ ਦਾ ਚਿੱਤਰ ਵਿੱਚ "ਕੈਦੋ ਨੂੰ ਚੂਰੀ ਲੈਕੇ ਭਜਦੇ", ਸੋਹਣੀ ਮਹੀਂਵਾਲ ਵਿੱਚ ਸੋਹਣੀ ਨੂੰ ਮਹੀਂਵਾਲ ਨੂੰ ਮਿਲਣ ਆਉਂਦਿਆਂ ਅਤੇ ਸੱਸੀ ਪੁਨੂੰ ਵਿੱਚ ਪੂਨੂੰ ਨੂੰ ਡਾਚੀ ਤੇ ਉਸਦੇ ਭਰਾਵਾਂ ਵੱਲੋਂ ਲੈ ਜਾਂਦੇ ਦਿਖਾਇਆ ਹੈ, ਜਦ ਕਿ ਸੱਸੀ ਆਪਣੀ ਇੱਕ ਸਹੇਲੀ ਨਾਲ ਉਸਨੂੰ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ। ਮਹਾਨ ਕੋਸ਼ ਵਿੱਚ ਹੀਰ ਬਾਰੇ ਲਿਖਿਆ ਹੈ, ਸਿਆਲ ਜਾਤਿ ਦੇ ਰਾਜਪੂਤ ਚੂਚਕ ਦੀ, ਮਲਕੀ ਦੇ ਉਦਰ ਤੋਂ ਪੈਦਾ ਹੋਈ ਇੱਕ ਕੰਨਿਆ, ਜੋ ਚਨਾਬ (ਝਨਾਂ) ਦੇ ਕਿਨਾਰੇ ਝੰਗ ਨਗਰ ਦੀ ਵਸਨੀਕ ਸੀ। ਚਾਹੇ ਇਸ ਦਾ ਵਿਆਹ ਰੰਗਪੁਰ (ਜ਼ਿਲ੍ਹਾ ਮੁਜ਼ੱਫ਼ਰਗੜ੍ਹ) ਨਿਵਾਸੀ ਖੇੜੇ ਜਾਤ ਦੇ ਸੈਦੇ ਨਾਮਕ ਜੱਟ ਨਾਲ ਮਾਪਿਆਂ ਨੇ ਕਰ ਦਿੱਤਾ ਸੀ, ਪਰ ਇਸ ਦਾ ਪ੍ਰੇਮ-ਭਾਵ ਤਖ਼ਤ ਹਜ਼ਾਰੇ ਦੇ ਵਸਨੀਕ ਮੌਜੂ ਦੇ ਪੁੱਤਰ ਰਾਂਝੇ ਨਾਲ ਸੀ। ਇਹ ਪਿਤਾ ਦੇ ਮਰਨ ਪਿੱਛੋਂ ਭਾਈ ਭਰਜਾਈਆਂ ਦਾ ਤੰਗ ਕੀਤਾ ਹੀਰ ਦੇ ਘਰ ਝੰਗ ਵਿੱਚ ਕਾਮਾ ਹੋ ਕੇ ਰਿਹਾ। ਇਸ ਦੀ ਸੁੰਦਰਤਾ ਸਭ ਨੂੰ ਮੋਹਿਤ ਕਰ ਲੈਂਦੀ ਸੀ, ਇਸ ਲਈ ਸੁਭਾਵਿਕ ਹੀ ਹੀਰ ਨਾਲ ਪ੍ਰੀਤਿ ਹੋ ਗਈ, ਜੋ ਅੰਤ ਤਕ ਨਿਭੀ।

ਗੁਰਦੁਆਰਾ ਪੋਥੀਮਾਲਾ ਦੀ ਪਹਿਲੀ ਇਮਾਰਤ ਦੇ ਚਿੱਤਰਾਂ ਤੋਂ ਬਿਨਾ ਜ਼ਮੀਨੀ ਮੰਜ਼ਿਲ (ਗਰਾਉਂਡ ਫਲੋਰ) ਤੇ ਜਿੱਥੇ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਹਨ, ਦੀਆਂ ਕੰਧਾਂ ਉਪਰ ਵੀ ਚਿੱਤਰ ਬਣੇ ਹੋਏ ਸਨ।[67] ਇਸ ਕਮਰੇ ਵਿੱਚ ਕਲੀ ਕਰ ਦਿੱਤੀ ਗਈ ਹੈ, ਜਿਸ ਕਰਕੇ ਇਸ ਜਗ੍ਹਾ ਤੇ ਕੰਧ-ਚਿੱਤਰ ਹੋਣ ਦਾ ਕੋਈ ਪ੍ਰਮਾਣ ਨਹੀਂ ਮਿਲਦਾ। ਇਮਾਰਤ ਦੇ ਸਿਖਰ 'ਤੇ ਵੀ ਚਿੱਤਰਕਾਰੀ ਦੇ ਕੁੱਝ ਹਲਕੇ-ਹਲਕੇ ਨਿਸ਼ਾਨ ਅੱਜ ਵੀ ਨਜ਼ਰ ਆਉਂਦੇ ਹਨ, ਪਰੰਤੂ ਇਹ ਕੇਵਲ ਹਾਸ਼ੀਏ ਹੀ ਹਨ ਇਹਨਾਂ ਵਿੱਚ ਕੋਈ ਵੀ ਚਿੱਤਰ ਨਹੀਂ ਬਣਾਇਆ ਗਿਆ। ਇਹ ਹਾਸ਼ੀਏ ਨੀਲੇ ਰੰਗ ਦੇ ਬਣਾਏ ਹੋਏ ਨਜ਼ਰ ਆਉਂਦੇ ਹਨ। ਇਹਨਾਂ ਦੀ ਹਾਲਤ ਬਹੁਤ ਜ਼ਿਆਦਾ ਖ਼ਰਾਬ ਹੋ ਚੁੱਕੀ ਹੈ। ਇਸ ਇਮਾਰਤ ਦਾ ਇੱਕ ਪੈਨਲ ਨੈਸ਼ਨਲ ਮਿਊਜ਼ੀਅਮ ਦਿੱਲੀ ਵਿੱਚ ਵੀ ਹੈ।

---

67 ਮਾਤਾ ਹਰਿੰਦਰ ਕੌਰ ਜੀ ਨੇ ਗੱਲਬਾਤ ਦੌਰਾਨ ਦੱਸਿਆ।

# ਅਧਿਆਇ–ਚੌਥਾ

# ਗੁਰਦੁਆਰਾ ਪੋਥੀਮਾਲਾ ਦੇ ਕੰਧ–ਚਿੱਤਰਾਂ ਦੀ ਨਿਰਮਾਣ ਵਿਧੀ ਅਤੇ ਕਲਾਤਮਿਕ ਅਧਿਐਨ

ਕੰਧ ਚਿੱਤਰਕਲਾ ਦੀ ਨਿਰਮਾਣ-ਵਿਧੀ ਅਤੇ ਨਿਯਮਾਂ ਦਾ ਵਰਨਣ ਵੈਸੇ ਤਾਂ ਵਿਸ਼ਨੂੰਧਰਮੋਤਰਾਪੁਰਾਨ[1] ਦੇ 'ਚਿੱਤਰ ਸੂਤਰ' ਭਾਗ ਤਿੰਨ, ਜੋ ਅਜੰਤਾ ਦੇ ਕੰਧ-ਚਿੱਤਰਾਂ ਦਾ ਸਮਕਾਲੀ ਹੈ ਤੱਕ ਲੈ ਜਾਂਦਾ ਹੈ।[2] ਨਾਲ ਹੀ ਇਸੇ ਵਿਸ਼ੇ ਨਾਲ ਸੰਬੰਧਤ ਸਾਨੂੰ ਹੋਰ ਪ੍ਰਮਾਣ ਸ਼ਿਲਪ-ਸੂਤਰ, ਮੈਸੂਰ ਦੇ ਚਾਲੁਕਯ ਰਾਜਵੰਸ ਦੇ ਸੋਮੇਸ਼ਵਰ III ਦੁਆਰਾ ਸੰਗਠਿਤ ਅਭਿਲਿਸ਼ਿਤਰਥਾਚਿੰਤਾਮਣੀ (*AbhilashitarthCintamani*),[3] ਸ੍ਰੀ ਕੁਮਾਰਾਸੁਆਮੀ ਦੇ 'ਸ਼ਿਲਪਾਰਤਨ (*Silparatna*)[4] ਅਤੇ ਅਠ੍ਹਾਰਵੀਂ ਸਦੀ ਦੇ ਬਸਾਵ ਰਾਜਾ ਦੁਆਰਾ ਰਚਿਤ ਸ਼ਿਵ-ਤੱਤਵ ਰਤਨਾਕਰ' (*Siva Tattva Ratnakara*)[5] ਵਿੱਚ ਮਿਲਦੇ ਹਨ। ਪੰਜਾਬ ਦੀ ਕੰਧ-ਚਿੱਤਰਕਲਾ ਦੀ ਵਿਧੀ ਇਹਨਾਂ ਵਿਧੀਆਂ ਤੋਂ ਬਿਲਕੁਲ ਵੱਖਰੀ ਹੈ। ਕੰਧ-ਚਿੱਤਰਾਂ ਦੀ ਨਿਰਮਾਣ ਵਿਧੀ ਨੂੰ ਤਕਨੀਕੀ ਪੱਖ ਤੋਂ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਟੈਮਪਰਾ, ਫ਼ਰੈਸਕੋ ਬਯੋਨੋ ਅਤੇ ਫ਼ਰੈਸਕੋ ਸੇਕੋ। ਕੰਧਾਂ ਉੱਤੇ ਸੁੱਕ ਚੁੱਕੇ ਜਾਂ ਖ਼ੁਸ਼ਕ ਹੋ ਚੁੱਕੇ ਪਲਸਤਰ ਉੱਤੇ ਕਾਰਬਨ ਯੁਕਤ ਮਾਧਿਅਮ ਰਾਹੀਂ ਬਣਾਏ ਜਾਂਦੇ ਚਿੱਤਰਾਂ ਨੂੰ ਟੈਂਮਪਰਾ ਚਿੱਤਰ ਆਖਿਆ ਜਾਂਦਾ ਹੈ। ਫ਼ਰੈਸਕੋ ਦਾ ਅਰਥ ਹੈ 'ਮੁਹਰਾਕਸ਼ੀ'। ਫ਼ਰੈਸਕੋ 'ਕੰਧ-ਚਿੱਤਰ' ਉਲੀਕਣ ਦੀਆਂ ਬਹੁਤ ਸਾਰੀਆਂ ਵਿਭਿੰਨ ਤਕਨੀਕਾਂ ਵਿਚੋਂ ਇੱਕ ਹੈ ਅਤੇ ਇਸ ਤਕਨੀਕ ਨਾਲ ਬਣੇ ਕੰਧ-ਚਿੱਤਰ ਦੇ ਆਪਣੇ ਵਿਸ਼ੇਸ਼ ਲੱਛਣ ਹਨ ਜੋ ਦੂਜੀਆਂ ਕੰਧ-ਚਿੱਤਰ ਤਕਨੀਕਾਂ ਨਾਲੋਂ ਵੱਖ ਹਨ। ਕੰਧ-ਚਿੱਤਰਾਂ ਦੀ ਫ਼ਰੈਸਕੋ ਤਕਨੀਕ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ ਫ਼ਰੈਸਕੋ ਬਯੋਨੋ ਅਤੇ ਫ਼ਰੈਸਕੋ ਸੇਕੋ।

ਫ਼ਰੈਸਕੋ ਬਯੋਨੋ ਕੰਧ-ਚਿੱਤਰਾਂ ਦੇ ਇਸ ਤੱਥ ਤੇ ਨਿਰਭਰ ਕਰਦਾ ਹੈ ਕਿ ਰੰਗ ਚੂਨੇ ਅਤੇ ਮਹੀਨ ਰੇਤ ਦੀ ਮਿਲਾਵਟ ਦੇ ਗਿੱਲੇ ਪਲੱਸਤਰ ਵਿੱਚ ਜਜ਼ਬ ਹੋ ਜਾਣ। ਰੰਗ ਪਲੱਸਤਰ

---

1 *ਵਿਸ਼ਨੂਧਰਮੋਤਰਾਪੁਰਾਨ*, (1912),ਪਬਲੀਕੇਸ਼ਨ ਵੈਂਕਟੇਸ਼ਵਰਾ ਪ੍ਰੈਸ, ਬੰਬਈ, 'ਚਿੱਤਰਸੂਤਰ' ਦਾ ਅਨੁਵਾਦ 'ਵਿਸ਼ਨੂਧਰਮੋਤਰਾ ਭਾਗ III' ਦੇ ਸਿਰਲੇਖ ਹੇਠ ਸਟੈਲਾ ਕਰਾਇਮਸ਼ ਨੇ ਕੀਤਾ ਜੋ ਕਿ ਕਲਕੱਤਾ ਵਿਸ਼ਵਵਿਦਿਆਲੇ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ।

2 **Chandra, Moti. (Dr.)** (1949)**.** *The Technique of Mughal Painting*, Lucknow. UP.Historical Society, p. 1.

3 *Abhilisitarthacintamani*,(1926), ਮੈਸੂਰ ਯੂਨੀਵਰਸਿਟੀ ਵਿਖੇ, ਸੰਸਕ੍ਰਿਤ ਸੀਰੀਜ਼ ਨੰ: 69, ਉਪਲੱਬਧ ਹੈ। ਇਸ ਨੂੰ Gackwad's Oriental Series ਦੇ ਦੋ ਵੋਲੁਮਜ਼ ਵਿੱਚ ਪ੍ਰਕਾਸ਼ਿਤ ਕੀਤਾ ਗਿਆ। **ਡਾ. ਕੁਮਾਰਸੁਆਮੀ** ਦੁਆਰਾ ਪੇਂਟਿੰਗ ਦੇ ਭਾਗ ਦਾ ਉਲਥਾ ਕਰਕੇ '*The Technique and Theory of Indian Painting*' ਸਿਰਲੇਖ ਦਿੱਤਾ। *'The Technique and Theory of Indian Painting*, Technical Studies, Vol III, No. 2 October 1934, Harvard University.

4 **Coomaraswany, Ananda. (Dr.)** (translated),(1926-28). *Chitralaksana* **(**Silparatna, Chapter-46) Aushotosh Memorial Volume, Patna, pp. 49-61.

5 *Siva-Tattva Ratnakava* (ed.), (1927). B.R. Rao and P.S. Sastriar Pub. B.M. Nath and Co. Madras.

ਦੇ ਨਾਲ ਮਿਲਕੇ ਉਸ ਦਾ ਅਨਿੱਖੜਵਾ ਅੰਗ ਬਣ ਜਾਂਦਾ ਹੈ। ਕੰਧਾਂ ਦੇ ਸੁੱਕੇ ਪਲੱਸਤਰ ਉੱਤੇ ਰੰਗ ਲਗਾ ਕੇ ਚਿੱਤਰ ਉਲੀਕੇ ਜਾਣ ਨੂੰ ਫ਼ਰੈਸਕੋ ਸੇਕੋ ਆਖਦੇ ਹਨ। ਇਸ ਵਿੱਚ ਰੰਗਾਂ ਨੂੰ ਵਧੇਰੇ ਚੂਨੇ ਦੇ ਪਾਣੀ ਵਿੱਚ ਮਿਲਾਕੇ ਵਰਤਿਆ ਜਾਂਦਾ ਹੈ।[6]

ਅਜੰਤਾ ਦੇ ਕੰਧ-ਚਿੱਤਰ ਟੈਮਪਰਾ ਨਾਲ ਬਣਾਏ ਗਏ ਹਨ। ਜਿਸ ਵਿੱਚ ਗੁਫ਼ਾਵਾਂ ਦੀਆਂ ਚਟਾਨੀ ਕੰਧਾਂ ਅਤੇ ਛੱਤਾਂ ਨੂੰ ਚਿੱਤਰਣ ਯੋਗ ਬਣਾਉਣ ਲਈ ਕਿਸੇ ਨੋਕੀਲੇ ਪੱਥਰ ਨਾਲ ਖੁਰਦਰਾ ਕਰਕੇ ਉਸ ਉੱਪਰ ਚਿਕਨੀ ਮਿੱਟੀ, ਗੋਬਰ, ਬਜਰੀ ਜਾਂ ਰੇਤ, ਬਨਸਪਤੀਆਂ ਦੇ ਰੇਸ਼ੇ, ਗੋਂਦ ਅਤੇ ਸੁਰੇਸ਼ ਆਦਿ ਦਾ ਘੋਲ ਤਿਆਰ ਕਰਕੇ ਇੱਕ ਜਾਂ ਡੇਢ ਇੰਚ ਮੋਟੀ ਤਹਿ ਲੇਪ ਦਿੰਦੇ ਸਨ। ਫਿਰ ਅੰਡੇ ਦੇ ਛਿਲਕੇ ਜਿੰਨਾ ਮਹੀਨ ਸਫ਼ੇਦ ਚੂਨੇ ਦਾ ਪਲੱਸਤਰ ਇਸ ਲੇਪ ਤੇ ਚੜ੍ਹਾ ਦਿੱਤਾ ਜਾਂਦਾ ਸੀ। ਸੁੱਕਣ ਤੋਂ ਬਾਅਦ ਇਸ ਉਪਰ ਰੰਗਾਂ ਦੁਆਰਾ ਚਿੱਤਰ ਉਲੀਕਣ ਦਾ ਕੰਮ ਆਰੰਭ ਹੁੰਦਾ ਸੀ।[7]

ਪੰਜਾਬ ਵਿੱਚ ਹੋਈ ਕੰਧ-ਚਿੱਤਰਕਾਰੀ ਵਿੱਚ ਖ਼ਾਸ ਕਰਕੇ ਅੰਮ੍ਰਿਤਸਰ ਵਿੱਚ ਬਣੇ ਚਿੱਤਰ ਲਗਭਗ ਇੱਕੋ ਵਿਧੀ ਦੇ ਹਨ, ਜਿਸਨੂੰ ਮੋਹਰਾਕਸ਼ੀ ਕਿਹਾ ਜਾਂਦਾ ਹੈ। ਇਸਨੂੰ ਅੰਗਰੇਜ਼ੀ ਵਿੱਚ ਫ਼ਰੈਸਕੋ ਕਿਹਾ ਜਾਂਦਾ ਹੈ। ਯੂਰਪ ਵਿੱਚ ਆਰੰਭਕ ਚਿੱਤਰ ਇਸ ਵਿਧੀ ਅਨੁਸਾਰ ਹੀ ਤਿਆਰ ਕੀਤੇ ਜਾਂਦੇ ਸਨ।[8] ਇਸ ਨੂੰ ਜੋਧਪੁਰੀ ਹੁਨਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਕਿਉਂਕਿ ਪੰਜਾਬ ਵਿੱਚ ਪ੍ਰਚਲਤ ਕੰਧ-ਚਿੱਤਰਕਲਾ ਦੀ ਇਹ ਵਿਧੀ ਜੋਧਪੁਰ ਤੋਂ ਹੀ ਆਈ ਸੀ।[9] ਇਸ ਵਿਧੀ ਦਾ ਪ੍ਰਯੋਗ 19ਵੀਂ ਸਦੀ ਦੇ ਅੰਮ੍ਰਿਤਸਰ ਅਤੇ ਲਾਹੌਰ ਦੇ ਕਈ ਭਾਗਾਂ ਵਿੱਚ, ਜਿੱਥੇ ਕੰਧ-ਚਿੱਤਰਕਾਰੀ ਹੋਈ, ਕੀਤਾ ਗਿਆ। ਪੰਜਾਬ ਦੇ ਕੰਧ-ਚਿੱਤਰ ਭਾਈ ਗਿਆਨ ਸਿੰਘ ਨੱਕਾਸ਼ ਦੀ ਕੰਧ-ਚਿਤਰਨ ਵਿਧੀ ਅਨੁਸਾਰ ਜੋਧਪੁਰੀ ਹੁਨਰ ਵਿੱਚ ਬਣਾਏ ਗਏ ਹਨ।[10]

---

6 **ਕੰਗ, ਕੰਵਰਜੀਤ ਸਿੰਘ. (ਡਾ.)** (1979). *ਡਰਾਇੰਗ ਅਤੇ ਚਿੱਤਰਕਾਰੀ,* ਪੰਜਾਬੀ ਵਿਉਂਤ-ਵਿਕਾਸ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ-68-70.

7 ਉਹੀ, **Brown., Percy**. p.112.

8 *ਚਾਤ੍ਰਿਕ ਅਭਿਨੰਦਨ ਗ੍ਰੰਥ*, ਪੰਨਾ-112.

9 **Ashi, P.S. (Dr.)** (1986). *Sikh Architechture in Punjab*, Intellectual Pub. House, New Delhi, p. 133.
**Kang, Kanwerjeet Singh. (Dr)** (1977). *Survival of Wall Paintings in Amritsar*, Marg XXX.3, Marg Pub., Army and Navy Building Fort, Bombay, p.52.

10 **ਕੰਗ, ਕੰਵਰਜੀਤ ਸਿੰਘ. (ਡਾ.)** (1988). *ਪੰਜਾਬ ਦੇ ਕੰਧ ਚਿੱਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ-60-65.

ਕੰਧ-ਚਿੱਤਰ ਤਿਆਰ ਕਰਨ ਤੋਂ ਪਹਿਲਾ ਕਾਗਜ਼ ਉੱਤੇ ਪੈੱਨਸਿਲ ਜਾਂ ਚਾਰਕੋਲ ਨਾਲ ਚਿੱਤਰ ਦਾ ਇੱਕ ਸਕੈੱਚ ਤਿਆਰ ਕਰ ਲਿਆ ਜਾਂਦਾ ਸੀ, ਫਿਰ ਇਸ ਚਿੱਤਰ ਉਪਰ ਪਤਲੇ ਕਾਗਜ਼ ਨੂੰ ਰੱਖ ਕੇ ਸੰਪੂਰਣ ਚਿੱਤਰ ਦਾ ਖ਼ਾਕਾ ਲੈ ਕੇ ਉਸ ਵਿੱਚ ਨੋਕਦਾਰ ਸੂਈ ਨਾਲ ਛੇਦ ਕੀਤੇ ਜਾਂਦੇ ਅਤੇ ਇਸ ਚਿੱਤਰ ਨੂੰ 'ਖ਼ਾਕਾ' ਕਿਹਾ ਜਾਂਦਾ ਹੈ ਜੋ ਕਿ ਸਿਆਲਕੋਟੀ ਕਾਗ਼ਜ਼ ਤੇ ਬਣਾਏ ਜਾਂਦੇ ਸਨ। ਕੰਧ-ਚਿੱਤਰਾਂ ਦੀ ਚਿਤਰਨ ਦੀ ਵਿਧੀ ਤੇ ਤਕਨੀਕ ਵੱਖਰੀ ਕਿਸਮ ਦੀ ਹੁੰਦੀ ਹੈ। ਕਈ ਵਾਰ ਸਿੱਧ ਪੱਧਰੀ ਕੰਧ ਉਪਰ ਸਫ਼ੇਦੀ ਕਰਕੇ ਉਸ ਉੱਪਰ ਡਰਾਇੰਗ ਕਰਨ ਉਪਰੰਤ ਰੰਗ ਭਰ ਲਏ ਜਾਂਦੇ ਸਨ। ਕੰਧ-ਚਿੱਤਰਾਂ ਵਿੱਚ ਆਕਾਰ ਅਤੇ ਰੰਗ ਦੇ ਛਾਇਆ-ਪ੍ਰਕਾਸ਼ ਦਾ ਸੰਤੁਲਤ ਪ੍ਰਸਤੁਤੀਕਰਣ ਹੈ। ਇਹ ਜ਼ਿਆਦਾਤਰ ਕੁਦਰਤੀ ਵਿਸ਼ਿਆਂ ਨਾਲ ਹੀ ਸੰਬੰਧਤ ਹੁੰਦੇ ਹਨ। ਚਿੱਤਰਾਂ ਦੀ ਬਣਤਰ, ਕਲਾ ਦੇ ਨਿਯਮ, ਸਮਿਟਰੀ ਅਤੇ ਲੈਅ ’ਤੇ ਅਧਾਰਤ ਹੁੰਦੀ ਹੈ।

ਇੱਕ ਤੋਂ ਡੇਢ ਇੰਚ ਦੀ ਕੰਧ ਨੂੰ ਲਗਾਤਾਰ ਪਾਣੀ ਨਾਲ ਗਿੱਲਾ ਕਰ ਲਿਆ ਜਾਂਦਾ ਅਤੇ ਫਿਰ ਉਸ ਕੰਧ ਨੂੰ ਚੂਨੇ ਦੇ ਪਲੱਸਤਰ ਨਾਲ ਢੱਕ ਦਿੱਤਾ ਜਾਂਦਾ ਹੈ ਜਿਸ ਨੂੰ 'ਪੋਰਾ' '*Pora*' ਕਿਹਾ ਜਾਂਦਾ ਹੈ। ਵਧੀਆ ਕੰਮ ਲਈ ਚੂਨੇ ਨੂੰ ਜ਼ਿਆਦਾ ਦੇਰ ਤੱਕ ਪਾਣੀ ਵਿੱਚ ਭਿਉ ਕੇ ਰੱਖਿਆ ਜਾਂਦਾ ਹੈ ਤਾਂ ਕਿ ਉਸ ਵਿਚਲੀ ਗਰਮੀ ਨਸ਼ਟ ਹੋ ਜਾਵੇ। ਕਈ ਵਾਰ ਇਸ ਨੂੰ ਕਈ-ਕਈ ਮਹੀਨਿਆਂ ਤੱਕ ਵੀ ਭਿਉ ਕੇ ਰੱਖਿਆ ਜਾਂਦਾ ਅਤੇ ਇਸਦੇ ਪਾਣੀ ਨੂੰ ਸਮੇਂ-ਸਮੇਂ ਤੇ ਬਦਲ ਦਿੱਤਾ ਜਾਂਦਾ ਸੀ। ਇਸ ਕਿਰਿਆ ਨਾਲ ਚੂਨੇ ਦੇ ਪਲਸਤਰ ਵਿੱਚ ਕੋਈ ਦਰਾੜ ਨਹੀਂ ਆਉਂਦੀ ਅਤੇ ਚਿੱਤਰ ਕਾਫੀ ਸਮੇਂ ਤੱਕ ਸਲਾਮਤ ਰਹਿੰਦੇ ਸਨ ਅਤੇ ਇਹਨਾਂ ਵਿੱਚ ਦਰਾੜਾਂ ਆਉਣ ਦੀ ਸੰਭਾਵਨਾ ਘੱਟ ਜਾਂਦੀ ਸੀ। ਪੋਰਾ ਦੇ ਉੱਪਰ ਸੰਗਮਰਮਰ ਦੇ ਬਚੇ-ਖੁਚੇ ਚੂਰੇ ਨਾਲ ਤਿਆਰ ਕੀਤਾ ਗਿਆ ਪਲੱਸਤਰ ਚੜਾਇਆ ਜਾਂਦਾ ਹੈ ਜਿਸ ਨੂੰ ਕਿ ਕੱਪੜੇ ਵਿੱਚ ਦੋ ਤਿੰਨ ਵਾਰ ਛਾਣ ਕੇ ਤਿਆਰ ਕੀਤਾ ਜਾਂਦਾ ਹੈ। ਇਸ ਨੂੰ 'ਕੂਟਾ' '*Kuta*' ਕਿਹਾ ਜਾਂਦਾ ਹੈ ਜੋ ਪਹਿਲਾਂ ਤਿਆਰ ਕੀਤੇ ਚੂਨੇ ਦੇ ਪਲੱਸਤਰ ਨੂੰ ਵਧੇਰੇ ਮਜ਼ਬੂਤੀ ਅਤੇ ਸਫ਼ੇਦੀ ਪ੍ਰਦਾਨ ਕਰਦਾ ਹੈ। ਇਸ ਤੋਂ ਉਪਰੰਤ ਇਸ ’ਤੇ ਹੋਰ ਲੇਪ ਜੋ ਕਿ ਜਲੇ ਹੋਏ ਸੰਗਮਰਮਰ ਦੇ ਟੁਕੜਿਆਂ ਨੂੰ ਗਿੱਲਾ ਕਰਕੇ ਅਤੇ ਬਾਰ-ਬਾਰ ਛਾਣ ਕੇ ਦਹੀਂ ਵਾਂਗ ਤਿਆਰ ਕਰ ਲਿਆ ਜਾਂਦਾ ਹੈ ਜੋ ਕਿ ਸਫ਼ੇਦ ਪਲੱਸਤਰ ਵਾਂਗ ਹੀ ਤਿਆਰ ਹੋ ਜਾਂਦਾ ਅਤੇ ਇਸਨੂੰ 'ਦੋਗਾ' '*Doga*' ਕਿਹਾ ਜਾਂਦਾ ਹੈ। ਦੋਗਾ ਦੇ ਹਲਕਾ ਗਿੱਲਾ ਰਹਿ ਜਾਣ ’ਤੇ ਤਿਆਰ ਖ਼ਾਕਾ

ਰੱਖ ਕੇ ਕੋਲੇ ਦੇ ਚੂਰੇ ਨੂੰ ਇੱਕ ਕੱਪੜੇ ਦੀ ਪੋਟਲੀ ਵਿੱਚ ਬੰਨ ਕੇ ਉਸ ਉਪਰ ਚਲਾਇਆ ਜਾਂਦਾ ਹੈ। ਇਸ ਤੋਂ ਬਾਅਦ ਉਤਾਰੇ ਗਏ ਚਿੱਤਰ ਤੇ ਰੰਗ ਭਰਨ ਦੀ ਵਾਰੀ ਆਉਂਦੀ ਹੈ। ਰੰਗਾਂ ਨੂੰ ਪਲੱਸਤਰ ਤੇ ਲੱਕੜੀ ਦੀ ਤਖ਼ਤੀ ਨਾਲ ਟਿਕਾਇਆ ਜਾਂਦਾ ਸੀ ਅਤੇ ਇਸ ਨੂੰ ਹੱਥਾਂ ਨਾਲ ਹੌਲੀ-ਹੌਲੀ ਦਬਾਇਆ ਜਾਂਦਾ ਸੀ। ਗਿੱਲੇ ਪਲੱਸਤਰ ਉੱਤੇ ਰੰਗ ਵੱਧ ਗੂੜ੍ਹੇ ਨਜ਼ਰ ਆਉਂਦੇ ਸਨ ਪਰ ਸੁੱਕਣ ਨਾਲ ਇਹਨਾਂ ਦਾ ਗੂੜ੍ਹਾਪਨ ਕੁੱਝ ਘੱਟ ਜਾਂਦਾ ਸੀ। ਇਸ ਲਈ ਚਿੱਤਰਕਾਰ ਕੰਮ ਕਰਦੇ ਸਮੇਂ ਇਸ ਗੱਲ ਦਾ ਵੀ ਧਿਆਨ ਰੱਖਦੇ ਸਨ ਅਤੇ ਗੁੜੇ ਰੰਗਾਂ ਦਾ ਪ੍ਰਯੋਗ ਕਰਦੇ ਸਨ। ਕਈਆਂ ਥਾਵਾਂ ਤੇ ਚੂਨੇ ਦਾ ਪਾਊਡਰ ਵੀ ਮਿਲਾਇਆ ਜਾਂਦਾ ਸੀ। ਕੁੱਝ ਦੇਰ ਬਾਅਦ ਜਦੋਂ ਰੰਗ ਆਪਣੀ ਜਗ੍ਹਾ ਤੇ ਸਥਿਰ ਹੋ ਜਾਂਦੇ ਤਾਂ ਬਾਅਦ ਵਿੱਚ ਚਿੱਤਰ ਨੂੰ ਬਾਰੀਕੀਬੀਨੀ ਤਹਿਤ ਚਿੱਤਰ ਨੂੰ ਅੰਤਿਮ ਛੂਹਾ ਦੇਣ ਹਿੱਤ ਹੋਰ ਰੰਗ ਲਗਾਏ ਜਾਂਦੇ। ਫ਼ਿਰੋਜ਼ਪੁਰ ਵਿਖੇ ਕੰਧ-ਚਿੱਤਰਾਂ ਵਿੱਚ ਰਸਾਇਣਿਕ ਵਿਸ਼ਲੇਸ਼ਣ ਅਨੁਸਾਰ ਪਾਂਡੂ ਦਾ ਪ੍ਰਯੋਗ 39% ਕੀਤਾ ਗਿਆ ਸੀ।[11]

ਪੰਜਾਬ ਦੇ ਕੰਧ-ਚਿੱਤਰਾਂ ਵਿੱਚ ਚਿੱਤਰਕਾਰਾਂ ਨੇ ਸੀਮਿਤ ਰੰਗਾਂ ਦਾ ਹੀ ਪ੍ਰਯੋਗ ਕੀਤਾ। ਇਹ ਰੰਗ ਕੁਦਰਤੀ ਸੋਮਿਆਂ ਤੋਂ ਹੀ ਪ੍ਰਾਪਤ ਕੀਤੇ ਜਾਂਦੇ ਸਨ ਅਤੇ ਕਈ ਵਾਰ ਚੂਨੇ ਵਿੱਚ ਮਿਲਾਕੇ ਲੋੜੀਂਦਾ ਰੰਗ ਬਣਾ ਲਿਆ ਜਾਂਦਾ ਸੀ। ਇਹਨਾਂ ਰੰਗਾਂ ਨੂੰ ਪਰੰਪਰਾਗਤ ਢੰਗ ਨਾਲ ਤਿਆਰ ਕੀਤਾ ਜਾਂਦਾ ਸੀ ਅਤੇ ਇਹ ਚਿਰ-ਸਥਾਈ ਸਨ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੇ ਰੰਗ ਵੀ ਕੁਦਰਤੀ ਸੋਮਿਆਂ ਤੋਂ ਤਿਆਰ ਕੀਤੇ ਗਏ ਸਨ। ਇਹਨਾਂ ਸਾਰ ਲੋੜੀਂਦੇ ਰੰਗਾਂ ਨੂੰ ਚਿੱਤਰਕਾਰਾਂ ਨੇ ਖ਼ੁਦ ਮਿਹਨਤ, ਤਹੰਮਲ ਅਤੇ ਨਿਪੁੰਨਤਾ ਨਾਲ ਤਿਆਰ ਕੀਤਾ।[12] ਜ਼ਿਆਦਾਤਰ ਕੰਧ-ਚਿੱਤਰਾਂ ਵਿੱਚ ਕੇਵਲ ਛੇ ਰੰਗ ਲਾਲ, ਹਰਾ, ਪੀਲਾ, ਨੀਲਾ, ਕਾਲਾ ਅਤੇ ਸਫ਼ੇਦ,[13] ਹੀ ਵਰਤੋਂ ਵਿੱਚ ਲਿਆਏ ਜਾਂਦੇ ਸਨ। ਇੱਥੇ ਰੰਗਾਂ ਨੂੰ ਇਹਨਾਂ ਦੇ ਲੋਕਲ ਨਾਵਾਂ ਨਾਲ ਨਿਮਨ ਦਰਜ ਅਨੁਸਾਰ ਵਰਣਨ ਕੀਤਾ ਜਾ ਰਿਹਾ ਹੈ।

1. **ਲਾਲ :-** ਇਹ ਰੰਗ ਪ੍ਰਕਿਰਤੀ ਦਾ ਮਹੱਤਵਪੂਰਨ ਰੰਗ ਹੈ। ਇਹ ਲਾਲ ਪੱਥਰ ਅਤੇ ਕਲੇਅ, ਜਿਨ੍ਹਾਂ ਵਿੱਚ ਲੋਹੇ ਦੀ ਧਾਤੂ ਦੇ ਕਣ ਹੋਣ, ਤੋਂ ਪ੍ਰਾਪਤ ਹੁੰਦਾ ਹੈ। ਲਾਲ ਰੰਗ

---

11 **ਕੰਗ, ਕੰਵਰਜੀਤ ਸਿੰਘ. (ਡਾ.)** (1988). *ਪੰਜਾਬ ਦੇ ਕੰਧ ਚਿੱਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ-62.

12 **Singh., Thakur S.G.** *Fresco Painting of Golden Temple,* Amritsar Indian Art Souvinar.

13 **Naggash., Gian Singh.** (1957). *The Technique of Fresco Painting,* Marg. Vol.X, No 2, March, pp, 27-28.

ਨੂੰ ਗੇਰੂ, ਹਿਰਮਚੀ, ਸੰਧੂਰੀ, ਸੰਗਰਫ਼ੀ ਲੋਕਲ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ।ਇਹ ਕੁਦਰਤੀ ਸੋਮਿਆਂ ਤੋਂ ਪ੍ਰਾਪਤ ਹੋਣ ਵਾਲਾ ਰੰਗ ਹੈ। ਹੋਰ ਰੰਗਾਂ ਨੂੰ ਮਿਲਾ ਕੇ ਗੁਲਾਬੀ, ਬਦਾਮੀ ਅਤੇ ਹਲਕੇ ਲਾਲ ਤੋਂ ਗੂੜ੍ਹਾ ਲਾਲ ਤਿਆਰ ਕਰ ਲਿਆ ਜਾਂਦਾ ਹੈ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਲਾਲ ਰੰਗ ਦੀ ਵਰਤੋਂ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਗਈ ਹੈ।

2. **ਪੀਲਾ :-** ਇਹ ਰੰਗ ਪੀਲੇ ਰੰਗ ਦੀ (ਮੁਲਤਾਨੀ ਮਿੱਟੀ) ਤੋਂ ਪ੍ਰਾਪਤ ਹੁੰਦਾ ਹੈ। ਇਸ ਤੋਂ ਬਿਨ੍ਹਾਂ ਪੀਲੇ ਪੱਥਰ[14] ਨੂੰ ਬਾਰੀਕ ਪੀਹ ਕੇ ਵੀ ਇਸ ਦੇ ਰੰਗ ਨੂੰ ਪੀਲੇ ਰੰਗ ਵਜੋਂ ਵਰਤਿਆ ਜਾਂਦਾ ਸੀ। ਇਸ ਨੂੰ ਹਰੀਤਲ[15] ਅਤੇ ਗਓ-ਗੋਲੀ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ।
3. **ਨੀਲਾ :-** ਪ੍ਰਾਚੀਨ ਕਾਲ ਵਿੱਚ ਇਹ ਰੰਗ ਭਾਰਤ ਵਿੱਚ ਬਣਾਇਆ ਗਿਆ ਅਤੇ ਯੂਨਾਨ ਅਤੇ ਰੋਮ ਵਿੱਚ ਨਿਰਯਾਤ ਕੀਤਾ ਗਿਆ।[16]
4. **ਹਰਾ :-** ਇਹ ਰੰਗ ਸਬਜ਼ ਨਾਮਕ ਪੱਥਰ ਨੂੰ ਪਾਣੀ ਵਿੱਚ ਭਿਓ ਕੇ ਤਿਆਰ ਕੀਤਾ ਜਾਂਦਾ।
5. **ਕਾਲਾ :-** ਇਸ ਨੂੰ 'ਕੱਜਲ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਕਾਲਾ ਰੰਗ ਕੋਲੇ ਤੋਂ, ਨਾਰੀਅਲ ਨੂੰ ਜਲਾ ਕੇ ਅਤੇ ਸਰੋਂ ਦੇ ਤੇਲ ਦੀ ਕਾਲਸ ਤੋਂ ਤਿਆਰ ਕੀਤਾ ਜਾਂਦਾ ਸੀ।
6. **ਚਿੱਟਾ :-** ਸਫ਼ੇਦ, ਦੋਗਾ ਯਾਨੀ ਜਲੇ ਹੋਏ ਸੰਗਮਰਮਰ ਦੇ ਚੂਰੇ ਨੂੰ ਪਾਣੀ ਵਿੱਚ ਭਿਉ ਕੇ ਦਹੀਂ ਵਾਂਗ ਤਿਆਰ ਕਰ ਲਿਆ ਜਾਂਦਾ ਸੀ ਜੋ ਸਫ਼ੇਦ ਪਲੱਸਤਰ ਵਾਂਗ ਹੁੰਦਾ ਅਤੇ ਸਫ਼ੇਦ ਰੰਗ ਦਾ ਕੰਮ ਦਿੰਦਾ ਸੀ।

ਇਹਨਾਂ ਰੰਗਾਂ ਨੂੰ ਇੱਕ ਜਾਂ ਦੋ ਰੰਗਾਂ ਵਿੱਚ ਮਿਲਾ ਕੇ ਲੋੜ ਅਨੁਸਾਰ ਹੋਰ ਰੰਗ ਤਿਆਰ ਕਰ ਲਿਆ ਜਾਂਦਾ ਸੀ। ਨੀਲਾ ਅਤੇ ਲਾਲ ਰੰਗ ਮਿਲਾ ਕੇ ਬੈਂਗਣੀ, ਗੂੜ੍ਹੇ ਬੈਂਗਣੀ ਲਈ ਕਾਲੇ ਦੇ ਨਾਲ ਫ਼ੀਰੋਜ਼ੀ ਨੂੰ ਮਿਲਾ ਲਿਆ ਜਾਂਦਾ ਸੀ। ਲਾਲ ਅਤੇ ਪੀਲੇ ਨੂੰ ਮਿਲਾ ਕੇ ਸੁਨਿਹਰੀ ਪੀਲੇ ਰੰਗ ਨੂੰ ਤਿਆਰ ਕੀਤਾ ਜਾਂਦਾ ਅਤੇ ਨਾਰੰਗੀ ਰੰਗ ਲਈ ਪੀਲਾ ਅਤੇ ਸੰਧੂਰੀ

---

14 **Havell., E.B.** *Indian Sculpture and Painting,* p. 271.

15 **ਨਾਭਾ, ਭਾਈ ਕਾਨ੍ਹ ਸਿੰਘ.** (1974). *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪੰਨਾ-196.

16 **Chandra., Moti.** (1949). *The Technique of Mughal Painting,* The U.P.Historical Society, Provincial Museum, Lucknow, p. 24.

ਰੰਗ ਨੂੰ ਮਿਲਾ ਲਿਆ ਜਾਂਦਾ ਹੈ। ਕਾਲਾ ਅਤੇ ਸਫ਼ੇਦ ਮਿਲਾ ਕੇ ਗ੍ਰੇਅ ਰੰਗਤ ਨੂੰ ਤਿਆਰ ਕੀਤਾ। ਇਹਨਾਂ ਰੰਗਾਂ ਨੂੰ ਗਿਲਾ ਰੱਖਣ ਸਮੇਂ ਰਸਾਇਣਿਕ ਪ੍ਰਕ੍ਰਿਆ ਦੁਆਰਾ ਪਲੱਸਤਰ ਦਾ ਪੱਕਾ ਭਾਗ ਬਣ ਜਾਂਦੇ ਸਨ।

ਰੰਗਾਂ ਨੂੰ ਪਲੱਸਤਰ ਉੱਤੇ ਸਥਿਰ ਰੱਖਣ ਵਾਲਾ ਮਾਧਿਅਮ, ਜਿਸ ਰਾਹੀਂ ਰੰਗ ਪਲੱਸਤਰ ਨਾਲ ਜੁੜੇ ਰਹਿੰਦੇ ਸਨ, ਚਿੱਤਰਕਾਰੀ ਕਰਨ ਲਈ ਵਰਤੀ ਗਈ ਤਕਨੀਕ ਤੇ ਨਿਰਭਰ ਕਰਦਾ ਸੀ। ਫ਼ਰੈਸਕੋ ਜਾਂ ਗਿੱਲੇ ਪਲੱਸਤਰ ਤੇ ਬਣਾਏ ਚਿੱਤਰਾਂ ਵਿੱਚ ਮਾਧਿਅਮ 'ਚੂਨੇ ਦਾ ਪਾਣੀ' ਹੁੰਦਾ ਸੀ। ਇਸ ਤਕਨੀਕ ਵਿੱਚ ਰੰਗ ਕੇਵਲ ਚੂਨੇ ਦੀ ਰਸਾਇਣਿਕ ਪ੍ਰੀਕ੍ਰਿਆ ਨਾਲ ਹੀ ਪਲੱਸਤਰ ਦਾ ਭਾਗ ਨਹੀਂ ਸਨ ਬਣ ਜਾਂਦੇ ਸਗੋਂ ਚਿੱਤਰਕਾਰ ਰੰਗਾਂ ਨੂੰ ਹੋਰ ਪ੍ਰੀਕ੍ਰਿਆ ਕਰਨ ਲਈ ਇਹਨਾਂ ਨੂੰ ਕਰੰਡੀ (ਮਿਸਤਰੀਆਂ ਦਾ ਇੱਕ ਸੰਦ) ਦੇ ਪ੍ਰਯੋਗ ਰਾਹੀਂ ਪਲੱਸਤਰ ਦੀ ਧਰਾਤਲ ਵਿੱਚ ਸਮਾਂ ਦਿੰਦੇ ਸਨ।

**ਤੂਲਿਕਾ :-** ਚਿੱਤਰਕਾਰੀ ਵਿੱਚ ਪ੍ਰਯੋਗ ਕੀਤਾ ਜਾਣ ਵਾਲਾ ਬੁਰਸ਼ (ਤੂਲਿਕਾ) ਚਿੱਤਰਕਾਰ ਆਪਣੀ ਲੋੜ ਅਨੁਸਾਰ ਆਪ ਹੀ ਬਣਾਉਂਦੇ ਸਨ। ਸਾਧਾਰਨ ਤੇ ਔਸਤ ਦਰਜੇ ਦੇ ਕੰਮ ਲਈ ਬੱਕਰੀ ਅਤੇ ਊਂਠ ਦੇ ਵਾਲਾਂ ਦੇ ਬੁਰਸ਼ (ਤੂਲਿਕਾ) ਬਣਾਏ ਜਾਂਦੇ ਸਨ ਅਤੇ ਉੱਤਮ ਦਰਜੇ ਦੇ ਚਿੱਤਰਕਾਰ ਗਿਲਹਰੀ ਦੇ ਵਾਲਾਂ ਤੋਂ ਤਿਆਰ ਤੂਲਿਕਾ ਦੀ ਵਰਤੋਂ ਕਰਦੇ ਸਨ।[17]

## ਚਿੱਤਰਕਾਰ

ਪੰਜਾਬ ਦੇ ਕੰਧ-ਚਿੱਤਰਾਂ ਵਿੱਚ ਧਾਰਮਿਕ, ਮਿਥਿਹਾਸਕ ਤੇ ਇਤਿਹਾਸਕ ਪਾਤਰਾਂ ਤੋਂ ਇਲਾਵਾ ਸਥਾਨਕ ਰੀਤੀ-ਰਿਵਾਜ, ਪ੍ਰੀਤ-ਕਹਾਣੀਆਂ ਅਤੇ ਇਲਾਕੇ ਦੇ ਪ੍ਰਸਿੱਧ ਲੋਕਾਂ ਦੀਆਂ ਤਸਵੀਰਾਂ ਵੀ ਮਿਲਦੀਆਂ ਹਨ। ਪੰਜਾਬ ਵਿੱਚ ਪੁਰਾਤਨ ਸਮਿਆਂ ਤੋਂ ਮੁਸੱਵਰਾਂ ਕੋਲੋ ਤਸਵੀਰਾਂ ਬਣਾਉਣ ਦਾ ਰਿਵਾਜ ਸੀ, ਜਿਸਦਾ ਹਵਾਲਾ ਪੰਜਾਬ ਦੇ ਕਈ ਪੁਰਾਤਨ ਕਿਲ੍ਹਿਆਂ ਵਿੱਚ ਮਿਲਦਾ ਹੈ। ਚਿੱਤਰ ਵਿੱਚ ਕਲਾਕਾਰ ਦੀ ਆਪਣੀ ਪਸੰਦ ਝਲਕਦੀ ਹੈ। ਇੱਕ ਵਿਅਕਤੀ ਦੁਆਰਾ ਸਿਰਜੀ ਗਈ ਕਲਾ ਦਾ ਸਤਰ ਹਮੇਸ਼ਾਂ ਉਸਦੇ ਸੁਭਾਅ, ਮਾਨਸਿਕ ਅਤੇ ਆਤਮਿਕ ਸਤਰ ਤੇ ਨਿਰਭਰ ਕਰਦਾ ਹੈ।[18] ਮਹਾਰਾਜਾ ਰਣਜੀਤ ਸਿੰਘ ਦੇ ਕਾਂਗੜਾ ਪ੍ਰਾਂਤ ਨੂੰ

---

17 **Naggash., Bhai Gian Singh.**(1956)**.** *Gian Chitravali, The technique of Fresco Paintings Mohraqqashi***,** Art Gallery, Amritsar.

18 **Chatnya., Krishna**, *The Mural Tradition***,** p. 16.

ਜਿੱਤਣ ਉਪਰੰਤ ਅਤੇ ਸ਼ੇਰ ਸਿੰਘ ਦੇ ਕਾਂਗੜਾ ਲੋਕਾਂ ਨਾਲ ਦੋਸਤਾਨਾ ਸੰਬੰਧ ਹੋਣ ਕਾਰਨ ਪੰਜਾਬ ਵਿੱਚ ਕਾਂਗੜਾ ਚਿੱਤਰਕਲਾ ਪ੍ਰਚਲਤ ਹੋ ਗਈ, ਜਿਸਦੇ ਫਲਸਰੂਪ "ਕਾਂਗੜਾ ਸਿੱਖ ਸ਼ੈਲੀ" ਦਾ ਵਿਕਾਸ ਹੋਇਆ ਪਰੰਤੂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿੱਛੋਂ ਅਤੇ ਰਾਜਸੀ ਅਤੇ ਸਮਾਜਿਕ ਗੜਬੜਾਂ ਦੇ ਕਾਰਨ ਪਰੰਪਰਵਾਦੀ ਚਿੱਤਰਕਾਰਾਂ ਨੂੰ ਕੋਈ ਸਰਪ੍ਰਸਤ ਨਾ ਮਿਲਿਆ ਅਤੇ ਕਾਗ਼ਜ਼ੀ ਚਿੱਤਰਾਂ ਦੀ ਕੋਈ ਮੰਗ ਨਾ ਰਹੀ। ਸਿੱਟੇ ਵਜੋਂ ਉਹ ਆਪਣੀ ਪਰੰਪਰਾਵਾਦੀ ਕਾਰੀਗਰੀ ਨੂੰ ਕੰਧ-ਚਿੱਤਰਕਾਰੀ ਲਈ ਵਰਤਣ ਲਗ ਪਏ, ਜਿਹੜੀ ਨਵੇ ਤੇ ਤੇਜ਼ੀ ਨਾਲ ਵਿਕਾਸ ਕਰ ਰਹੇ ਅੰਮ੍ਰਿਤਸਰ ਸ਼ਹਿਰ ਵਿੱਚ ਪ੍ਰਚਲਤ ਹੋ ਗਈ। ਬਾਅਦ ਵਿੱਚ ਹੌਲੀ-ਹੌਲੀ ਇਹ ਚਿੱਤਰਕਾਰ ਆਪਣੀ ਸਹੂਲਤ ਅਨੁਸਾਰ ਹੋਰ ਸ਼ਹਿਰ ਵਿੱਚ ਜਾ ਕੇ ਵੀ ਕੰਮ ਕਰਨ ਲਗੇ, ਜਿਸ ਕਾਰਨ ਕੰਧ-ਚਿੱਤਰਕਾਰੀ ਪੰਜਾਬ ਦੇ ਅਨੇਕਾਂ ਸ਼ਹਿਰਾਂ ਵਿੱਚ ਪ੍ਰਚਲਤ ਹੋ ਗਈ, ਜਿਸ ਦੀ ਇੱਕ ਬੇਹਤਰੀਨ ਉਦਾਹਰਣ ਹੈ ਗੁਰੂਹਰਸਹਾਇ, ਗੁਰੂਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ। ਵਪਾਰੀ, ਅਮੀਰ ਲੋਕ, ਰਾਜੇ ਮਹਾਰਾਜੇ ਆਪਣੀਆਂ ਇਮਾਰਤਾਂ, ਘਰਾਂ ਵਿਚਲੀਆਂ ਕੰਧਾਂ ਨੂੰ ਚਿੱਤਰਾਂ ਨਾਲ ਸੁਸੱਜਿਤ ਕਰਵਾਉਂਦੇ ਸਨ ਜਿਨ੍ਹਾਂ ਵਿੱਚ ਹਵੇਲੀਆਂ, ਡੇਰੇ, ਮੰਦਰ, ਗੁਰਦੁਆਰੇ, ਅਖਾੜੇ ਆਦਿ ਆਉਂਦੇ ਹਨ ਇਹਨਾਂ ਵਿੱਚ ਕਾਂਗੜਾ ਸਿੱਖ-ਸ਼ੈਲੀ ਦੇ ਕੰਧ-ਚਿੱਤਰ ਬਣਾਏ ਗਏ ਹਨ। ਬਦਕਿਸਮਤੀ ਨਾਲ ਇਹਨਾਂ ਚਿੱਤਰਕਾਰਾਂ ਦੇ ਨਾਂ ਨਹੀਂ ਮਿਲਦੇ। ਕੇਵਲ ਕੁੱਝ ਕੁ ਪਰੰਪਰਾਵਾਦੀ ਚਿੱਤਰਕਾਰਾਂ ਦੇ ਨਾਂ ਹੀ ਮਿਲਦੇ ਹਨ ਕਿਉਂਕਿ ਉਨ੍ਹਾਂ ਦੇ ਪਰਿਵਾਰ ਵਿੱਚੋਂ ਕੋਈ ਵੀ ਅੱਗੇ ਚਿੱਤਰਕਾਰੀ ਨਹੀਂ ਕਰ ਰਿਹਾ, ਜਿਸ ਤੋਂ ਕਿ ਉਸ ਸਮੇਂ ਦੇ ਚਿੱਤਰਕਾਰਾਂ ਦਾ ਗਿਆਨ ਹੋ ਸਕੇ।[19] ਜਿਨ੍ਹਾਂ ਕੰਧ-ਚਿਤੇਰਿਆਂ ਬਾਰੇ ਜਾਣਕਾਰੀ ਮਿਲਦੀ ਹੈ ਉਹ ਕੇਵਲ ਉਹਨਾਂ ਦੇ ਨਾਂ ਤੱਕ ਸੀਮਤ ਹੈ, ਉਹਨਾਂ ਦੇ ਜੀਵਨ ਬਾਰੇ ਵਿਸਥਾਰ ਪ੍ਰਾਪਤ ਨਹੀਂ ਹੁੰਦਾ। ਇਸਦਾ ਇੱਕ ਕਾਰਨ ਉਹਨਾਂ ਦੇ ਕਾਰ-ਵਿਹਾਰ, ਧੰਦਿਆਂ ਦਾ ਮਿਸ਼ਰਨ ਸਰੂਪ ਵੀ ਸੀ। ਉਦਾਹਰਣ ਤੇ ਤੌਰ ਤੇ ਜਿਵੇਂ ਪਿੰਡਾਂ ਵਿੱਚ ਤਰਖਾਣ ਅਤੇ ਲੋਹਾਰ ਚਿੱਤਰਕਾਰੀ ਦੇ ਨਾਲ ਰਾਜ ਮਿਸਤਰੀ ਦਾ ਕੰਮ ਵੀ ਕਰਦੇ ਸਨ। ਮਾਓ ਸਕੂਲ ਆਫ ਆਰਟ, ਲਾਹੌਰ ਦੇ ਪ੍ਰਿੰਸੀਪਲ ਸ੍ਰੀ ਜੇ.ਐੱਲ. ਕਿਪਲਿੰਗ ਅਨੁਸਾਰ ਵਧੀਆ ਮਿਸਤਰੀ ਅਨੇਕ ਸੰਬੰਧਿਤ ਕੰਮਾਂ

19 **Aryan, K.C.** *Punjab Paintings-100 yrs Survey of Punjab Paintings (1841-1941),* Punjabi University. Patiala, pp. 20-21.
**Kang, Kanwarjeet Singh. (Dr.)**(1985). *Wall paintings of Punjab and Haryana*, Atma Ram & Sons H.O. Kashmeree Gate, p. 116.

ਵਿੱਚ ਮਾਹਰ ਸਨ, ਖ਼ਾਸਕਰ ਮਕਾਨ ਉਸਾਰੀ ਦੇ ਨਾਲ ਨਾਲ ਕੰਧਾਂ ਉੱਤੇ ਨੱਕਾਸ਼ੀ ਅਤੇ ਚਿੱਤਰਕਾਰੀ ਦੇ ਕੰਮ ਵਿੱਚ ਵੀ।[20] ਇਹ ਨੋਟ ਕਰਨਾ ਜ਼ਰੂਰੀ ਹੈ ਕਿ ਕੰਧ-ਚਿੱਤਰਕਾਰੀ ਕਰਨ ਵਾਲੇ ਕੇਵਲ ਕੰਧ-ਚਿਤੇਰੇ ਹੀ ਨਹੀਂ ਸਨ, ਇਹਨਾਂ ਵਿਚੋਂ ਕਈ ਮਿਸਤਰੀ, ਨੱਕਾਸ਼ੀ, ਮੋਹਰਾਕਸ਼ੀ, ਗੱਚਕਾਰੀ ਦਾ ਕੰਮ ਵੀ ਜਾਣਦੇ ਸਨ ਅਤੇ ਉਨ੍ਹਾਂ ਸਬੰਧੀ ਅਧਿਐਨ ਇਸ ਸੰਦਰਭ ਦੇ ਘੇਰੇ ਵੀ ਕੀਤਾ ਜਾ ਸਕਦਾ ਹੈ।

ਚਿੱਤਰਕਾਰਾਂ ਬਾਰੇ ਸਾਡਾ ਗਿਆਨ 19ਵੀਂ ਸਦੀ ਦੇ ਪਹਿਲੇ ਚੌਥਾਈ ਭਾਗ ਤੋਂ ਆਰੰਭ ਹੁੰਦਾ ਹੈ। ਇਸ ਤੋਂ ਪਹਿਲਾਂ ਦੇ ਕੰਧ-ਚਿਤੇਰੇ ਗੁੰਮਨਾਮ ਹੀ ਹਨ।[21] ਡਾ. ਗੋਸਵਾਸੀ ਨੇ "ਪੇਟਿੰਗਜ਼ ਐਟ ਦੀ ਸਿੱਖ ਕੋਰਟ : ਏ ਸਟੱਡੀ ਬੇਸਡ ਆਨ ਟਵੰਟੀ ਡਾਕੂਮੈਂਟਸ" ਰਾਹੀਂ ਇਸ ਗੱਲ ਦੀ ਪੁਸ਼ਟੀ ਕੀਤੀ ਹੈ। 19ਵੀਂ ਸਦੀ ਦੇ ਆਰੰਭ 'ਚ ਹੀ ਪਹਾੜੀ ਚਿੱਤਰਕਾਰਾਂ ਦਾ ਸਿੱਖ ਸ਼ਾਹੀ ਰਾਜ ਨਾਲ ਸੰਬੰਧ ਸਥਾਪਿਤ ਹੋ ਚੁੱਕਾ ਸੀ, ਜਿਹਨਾਂ ਵਿੱਚ ਨਿੱਕਾ, ਗੋਕਲ, ਛੱਜੂ, ਹਰਖ, ਦਮੋਦਰ ਅਤੇ ਸੌਦਾਗਰ ਨਾਂ ਦੇ ਚਿੱਤਰਕਾਰ ਆਉਂਦੇ ਹਨ, ਜੋ ਕਿ ਪਹਾੜੀ ਚਿੱਤਰਕਾਰ ਘਰਾਣੇ ਨਾਲ ਸੰਬੰਧਤ ਸਨ।[22] ਇੱਕ ਹੋਰ ਚਿੱਤਰਕਾਰ ਪਰਖੂ ਦਾ ਨਾਂ ਵਿੱਚ ਸਾਹਮਣੇ ਆਇਆ ਹੈ ਜੋ ਕਿ ਆਪਣੇ ਸਮੇਂ ਦਾ ਉਸਤਾਦ ਚਿੱਤਰਕਾਰ ਸੀ।[23]

19ਵੀਂ ਸਦੀ ਤੋਂ ਪਹਿਲਾਂ 18ਵੀਂ ਸਦੀ ਤੇ ਅੰਤਲੇ ਭਾਗ ਵਿੱਚ ਸਿੱਖ ਮਿਸਲਾਂ ਦੇ ਸਰਦਾਰਾਂ ਦਾ ਸਬੰਧ ਵੀ ਪਹਾੜੀ ਚਿੱਤਰਕਾਰਾਂ ਨਾਲ ਰਿਹਾ। ਇਸ ਗੱਲ ਦੀ ਪੁਸ਼ਟੀ ਗੁਰਦੁਆਰਾ ਪੋਥੀਮਾਲਾ ਦੀ ਇਮਾਰਤ ਦੇ ਚੜ੍ਹਦੇ ਪਾਸੇ ਵੱਲ ਚਿੱਤਰਤ ਸਿੱਖ ਮਿਸਲਦਾਰਾਂ ਦੇ ਚਿੱਤਰ ਤੋਂ ਹੋ ਜਾਂਦੀ ਹੈ। ਇਹ ਚਿੱਤਰ ਸਿੱਖਾਂ ਦੀ ਵਧਦੀ ਤਾਕਤ ਅਤੇ ਸਿੱਖ ਚਿੱਤਰਾਂ ਦੇ ਵਧਦੇ ਰੁਝਾਨ ਨੂੰ ਦਰਸਾਉਂਦੇ ਹਨ।

ਨਵੇਂ ਸਭਿਆਚਾਰਕ ਖੇਤਰ ਦੇ ਉਤਪੰਨ ਹੋਣ ਅਤੇ ਸਾਮਰਾਜਾਂ ਦੇ ਪਤਨ ਤੇ ਉੱਥਾਨ ਦੇ ਕਈ ਉਦਾਹਰਣ ਕਲਾ ਦੇ ਇਤਿਹਾਸ ਵਿੱਚ ਆਉਂਦੇ ਹਨ। ਕਲਾ ਸਮਾਜ ਦਾ ਦਰਪਣ

---

20 **ਕੰਗ, ਕੰਵਰਜੀਤ ਸਿੰਘ. (ਡਾ),** *ਪੰਜਾਬ ਦੇ ਕੰਧ ਚਿੱਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, ਪੰਨਾ-66.

21 ਉਹੀ

22 ਉਹੀ, ਪੰਨਾ- 67.
**Kang., Kanwarjeet Singh. (Dr.)** (1985). *Wall Paintings of Punjab and Haryana,* Atam Ram & Sons, New Delhi, p. 115.

23 **ਆਰੀਅਨ, ਕੇ.ਸੀ.** *ਪੰਜਾਬ ਪੇਟਿੰਗਜ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-10.
**Kang, Kanwerjeet Singh. (Dr.)** (1985). *Wall Paintings of Punjab and Haryana*, Atam Ram & Sons, New Delhi, p.115

ਹੈ। ਇਹ ਸਮਾਜ ਦੀ ਅਸਲੀ ਤਸਵੀਰ ਪੇਸ਼ ਕਰਦਾ ਹੈ। ਪੰਜਾਬ ਵਿੱਚ ਵੀ 19ਵੀਂ ਸਦੀ ਦੇ ਅਰੰਭ ਵਿੱਚ ਸਿੱਖਾਂ ਦੀ ਧਾਂਕ ਅਤੇ ਕਾਂਗੜੇ ਦੀ ਅਧੀਨਗੀ ਦੇ ਸਿੱਟੇ ਵਜੋਂ ਆਈ ਰਾਜਸੀ ਤਬਦੀਲੀ ਨੇ ਸਭਿਆਚਾਰਕ ਖੇਤਰ ਵਿੱਚ ਗੂੜ੍ਹੇ ਪ੍ਰਭਾਵ ਉਜਾਗਰ ਕੀਤੇ। 18ਵੀਂ ਸਦੀ ਵਿੱਚ ਜੋ ਕਲਾ ਪ੍ਰਚੱਲਤ ਸੀ ਉਹ 19ਵੀ ਸਦੀ ਵਿੱਚ ਹੋਰ ਪ੍ਰਬਲ ਹੋਈ। ਪੰਜਾਬ ਵਿੱਚ ਪਹਾੜੀ ਚਿੱਤਰਕਾਰਾਂ ਵੱਲੋਂ ਉਲੀਕੇ ਕੰਧ-ਚਿੱਤਰਾਂ ਦਾ ਪਹਿਲਾ ਪ੍ਰਮਾਣ ਪਠਾਨਕੋਟ ਨੇੜੇ ਦਮਥਲ ਦੇ ਵੈਸ਼ਨਵ ਮੱਠ ਤੋਂ ਮਿਲਦਾ ਹੈ, ਜਿੱਥੇ ਨੂਰਪੁਰ ਦੇ ਚਿੱਤਰਕਾਰ ਬਿਸ਼ਨਦਾਸ ਨੇ ਚਿੱਤਰ ਬਣਾਏ ਸਨ।[24] ਸਿਰਮੌਰ ਰਿਆਸਤ ਦੇ ਇੱਕ ਚਿੱਤਰਕਾਰ ਅੰਗਦ ਨੇ ਚੰਡੀਗੜ੍ਹ ਨੇੜੇ ਸਥਿਤ ਮਨਸਾ ਦੇਵੀ ਦੇ ਮੰਦਿਰ 'ਤੇ ਕੰਧ-ਚਿੱਤਰ ਉਲੀਕੇ ਸਨ। ਹੁਣ ਤੱਕ ਦੀ ਖੋਜ ਦੇ ਆਧਾਰ ਤੇ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਅੰਮ੍ਰਿਤਸਰ, ਫ਼ਰੀਦਕੋਟ ਆਦਿ ਦੇ ਚਿੱਤਰਕਾਰਾਂ ਨੇ ਫ਼ਿਰੋਜ਼ਪੁਰ ਵਿਖੇ ਹੀ ਕੰਧ-ਚਿੱਤਰਕਾਰੀ ਕੀਤੀ। ਸਰਹੱਦੀ ਇਲਾਕਾ ਹੋਣ ਕਾਰਨ ਲਾਹੌਰ ਤੋਂ ਵੀ ਚਿੱਤਰਕਾਰ ਇੱਥੇ ਆ ਕੇ ਕੰਮ ਕਰਦੇ ਰਹੇ।

ਅੰਮ੍ਰਿਤਸਰ, ਜਿੱਥੇ ਕੰਧ-ਚਿੱਤਰਕਾਰੀ ਦਾ ਸਭ ਤੋਂ ਵੱਧ ਅਤੇ ਉੱਤਮ ਕੰਮ ਹੋਇਆ ਹੈ, ਵਿੱਚ ਇਮਾਰਤਾਂ ਦੀਆਂ ਕੰਧਾਂ ਉੱਤੇ ਚਿੱਤਰਮਈ ਸਜਾਵਟ ਕਰਨ ਲਈ ਕੰਮ ਵਿੱਚ ਲੱਗੇ ਚਿੱਤਰਕਾਰ ਹਰੀ ਸਿੰਘ ਦੀ ਨਿੱਜੀ ਡਾਇਰੀ ਬਾਰੇ ਡਾ. ਕੰਗ ਦੱਸਦੇ ਹਨ ਕਿ ਇਸ ਡਾਇਰੀ ਵਿੱਚ ਉਸ ਨੇ ਆਪਣੇ ਪੂਰਵਜ ਚਿੱਤਰਕਾਰਾਂ ਦੇ ਨਾਮ ਬੰਸਾਵਲੀ-ਚਾਰਟ ਦੇ ਰੂਪ ਵਿੱਚ ਲਿਖੇ ਹਨ। ਸਭ ਤੋਂ ਪਹਿਲਾਂ ਬਿਧੀ ਚੰਦ, ਫਿਰ ਜਵੰਦਾ ਮੱਲ, ਸੋਹਨ ਲਾਲ, ਬਾਵਾ ਸਿੰਘ, ਸਦਾ ਸਿੰਘ, ਦੇਵਾ ਸਿੰਘ, ਲਾਲ ਸਿੰਘ, ਬਿਸ਼ਨ ਸਿੰਘ, ਗੰਡਾ ਸਿੰਘ ਅਤੇ ਹਰੀ ਸਿੰਘ ਦੇ ਨਾਂ ਆਉਂਦੇ ਹਨ। ਪੰਜਾਬ ਦੇ ਹੋਰਨਾਂ ਥਾਵਾਂ ਤੇ ਕੰਮ ਕਰਦੇ ਚਿੱਤਰਕਾਰਾਂ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਜਿਨ੍ਹਾਂ ਚਿੱਤਰਕਾਰਾਂ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਮਿਲਦੀ ਹੈ ਉਹਨਾਂ ਵਿੱਚੋਂ ਇੱਕ ਸ਼ਰਫ਼ਦੀਨ ਸੀ ਜਿਸ ਨੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਰਾਮਟਟਵਾਲੀ ਦੇ ਬੈਰਾਗੀ ਮੰਦਰ ਦੇ ਕੰਧ-ਚਿੱਤਰ ਉਲੀਕੇ ਸਨ।[25] ਇਸ ਪ੍ਰਕਾਰ ਹੀ ਕਈ ਹੋਰ ਚਿੱਤਰਕਾਰਾਂ ਦੇ ਨਾਵਾਂ ਸੰਬੰਧੀ ਜਾਣਕਾਰੀ ਤਾਂ ਮਿਲਦੀ ਹੈ ਪਰ ਉਨ੍ਹਾਂ ਵੱਲੋਂ ਉਲੀਕੇ ਕੰਧ ਚਿੱਤਰਾਂ ਦਾ

---

24 **Kang, Kanwerjeet Singh. (Dr.)** (1985). *Wall Paintings of Punjab and Haryana*, Atam Ram & Sons, New Delhi, p. 114.

25 **Goswamy, B.N. (Dr.)** (1966). *Some Nineteenth Century Frescoes and The Painter Angad of Sirmur*, "Art Asiatiques" XIII, pp. 99-103.

ਵੇਰਵਾ ਨਹੀਂ ਮਿਲਦਾ ਅਤੇ ਇਸ ਤਰ੍ਹਾਂ ਕਈ ਕੰਧ-ਚਿੱਤਰ ਹਨ ਜਿਨ੍ਹਾਂ ਦੇ ਚਿੱਤਰਕਾਰਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ।

19ਵੀਂ ਸਦੀ ਦੇ ਪੰਜਾਬ ਦੇ ਕਲਾਕਾਰਾਂ ਦਾ ਸਮਾਜ ਨਾਲ ਆਪਸੀ ਸੰਬੰਧਾਂ ਬਾਰੇ ਅਧਿਐਨ ਬਹੁਤ ਮਹੱਤਵਪੂਰਨ ਹੈ ਅਤੇ ਇਹਨਾਂ ਦੀ ਵਿਸ਼ਾਲ ਅਤੇ ਸੂਖਮ ਇਤਿਹਾਸਕ ਵਿਧੀਆਂ ਨਾਲ ਪੜਤਾਲ ਕਰਨ ਦੀ ਵੀ ਜ਼ਰੂਰਤ ਹੈ, ਕਿਉਂਕਿ ਕੰਧ-ਚਿੱਤਰਾਂ ਦੇ ਵਿਸ਼ਿਆਂ ਦੇ ਵਿਕਾਸ ਬਾਰੇ ਇਹ ਸਵਾਲ ਬੜੇ ਮਹੱਤਵਪੂਰਨ ਹਨ। ਇਹ ਚਿੱਤਰਕਾਰ ਬ੍ਰਾਹਮਣ, ਸੁਨਿਆਰ, ਤਰਖਾਣ ਤੇ ਜੁਲਾਹਾ ਵਰਗ ਵਿੱਚੋਂ ਸਨ। ਇਹਨਾਂ ਵਿੱਚੋਂ ਤਰਖਾਣ ਵਰਗ ਜਿਨ੍ਹਾਂ ਨੂੰ ਰਾਮਗੜੀਆ ਵਰਗ ਵਜੋਂ ਵੀ ਜਾਣਿਆ ਜਾਂਦਾ ਹੈ, ਨੇ ਪੰਜਾਬ ਦੀ ਚਿੱਤਰਕਲਾ ਦੇ ਜਨਮ ਤੇ ਵਿਕਾਸ ਵਿੱਚ ਕਾਫ਼ੀ ਯੋਗਦਾਨ ਪਾਇਆ ਹੈ। ਇਸ ਸਮੁਦਾਇ ਦੀ ਜਾਤੀ ਆਪਣੀ ਪ੍ਰਤਿਭਾ ਦੇ ਵਿਸ਼ੇਸ਼ ਗੁਣ ਕਰਕੇ ਜਾਣੀ ਜਾਂਦੀ ਹੈ।[26] ਇਹਨਾਂ ਐਥਨਿਕ ਗਰੁੱਪਾਂ ਦੇ ਮੈਂਬਰ ਆਪਣੇ ਸਰਪ੍ਰਸਤਾਂ 'ਤੇ ਨਿਰਭਰ ਕਰਦੇ ਸਨ ਜੋ ਮੁੱਖ ਰੂਪ ਵਿੱਚ ਸ਼ਾਹੀ ਹਾਕਮ, ਵੱਡੇ ਜ਼ਿਮੀਦਾਰ ਤੇ ਹੋਰ ਜਾਗੀਰਦਾਰ ਆਦਿ ਸਨ। ਇਹਨਾਂ ਦੀ ਹੋਂਦ ਆਪਣੇ ਸਰਪ੍ਰਸਤਾਂ ਦੇ ਤਰਸ ਤੇ ਨਿਰਭਰ ਕਰਦੀ ਸੀ। ਸੋਵਿਅਤ ਯੂਨੀਅਨ ਦੇ ਪ੍ਰਸਿੱਧ ਕਲਾ ਇਤਿਹਾਸਕਾਰ ਵਾਈ ਕੁਜਮੇਨਕੋ ਦੇ ਸ਼ਬਦਾਂ ਵਿੱਚ ਸਮੇਂ ਦੇ ਸ਼ੁਭ ਆਰੰਭ ਨਾਲ ਕਲਾ ਬਾਦਸ਼ਾਹਾਂ, ਜਰਨੈਲਾਂ ਤੇ ਲੋਕਾਂ ਦੇ ਹੋਰ ਹਾਕਮਾਂ ਦੀਆਂ ਤਸਵੀਰਾਂ ਤੱਕ ਹੀ ਸੀਮਿਤ ਹੋ ਗਈ ਸੀ ਅਤੇ ਉਹ ਇਸ ਨਾਲ ਕਾਫ਼ੀ ਹੱਦ ਤੱਕ ਸੰਤੁਸ਼ਟ ਹੋ ਗਏ ਸਨ ਅਤੇ ਇਹ ਦੁਨੀਆ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਪ੍ਰਭਾਵਿਤ ਕਰਨ ਦਾ ਮਾਧਿਅਮ ਸੀ।[27] ਸਮਾਜਕ ਪਰੰਪਰਾਵਾਂ ਨੂੰ ਧਿਆਨ ਵਿੱਚ ਰੱਖਦਿਆ ਇਹ ਕਿਹਾ ਜਾ ਸਕਦਾ ਹੈ ਕਿ ਇਹਨਾਂ ਕਲਾਕਾਰਾਂ ਦੀਆਂ ਕਲਾ ਕਿਰਤਾਂ ਸਮਾਜਕ ਤੇ ਇਤਿਹਾਸਕ ਸ਼ਕਤੀਆਂ ਨਾਲ ਇਕਸੁਰ ਸਨ। ਵਿਸ਼ੇ ਸੰਬੰਧੀ ਕਈ ਖੋਜ ਅਧਿਐਨ ਸਾਹਮਣੇ ਆਏ ਹਨ, ਸਮਾਜਿਕ ਪਿੱਠ-ਭੂਮੀ ਵਿੱਚ ਕਲਾਕਾਰ ਦੇ ਸੰਬੰਧਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ ਹੈ ਕਿ ਕਲਾਕਾਰ ਦੇ ਕਾਰਜ ਉਸ ਚੌਗਿਰਦੇ ਨੂੰ ਧਿਆਨ ਵਿੱਚ ਰੱਖਕੇ, ਜਿਸ ਵਿੱਚ ਉਹ ਕੰਮ ਕਰਦਾ ਹੈ, ਉਸ ਦੀਆਂ ਕਿਰਤਾਂ ਦਾ ਮੁਲਾਂਕਣ ਬਹੁਤ ਹੀ ਮਹੱਤਵਪੂਰਨ ਹੈ। ਇਹ ਕਲਾਕਾਰ, ਜਿਹਨਾਂ ਨੇ ਪੰਜਾਬ ਦੇ ਰਾਜੇ ਅਤੇ ਰਾਣੀਆਂ

---

26 **Mcleod, W.H.** (1976). *Ahluwalias and Ramgarhias: Two Sikh Castes*, Journal of South Asian Studies No. 4 Oct., pp. 78-90.

27 **Srivastwa., R.P. (Dr.)** (1983). *Punjab Paintings*, Abhinav Pub, p. 36, and Ref. No. 61.

ਦੇ ਸ਼ਾਹੀ ਠਾਠ ਅਤੇ ਰੁਤਬੇ ਨੂੰ ਚਿੱਤਰਿਆ ਹੈ, ਅਕਬਰ-ਕਾਲ ਦੇ ਮੁਗ਼ਲ ਕਲਾਕਾਰਾਂ ਵਾਲਾ ਰੁਤਬਾ ਹਾਸਲ ਨਹੀਂ ਕਰ ਸਕੇ।[28] ਇਹ ਦੇਖਿਆ ਗਿਆ ਹੈ ਕਿ ਸ਼ਾਹੀ ਦਰਬਾਰਾਂ ਦੇ ਪਤਨ ਮਗਰੋਂ ਇਹ ਕਲਾਕਾਰ ਜਿਹਨਾਂ ਨੇ ਪਹਾੜੀ ਮੁਗ਼ਲ ਚਿੱਤਰਕਲਾ ਦੀ ਪ੍ਰੇਰਨਾ ਅਧੀਨ ਪੰਜਾਬ ਚਿੱਤਰਕਲਾ ਵਿੱਚ ਸ਼ਾਹਕਾਰ ਚਿੱਤਰ ਬਣਾਏ ਸਨ, ਉਨ੍ਹਾਂ ਨੇ ਸ਼ਾਸਤਰੀ ਪਰੰਪਰਾ, ਜਿਸ ਨੂੰ "ਸਿੱਖ ਚਿੱਤਰਕਾਰੀ ਸਕੂਲ"[29] ਦਾ ਨਾਂ ਦਿੱਤਾ ਜਾ ਸਕਦਾ ਹੈ, ਨੂੰ ਤਿਆਗ ਦਿੱਤਾ। ਕੰਧ-ਚਿੱਤਰਕਾਰਾਂ ਨੇ ਵਿਸ਼ਵ ਪ੍ਰਸਿੱਧ ਇਹਨਾਂ ਚਿੱਤਰਾਂ ਨੂੰ ਚਿੱਤਰਿਆ ਅਤੇ ਇਸ ਤਰ੍ਹਾਂ ਦੇ ਚਿੱਤਰਾਂ ਬਾਰੇ ਚਾਰਲਸ ਫ਼ਾਬਰੀ (ਡਾ.) ਨੇ ਇਉਂ ਬਿਆਨ ਕੀਤਾ ਹੈ 'ਵੱਡੀਆਂ ਸੁਪਨਮਈ ਅੱਖਾਂ, ਪਤਲੇ ਛੋਟੇ ਗੁਲਾਬ ਹੋਂਠ, ਉਂਗਲੀਆਂ, ਇਸਤਰੀਆਂ ਦੇ ਹਿੱਕ-ਉਭਾਰਾਂ ਦੀਆਂ ਗੋਲਾਈਆਂ, ਲੰਮੇ ਕੇਸ, ਭਾਰਤੀ ਨਾਰੀਤੱਵ ਦੇ ਮਾਣ ਅਤੇ ਸੁੰਦਰਤਾ ਨੂੰ ਬਹੁਤ ਖ਼ੂਬਸੂਰਤੀ ਨਾਲ ਚਿੱਤਰਿਆ ਜੋ ਕਿ ਤੀਸਰੀ ਸਦੀ ਈਸਾ ਪੂਰਵ ਤੋਂ ਭਾਰਤੀ ਕਲਾ ਵਿੱਚ ਕਾਇਮ ਸੀ।'

ਕੰਧ-ਚਿੱਤਰਾਂ ਦੇ ਕਲਾਕਾਰ, ਜਿਹਨਾਂ ਨੇ ਸਰਵੋਤਮ ਕਾਰਜਾਂ ਨੂੰ ਅੰਜਾਮ ਦਿੱਤਾ, ਆਰਥਕ ਪੱਖੋਂ ਤੰਗੀ ਕੱਟਦੇ ਰਹੇ। ਜਿਸ ਦਾ ਨਤੀਜਾ ਉਹਨਾਂ ਦੇ ਵਾਰਸਾਂ ਵਲੋਂ ਇਸ ਪੇਸ਼ੇ ਨੂੰ ਘੱਟ ਹੀ ਅਪਨਾਇਆ ਗਿਆ ਅਤੇ ਰੋਜ਼ੀ ਰੋਟੀ ਖ਼ਾਤਰ ਹੋਰ ਕਈ ਪ੍ਰਕਾਰ ਦੇ ਧੰਦਿਆਂ ਵਿੱਚ ਲੱਗ ਗਏ। ਕਲਾਕਾਰਾਂ ਦੀ ਤਰਸਯੋਗ ਹਾਲਤ ਨੂੰ ਬੜੇ ਦਰਦ ਭਰੇ ਲਹਿਜੇ ਵਿੱਚ ਫ਼ਕੀਰ ਸਈਦ ਐਜ਼ਾਜ਼ੁਦੀਨ ਪ੍ਰਸਿੱਧ ਪਾਕਿਸਤਾਨੀ ਵਿਦਵਾਨ, ਜੋ ਭਾਰਤੀ ਕਲਾ ਦੇ ਆਲੋਚਕ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦਰਬਾਰ ਵਿੱਚ ਫ਼ਕੀਰ ਐਜ਼ਾਜ਼ੁਦੀਨ ਅਤੇ ਨੁਰੁਦੀਨ ਦੇ ਵੰਸ਼ ਵਿਚੋਂ ਸਨ, ਨੇ ਹੇਠ ਲਿਖੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ,"ਇਹ ਬਿਆਨ ਨਹੀਂ ਕੀਤਾ ਜਾ ਸਕਦਾ ਕਿ ਬਹੁਤੇ ਨਾ ਪੜ੍ਹੇ ਲਿਖੇ ਅਲਪ ਸੰਖਿਅਕ ਆਪਣੇ ਛੋਟੇ-ਮੋਟੇ ਤੇ ਮਨਮੌਜੀ ਸਰਪ੍ਰਸਤਾਂ ਦੀ ਖ਼ਾਤਰ ਨਾ-ਮਾਤਰ ਪੈਸਿਆਂ ਲਈ ਕਿੰਨੇ ਕਸ਼ਟਮਈ ਹਾਲਾਤ ਵਿੱਚ ਕੰਮ ਕਰਦੇ ਸਨ, ਜੋ ਕਿਤੇ ਵਧੀਆ ਅਤੇ ਮਨਮੋਹਕ ਕਲਾਕ੍ਰਿਤਾਂ ਬਣਾਉਣ ਦੇ ਸਮਰਥ ਸਨ, ਜੋ ਲੋਕਾਂ ਨੂੰ ਮੋਹਣ ਤੇ ਉਹਨਾਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਸਰਗਰਮ ਸਨ।[30]"

ਅਸਲ ਵਿੱਚ ਇਹ ਬਦਕਿਸਮਤੀ ਦੀ ਹੀ ਗੱਲ ਹੈ ਕਿ ਕਿਸੇ ਵੀ ਹਕੂਮਤ ਦੇ ਕਾਨੂੰਨ ਅਧੀਨ ਕਲਾਕਾਰਾਂ ਦੀ ਜ਼ਿੰਦਗੀ ਨੂੰ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਗਈ। ਇੱਕ ਵਾਰ ਜੋ

---

28 **Srivastwa., R.P. (Dr.)** (1983). *Punjab Paintings*, Abhinav Pub, p. 36.

29 Ibid.

30 **Aijazuddin., F.S.** (1977). *Pahari Paintings and Sikh Portraits in the Lahore Museum*, London, p. xxiii.

ਕੰਮ ਹੋ ਗਿਆ, ਉਸ ਦੀ ਅਦਾਇਗੀ ਮਗਰੋਂ ਉਸ ਦਾ ਵਕਤ ਖ਼ਤਮ ਹੋ ਜਾਂਦੀ ਹੈ। ਸਦੀਆਂ ਬੀਤ ਜਾਣ ਤੋਂ ਬਾਅਦ ਵੀ ਅਜਿਹਾ ਕਿਉਂ ਹੈ ਕਿ ਚਿੱਤਰਕਾਰਾਂ/ਕਲਾਕਾਰਾਂ ਦੀਆਂ ਕ੍ਰਿਤਾਂ ਜਿਨ੍ਹਾਂ ਵਿੱਚ ਉਹਨਾਂ ਦੀ ਸਿਰਜਣਾਤਮਕ ਪ੍ਰਤਿਭਾ ਸੁਰੱਖਿਅਤ ਹੈ ਅਤੇ ਇਤਿਹਾਸ ਦੇ ਪ੍ਰਮੁੱਖ ਕਿਰਦਾਰਾਂ -ਸਿੱਖ ਸਰਦਾਰਾਂ, ਮਹਾਰਾਜਿਆਂ, ਅਮੀਰ, ਧਨਾਡਾਂ ਦੇ ਪਰਿਵਾਰਾਂ ਨੂੰ ਚਿੱਤਰ ਕੇ ਯਾਦਗਰੀ ਬਣਾ ਦਿੱਤਾ, ਤੋਂ ਬਿਨ੍ਹਾਂ ਕਲਾਕਾਰ ਦਾ ਹੋਰ ਕੁੱਝ ਵੀ ਆਪਣਾ ਨਹੀਂ ਅਤੇ ਅੱਜ ਇਹ ਸਰਮਾਇਆ ਵੀ ਲੁੱਪਤ ਹੋਣ ਦੀ ਕਗ਼ਾਰ ਤੇ ਖੜ੍ਹਾ ਹੈ।

**ਕਲਾਤਮਕ ਅਧਿਐਨ**

ਕਲਾ ਮਨੁੱਖੀ ਵਿਕਾਸ ਦੇ ਵਿਭਿੰਨ ਪੜਾਵਾਂ 'ਤੇ ਅਕਸਰ ਰਚਨਾਤਮਕ ਤੇ ਕਲਿਆਣਕਾਰੀ ਸੰਭਾਵਨਾਵਾਂ ਦੀ ਸਿਰਜਕ ਹੁੰਦੀ ਹੈ। ਕਲਾ ਮਨੁੱਖੀ ਜ਼ਿੰਦਗੀ ਨੂੰ ਸਿਰਫ਼ ਸੁਹਜ ਸੁੰਦਰਤਾ ਹੀ ਪ੍ਰਦਾਨ ਨਹੀਂ ਕਰਦੀ, ਮਨੁੱਖੀ ਜੀਵਨ ਨੂੰ ਆਕਰਸ਼ਕ ਤੇ ਗਤੀਸ਼ੀਲ ਵੀ ਬਣਾਉਂਦੀ ਹੈ। ਕਲਾ ਦਾ ਬਾਹਰੀ ਸਰੂਪ ਜਿੰਨਾ ਵੀ ਸੰਪੂਰਨਤਾ ਦਾ ਝਉਲਾ ਪਾਉਂਦਾ ਹੋਵੇਗਾ, ਇਹ ਵਿਧੀ ਉਨੀ ਹੀ ਜਟਿਲ ਹੋਵੇਗੀ। ਉੱਤਮ ਕਲਾ ਦਾ ਪ੍ਰਭਾਵ ਸਿਰਜਦੀ ਪਾਰਖੂ ਦ੍ਰਿਸ਼ਟੀ ਇਹ ਸਹਿਜੇ ਹੀ ਅਨੁਮਾਨ ਲਾ ਲੈਂਦੀ ਹੈ ਕਿ ਇਹ ਕ੍ਰਿਤੀ ਕਈ ਤਰ੍ਹਾਂ ਦੇ ਢੰਗਾਂ, ਕਈਆਂ ਜੁਗਤਾਂ ਜੋ ਇਸ ਦੇ ਸਰੂਪ ਨੂੰ ਨਿਖਾਰਦੀਆਂ ਹਨ ਅਤੇ ਇਹਨਾਂ ਜੁਗਤਾਂ ਦੀ ਵਿਭਿੰਨਤਾ, ਵਿਵਿਧਤਾ ਤੇ ਕਿਰਿਆਸ਼ੀਲ ਕਲਾ ਨੂੰ ਉੱਤਮ ਵੀ ਬਣਾਉਦੀਆਂ ਹੈ ਅਤੇ ਜਟਿਲ ਵੀ। ਇਸ ਪ੍ਰਸੰਗ ਵਿੱਚ ਐਨਵਰ ਜੀਸ ਦਾ ਇਹ ਕਥਨ ਉਲੇਖਨੀਯ ਹੈ ਕਿ ਕਲਾ ਦੀ ਪ੍ਰਕਿਰਤੀ ਜਟਿਲ ਅਤੇ ਵਿਵਿਧ ਹੁੰਦੀ ਹੈ।[31]

ਕਲਾ ਕੋਈ ਵੀ ਹੋਵੇ ਭਾਵੇਂ ਮੂਰਤੀਕਲਾ, ਸੰਗੀਤਕਲਾ ਜਾਂ ਫਿਰ ਚਿੱਤਰਕਲਾ, ਇਸਦੀ ਉੱਤਮਤਾ ਦਾ ਗਿਆਨ ਇਸਦੇ ਵਿਸ਼ੇਸ਼ ਤੱਤਾਂ ਤੋਂ ਹੀ ਹੁੰਦਾ ਹੈ। ਕਲਾ ਦੀ ਸਿਰਜਣਾ ਵਿਸ਼ੇਸ਼ ਤੌਰ ਤੇ ਸੁਹਜਾਤਮਕ ਭਾਵਨਾ ਦੀ ਤ੍ਰਿਪਤੀ ਦੀ ਦ੍ਰਿਸ਼ਟੀ ਤੋਂ ਕੀਤੀ ਜਾਂਦੀ ਹੈ ਇਸ ਲਈ ਕਲਾ ਸੁਹਜਾਤਮਕ ਪ੍ਰਤੱਖਣ ਦਾ ਵਿਸ਼ਾ ਬਣਨ ਦੀ ਯੋਗਤਾ ਰੱਖਦੀ ਹੈ। ਸੁਹਜ *(Aesthetic)* ਵਿਸ਼ੇਸ਼ ਤੌਰ ਤੇ ਕਲਾ ਤੋਂ ਪ੍ਰਾਪਤ ਹੋਣ ਵਾਲੇ ਇੰਦਰਿਆਵੀ ਗਿਆਨ ਦੇ ਬੋਧਿਕ ਗਿਆਨ ਨਾਲੋਂ ਵੱਖਰਤਾ ਦੇ ਬੋਧ ਉੱਤੇ ਆਧਾਰਿਤ ਹੈ। ਸੁਹਜ ਦਾ ਖੇਤਰ ਵਿਸ਼ਾਲ ਹੋਣ ਕਾਰਨ ਇਸ ਦੀ ਕੋਈ ਤਸੱਲੀਬਖ਼ਸ਼ ਪਰਿਭਾਸ਼ਾ ਉਪਲੱਬਧ ਨਹੀਂ। ਹੀਗਲ ਨੇ ਸੁਹਜ ਦਾ ਪ੍ਰਯੋਗ ਲਲਿਤ

---

31 **Katharine., Judelson.** (Transt.) *Foundations of Mast, Aesthetics,* p. 24.

ਕਲਾਵਾਂ ਦੇ ਪ੍ਰਦਰਸ਼ਨ ਦੇ ਅਰਥ ਵਿੱਚ ਕੀਤਾ। ਬਾਅਦ ਵਿੱਚ ਇਸ ਦਾ ਅਰਥ ਲਲਿਤ ਕਲਾਵਾਂ ਦੇ ਤੱਤਾਂ ਦਾ ਸਿਧਾਂਤਕ ਨਿਰੂਪਣ ਅਤੇ ਉਸ ਦੇ ਆਧਾਰ ਤੇ ਕਲਾ-ਕਿਰਤਾਂ ਦਾ ਮੁਲਾਂਕਣ ਸੁਨਿਸ਼ਚਿਤ ਹੋ ਗਿਆ।

ਸੁਹਜ ਜਾਂ ਸੌਂਦਰਯ ਸੰਬੰਧੀ ਵਿਦਵਾਨਾਂ ਦੀਆਂ ਵੱਖ-ਵੱਖ ਰਾਏ ਹਨ। ਸਾਰੇ ਮਾਧਿਅਮਾਂ ਵਿੱਚ ਰਚਿਤ ਕਲਾ-ਕਿਰਤਾਂ ਦੇ ਵਿਸ਼ਲੇਸ਼ਣ, ਵਰਨਣ, ਤੁਲਨਾ, ਅਧਿਐਨ, ਅਤੇ ਕਲਾ ਕਿਰਤਾਂ ਵਲ ਮਨੁੱਖੀ ਵਿਹਾਰ ਅਤੇ ਅਨੁਭਵ ਨੂੰ ਸੁਹਜ ਸ਼ਾਸਤਰ ਦੀ ਅਧਿਐਨ ਸਾਮੱਗਰੀ ਵਜੋਂ ਇਸ ਦੇ ਖੇਤਰ ਵਿੱਚ ਸ਼ਾਮਲ ਕੀਤਾ ਗਿਆ ਹੈ।[32] ਇਹ ਸਾਡੇ ਮਨ ਦੀ ਇੱਕ ਅਵਸਥਾ ਹੈ ਜਿਸ ਨੂੰ ਅਸੀਂ ਵਸਤੂ ਦਾ ਗੁਣ ਸਮਝ ਲੈਂਦੇ ਹਾਂ।[33] ਚਿੱਤਰਕਲਾ ਵਿੱਚ ਸੁਹਜ ਰੰਗਾਂ ਦਾ ਵੀ ਹੋ ਸਕਦਾ ਹੈ। 'ਜਦ ਕੋਈ ਚਿੱਤਰਕਾਰ ਰੰਗਾਂ ਨੂੰ ਅਜਿਹੀ ਤਰਤੀਬ ਦੇ ਦਿੰਦਾ ਹੈ ਕਿ ਉਹਨਾਂ ਦਾ ਉੱਥੇ ਹੋਣਾ ਉਪਰਾ ਨਹੀਂ ਲਗਦਾ। ਜਦੋਂ ਚਿੱਤਰਕਾਰ ਰੰਗਾਂ ਨੂੰ ਇਸ ਢੰਗ ਨਾਲ ਰਲਾਉਂਦਾ ਹੈ ਕਿ ਉਹ ਇੱਕ ਦੂਜੇ ਦਾ ਵਿਰੋਧ ਕਰਨ ਦੀ ਥਾਂ ਤੇ ਉਸ ਦੇ ਪ੍ਰਭਾਵ ਵਧਾਉਂਦੇ ਹਨ, ਜਦੋਂ ਉਹ ਆਪਣੇ ਰੰਗਾਂ ਵਿਚੋਂ ਕਿਸੇ ਇੱਕ ਭਾਵ, ਪ੍ਰਭਾਵ ਜਾਂ ਵਿਚਾਰ ਨੂੰ ਉਜਾਗਰ ਕਰਨ ਲਈ ਸਫਲ ਹੁੰਦਾ ਹੈ, ਉਦੋਂ ਸੁਹਜ ਸਿਰਜਣਾ ਕਰ ਦਿੰਦਾ ਹੈ।[34]

ਸੁਹਜ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲਾ ਪ੍ਰਕਿਰਤਕ ਸੁਹਜ ਅਤੇ ਦੂਜਾ ਸਿਰਜਣਾਤਮਕ ਸੁਹਜ। ਪ੍ਰਕਿਰਤਕ ਸੁਹਜ ਦਾ ਅਰਥ ਪ੍ਰਕਿਰਤੀ ਵਿੱਚ ਖਿਲਰੀ ਸੁੰਦਰਤਾ ਤੋਂ ਲਿਆ ਜਾਂਦਾ ਹੈ, ਜਿਵੇਂ ਨਦੀਆਂ, ਪਹਾੜ, ਘਾਟੀਆਂ, ਦਰੱਖ਼ਤ, ਫੁੱਲ, ਫਲ, ਪੱਤੇ ਆਦਿ, ਜਦ ਕਿ ਸਿਰਜਣਾਤਮਕ ਸੁਹਜ (ਕਲਾਤਮਕ ਸੁਹਜ) ਪ੍ਰਕਿਰਤੀ ਦਾ ਅਨੁਕਰਣ ਹੈ। ਕਲਾਕ੍ਰਿਤੀ ਵਿੱਚ ਉਚਿੱਤ ਅਨੁਪਾਤ, ਇਕਸੁਰਤਾ, ਚਮਕ, ਸਪੱਸ਼ਟਤਾ ਅਤੇ ਰੰਗਾਂ ਵਿੱਚ ਸ਼ੋਖ਼ਪਨ ਹੋਣ ਨਾਲ ਹੀ ਸੁਹਜ ਆਨੰਦ ਪ੍ਰਦਾਨ ਕਰਦਾ ਹੈ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਪ੍ਰਕਿਰਤਕ ਸੁਹਜ ਦੀ ਕਸੌਟੀ ਤੇ ਖਰੇ ਉਤਰਦੇ ਹਨ। ਸ਼੍ਰੀ ਕ੍ਰਿਸ਼ਨ ਦਾ ਗੁਆਲਿਆ ਨਾਲ ਲੁੱਕਣ-ਮਿਟੀ ਦਾ ਦ੍ਰਿਸ਼, ਰਾਮਾਇਣ ਦੇ ਦ੍ਰਿਸ਼ਾਂ ਵਿੱਚ, ਗੁਰੂ ਨਾਨਕ ਸਾਹਿਬ ਦੇ ਸਿੱਧਾਂ ਨਾਲ ਸੰਵਾਦਾਂ ਅਤੇ ਕਿੱਸਿਆਂ ਆਦਿ ਦੇ ਦ੍ਰਿਸ਼ਾਂ ਵਿੱਚ ਪ੍ਰਕਿਰਤੀ ਸੁਹਜ ਦੀ ਉਦਾਹਰਣ ਸਪਸ਼ਟ ਹੈ। ਚਿੱਤਰਾਂ ਦਾ ਮੁਲਾਂਕਣ ਉਨ੍ਹਾਂ ਦੇ ਕਲਾਤਮਕ/ ਸੁਹਜਾਤਮਕ ਮੁੱਲ ਦੇ

---

32 *Encyclopaedia Britannica,* Vol-I, p. 221.

33 **Santayana., George.** *The Sence of Beauty,* p. 49.

34 **ਸਿੰਘ, ਪੂਰਨ.** *ਸੁੰਦਰਤਾ ਤੇ ਆਨੰਦ,* ਪੰਨਾ 11.

ਆਧਾਰ 'ਤੇ ਕੀਤਾ ਜਾਂਦਾ ਹੈ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੇ ਵਿਸ਼ਿਆਂ ਸੰਬੰਧੀ ਅਧਿਐਨ ਉਪਰੰਤ ਜੋ ਕਲਾਤਮਕ ਵਿਸ਼ੇਸ਼ਤਾਵਾਂ ਸਾਡੇ ਸਾਹਮਣੇ ਆਉਂਦੀਆਂ ਹਨ, ਉਨ੍ਹਾਂ ਦਾ ਵਿਸਥਾਰ ਪੂਰਵਕ ਵਰਨਣ ਇਸ ਪ੍ਰਕਾਰ ਹੈ :-

1. ਰੰਗ ਯੋਜਨਾ (Color Scheme)
2. ਸੰਯੋਜਨ (Composition)
3. ਰੇਖਾਤਮਕ-ਸੁੰਦਰਤਾ (Linear Beauty)
4. ਬਣਤਰ (Texture)
5. ਸ਼ੈਲੀ (Style)
6. ਪਰਿਪੇਖ (Perspective)
7. ਮਾਨਵ-ਆਕ੍ਰਿਤੀਆਂ (Human Figures)
8. ਇੱਕ ਚਸ਼ਮ ਅਤੇ ਦੋ ਚਸ਼ਮ ਚਿਹਰੇ (One Sided or Two Sided Face)
9. ਵੇਸ਼ਭੂਸ਼ਾ ਅਤੇ ਗਹਿਣੇ (Garments and Ornaments)
10. ਪ੍ਰਕਿਰਤੀ, ਪਸ਼ੂ ਪੰਛੀ ਚਿੱਤਰਨ (Flora and Fauna)
11. ਚਿੱਤਰਾਂ ਵਿੱਚ ਮੋਟਿਫ਼ (Motif)
12. ਹਾਸ਼ੀਏ (Borders)
13. ਵਿਆਖਿਆਤਮਕ ਚਿੱਤਰ (Illustrated Paintings)
14. ਭਵਨ ਅਤੇ ਸ਼ਿੰਗਾਰਿਕ ਨਮੂਨੇ (Decorative Patterns)
15. ਪ੍ਰਤੀਕ (Symbol)
16. ਦਿਸਹੱਦਾਂ (Horizon)

**ਰੰਗ-ਯੋਜਨਾ (Color Scheme)[35]**

ਰੰਗ ਮਨੁੱਖ ਦੇ ਮਨੋਵਿਗਿਆਨ ਨਾਲ ਜੁੜੇ ਹੋਣ ਕਰਕੇ ਰਚਨਾ ਵਿੱਚ ਚੋਖਾ ਹਿੱਸਾ ਪਾਉਂਦੇ ਹਨ। ਰੰਗ-ਯੋਜਨਾ ਵਿਸ਼ੇ ਨੂੰ ਅਗਾਂਹ ਤੋਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ ਜੋ ਕਿ ਲੋੜੀਂਦਾ ਮਾਹੌਲ ਸਿਰਜ ਕੇ ਕਲਾਕ੍ਰਿਤੀ ਵਿੱਚ ਸੰਤੁਲਨ ਪੈਦਾ ਕਰਦੀ ਹੈ। ਇਹੀ ਰੰਗ ਯੋਜਨਾ ਵਿਸ਼ੇ ਦੀ ਸੰਪੂਰਨ ਭਾਸ਼ਾ ਬਣਦੀ ਹੈ।[36] ਪਰੰਪਰਾਗਤ ਚਿੱਤਰਕਲਾ ਵਿੱਚ ਰੰਗਾਂ

35 **ਚਮਨ, ਸਰੋਜ. (ਡਾ.)** (1997). *ਸੌਂਦਰਯ ਸ਼ਾਸਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ., ਪਟਿਆਲਾ, ਪੰਨਾ-126.

36 ਉਹੀ.

ਦੀ ਸਾਰਥਕਤਾ ਨੂੰ ਸਮਝਣ ਵਿੱਚ ਭਾਵਾਂ ਨਾਲ ਇਸਦਾ ਰਿਸ਼ਤਾ ਮਹੱਤਵਪੂਰਨ ਵੀ ਹੈ ਅਤੇ ਜ਼ਰੂਰੀ ਵੀ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰਾਂ ਵਿੱਚ ਲਾਲ, ਪੀਲਾ, ਨੀਲਾ, ਹਰਾ, ਸੁਨਿਹਰੀ ਰੰਗ ਸਥੂਲ ਰੂਪ ਵਿੱਚ ਵਰਤਿਆ ਗਿਆ ਹੈ। ਇਹਨਾਂ ਰੰਗਾਂ ਦੀ ਚਮਕ ਅੱਜ ਵੀ ਦੇਖੀ ਜਾ ਸਕਦੀ ਹੈ, ਜੋ ਕਿ ਹੈਰਾਨੀ ਵਾਲੀ ਗੱਲ ਹੈ। ਰੰਗਾਂ ਸੰਬੰਧੀ ਇਹ ਟਿੱਪਣੀ ਬਹੁਤ ਸਾਰਥਕ ਰੌਚਕ ਅਤੇ ਮਹੱਤਵਪੂਰਨ ਹੈ। ਜਿਸ ਤਰ੍ਹਾਂ ਭਾਰਤੀ ਸੰਗੀਤ ਵਿੱਚ ਲੈਆਤਮਕਤਾ ਸੰਬੰਧੀ ਕੋਈ ਪ੍ਰਸ਼ਨ ਨਹੀਂ ਬਲਕਿ ਉਸਦੇ ਸੁਰ-ਕ੍ਰਮ ਦਾ ਨਿਪੁੰਨ ਪ੍ਰਵਾਹ ਹੈ, ਉਸੀ ਤਰ੍ਹਾਂ ਚਿੱਤਰਕਲਾ ਵਿੱਚ ਵੀ ਕਲਾਕਾਰ ਟੁੱਟੇ ਰੰਗਾਂ ਦਾ ਪ੍ਰਯੋਗ ਨਹੀਂ ਕਰਦੇ। ਉਹ ਆਪਣੇ ਰੰਗ-ਸੰਗੀਤ ਦੀ ਤਾਲ ਦੁਆਰਾ, ਪ੍ਰਕਾਸ਼ ਅਤੇ ਵਾਤਾਵਰਣ ਦੇ ਪ੍ਰਭਾਵ ਨੂੰ ਪੈਦਾ ਕਰਦੇ ਹਨ।"[37]

ਗੁਰਦੁਆਰਾ ਪੋਥੀਮਾਲਾ ਦੇ ਕੰਧ ਚਿੱਤਰਾਂ ਵਿੱਚ ਚਿੱਤਰਕਾਰਾਂ ਦੁਆਰਾ ਖ਼ੁਦ ਮਿਹਨਤ ਨਾਲ ਕੁੱਟ ਕੇ ਛਾਣ ਕੇ ਤਿਆਰ ਕੀਤੇ ਰੰਗਾਂ ਨੂੰ ਪ੍ਰਯੋਗ ਕੀਤਾ ਗਿਆ ਹੈ। ਜਿੱਥੇ ਲੈਆਤਮਕ ਰੇਖਾਵਾਂ ਇਹਨਾਂ ਚਿੱਤਰਾਂ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ, ਉੱਥੇ ਰੰਗਾਂ ਦਾ ਸਫਲ ਪ੍ਰਯੋਗ ਵੀ ਉਨ੍ਹਾਂ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਇਹਨਾਂ ਰੰਗਾਂ ਦਾ ਆਪਣਾ ਇੱਕ ਅਰਥ ਹੈ। ਦੂਰੀ ਦਾ ਆਭਾਸ ਕਰਾਉਣ ਲਈ ਰੰਗ ਦੀ ਸ਼ੁੱਧਤਾ ਨੂੰ ਮੱਧਮ ਕਰਕੇ ਦਿਖਾਇਆ ਗਿਆ ਹੈ। ਰੰਗਾਂ ਨੂੰ ਪ੍ਰਤੀਕਾਤਮਕ ਰੂਪ ਵਿੱਚ ਵੀ ਵਰਤਿਆ ਹੈ।

ਚਿੱਤਰਕਲਾ ਵਿੱਚ ਰੰਗ-ਬੋਧ ਦੀ ਪ੍ਰਧਾਨਤਾ ਹੁੰਦੀ ਹੈ। ਰੰਗਾਂ ਦੀ ਵਰਤੋਂ ਵਿਸ਼ੇ ਅਨੁਸਾਰ ਜਾਂ ਚਿੱਤਰਕਾਰ ਦੀ ਮਰਜ਼ੀ ਅਨੁਸਾਰ ਹੁੰਦੀ ਹੈ। ਕਈ ਵਾਰ ਚਿੱਤਰਕਾਰ ਮਨਚਾਹੇ ਰੰਗ ਵਰਤ ਲੈਂਦੇ ਹਨ ਤੇ ਕਈ ਵਾਰ ਰੰਗਾਂ ਦੀ ਚੋਣ ਵਿੱਚ ਬਹੁਤ ਸਾਵਧਾਨ ਹੋ ਕੇ ਚਲਣਾ ਪੈਂਦਾ ਹੈ, ਕਿਉਂਕਿ ਹਰ ਰੰਗ ਆਪਣੇ ਆਪ ਵਿੱਚ ਕਿਸੇ ਭਾਵ ਜਾਂ ਪ੍ਰਤੀਕ ਨੂੰ ਸਮੋਈ ਬੈਠਾ ਹੈ। ਮੁੱਢਲੇ ਰੂਪ ਵਿੱਚ ਤਿੰਨ ਰੰਗ (*Primary Colors*) ਮਿਲਦੇ ਹਨ ਨੀਲਾ, ਪੀਲਾ ਅਤੇ ਲਾਲ। ਇਹਨਾਂ ਤਿੰਨਾਂ ਮੁੱਢਲੇ ਰੰਗਾਂ ਨਾਲ ਹੋਰ ਸਹਾਇਕ ਰੰਗ ਬਣਾਏ ਗਏ, ਜਿਵੇਂ ਨੀਲਾ, ਸੰਤਰੀ ਆਦਿ। ਰੰਗਾਂ ਨੂੰ ਵਿਰੋਧੀ ਜੋੜਿਆਂ ਦੇ ਰੂਪ ਵਿੱਚ ਵੀ ਵਰਤਿਆ ਗਿਆ ਹੈ, ਜਿਵੇਂ ਕਈ ਆਕ੍ਰਿਤੀਆਂ ਦੇ ਹਰੇ ਪਜਾਮੇ ਦੇ ਨਾਲ ਲਾਲ ਰੰਗ ਦੀ ਕੁੜਤੀ ਨੂੰ ਚਿਤਰਿਆ ਗਿਆ ਹੈ। (ਚਿੱਤਰ-39,40)

---

37 **Havell, E.B.** *The Art Heritage of India*, pp- 94-95.

ਮਨੋਵਿਗਿਆਨਕ ਕਾਰਣਾਂ ਦੇ ਆਧਾਰ ’ਤੇ ਵੀ ਰੰਗਾਂ ਦੀ ਵੰਡ ਹੋਈ ਹੈ। ਦੋ ਮੁੱਢਲੇ ਰੰਗਾਂ ਲਾਲ ਅਤੇ ਪੀਲੇ ਦੇ ਮੇਲ ਨਾਲ ਉਹੀ ਵਖਰੇਵਾ ਮਹਿਸੂਸ ਕੀਤਾ ਜਾਂਦਾ ਹੈ ਜੋ ਅੱਗ ਅਤੇ ਰੋਸ਼ਨੀ ਵਿੱਚ ਹੈ। ਅੱਗ ਦਾ ਪ੍ਰਭਾਵ ਸ਼ਰੀਰਕ ਤੌਰ ’ਤੇ ਮਹਿਸੂਸ ਕੀਤਾ ਜਾਂਦਾ ਹੈ ਅਤੇ ਰੋਸ਼ਨੀ ਦਾ ਮਾਨਸਿਕ ਤੌਰ ’ਤੇ, ਜੋ ਸਾਡੀ ਚੇਤਨਾ ’ਤੇ ਅਸਰ ਕਰਦਾ ਹੈ। ਸੰਤਰੀ ਰੰਗ ਜੋ ਦੋਹਾਂ ਦੇ ਮੇਲ ਤੋਂ ਬਣਦਾ ਹੈ, ਦੋਹਾਂ ਦੇ ਗੁਣਾਂ ਦਾ ਪ੍ਰਤੀਕ ਹੈ। ਸੰਤਰੀ ’ਤੇ ਸੁਨਿਹਰੀ ਰੰਗ ਨੂੰ ਮਹਾਨ ਆਤਮ ਦੇ ਬਸਤਰਾਂ ਦੇ ਰੰਗ ਵਜੋਂ ਵੀ ਮਾਨਤਾ ਪ੍ਰਾਪਤ ਹੈ। ਚਿੱਤਰਾਂ ਵਿੱਚ ਬ੍ਰਹਮਾ, ਵਿਸ਼ਨੂੰ ਅਤੇ ਸ਼੍ਰੀ ਕ੍ਰਿਸ਼ਨ ਦੇ ਬਸਤਰ ਕਈਆਂ ਥਾਵਾਂ ਤੇ ਸੁਨਿਹਰੀ ਰੰਗ ਵਿੱਚ ਵਿਖਾਏ ਗਏ ਹਨ। ਇਕ ਜਗ੍ਹਾ ਸ਼੍ਰੀ ਕ੍ਰਿਸ਼ਨ ਨੂੰ ਬਾਲ ਅਵਸਥਾ ਵਿੱਚ ਦਿਖਾਇਆ ਹੈ ਅਤੇ ਉਸ ਦੇ ਸੰਤਰੀ ਸੁਨਿਹਰੀ ਰੰਗ ਦਾ ਚੋਗ਼ਾ ਪਹਿਨਿਆ ਹੋਇਆ ਹੈ (ਚਿੱਤਰ-59, 61, 63, 65, 66, 67, 68, 69, 72, 78, 79)। ਵਿਸ਼ਨੂੰ ਦੇ ਸ਼੍ਰੀ ਕ੍ਰਿਸ਼ਨ ਨੂੰ ਸੁਨਿਹਰੀ ਰੰਗ ਦੇ ਵਸਤਰ ਪਹਿਨੇ ਦਿਖਾਇਆ ਹੈ। ਕਈ ਥਾਵਾਂ ਤੇ ਪ੍ਰਕਾਸ਼ ਮੰਡਲ ਵੀ ਇਸੇ ਰੰਗ ਵਿੱਚ ਬਣਾਇਆ ਗਿਆ ਹੈ। ਸੰਤਰੀ ਰੰਗ ਸੂਰਜ ਅਤੇ ਸੋਨੇ ਦਾ ਰੰਗ ਹੈ, ਜੋ ਦੋ ਮਹਾਨ ਪਦਾਰਥਕ ਅਤੇ ਦੁਨਿਆਵੀ ਸ਼ਕਤੀਆਂ ਹਨ। ਸੂਰਜ ਜੀਵਨ ਦਾ ਸੋਮਾ ਹੈ ਅਤੇ ਸੋਨਾ ਪਦਾਰਥਕ ਸ਼ਕਤੀ ਦਾ ਚਿੰਨ੍ਹ ਹੈ। ਨੀਲਾ ਰੰਗ ਇਸ ਦਾ ਸਹਾਇਕ ਹੈ। ਇਹ ਕੇਵਲ ਇੱਕੋ-ਇੱਕ ਮੁੱਢਲਾ ਨਿਸ਼ਕਿਰਿਆਸ਼ੀਲ ਰੰਗ ਹੈ। ਇਹ ਵਿਸ਼ਰਾਮ, ਸ਼ਾਂਤੀ, ਅਨੇਕਤਾ ਵਿੱਚ ਏਕਤਾ ਪ੍ਰਦਾਨ ਕਰਦਾ ਹੈ। ਇਸਨੂੰ ਵਿਸ਼ਨੂੰ ਦਾ ਰੰਗ ਵੀ ਮੰਨਿਆ ਜਾਂਦਾ ਹੈ। ਵਿਸ਼ਨੂੰ ਦੇ ਅਵਤਾਰ ਸ਼੍ਰੀ ਕ੍ਰਿਸ਼ਨ ਅਤੇ ਸ਼੍ਰੀ ਰਾਮਚੰਦਰ ਦੇ ਸਰੀਰ ਦਾ ਰੰਗ ਨੀਲਾ ਹੀ ਚਿੱਤਰਿਆ ਗਿਆ ਹੈ। (ਚਿੱਤਰ 59, 68, 69, 78, 81, 83, 85, 90, 93, 96)।

ਚਿੱਤਰਾਂ ਵਿੱਚ ਪ੍ਰਯੋਗ ਕੀਤੇ ਗਏ ਰੰਗ ਵਿਸ਼ੇ ਦੇ ਅਨੁਕੂਲ ਹੀ ਹਨ ਅਤੇ ਇਹਨਾਂ ਦਾ ਪ੍ਰਯੋਗ ਪ੍ਰਤੀਕਾਤਮਕ ਰੂਪ ਵਿੱਚ ਕੀਤਾ ਗਿਆ ਹੈ। ਇਹ ਚਿੱਤਰ ਕਿਸੇ ਇੱਕ ਵਿਸ਼ੇ-ਵਸਤੂ ਨਾਲ ਸੰਬੰਧਤ ਨਹੀਂ ਹਨ, ਇਸ ਕਰਕੇ ਚਿੱਤਰਾਂ ਦੇ ਵਿਸ਼ੇ ਵਿੱਚ ਵਿਭਿੰਨਤਾ ਦੇ ਨਾਲ-ਨਾਲ ਰੰਗਾਂ ਵਿੱਚ ਵੀ ਵਿਭਿੰਨਤਾ ਦੇਖਣ ਨੂੰ ਮਿਲਦੀ ਹੈ। ਚਿੱਤਰਾਂ ਵਿੱਚ ਅਧਿਆਤਮਕਤਾ ਨਾਲੋਂ ਜ਼ਿਆਦਾ ਸ਼ਾਹੀ ਠਾਠ-ਬਾਠ ਅਤੇ ਇਤਿਹਾਸਕ ਘਟਨਾਵਾਂ ਦਾ ਚਿੱਤਰਨ ਹੈ, ਜਿਸ ਕਰਕੇ ਚਿੱਤਰਾਂ ਦੇ ਰੰਗ ਬੇਹੱਦ ਚਟਕ ਹਨ। ਲਾਲ ਰੰਗ ਦਾ ਵਿਸ਼ੇਸ਼ ਪ੍ਰਯੋਗ ਆਲੇਖਨਾਂ ਵਿੱਚ ਤਾਂ ਜ਼ਿਆਦਾ ਹੈ ਹੀ ਬਲਕਿ ਆਕ੍ਰਿਤੀਆਂ ਦੇ ਬਸਤਰਾਂ ਵਿੱਚ ਵੀ ਕਾਫ਼ੀ ਹੈ। ਲਾਲ ਰੰਗ ਸ਼ਰੀਰਕ

ਨੇੜਤਾ ਦਰਸਾਉਂਦਾ ਹੈ। ਇਹ ਜੀਵੰਤ ਦੁਨੀਆ ਅਤੇ ਪਸ਼ੂ ਬਿਰਤੀਆਂ ਦਾ ਰੰਗ ਹੈ। ਪੰਜਾਬੀ ਸਭਿਆਚਾਰ ਵਿੱਚ ਲਾਲ ਰੰਗ ਬਹੁਤ ਸਾਰੇ ਸ਼ੁਭ ਕਾਰਜਾਂ ਦੀ ਆਤਮਾ ਹੈ। ਚਿੱਤਰਾਂ ਵਿੱਚ ਇਸ ਦੀ ਉਪਸਥਿਤੀ ਕਿਸੇ ਨਾ ਕਿਸੇ ਰੂਪ ਵਿੱਚ ਜ਼ਰੂਰ ਮਿਲਦੀ ਹੈ। ਛੱਤਾਂ ਤੇ ਕੀਤੀ ਗਈ ਚਿੱਤਰਕਾਰੀ ਵਿੱਚ ਲਾਲ ਅਤੇ ਸੰਤਰੀ ਰੰਗ ਦੀ ਖ਼ਾਸ ਤੌਰ ਤੇ ਪ੍ਰਧਾਨਗੀ ਹੈ। ਚਿੱਤਰ 8,9,10,11,12 ਵਿੱਚ ਲਾਲ ਕਾਲੀਨ ਦੇ ਰੂਪ ਵਿੱਚ ਛੱਤਾਂ ਦੀ ਚਿੱਤਰਕਾਰੀ ਦੇਖੀ ਜਾ ਸਕਦੀ ਹੈ।

ਹਰਾ ਰੰਗ ਬਨਸਪਤੀ ਦਾ ਰੰਗ ਹੈ। ਰਾਧਾ ਕ੍ਰਿਸ਼ਨ ਨਾਲ ਸੰਬੰਧਤ ਚਿੱਤਰਾਂ ਵਿੱਚ ਜਿੱਥੇ ਪ੍ਰਕਿਰਤੀ ਚਿੱਤਰਨ ਹੋਇਆ ਹੈ ਇਸ ਰੰਗ ਦੀ ਖੁੱਲ੍ਹੀ ਵਰਤੋਂ ਕੀਤੀ ਗਈ ਹੈ। ਇਸ ਰੰਗ ਦੀ ਵਰਤੋਂ ਪ੍ਰਕਿਰਤੀ ਚਿੱਤਰਨ ਵਿੱਚ ਵਧੇਰੇ ਕੀਤੀ ਗਈ ਹੈ (ਚਿੱਤਰ 20, 21, 30, 44, 49, 52 ,62, 65, 66, 67, 68, 69, 70, 78, 93)। ਕਈ ਚਿੱਤਰਾਂ ਵਿੱਚ ਪ੍ਰਕਿਰਤੀ ਚਿੱਤਰਨ ਨਾ ਹੋਣ ਕਾਰਨ ਹਰੇ ਰੰਗ ਦੀ ਵਰਤੋਂ ਨਹੀਂ ਕੀਤੀ ਗਈ। ਇਸ ਤੋਂ ਬਿਨਾਂ ਕੇਵਲ ਪ੍ਰਕਿਰਤੀ ਵਾਸਤੇ ਹੀ ਨਹੀਂ ਬਲਕਿ ਹਰੇ ਰੰਗ ਨੂੰ ਬਸਤਰ ਚਿਤਰਨ ਵਿੱਚ ਵੀ ਪ੍ਰਯੋਗ ਕੀਤਾ ਗਿਆ ਹੈ। ਕਿਤੇ ਨਾਇਕਾ ਨੇ ਹਰੇ ਰੰਗ ਦੀ ਚੁੰਨੀ ਜਾਂ ਫਿਰ ਘੱਗਰਾ ਪਹਿਨਿਆ ਹੈ, ਕਿਤੇ ਨਾਇਕ ਨੇ ਹਰੇ ਰੰਗ ਦਾ ਕੁੜਤਾ ਪਹਿਨਿਆ ਹੈ ਪਰ ਇਹ ਪਾਤਰ ਮੁਸਲਮਾਨ ਨਹੀਂ ਹਨ। ਗੁਰਦੁਆਰਾ ਪੋਥੀਮਾਲਾ ਦੇ ਸਾਰੇ ਕੰਧ-ਚਿੱਤਰਾਂ ਦੀ ਪਿੱਠ-ਭੂਮੀ ਵਿੱਚ ਹਰੇ ਜਾਂ ਸਫ਼ੇਦ ਰੰਗ ਦੀ ਵਰਤੋਂ ਹੋਈ ਹੈ।

ਕਾਲਾ ਰੰਗ ਡਰ ਅਤੇ ਮੌਤ ਦਾ ਪ੍ਰਤੀਕ ਹੈ। ਇਸ ਲਈ ਅਕਸਰ ਰਾਕਸ਼ਾਂ ਲਈ ਇਸ ਰੰਗ ਦੀ ਵਰਤੋਂ ਹੁੰਦੀ ਹੈ ਪਰ ਪੋਥੀਮਾਲਾ ਦੇ ਚਿੱਤਰਾਂ ਵਿੱਚ ਰਾਕਸ਼ਾਂ ਲਈ ਕਾਲੇ ਰੰਗ ਦੀ ਘੱਟ ਵਰਤੋਂ ਕੀਤੀ ਗਈ। ਇਹ ਰੰਗ ਜ਼ਿਆਦਾਤਰ ਵਿਅਕਤੀਆਂ ਦੇ ਉਮਰ ਭੇਦ ਲਈ ਵਰਤਿਆ ਗਿਆ ਹੈ। ਇਹਨਾਂ ਚਿੱਤਰਾਂ ਦੀ ਇੱਕ ਹੋਰ ਸ਼੍ਰਿੰਖਲਾ ਜਿਸ ਵਿੱਚ ਸਿੱਖ ਸਰਦਾਰਾਂ ਅਤੇ ਸਿੱਖ ਗੁਰੂਆਂ ਦੇ ਚਿੱਤਰਾਂ ਨੂੰ ਚਿੱਤਰਕਾਰਾਂ ਨੇ ਉਨ੍ਹਾਂ ਦੇ ਗਿਆਨ, ਰੁਤਬੇ ਅਤੇ ਸ਼ਾਨ ਅਨੁਸਾਰ ਬਸਤਰ, ਪਗੜੀਆਂ, ਕਲਗੀਆਂ ਅਤੇ ਅਸਤਰ-ਸ਼ਸਤਰ ਸਹਿਤ ਚਿੱਤਰਤ ਕੀਤਾ ਹੈ। ਇਸ ਲਈ ਗੁੜ੍ਹੇ ਚਟਕ ਅਤੇ ਸ਼ੋਖ਼ ਰੰਗਾਂ ਦਾ ਪ੍ਰਯੋਗ ਕੀਤਾ ਗਿਆ ਹੈ। ਸਿੱਖ ਸਰਦਾਰਾਂ ਦੇ ਚਿੱਤਰ ਰੋਹਬਦਾਰ ਅਤੇ ਚਿਹਰੇ ਦਮਕਦੇ ਦਿਖਾਏ ਗਏ ਹਨ। ਸਿੱਖ ਧਾਰਮਿਕ ਚਿੱਤਰਾਂ ਵਿੱਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਸਪੁੱਤਰਾਂ ਸ੍ਰੀ ਲਖਮੀ ਚੰਦ ਜੀ ਨੂੰ

ਸ਼ਾਹੀ ਠਾਠ-ਬਾਠ ਵਿੱਚ ਅਤੇ ਸ੍ਰੀਚੰਦ ਜੀ ਨੂੰ ਉਨ੍ਹਾਂ ਦੇ ਬੈਰਾਗੀ ਰੂਪ ਵਿੱਚ ਦਿਖਾਉਣ ਲਈ ਉਨ੍ਹਾਂ ਦੀ ਦੇਹ ਨੂੰ ਨੀਲੇ ਰੰਗ ਵਿੱਚ ਚਿੱਤਰਿਆ ਗਿਆ ਹੈ (ਚਿੱਤਰ 22)। ਇਹੀ ਨਹੀਂ, ਦੋਹਾਂ ਨੂੰ ਗੁਰੂ ਜੀ ਦੀ ਸੰਤਾਨ ਅਤੇ ਸੂਝਵਾਨ ਹੋਣ ਕਾਰਨ ਸਿਰ ਪਿੱਛੇ ਪ੍ਰਕਾਸ਼-ਚੱਕਰ ਵੀ ਬਣਾਏ ਗਏ ਹਨ। ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੂੰ ਰਾਜਸੀ ਠਾਠ ਅਤੇ ਉਨ੍ਹਾਂ ਦੇ ਚਾਰੋਂ ਸਾਹਿਬਜ਼ਾਦਿਆਂ ਨੂੰ ਵੀ ਸ਼ਾਹੀ ਪਹਿਰਾਵੇ ਵਿੱਚ, ਸ਼ਸਤਰਾਂ ਨਾਲ ਸਜੇ ਹੋਏ। ਸਿਰ ਪਿੱਛੇ ਪ੍ਰਕਾਸ਼ ਚੱਕਰ ਸਹਿਤ ਦਿਖਾਇਆ ਗਿਆ ਹੈ (ਚਿੱਤਰ 22,31)।

ਹਿੰਦੂ ਮਿਥਿਹਾਸਕ ਚਿੱਤਰਾਂ ਵਿੱਚ ਵੀ ਰੰਗਾਂ ਦਾ ਪ੍ਰਯੋਗ ਚਿੱਤਰਕਾਰਾਂ ਦੁਆਰਾ ਬੜੀ ਸੁਝਬੂਝ ਨਾਲ ਕੀਤਾ ਗਿਆ ਹੈ। ਪ੍ਰਮੁੱਖ ਆਕ੍ਰਿਤੀ ਦੇ ਬਸਤਰਾਂ ਦਾ ਰੂਪ ਅਤੇ ਪ੍ਰਭਾਵ ਬਾਕੀਆਂ ਨਾਲੋਂ ਵਧੇਰੇ ਕਲਾਤਮਕ ਢੰਗ ਨਾਲ ਦਰਸਾਇਆ ਗਿਆ ਹੈ। ਸ਼੍ਰੀ ਕ੍ਰਿਸ਼ਨ ਕਿਉਂਕਿ ਸ਼ਿਆਮ ਦੇ ਨਾਂ ਨਾਲ ਵੀ ਜਾਣੇ ਜਾਂਦੇ ਸਨ, ਇਸ ਲਈ ਕ੍ਰਿਸ਼ਨ ਦੇ ਰੰਗ ਲਈ ਚਿੱਤਰਕਾਰਾਂ ਨੇ ਸਲੇਟੀ ਤੇ ਕਈ ਵਾਰ ਹਲਕੇ ਨੀਲੇ ਰੰਗ ਦੀ ਵਰਤੋਂ ਕੀਤੀ ਹੈ। ਚਿੱਤਰਾਂ ਵਿੱਚ ਕ੍ਰਿਸ਼ਨ ਦੀ ਆਕ੍ਰਿਤੀ ਨੂੰ ਨੀਲੇ ਰੰਗ ਵਿੱਚ ਚਿੱਤਰਿਆ ਹੈ। ਇਹਨਾਂ ਦੇ ਸਿਰ ਤੇ ਮੋਰ ਦੇ ਖੰਭਾਂ ਵਾਲਾ ਮੁਕਟ ਅਤੇ ਬੰਸਰੀ ਜ਼ਰੂਰ ਹੁੰਦੀ ਹੈ। ਇਹਨਾਂ ਚਿੱਤਰਾਂ ਵਿੱਚ ਪਿੱਠ-ਭੂਮੀ ਵਿੱਚ ਪ੍ਰਕਿਰਤੀ ਚਿੱਤਰਣ ਵੀ ਇੱਕ ਅਹਿਮ ਤੇ ਜ਼ਰੂਰੀ ਵਿਸ਼ਾ ਹੈ। ਪ੍ਰਕਿਰਤਕ ਚਿੱਤਰਨ ਦੀ ਚਿੱਤਰ ਵਿਚਲੇ ਵਿਸ਼ੇ ਨਾਲ ਇਕ ਡੂੰਘੀ ਸਾਂਝ ਹੈ। ਪ੍ਰਕਿਰਤਕ ਵਾਤਾਵਰਨ ਵੀ ਚਿੱਤਰ ਵਿਚਲੇ ਨਾਇਕ-ਨਾਇਕਾਂ ਦੀਆਂ ਮਨੋਭਾਵਨਾਵਾਂ ਨੂੰ ਵਧੇਰੇ ਤੀਬਰ ਰੂਪ ਵਿੱਚ ਉਘਾੜਦਾ ਹੈ। ਚਿੱਤਰਾਂ ਵਿਚਲੀਆਂ ਕਾਲੀਆਂ ਘਟਾਵਾਂ ਨੂੰ ਚਿੱਤਰਣ ਲਈ ਹਲਕੇ ਕਾਲੇ ਰੰਗ ਦੀ ਵਰਤੋਂ ਕੀਤੀ ਹੈ। ਇਹਨਾਂ ਚਿੱਤਰਾਂ ਵਿੱਚ ਪ੍ਰਤੀਕਾਤਮਕ ਅਰਥਾਂ ਦਾ ਸੰਚਾਰ ਕਰਨ ਵਿੱਚ ਪੂਰੀ ਤਰ੍ਹਾਂ ਸਫਲ ਰਿਹਾ ਹੈ। ਇਹਨਾਂ ਕੰਧ-ਚਿੱਤਰਕਾਰਾਂ ਨੇ ਚਿੱਤਰਾਂ ਵਿੱਚ ਵਰਤੇ ਸਾਰੇ ਰੰਗਾਂ ਨੂੰ ਦੁਹਰਾਇਆ ਵੀ ਹੈ। ਇਹ ਦੁਹਰਾਉ ਸਾਰੇ ਚਿੱਤਰਾਂ ਵਿੱਚ ਦੇਖਣ ਨੂੰ ਮਿਲਦਾ ਹੈ, ਜਿਸ ਨਾਲ ਰੰਗਾਂ ਵਿੱਚ ਸੰਤੁਲਨ ਪੈਦਾ ਹੁੰਦਾ ਹੈ ਅਤੇ ਇਸ ਨਾਲ ਚਿੱਤਰ ਵਿੱਚ ਲੈਅ ਪੈਦਾ ਹੁੰਦੀ ਹੈ। ਚਿੱਤਰਾਂ ਵਿੱਚ ਸੁਹਜ ਸਿਰਜਣਾ ਲਈ ਲੈਅ ਦਾ ਹੋਣਾ ਬਹੁਤ ਜਰੂਰੀ ਹੈ। ਇਹ ਰੇਖਾਵਾਂ ਦੇ ਸੰਤੁਲਨ ਅਤੇ ਵਿਸ਼ੇ ਵਿੱਚ ਵਿੱਦਮਾਨ ਰਹਿੰਦੀ ਹੈ। ਚਿੱਤਰ ਦੀ ਰੰਗ-ਯੋਜਨਾ ਵੀ ਚਿੱਤਰ ਵਿੱਚ ਲੈਅ ਨੂੰ ਉਜਾਗਰ ਕਰਦੀ ਹੈ।

ਕੰਧ-ਚਿੱਤਰਾਂ ਵਿੱਚ ਦਿਨ ਦੇ ਪਹਿਰ ਅਤੇ ਗ੍ਰਹਿਆਂ ਨੂੰ ਦਰਸਾਉਣ ਲਈ ਛਾਂ ਅਤੇ ਪ੍ਰਕਾਸ਼ ਦਾ ਪ੍ਰਯੋਗ ਅਤੇ ਰੰਗਾਂ ਦੀ ਤਾਨ (*tone*) ਦਾ ਵੀ ਪ੍ਰਯੋਗ ਕੀਤਾ ਗਿਆ ਹੈ, ਜਿਵੇਂ ਕਿ ਕ੍ਰਿਸ਼ਨ ਚੰਦ ਖਿਲੌਣਾ ਮੰਗਦੇ ਹਨ (ਚਿੱਤਰ 73)। ਰਾਤ ਦੇ ਚਿੱਤਰਨ ਲਈ ਨੀਲੇ ਅਤੇ ਸਲੇਟੀ ਰੰਗ ਦਾ ਪ੍ਰਯੋਗ ਕੀਤਾ ਗਿਆ ਹੈ। ਛਾਂ ਅਤੇ ਪ੍ਰਕਾਸ਼ ਦੇ ਨਾਲ ਨਾਲ ਰੰਗਾਂ ਦੀ ਤਾਨ ਦਾ ਪ੍ਰਯੋਗ ਆਕ੍ਰਿਤੀਆਂ ਦੇ ਚਿੱਤਰਨ ਵਸਤਰਾਂ ਦੀਆਂ ਸਿਲਵਟਾਂ ਵਿੱਚ ਵੀ ਹੋਇਆ ਹੈ। ਆਕ੍ਰਿਤੀਆਂ ਨੂੰ ਬੇਸ਼ਕ ਉਭਾਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ ਪ੍ਰੰਤੂ ਫਿਰ ਵੀ ਕਿਤੇ-ਕਿਤੇ ਹਲਕੇ ਗੂੜ੍ਹੇ ਰੰਗ ਨਾਲ ਗੋਲਾਈ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਤਿੰਨ ਆਯਾਮੀ (*Three dimenssional*) ਦਿਖਾਉਣ ਲਈ ਭਵਨ ਦੀਆਂ ਖਿੜਕੀਆਂ ਅਤੇ ਦਰਵਾਜ਼ਿਆਂ ’ਤੇ ਗਹਿਰੇ ਰੰਗਾਂ ਦੁਆਰਾ ਗਹਿਰਾਈਆਂ ਦਿਖਾਉਣ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਬਿਨਾਂ ਥੰਮ੍ਹਲਿਆਂ ’ਤੇ ਵੀ ਚਿੱਤਰਕਾਰੀ ਨਾਲ ਹੀ ਉਨ੍ਹਾਂ ਨੂੰ ਗੋਲਾਈਆਂ ਅਤੇ ਆਕਾਰ ਦਿੱਤਾ ਗਿਆ ਹੈ। ਚਿੱਤਰਕਾਰ ਨੇ ਚਿੱਤਰਾਂ ਵਿੱਚ ਘਟਨਾ ਦੇ ਪ੍ਰਮੁੱਖ ਪਾਤਰ ਨੂੰ ਚਿੱਤਰ ਦੇ ਵਿੱਚੋ-ਵਿੱਚ ਦਿਖਾਇਆ ਹੈ ਤਾਂ ਕਿ ਦੇਖਣ ਵਾਲੇ ਦੀ ਦ੍ਰਿਸ਼ਟੀ ਪ੍ਰਮੁੱਖ ਪਾਤਰ ਤੇ ਹੀ ਇਕਾਗਰ ਹੋਏ।

### ਰੇਖਾਤਮਕ ਸੁੰਦਰਤਾ (Liner Beauty)[38]

ਰੇਖਾ, ਰੂਪ ਆਕਾਰ ਦਾ ਨਿਰਮਾਣ ਕਰਦੀ ਹੋਈ ਬੜੀ ਹੀ ਸੂਖਮਤਾ ਨਾਲ ਚਿੱਤਰ ਨੂੰ ਸਰਵਸ਼੍ਰੇਸ਼ਟ ਬਣਾ ਦਿੰਦੀ ਹੈ। ਚਿੱਤਰ ਵਿੱਚ ਰੇਖਾਵਾਂ ਆਪਣਾ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਰੇਖਾਂਕਣ ਇੱਕ ਸੰਪੂਰਨ ਸ਼ਾਸਤਰ ਹੈ। ਪ੍ਰਾਚੀਨ ਉਦਾਹਰਣ ਸਪੱਸ਼ਟ ਕਰਦੇ ਹਨ ਕਿ ਰੇਖਾਂਕਣ ਦੇ ਆਧਾਰ ’ਤੇ ਹੀ ਚਿੱਤਰ-ਲਿਪੀ, ਪ੍ਰਤੀਕਾਂ ਤੇ ਰੰਗਾਂ ਦਾ ਜਨਮ ਹੋਇਆ।[39] ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਰੇਖਾਵਾਂ ਦਾ ਪ੍ਰਯੋਗ ਸੁੰਦਰ ਅਤੇ ਲੈਆਤਮਕ ਹੈ। ਚਿੱਤਰ ਰਚਨਾ ਵਿੱਚ ਸਭ ਤੋਂ ਜ਼ਿਆਦਾ ਮਹੱਤਵ ਰੇਖਾ ਦਾ ਹੈ ਅਤੇ ਇਹ ਕੰਧ-ਚਿੱਤਰਾਂ ਨੂੰ ਪ੍ਰਾਣ ਬਖਸ਼ਦੀ ਹੈ। ਭਾਰਤੀ ਕਲਾ ਵਿੱਚ ਤਾਂ ਅਰੰਭ ਤੋਂ ਆਕ੍ਰਿਤੀ ਦੀ ਜਿੰਦ-ਜਾਨ ਰੇਖਾ ਨੂੰ ਮੰਨਿਆ ਗਿਆ ਹੈ। ਵਾਸਤਵ ਵਿੱਚ ਪ੍ਰਕਿਰਤੀ ਵਿੱਚ ਰੇਖਾ ਨਹੀਂ ਹੁੰਦੀ ਪਰ ਚਿੱਤਰਾਂ ਵਿੱਚ ਚਿੱਤਰਕਾਰ ਨੇ ਰੇਖਾਵਾਂ ਦਾ ਵਿਕਾਸ ਕਰ ਕੇ ਸਿਰਫ਼ ਆਕਾਰਾਂ ਨੂੰ ਹੀ ਸੀਮਾਬੱਧ ਨਹੀਂ ਕੀਤਾ, ਬਲਕਿ ਉਸ ਵਿੱਚ ਗਤੀ, ਲੈਅ ਅਤੇ ਠੋਸਪਨ ਦੀ ਅਭਿਵਿਅਕਤੀ ਵੀ ਕੀਤੀ ਹੈ।

---

38 **ਚਮਨ, ਸਰੋਜ (ਡਾ.)** (1997). *ਸੌਂਦਰਯ ਸ਼ਾਸਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ., ਪਟਿਆਲਾ, ਪੰਨਾ-36.
39 ਉਹੀ, ਪੰਨਾ-41.

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਪਸ਼ੂ-ਪੰਛੀਆਂ, ਪ੍ਰਕਿਰਤੀ, ਅਤੇ ਨਾਇਕ-ਨਾਇਕਾ ਦੀਆਂ ਵੱਖੋ-ਵੱਖਰੀਆਂ ਮੁਦਰਾਵਾਂ ਵਿੱਚ ਰੇਖਾਵਾਂ ਪ੍ਰਦਰਸ਼ਿਤ ਕੀਤੀ ਗਈਆਂ ਹਨ। ਇਸ ਤੋਂ ਬਿਨਾਂ ਨਦੀ ਦੀਆਂ ਲਹਿਰਾਂ ਵਾਸਤੇ ਅਤੇ ਬੱਦਲਾਂ ਦੀ ਕਾਲੀ ਘਟਾਵਾਂ ਨੂੰ ਲੈਆਤਮਕ ਰੇਖਾਵਾਂ ਵਿੱਚ ਜਿਸ ਤਰ੍ਹਾਂ ਪ੍ਰਦਰਸ਼ਿਤ ਕੀਤਾ ਹੈ, ਸਾਰੇ ਚਿੱਤਰ ਵਿੱਚ ਨਜ਼ਰ ਘੁੰਮ ਜਾਂਦੀ ਹੈ (ਚਿੱਤਰ 63, 66, 69, 70, 93, 113)।

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਕਿਤੇ-ਕਿਤੇ ਅਜਿਹੀਆਂ ਰੇਖਾਵਾਂ ਦਾ ਵੀ ਵਿਕਾਸ ਦੇਖਣ ਨੂੰ ਮਿਲਦਾ ਹੈ ਜੋ ਵਾਸਤਵ ਵਿੱਚ ਅੰਕਿਤ ਤਾਂ ਨਹੀਂ ਹੈ ਪ੍ਰੰਤੂ ਉਨ੍ਹਾਂ ਦਾ ਆਭਾਸ ਜ਼ਰੂਰ ਹੁੰਦਾ ਹੈ। ਇਹ ਰੇਖਾਵਾਂ ਆਕ੍ਰਿਤੀਆਂ ਦੀ ਸਥਿਤੀ ਅਤੇ ਮੁਦਰਾਵਾਂ ਵਿੱਚ ਅੰਕਿਤ ਹਨ। ਕਈ ਵਾਰ ਆਕ੍ਰਿਤੀਆਂ ਦੇ ਸਮੂਹ ਅਤੇ ਪਸ਼ੂਆਂ ਨੂੰ ਇਸ ਪ੍ਰਕਾਰ ਚਿੱਤਰਤ ਕੀਤਾ ਗਿਆ ਹੈ ਕਿ ਉਨ੍ਹਾਂ ਵਿੱਚ ਇੱਕ ਏਕਤਾ ਅਤੇ ਲੈਅ ਨਜ਼ਰ ਆਉਂਦੀ ਹੈ, ਜਿਸ ਕਰਕੇ ਉਹ ਇੱਕ ਰੇਖਾ ਪ੍ਰਵਾਹ ਵਿੱਚ ਬੰਨ੍ਹੇ ਜਾਂਦੇ ਹਨ (ਚਿੱਤਰ 30)। ਰੇਖਾਵਾਂ ਦਾ ਪ੍ਰਯੋਗ ਕੇਵਲ ਆਕ੍ਰਿਤੀਆਂ ਦੇ ਆਕਾਰਾਂ ਨੂੰ ਉਭਾਰਨ ਲਈ ਹੀ ਨਹੀਂ ਸਗੋਂ ਪਾਤਰਾਂ ਦੇ ਵਸਤਰਾਂ ਦੀਆਂ ਸਿਲਵਟਾਂ ਨੂੰ ਦਰਸਾਉਣ ਲਈ ਵੀ ਹੋਇਆ ਹੈ। ਚਿੱਤਰਾਂ ਵਿੱਚ ਰੇਖਾਵਾਂ ਦਾ ਜੋ ਸਹੀ ਰੂਪ ਪ੍ਰਦਰਸ਼ਿਤ ਹੋਇਆ ਹੈ ਉਹ ਚਿੱਤਰਾਂ ਦੇ ਭਾਵਾਂ ਨੂੰ ਪ੍ਰਦਰਸ਼ਿਤ ਕਰਨ ਵਿੱਚ ਵੀ ਸਫਲ ਹੋਇਆ ਹੈ। ਇਹਨਾਂ ਕੰਧ-ਚਿੱਤਰਾਂ ਨੂੰ ਬਣਾਉਣ ਤੋਂ ਪਹਿਲਾਂ ਖ਼ਾਕਾ ਤਿਆਰ ਕੀਤਾ ਜਾਂਦਾ। ਫਿਰ ਰੰਗਾਂ ਨਾਲ ਅੰਤਿਮ ਛੁਹ ਦਿੱਤੀ ਜਾਂਦੀ। ਸਪੱਸ਼ਟ ਹੈ ਕਿ ਚਿੱਤਰਕਲਾ ਦਾ ਪ੍ਰਾਰੰਭਿਕ ਮਹੱਤਵਪੂਰਨ ਤੱਤ ਰੇਖਾਂਕਰਣ ਹੀ ਹੈ। ਰੇਖਾਵਾਂ ਦੁਆਰਾ ਹੀ ਕਲਾਕਾਰ ਚਿੱਤਰ ਵਿੱਚ ਲੈਅ, ਠੋਸ ਆਕਾਰਾਂ ਦੀ ਰਚਨਾ ਅਤੇ ਵਿਸ਼ਾ-ਵਸਤੂ ਨੂੰ ਉਭਾਰਨ ਵਿੱਚ ਸਫਲ ਹੋ ਸਕਦਾ ਹੈ। ਪ੍ਰਾਚੀਨ ਭਾਰਤੀ ਚਿੱਤਰਕਲਾ ਵਿੱਚ ਰੇਖਾ ਦਾ ਮੁੱਖ ਸਥਾਨ ਰਿਹਾ ਹੈ। ਚਿੱਤਰਕਾਰ ਜੋ ਆਕ੍ਰਿਤੀ ਕਲਪਨਾ ਵਿੱਚ ਲਿਆਂਦਾ ਹੈ, ਰੇਖਾ ਉਸਨੂੰ ਅੰਕਿਤ ਕਰਦੀ ਹੈ।

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੀਆਂ ਇਹਨਾਂ ਰੇਖਾਵਾਂ ਨੂੰ ਵਿਸ਼ੇ ਅਨੁਸਾਰ ਕੋਮਲ ਚਿੱਤਰਿਆ ਹੈ। ਚਿੱਤਰਾਂ ਵਿੱਚ ਇਹ ਕੋਮਲਤਾ, ਰੇਖਾਵਾਂ ਵਿੱਚ ਗਤੀਸ਼ੀਲਤਾ, ਸੁਭਾਵਿਕਤਾ ਇੰਝ ਪ੍ਰਦਾਨ ਕਰਦੀਆਂ ਹਨ ਕਿ ਚਿੱਤਰ ਜੀਵੰਤ ਪ੍ਰਤੀਤ ਹੁੰਦੇ ਹਨ ਅਤੇ ਘਟਨਾ ਅੱਖਾਂ ਸਾਹਮਣੇ ਘਟਦੀ ਪ੍ਰਤੀਤ ਹੁੰਦੀ ਹੈ, ਜਿਵੇਂ ਸ੍ਰੀ ਕ੍ਰਿਸ਼ਨ ਦੇ ਵਿਆਹ ਸੰਬੰਧੀ ਚਿੱਤਰ, ਕ੍ਰਿਸ਼ਨ ਲੀਲ੍ਹਾਵਾਂ ਵਾਲੇ ਚਿੱਤਰ, ਚਾਰ ਸਾਹਿਬਜ਼ਾਦਿਆਂ ਦਾ ਚਿੱਤਰ, ਗੁਰੂ ਗੋਬਿੰਦ ਸਿੰਘ ਜੀ

ਆਪਣੇ ਸਿੱਖਾਂ ਨਾਲ, ਕ੍ਰਿਸ਼ਨ ਜਨਮ, ਆਦਿ। ਹੱਥਾਂ ਦੀਆਂ ਮੁਦਰਾਵਾਂ ਨੂੰ ਕੋਮਲ ਰੇਖਾਵਾਂ ਦੁਆਰਾ ਚਿੱਤਰਿਆ ਗਿਆ ਹੈ। ਵਿਸ਼ੇ ਅਨੁਸਾਰ ਇਹਨਾਂ ਚਿੱਤਰਾਂ ਵਿੱਚ ਰੇਖਾਵਾਂ ਨੂੰ ਮੋਟੀ, ਪਤਲੀ, ਸਿੱਧੀ, ਟੇਢੀ, ਲੰਮੀ, ਘੁਮਾਵਦਾਰ ਅਤੇ ਲਹਿਰਦਾਰ ਰੂਪ ਵਿੱਚ ਸਫਲਤਾ ਨਾਲ ਪ੍ਰਯੋਗ ਕੀਤਾ ਗਿਆ ਹੈ। ਚਿੱਤਰ ਨੰ 63 ਤੇ 113 ਵਿੱਚ ਬੱਦਲਾਂ ਲਈ ਘੁਮਾਵਦਾਰ, ਨਦੀ ਦੇ ਪਾਣੀ ਦੇ ਲਈ ਲਹਿਰਦਾਰ ਅਤੇ ਭਾਵਨਾਵਾਂ ਆਦਿ ਲਈ ਸਿੱਧੀਆਂ ਅਤੇ ਕੋਣ ਵਾਲੀਆਂ ਰੇਖਾਵਾਂ ਦਾ ਪ੍ਰਯੋਗ ਕੀਤਾ ਗਿਆ ਹੈ। ਸੋ, ਸਪੱਸ਼ਟ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਇਹਨਾਂ ਕੰਧ-ਚਿੱਤਰਾਂ ਵਿੱਚ ਭਰਪੂਰ ਗਤੀ ਦਿਖਾਈ ਦਿੰਦੀ ਹੈ ਅਤੇ ਇਹ ਗਤੀ ਚਿੱਤਰਾਂ ਨੂੰ ਸੁੰਦਰਤਾ ਅਤੇ ਸੁਭਾਵਿਕਤਾ ਪ੍ਰਦਾਨ ਕਰਦੀ ਹੈ।

**ਬਣਤਰ (Texture)[40]**

ਬਣਤਰ ਚਿੱਤਰ ਦੀ ਸਰੰਚਨਾ ਦਾ ਬੁਨਿਆਦੀ ਗੁਣ ਹੈ। ਇਸ ਦੇ ਪ੍ਰਭਾਵ ਨੂੰ ਸਪੱਰਸ਼ ਅਤੇ ਦ੍ਰਿਸ਼ਟੀ ਦੋਵੇਂ ਤਰੀਕੇ ਨਾਲ ਗ੍ਰਹਿਣ ਕੀਤਾ ਜਾ ਸਕਦਾ ਹੈ ਕਿ ਇਹ ਕਿਸੇ ਵੀ ਸਤਹਿ ਦੀ ਉਹ ਵਿਸ਼ੇਸ਼ਤਾ ਹੈ ਜਿਸਦਾ ਗਿਆਨ ਸਾਨੂੰ ਛੂਹ ਕੇ ਜਾ ਇਹ ਵੇਖਕੇ ਹੁੰਦਾ ਹੈ। ਸਰੰਚਨਾ ਦੇ ਅਧਾਰ 'ਤੇ ਹਰੇਕ ਸਤਿਹ ਨੂੰ ਆਂਤਰਿਕ ਅਤੇ ਬਾਹਰੀ ਬਣਤਰ ਦੋ ਹਿੱਸਿਆ ਵਿੱਚ ਵੰਡਿਆ ਜਾ ਸਕਦਾ ਹੈ।

ਆਂਤਰਿਕ ਬਣਾਵਟ ਪਦਾਰਥਗਤ ਵਿਸ਼ੇਸ਼ਤਾ ਹੈ।ਜਿਸ ਦੀ ਰਚਨਾ ਦਾ ਆਧਾਰ ਨਿਰਮਾਣ ਪਦਾਰਥ ਦੇ ਤੱਤਾਂ ਦੇ ਸੰਯੋਜਨ ਤੇ ਨਿਰਭਰ ਹੁੰਦਾ ਹੈ। ਵਸਤੂ ਦੀ ਅੰਦਰੂਨੀ ਬਣਾਵਟ ਬਾਹਰੀ ਬਣਾਵਟ ਨੂੰ ਪ੍ਰਭਾਵਿਤ ਕਰਦੀ ਹੈ ਪਰ ਰਚਨਾਕਾਰ ਵਸਤੂ ਨੂੰ ਆਪਣੀ ਸਮਝ ਅਨੁਸਾਰ ਪ੍ਰਯੋਗ ਕਰਦਾ ਹੈ। ਅਜਿਹਾ ਕਰਨ ਨਾਲ ਪਦਾਰਥਾਂ ਦੇ ਮੂਲ ਗੁਣ ਬਾਹਰੀ ਰੂਪ ਵਿੱਚ ਬਦਲ ਜਾਂਦੇ ਹਨ।[41] ਗੁਰਦੁਆਰਾ ਪੋਥੀਮਾਲਾ ਦੇ ਇਹਨਾਂ ਕੰਧ-ਚਿੱਤਰਾਂ ਲਈ ਇਮਾਰਤ ਦੀਆਂ ਕੰਧਾਂ ਨੂੰ ਪ੍ਰਯੋਗ ਕੀਤਾ ਗਿਆ ਜਿਨ੍ਹਾਂ ਉੱਪਰ ਖਣਿਜ ਰੰਗਾਂ ਨੂੰ ਚੂਨੇ ਦੇ ਪਾਣੀ ਵਿੱਚ ਮਿਲਾ ਕੇ ਪ੍ਰਯੋਗ ਕੀਤਾ ਗਿਆ ਹੈ। ਕਈ ਚਿੱਤਰਾਂ ਵਿੱਚ ਗੂੜ੍ਹੇ ਰੰਗ ਅਤੇ ਮੋਟੇ ਰੰਗ ਲਗਾਏ ਗਏ ਹਨ ਜਿਸ ਕਰਕੇ ਕਈ ਚਿੱਤਰਾਂ ਦੀ ਬਣਤਰ ਵਿੱਚ ਉਹ ਉੱਭਰਵੇ ਨਜ਼ਰ ਆਉਂਦੇ ਹਨ। ਮਾਨਵ ਆਕ੍ਰਿਤੀਆਂ ਦੇ ਵਸਤਰਾਂ ਦੀਆਂ ਸਿਲਵਟਾਂ, ਪਾਣੀ ਦੀਆਂ ਲਹਿਰਾਂ, ਦਰੱਖ਼ਤਾਂ ਦੇ ਤਲੇ, ਭਵਨ ਅਤੇ ਪ੍ਰਕਿਰਤੀ ਆਦਿ ਹਰ ਚੀਜ਼ ਦੀ ਬਣਤਰ ਨੂੰ ਰੰਗਾਂ ਅਤੇ

40 **ਚਮਨ., ਸਰੋਜ. (ਡਾ.)** (1997)**.** *ਸੋਂਦਰਯ ਸ਼ਾਸਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ.,ਪਟਿਆਲਾ, ਪੰਨਾ-50.

41 ਉਹੀ, ਪੰਨਾ-55.

ਰੇਖਾਵਾਂ ਦੁਆਰਾ ਦਿਖਾਇਆ ਗਿਆ ਹੈ। ਬੇਸ਼ਕ ਇਹਨਾਂ ਚਿੱਤਰਾਂ ਦਾ ਸੰਬੰਧ ਦ੍ਰਿਸ਼ਟੀ ਨਾਲ ਹੈ, ਜੋ ਦੇਖ ਕੇ ਮਹਿਸੂਸ ਕੀਤਾ ਜਾ ਸਕਦਾ ਹੈ। (*Visual Texture*) ਬਣਤਰ ਦੋ ਪ੍ਰਕਾਰ ਦੀ ਮੰਨੀ ਗਈ ਹੈ, ਇਕ ਬਣਤਰ (*Texture*) ਨੂੰ ਛੂਹ ਕੇ (*Tactile Texture)* ਅਤੇ ਦੂਜੇ ਨੂੰ ਦੇਖ ਕੇ *(Visual Texture)*[42] ਮਹਿਸੂਸ ਕੀਤਾ ਜਾ ਸਕਦਾ ਹੈ। ਗੁਰਦੁਆਰਾ ਪੋਥੀਮਾਲਾ ਦੇ ਕੰਧ ਚਿੱਤਰਾਂ ਨੂੰ ਦੇਖ ਕੇ ਸੱਪਸ਼ਟ ਹੋ ਜਾਂਦਾ ਹੈ ਕਿ ਇਹਨਾਂ ਵਿੱਚ *(Illusionary, Copied Textures)* ਦਾ ਪ੍ਰਯੋਗ ਕੀਤਾ ਗਿਆ ਹੈ। ਪ੍ਰਕਿਰਤੀ ਦਾ ਰੰਗਾਂ ਅਤੇ ਬੁਰਸ਼ਾਂ ਨਾਲ ਧਰਾਤਲ ਤੇ ਇਸਦਾ ਹੂ-ਬ-ਹੂ ਚਿੱਤਰਨ ਕੀਤਾ ਜਾਂਦਾ ਹੈ। ਇਹਨਾਂ ਕੰਧ-ਚਿੱਤਰਾਂ ਵਿੱਚ ਮਾਨਵ ਆਕ੍ਰਿਤੀਆਂ ਵਿੱਚ ਵਸਤਰਾਂ ਦੇ ਟੈਕਸਚਰ ਨੂੰ ਬਾਖ਼ੂਬੀ ਚਿੱਤਰਿਆ ਹੈ। ਇਹਨਾਂ ਦੇ ਗਹਿਣਿਆਂ ਦਾ ਚਿੱਤਰਨ ਬਾਕੀ ਚਿੱਤਰ ਨਾਲੋਂ ਥੋੜ੍ਹਾ ਉੱਭਰਵਾਂ ਹੈ। ਨਾਰੀਆਂ ਦੇ ਚਿੱਤਰਨ ਵਿੱਚ ਇਹ ਸਾਫ਼ ਨਜ਼ਰ ਆਉਂਦਾ ਹੈ ਅਤੇ ਇਹਨਾਂ ਨੂੰ ਛੱਡ ਕੇ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਕਈ ਚਿੱਤਰਾਂ ਵਿੱਚ ਦਰੱਖ਼ਤਾਂ ਦੇ ਤਨਿਆਂ ਨੂੰ ਮੋਟੇ ਰੰਗਾਂ ਨਾਲ ਚਿੱਤਰ ਦੇ ਹੂ-ਬ-ਹੂ ਚਿੱਤਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਜਿਸ ਵਿੱਚ ਚਿੱਤਰਕਾਰ ਸਫਲ ਵੀ ਹੋਇਆ ਹੈ।

**ਇੱਕ ਚਸ਼ਮ ਅਤੇ ਦੋ ਚਸ਼ਮ ਚਿਹਰੇ (One Sided or Two Sided Faces)**

ਕਾਂਗੜਾ ਸਿੱਖ ਸ਼ੈਲੀ ਵਿੱਚ ਜ਼ਿਆਦਾਤਰ ਆਕ੍ਰਿਤੀਆਂ ਦੇ ਚਿਹਰੇ ਇੱਕ ਚਸ਼ਮ[43] ਬਣਾਏ ਗਏ ਹਨ ਪਰ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਇੱਕ ਚਸ਼ਮ ਦੇ ਨਾਲ-ਨਾਲ ਦੋ ਚਸ਼ਮ[44] ਚਿਹਰਿਆਂ ਨੂੰ ਵੀ ਬਾਖ਼ੂਬੀ ਚਿੱਤਰਿਆ ਗਿਆ ਹੈ। ਮੁਗ਼ਲ ਚਿੱਤਰਾਂ ਵਿੱਚ ਮਾਨਵ ਆਕ੍ਰਿਤੀਆਂ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਚਿੱਤਰਿਆ ਗਿਆ ਹੈ।[45] ਜਿਨ੍ਹਾਂ ਵਿੱਚ ਸਨਮੁੱਖ ਚਿਹਰਾ (ਦੋ ਚਸ਼ਮ), ਪੌਣੇ ਦੋ ਚਸ਼ਮ[46] *(three quarter view*), ਢੇਡ ਚਸ਼ਮ[47] *(One and a half View)*, ਸਵਾ ਚਸ਼ਮ[48] *(One and a quarter View)*, ਉਲਟਾ

---

42 **Jaswanni., K.K.** (1966). *Appreciation of Art*, Atma Ram & Sons, Delhi First Edition, p. 34.

43 ਇੱਕ ਚਸ਼ਮ (Profile) ਇਸ ਪੋਜ਼ ਵਿੱਚ ਚਿਹਰੇ ਦਾ ਅੱਧਾ ਹਿੱਸਾ ਨਜ਼ਰ ਆਉਂਦਾ ਹੈ ਸੱਜੇ ਪਾਸੇ ਨੂੰ 'ਦਾਹੀਨੀ ਇੱਕ ਚਸ਼ਮ' ਅਤੇ ਖੱਬੇ ਪਾਸੇ ਨੂੰ 'ਬਾਈਂ ਇੱਕ ਚਸ਼ਮ' ਕਿਹਾ ਜਾਂਦਾ ਹੈ।

44 ਦੋ ਚਸ਼ਮ (ਸਨਮੁੱਖ ਚਿਹਰਾ) ਇਸ ਵਿੱਚ ਪੂਰਾ ਚਿਹਰਾ ਨਜ਼ਰ ਆਉਂਦਾ ਹੈ।

45 **Chandra., Moti.** (1949). *The Technique of Mugal Painting*, The UP Historical Society, Provincial Museum, Lucknow.

46 ਪੌਣੇ ਦੋ ਚਸ਼ਮ ਵਿੱਚ ਚਿਹਰੇ ਦਾ ਇੱਕ ਪਾਸਾ ਪੂਰਾ ਅਤੇ ਦੂਜਾ ਤਿੰਨ ਚੋਥਾਈ ਭਾਗ ਨਜ਼ਰ ਆਉਂਦਾ ਹੈ।

47 ਡੇਢ ਚਸ਼ਮ ਵਿੱਚ ਚਿਹਰੇ ਦਾ ਇੱਕ ਪਾਸਾ ਪੂਰਾ ਅਤੇ ਦੂਜੀ ਗਲ੍ਹ ਦਾ ਅੱਧਾ ਹਿੱਸਾ ਨਜ਼ਰ ਆਉਂਦਾ ਹੈ।

48 ਇਸ ਵਿੱਚ ਚਿਹਰੇ ਦਾ ਇੱਕ ਪਾਸਾ ਪੂਰਾ ਅਤੇ ਦੂਜਾ ਇੱਕ ਚੌਥਾਈ ਨਜ਼ਰ ਆਉਂਦਾ ਹੈ।

ਚਿਹਰਾ[49] *(The back view)*। ਬੇਸ਼ਕ ਦੋ ਚਸ਼ਮ ਵਿੱਚ ਬਣਾਏ ਬੇਹਤਰੀਨ ਚਿੱਤਰਾਂ ਦੀ ਗਿਣਤੀ ਘੱਟ ਨਹੀਂ ਹੈ ਪਰ ਫਿਰ ਵੀ ਇੱਕ ਚਸ਼ਮ ਮੂਰਤਾਂ ਦਾ ਜ਼ਿਆਦਾ ਬੋਲਬਾਲਾ ਸੀ।[50] ਇਤਿਹਾਸ ਦੀ ਜਾਣੀਆਂ ਪਛਾਣੀਆਂ ਹਸਤੀਆਂ ਨੂੰ ਬੜੇ ਸੁਚੱਜੇ ਢੰਗ ਨਾਲ ਚਿੱਤਰਿਆ ਗਿਆ ਹੈ। ਇਹਨਾਂ ਤੋਂ ਬਿਨ੍ਹਾਂ ਕਈ ਅਜਿਹੀਆ ਮੂਰਤਾਂ ਵੀ ਹਨ ਜਿਹਨਾਂ ਨੂੰ ਚਿੱਤਰਕਾਰਾਂ ਨੇ ਆਪਣੀ ਯੋਗਤਾ ਅਨੁਸਾਰ ਚਿੱਤਰਿਆ ਹੈ ਪ੍ਰੰਤੂ ਇਹਨਾਂ ਦੀ ਪਛਾਣ ਨਹੀਂ ਹੋ ਸਕੀ। ਇਹਨਾਂ ਮੂਰਤਾਂ ਨੂੰ ਸਫ਼ੇਦ ਰੰਗ ਦੀ ਸਾਦੀ ਪਿੱਠ ਭੂਮੀ ਤੇ ਬਣਾਇਆ ਗਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਪੁੱਤਰਾਂ ਸ੍ਰੀ ਚੰਦ ਜੀ ਅਤੇ ਲੱਖਮੀ ਚੰਦ ਜੀ ਨਾਲ ਵਾਰਤਾਲਾਪ ਦੇ ਚਿੱਤਰ ਵਿੱਚ ਪੌਣੇ ਦੋ ਚਸ਼ਮ ਵਿੱਚ ਚਿੱਤਰਿਆ ਹੈ ਜਦਕਿ ਸ੍ਰੀਚੰਦ ਜੀ ਅਤੇ ਲੱਖਮੀ ਚੰਦ ਜੀ ਦਾ ਚਿਹਰਾ ਸਨਮੁੱਖ ਬਣਾਇਆ ਗਿਆ ਹੈ (ਚਿੱਤਰ 21)। ਇਸ ਤੋਂ ਬਿਨ੍ਹਾਂ ਗੁਰੂ ਅਮਰਦਾਸ ਜੀ ਨੂੰ ਵੀ ਸਾਹਮਣੇ ਤੋਂ ਚਿੱਤਰਿਆ ਗਿਆ ਹੈ (ਚਿੱਤਰ 23)। ਉਨ੍ਹਾਂ ਦੇ ਨੈਣ-ਨਕਸ਼, ਚਿਹਰੇ ਦਾ ਆਕਾਰ ਅਤੇ ਭਾਵ ਸੰਪੂਰਨਤਾ ਸਹਿਤ ਚਿੱਤਰਿਆ ਗਿਆ ਹੈ। ਕਈ ਵਾਰ ਗੁਰੂ ਜੀ ਤੋਂ ਗੋਰਖਨਾਥ, ਮਛੰਦਰਨਾਥ ਦੀਆਂ ਆਕ੍ਰਿਤੀਆਂ ਨੂੰ ਵੀ ਦੋ ਚਸ਼ਮ ਵਿੱਚ ਚਿੱਤਰਿਆ ਗਿਆ ਹੈ (ਚਿੱਤਰ 20)। ਦੋ ਚਸ਼ਮ ਚਿਹਰਿਆਂ ਵਿੱਚ ਲਹਿਣਾ ਸਿੰਘ ਮਜੀਠੀਆ, ਬ੍ਰਹਮਾ, ਵਿਸ਼ਨੂੰ, ਸ਼ਿਵ, ਵਿਸ਼ਵਾਮਿੱਤਰ ਆਦਿ ਅਤੇ ਕਈਆਂ ਥਾਵਾਂ ਤੇ ਰਾਧਾ ਅਤੇ ਸ਼੍ਰੀ ਕ੍ਰਿਸ਼ਨ ਨੂੰ ਵੀ ਚਿੱਤਰਿਆ ਗਿਆ ਹੈ। ਜ਼ਿਆਦਾਤਰ ਇੱਕ ਚਸ਼ਮ ਚਿੱਤਰਨ ਕੀਤਾ ਗਿਆ ਹੈ। ਕੰਧ-ਚਿੱਤਰਾਂ ਵਿੱਚ ਪ੍ਰਮੁੱਖ ਪਾਤਰਾਂ ਨੂੰ ਚਿੱਤਰਕਲਾ ਦੇ ਸੰਤੁਲਿਤ ਤੱਤਾਂ, ਜਿਨ੍ਹਾਂ ਵਿੱਚ ਉਨ੍ਹਾਂ ਦੀ ਵੇਸ਼ਭੂਸ਼ਾ, ਚਿਹਰੇ ਦੇ ਅਧਿਆਤਮਿਕ ਭਾਵ, ਸ਼ਰੀਰਕ ਆਕਾਰ ਅਤੇ ਸਿਰ ਪਿੱਛੇ ਪ੍ਰਕਾਸ਼-ਮੰਡਲ ਆਦਿ ਦੁਆਰਾ ਇਸ ਤਰ੍ਹਾਂ ਚਿੱਤਰਿਆ ਗਿਆ ਹੈ ਕਿ ਪਾਤਰ ਬਾਕੀਆਂ ਤੋਂ ਵੱਖ ਅਤੇ ਤੁਰੰਤ ਪਹਿਚਾਣੇ ਜਾਂਦੇ ਹਨ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੀ ਇੱਕ ਗਲ ਹੋਰ ਹੈ ਕਿ ਚਿਹਰਾ ਇੱਕ ਚਸ਼ਮ ਹੁੰਦੇ ਹੋਏ ਵੀ ਸ਼ਰੀਰ ਦਾ ਬਾਕੀ ਹਿੱਸਾ ਤਿੰਨ ਚੌਥਾਈ ਹੀ ਚਿੱਤਰਿਆ ਗਿਆ ਹੈ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਨਾਰੀਆਂ ਦੇ ਚਿੱਤਰਾਂ ਵਿੱਚ ਜ਼ਿਆਦਾਤਰ ਇੱਕ ਚਸ਼ਮ ਹਨ (ਚਿੱਤਰ 30, 41, 43, 46, 59, 60, 61, 65, 67, 68, 69, 73, 74, 80, 87, 88, 90, 92,

---

49 ਚਿਹਰੇ ਦਾ ਪਿਛਲਾ ਪਾਸਾ।

50 **Kang, Kanwarjeet Singh. (Dr.)** (1985). *Wall paintings of Punjab and Haryana*, Atma Ram and Sons, Kashmere Gate, Delhi, p. 107.

96, 103, 104, 105, 106, 107, 108, 109, 110, 111, 112, 113, 114, 115)। ਕੋਈ ਇੱਕ ਦੋ ਨੂੰ ਹੀ ਸਾਹਮਣੇ ਤੋਂ ਚਿੱਤਰਿਆ ਹੈ (ਚਿੱਤਰ 102)। ਬਾਬਾ ਬੁੱਢਾ ਜੀ ਦੇ ਚਿੱਤਰ ਵਿੱਚ ਮਾਤਾ ਗੰਗਾ ਜੀ (ਚਿੱਤਰ 30), ਹਿੰਦੂ ਵਿਸ਼ਿਆਂ ਵਿੱਚ ਦੇਵੀਆਂ (ਪਾਰਵਤੀ, ਸਰਸਵਤੀ ਅਤੇ ਲਕਸ਼ਮੀ ਅਤੇ ਸੀਤਾ) ਨੂੰ ਇੱਕ ਚਸ਼ਮ ਵਿੱਚ ਚਿੱਤਰਿਆ ਹੈ। ਗੁਰਦੁਆਰਾ ਪੋਥੀਮਾਲਾ ਦੀਆਂ ਮਹਿਰਾਬਾਂ ਤੇ ਕੀਤੀ ਗਈ ਚਿੱਤਰਕਾਰੀ ਵਿੱਚ ਕਈ ਭਗਤਾਂ, ਦੇਵੀ ਦੇਵਤਿਆਂ ਅਤੇ ਸਰਦਾਰਾਂ ਦੇ ਚਿੱਤਰ ਅੰਕਿਤ ਹਨ ਪਰੰਤੂ ਇਹਨਾਂ ਦੀ ਪਹਿਚਾਨ ਨਹੀਂ ਹੋ ਸਕੀ ਇਹਨਾਂ ਨੂੰ ਵੀ ਇੱਕ ਚਸ਼ਮ ਚਿੱਤਰਿਆ ਗਿਆ ਹੈ। (ਚਿੱਤਰ 117, 118, 119, 120, 121, 122, 123, 127, 128, 129, 130, 131)।

**ਮਾਨਵ ਆਕ੍ਰਿਤੀਆਂ (Human Figures)**

ਕਲਾ ਦਾ ਮਾਧਿਅਮ ਕੁੱਝ ਵੀ ਹੋਵੇ ਉਹ ਭਾਵਾਂ ਨੂੰ ਮੂਰਤ ਰੂਪ ਪ੍ਰਦਾਨ ਕਰਦੀ ਹੈ ਅਤੇ ਇਹੀ ਮੂਰਤ ਆਕ੍ਰਿਤੀ ਹੈ। ਰੂਪ ਭੇਦ ਅਤੇ ਪ੍ਰਮਾਣ ਦੇ ਅੰਤਰਗਤ ਇਹੀ ਭਾਵਨਾ ਭਾਰਤੀ ਕਲਾ ਸਿਧਾਤਾਂ ਦੇ ਹਿੱਤ ਵਿੱਚ ਹੈ।[51] ਇਸੀ ਕਰਕੇ ਆਕ੍ਰਿਤੀਆਂ ਦੀ ਸਰਵਸ੍ਰੇਸ਼ਟਤਾ ਉਨ੍ਹਾਂ ਦੇ ਗਠਨ ਅਤੇ ਵਿਸ਼ੇ ਅਨੁਸਾਰ ਚਿੱਤਰਨ ਤੇ ਆਧਾਰਤ ਰਹਿੰਦੀ ਹੈ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੀਆਂ ਆਕ੍ਰਿਤੀਆਂ ਦੇ ਨਿਰੂਪਨ ਦਾ ਅਧਿਐਨ ਇਸੇ ਪ੍ਰਕਾਰ ਕੀਤਾ ਗਿਆ ਹੈ। ਇਹਨਾਂ ਚਿੱਤਰਾਂ ਵਿੱਚ ਮਾਨਵ ਆਕ੍ਰਿਤੀਆਂ ਦਾ ਬੇਹੱਦ ਮਨਮੋਹਕ ਸਿਰਜਨ ਦੇਖਣ ਨੂੰ ਮਿਲਦਾ ਹੈ ਅਤੇ ਇਹਨਾਂ ਆਕ੍ਰਿਤੀਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਵਿਆਪਕ ਰੂਪ ਵਿੱਚ ਵਿਅਕਤ ਕਰਨ ਦਾ ਉਤਸ਼ਾਹ ਚਿੱਤਰਕਾਰਾਂ ਨੇ ਖ਼ੂਬ ਦਿਖਾਇਆ ਹੈ। ਵਿਸ਼ਿਆਂ ਨਾਲ ਸੰਬੰਧਤ ਆਕ੍ਰਿਤੀਆਂ ਦੇ ਨਾਲ ਨਾਲ ਵੀਰ ਪੁਰਸ਼ਾਂ ਦੀਆਂ ਆਕ੍ਰਿਤੀਆਂ, ਸਿੱਖ ਸਰਦਾਰਾਂ ਦੇ ਪੋਰਟਰੇਟਸ ਬਾਲੀ, ਸੁਗਰੀਵ ਅਤੇ ਹਨੁਮਾਨ ਦੇ ਚਿੱਤਰ ਨਿਹੰਗਾ ਦੇ ਸੁੰਤਤਰ ਚਿੱਤਰ, ਨਾਰੀ ਚਿੱਤਰਨ, ਧਾਰਮਿਕ ਦੇਵੀ ਅਤੇ ਦੇਵਤਿਆਂ ਦੇ ਰੂਪਾਂ ਨੂੰ ਚਿੱਤਰਤ ਕੀਤਾ ਗਿਆ ਹੈ।

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਚਿੱਤਰਕਾਰ ਨੇ ਮਾਨਵ ਆਕ੍ਰਿਤੀਆਂ ਦਾ ਚਿਤਰਨ ਬੇਹੱਦ ਸੂਝ ਨਾਲ ਕੀਤਾ ਹੈ। ਆਕ੍ਰਿਤੀਆਂ ਦੀ ਅਨਾਟਮੀ ਬਿਲਕੁਲ ਸਹੀ ਹੈ ਅਤੇ ਸ਼ਰੀਰ ਗਠਵੇਂ, ਭਰਵੇਂ ਅਤੇ ਸੁੰਦਰ ਹਨ। ਆਕ੍ਰਿਤੀਆਂ ਦੇਖਕੇ ਗਿਆਤ ਹੁੰਦਾ ਹੈ ਕਿ ਚਿੱਤਰਕਾਰਾਂ ਨੂੰ ਮਾਨਵ ਸ਼ਰੀਰ ਦੇ ਅਨੁਪਾਤ ਸੰਬੰਧੀ ਪੂਰੀ ਜਾਣਕਾਰੀ ਸੀ। ਇਹੀ ਨਹੀਂ,

51 **Coomaraswary., A. (Dr.)** (1956). *The Transformation of Nature in Art*, New York, pp. 12-15.

ਮਾਨਵ ਆਕ੍ਰਿਤੀਆਂ ਤੋਂ ਬਿਨਾ ਪਸ਼ੂ ਪੰਛੀਆਂ ਦੇ ਚਿੱਤਰਨ ਵਿੱਚ ਵੀ ਕਮਾਲ ਦੀ ਮੁਹਾਰਤ ਹਾਸਲ ਸੀ। ਇਹਨਾਂ ਵਿੱਚ ਘੋੜਾ, ਬਾਂਦਰ, ਗਊਆਂ ਅਤੇ ਊਠ ਦਾ ਚਿੱਤਰਨ ਕਮਾਲ ਦਾ ਹੋਇਆ ਹੈ (ਚਿੱਤਰ ਨੰ: 22, 23, 24, 26, 27, 29, 30, 31, 44, 66, 70, 115)। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਵੈਸੇ ਤਾਂ ਹਰ ਆਕ੍ਰਿਤੀ ਆਪਣੀ ਵੱਖਰੀ ਹੋਂਦ ਨੂੰ ਸਪੱਸ਼ਟ ਕਰ ਰਹੀ ਹੈ। ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾ ਰਹੀ ਹੈ ਪ੍ਰੰਤੂ ਫਿਰ ਵੀ ਵਿਸ਼ਾ-ਚਿੱਤਰਾਂ ਵਿੱਚ ਪ੍ਰਮੁੱਖ ਆਕ੍ਰਿਤੀ ਨੂੰ ਉਸਦੇ ਹਾਵ-ਭਾਵ ਅਤੇ ਪ੍ਰਮੁੱਖਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਚਿੱਤਰਿਆ ਹੈ। ਇਸ ਦੇ ਨਾਲ ਹੀ ਸੰਬੰਧਤ ਆਕ੍ਰਿਤੀ (ਪ੍ਰਮੁੱਖ ਆਕ੍ਰਿਤੀ) ਦੇ ਵਿਅਕਤਿੱਤਵ ਨੂੰ ਵੀ ਧਿਆਨ ਪੂਰਵਕ ਚਿੱਤਰਿਆ ਹੈ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦੇ ਚਿੱਤਰ ਵਿੱਚ ਉਨ੍ਹਾਂ ਦੇ ਸ਼ਾਂਤ ਚਿੱਤ ਚਿਹਰੇ ਨੂੰ ਕੋਮਲ ਅਤੇ ਸੂਖਮ ਰੂਪ ਵਿੱਚ ਚਿੱਤਰਿਆ ਹੈ। ਚਿਹਰੇ ਉੱਪਰ ਰੂਹਾਨੀਅਤ ਪ੍ਰਭਾਵ ਸਾਫ਼ ਨਜ਼ਰ ਆ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਿੱਤਰ ਵਿੱਚ ਉਨ੍ਹਾਂ ਦੀ ਆਕ੍ਰਿਤੀ ਨੂੰ ਘੋੜੇ ’ਤੇ ਸਵਾਰ ਜੋਸ਼ੀਲੇ ਰੂਪ ਵਿੱਚ ਦਰਸਾਇਆ ਗਿਆ ਹੈ। ਗੁਰੂ ਜੀ ਸਮੇਂ ਸਿੱਖਾਂ ਅਤੇ ਮੁਗ਼ਲਾਂ ਵਿੱਚ ਲੜਾਈਆਂ ਆਰੰਭ ਹੋ ਗਈਆਂ ਸਨ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸੰਤ ਸਿਪਾਹੀਆਂ ਦਾ ਰੂਪ ਵੀ ਦਿੱਤਾ ਸੀ, ਜਿਸ ਕਰਕੇ ਗੁਰੂ ਜੀ ਦੇ ਚਿੱਤਰ ਉਨ੍ਹਾਂ ਦੇ ਵਿਅਕਤਿੱਤਵ ਅਤੇ ਚਿੰਤਨ ਨੂੰ ਧਿਆਨ ਵਿੱਚ ਰੱਖਦੇ ਹੋਏ ਚਿੱਤਰੇ ਹਨ। ਵਿਸ਼ਨੂੰ ਦੇ ਅੱਠਵੇਂ ਅਵਤਾਰ ਸ੍ਰੀ ਕ੍ਰਿਸ਼ਨ ਦੇ ਚਿੱਤਰਾਂ ਵਿੱਚ ਉਨ੍ਹਾਂ ਦੇ ਚਰਿੱਤਰ ਨੂੰ ਬਹੁਤ ਸੁੰਦਰ ਚਿੱਤਰਿਆ ਹੈ ਭਾਵੇਂ ਉਨ੍ਹਾਂ ਦੀਆਂ ਬਾਲ ਲੀਲ੍ਹਾ-ਚਰਿੱਤਰ ਨੂੰ ਚਿੱਤਰਿਆ ਗਿਆ ਹੈ। ਉਹਨਾਂ ਦੇ ਚਿਹਰੇ ਦੀ ਕੋਮਲਤਾ ਅਤੇ ਚੰਚਲਤਾ ਨੂੰ ਚਿੱਤਰਕਾਰ ਚਿੱਤਰਨ ਵਿੱਚ ਸਫ਼ਲ ਰਿਹਾ ਹੈ। ਸੁਤੰਤਰ ਰੂਪ ਵਿੱਚ ਚਿੱਤਰੇ ਗਏ ਕੰਧ-ਚਿੱਤਰ ਜਿਵੇਂ ਕਿ ਚੋਬਦਾਰਾਂ ਦੇ ਚਿੱਤਰ ਵਿੱਚ ਉਨ੍ਹਾਂ ਦੇ ਚਿਹਰੇ ਰੋਹਬਦਾਰ ਅਤੇ ਬੜੇ ਚੌਕਸ ਹੋਕੇ ਖੜ੍ਹੇ ਹਨ। ਇਹਨਾਂ ਦੇ ਰੁਤਬੇ ਦੇ ਅਨੁਸਾਰ ਹੀ ਇਹਨਾਂ ਦੇ ਵਸਤਰ ਅਤੇ ਗਹਿਣੇ ਪਾਏ ਗਏ ਹਨ। ਸ਼ਰੀਰ ਚੁਸਤ-ਦਰੁਸਤ ਅਤੇ ਲੰਮੇ ਕੱਦ-ਕਾਠ ਵਾਲੇ ਹਨ। ਸ੍ਰੀ ਰਾਮਚੰਦਰ, ਸ਼ਿਵ ਜੀ, ਵਿਸ਼ਨੂੰ ਅਤੇ ਬ੍ਰਹਮਾ ਨੂੰ ਵੀ ਇਸੇ ਪ੍ਰਸੰਗ ਵਿੱਚ ਚਿੱਤਰਿਆ ਗਿਆ ਹੈ। ਚਿੱਤਰਕਾਰਾਂ ਨੇ ਮਾਨਵ ਆਕ੍ਰਿਤੀਆਂ ਦੇ ਸ਼ਰੀਰਾਂ ਨੂੰ ਲੰਬਾ, ਗਠੀਲਾ ਅਤੇ ਫ਼ੁਰਤੀਲਾ ਚਿੱਤਰਿਆ ਹੈ, ਦਾਹੜੀ ਮੁੱਛਾਂ ਵਾਲੇ ਚਿਹਰੇ, ਮੋਟੀਆਂ ਅੱਖਾਂ ਇਹਨਾਂ ਦੀਆਂ ਵਿਸ਼ੇਸ਼ਤਾਵਾਂ ਹਨ। ਪੁਰਸ਼ ਆਕ੍ਰਿਤੀਆਂ ਵਿੱਚ ਕਈਆਂ ਦੇ ਤੰਗ ਪਜਾਮੀ (ਸਿੱਖ ਆਕ੍ਰਿਤੀਆਂ) ਹਿੰਦੂ ਅਤੇ

ਭਗਤਾਂ ਦੇ ਕਈ ਵਾਰ ਧੋਤੀ ਵੀ ਪਹਿਨੇ ਦਿਖਾਇਆ ਗਿਆ ਹੈ। ਸਿਰ ਤੇ ਮੁਕਟ ਜਾਂ ਪਗੜੀ ਹੈ। ਕਮਰਕਸੇ ਨਾਲ ਗਲੇ ਵਿੱਚ ਪਰਨਾ ਵੀ ਪਾਇਆ ਹੋਇਆ ਹੈ। ਨਿਹੰਗਾਂ ਨੇ ਉੱਚੀਆਂ ਪੱਗਾਂ, ਕੁੜਤਾ ਅਤੇ ਕਛਿਹਰਾ ਪਹਿਨਿਆ ਹੋਇਆ ਹੈ। ਰੁਤਬੇ ਅਤੇ ਸਥਾਨ ਅਨੁਸਾਰ ਹੀ ਵਸਤਰ, ਗਹਿਣੇ ਅਤੇ ਸ਼ਸਤਰਾਂ ਦਾ ਚਿੱਤਰਨ ਕੀਤਾ ਹੋਇਆ ਹੈ। ਗੁਰੂਆਂ, ਸਿੱਖ ਸਰਦਾਰਾਂ ਅਤੇ ਪ੍ਰਮੁੱਖ ਦੇਵਤਿਆਂ ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ ਅਤੇ ਰਾਜਿਆਂ ਦੀਆਂ ਪੁਸ਼ਾਕਾਂ ਅਤੇ ਗਹਿਣਿਆਂ ਵਿੱਚ ਪਜਾਮਾ, ਅੰਗਰੱਖਾ, ਤੰਗ ਪੰਜਾਮਾ, ਧੋਤੀ, ਕੀਮਤੀ ਸੋਨੇ ਅਤੇ ਮੋਤੀ ਦੀਆਂ ਮਾਲਾਵਾਂ ਕੰਨਾਂ ਵਿੱਚ ਵਾਲੇ ਉਂਗਲੀਆਂ ਵਿੱਚ ਅੰਗੂਠੀਆਂ ਆਦਿ ਪਹਿਨੇ ਚਿੱਤਰਿਆ ਗਿਆ ਹੈ।

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਨਾਰੀ ਆਕ੍ਰਿਤੀਆਂ ਨੂੰ ਵੀ ਪੁਰਸ਼ ਆਕ੍ਰਿਤੀਆਂ ਵਾਂਗ ਹੀ ਖ਼ਾਸ ਸਥਾਨ ਦਿੱਤਾ ਗਿਆ ਹੈ। ਇਹ ਚਿੱਤਰਨ ਸਭ ਤੋਂ ਜ਼ਿਆਦਾ ਕ੍ਰਿਸ਼ਨ ਦੇ ਜੀਵਨ ਨਾਲ ਸੰਬੰਧਤ ਚਿੱਤਰਾਂ ਵਿੱਚ ਹੋਇਆ ਹੈ। ਸੁਤੰਤਰ ਰੂਪ ਵਿੱਚ 12 ਪੈਨਲ ਕੇਵਲ ਨਾਰੀ ਦੇ ਹੀ ਹਨ (ਚਿੱਤਰ 88, 89, 90, 91, 92, 93, 94, 95, 96, 97, 98, 99) ਜਿਨ੍ਹਾਂ ਵਿੱਚ ਉਸ ਨੂੰ ਪ੍ਰੇਮਿਕਾ, ਸੰਗੀਤਕਾਰ, ਮਾਂ ਅਤੇ ਬਿਰਹਣੀ ਦੇ ਰੂਪ ਵਿੱਚ ਚਿੱਤਰਿਆ ਗਿਆ ਹੈ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰਕਾਰ ਨਾਰੀ ਆਕ੍ਰਿਤੀਆਂ ਵਿੱਚ ਮਾਤ੍ਰੀ ਅਤੇ ਪ੍ਰੇਮਿਕਾ ਭਾਵਾਂ ਨੂੰ ਦਿਖਾਉਣ ਵਿੱਚ ਸਫ਼ਲ ਰਹੇ ਹਨ। ਨਾਰੀ ਆਕ੍ਰਿਤੀਆਂ ਦੀ ਲੰਬਾਈ ਸਾਧਾਰਨ ਹੀ ਹੈ। ਸਰੀਰ ਗੁੰਦਵਾਂ ਅਤੇ ਖ਼ੂਬਸੂਰਤ ਹੈ। ਚੌੜਾ ਮੱਥਾ, ਮੋਟੀਆਂ ਅੱਖਾਂ, ਤਿੱਖਾ ਨੱਕ, ਉੱਠੀ ਹੋਈ ਠੋਡੀ, ਭਰਵੀਂ ਛਾਤੀ, ਲੰਮੀਆਂ ਪਤਲੀਆਂ ਉਂਗਲੀਆਂ ਉਸਦੀਆਂ ਵਿਸ਼ੇਸ਼ਤਾਵਾਂ ਹਨ ਜੋ ਨਾਰੀ ਦੀ ਖ਼ੂਬਸੂਰਤੀ ਨੂੰ ਉਘਾੜਨ ਵਿੱਚ ਸਹਾਇਤਾ ਕਰਦੀਆਂ ਹਨ। ਹੱਥਾਂ ਪੈਰਾਂ ਦੀ ਬਨਾਵਟ ਹਾਲਾਂ ਕਿ ਸਾਧਾਰਨ ਹੈ ਪਰੰਤੂ ਅਨੁਪਾਤ ਸਹੀ ਹੈ। ਨਾਰੀ ਨੂੰ ਸਾਧਾਰਨ ਰੂਪ ਦੇ ਨਾਲ-ਨਾਲ ਦੈਵੀ-ਸ਼ਕਤੀ ਦੇ ਰੂਪ ਵਿੱਚ ਸਰਸਵਤੀ, ਲੱਛਮੀ, ਪਾਰਵਤੀ ਅਤੇ ਸੀਤਾ ਨੂੰ ਚਿੱਤਰਿਆ ਹੈ। ਇਸ ਦੇ ਨਾਲ ਹੀ ਆਕ੍ਰਿਤੀਆਂ ਨੂੰ ਆਲੇਖਨਾ ਦਾ ਵੀ ਹਿੱਸਾ ਬਣਾਇਆ ਗਿਆ ਹੈ। ਇਸ ਤੋਂ ਬਿਨਾਂ ਰਾਧਾ, ਸੱਸੀ, ਸੋਹਣੀ ਅਤੇ ਹੀਰ, ਪ੍ਰੇਮਕਾਵਾਂ ਦਾ ਵੀ ਚਿੱਤਰਨ ਕੀਤਾ ਗਿਆ ਹੈ। ਲਹਿੰਗੇ ਦੇ ਨਾਲ ਕਿਤੇ ਕੁੜਤੀ ਪਹਿਨੀ ਹੈ ਅਤੇ ਕਿਤੇ ਛੋਟੀ ਚੋਲੀ ਪਹਿਨੀ ਹੋਈ ਹੈ। ਮੱਥੇ ਟਿੱਕਾ, ਸੱਗੀ ਫੁੱਲ-ਨੱਥ, ਕੰਨਾਂ ਵਿੱਚ ਵਾਲੀਆਂ, ਹਾਰ, ਪੈਰਾਂ ਵਿੱਚ ਪੰਜੇਬਾਂ, ਹੱਥਾਂ ਵਿੱਚ ਕੰਗਣ, ਬਾਜ਼ੂਬੰਦ ਆਦਿ ਗਹਿਣੇ

ਪਹਿਨੇ ਹੋਏ ਹਨ। ਡਾਟਾਂ ਉਪਰ ਪਰੀਆਂ ਦੇ ਰੂਪ ਵਿੱਚ ਨਾਰੀ ਚਿੱਤਰਨ ਯੂਰਪੀਅਨ ਪ੍ਰਭਾਵ ਅਧੀਨ ਜਾਪਦਾ ਹੈ। ਇਸ ਵਿੱਚ ਉਨ੍ਹਾਂ ਮੁਕਟ ਅਤੇ ਖੁੱਲੇ ਪਜਾਮੇ ਪਹਿਨੇ ਹੋਏ ਹਨ (ਚਿੱਤਰ 132)। ਕਈ ਮਾਨਵ ਆਕ੍ਰਿਤੀਆਂ ਨੂੰ ਆਲੇਖਨਾ ਦਾ ਹਿੱਸਾ ਵੀ ਬਣਾਇਆ ਗਿਆ ਹੈ, ਜਿਵੇਂ ਇੱਕ ਡਾਟ ਉੱਪਰ ਵੱਖ-ਵੱਖ ਦੇਵਤਿਆਂ ਦੀਆਂ ਆਕ੍ਰਿਤੀਆਂ ਨੂੰ ਸੰਗੀਤਕਾਰਾਂ ਦੇ ਰੂਪ ਵਿੱਚ ਚਿੱਤਰਿਆ ਹੈ (ਚਿੱਤਰ 140, 141, 142) ਵਿੱਚਕਾਰ ਸੂਰਜ ਦੀ ਛਵੀ ਹੈ (ਚਿੱਤਰ 143)।

**ਵੇਸ਼-ਭੂਸ਼ਾ ਅਤੇ ਗਹਿਣੇ (Garments and Ornaments)**

ਗਹਿਣਿਆਂ ਦੀ ਪ੍ਰਾਚੀਨਤਾ ਅਤੇ ਗਹਿਣਿਆਂ ਦੀ ਕਲਾ ਦੀ ਉੱਤਮਤਾ ਨਿਰਸੰਦੇਹ ਗੌਰਵਸ਼ਾਲੀ ਹੈ। ਪੰਜਾਬ ਦੇ ਗਹਿਣਿਆਂ ਦੀ ਕੋਈ ਪਰਿਭਾਸ਼ਾ ਨਿਸ਼ਚਿਤ ਕਰਨਾ ਜਾਂ ਢੁੱਕਵੀਂ ਪਰਿਭਾਸ਼ਾ ਨਿਰਧਾਰਿਤ ਕਰਨਾ ਕਠਿਨ ਸਮੱਸਿਆ ਹੈ। ਇਹ ਸਮੱਸਿਆ ਗਹਿਣਿਆਂ ਦੀ ਪ੍ਰਾਚੀਨਤਾ ਅਤੇ ਇਸ ਕਲਾ ਦੀ ਨਿਰੰਤਰ ਗਤੀਸ਼ੀਲਤਾ ਕਾਰਨ ਉਪਜਦੀ ਪ੍ਰਤੀਤ ਹੁੰਦੀ ਹੈ। ਪੰਜਾਬ ਦੇ ਗਹਿਣਿਆਂ ਦੀ ਸਮਾਜ ਤੇ ਸਭਿਆਚਾਰ ਦੇ ਪ੍ਰਸੰਗ ਵਿੱਚ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵਿਆਖਿਆ ਕੀਤੀ ਹੈ ਅਤੇ ਪਰਿਭਾਸ਼ਾ ਦਿੱਤੀ ਹੈ। ਇਹਨਾਂ ਪਰਿਭਾਸ਼ਾਵਾਂ ਨੂੰ ਵੱਖ-ਵੱਖ ਰੱਖ ਕੇ ਵਿਚਾਰਨ ਅਤੇ ਇਕ ਦੂਜੀ ਨਾਲ ਟਾਕਰਾ ਕਰਕੇ ਵਿਚਾਰਨ ਉਪਰੰਤ ਕੁੱਝ ਮਹੱਤਵਪੂਰਨ ਤੱਤ ਉੱਘੜ ਕੇ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਹਨਾਂ ਦੇ ਅਧਾਰ 'ਤੇ ਹੀ ਗਹਿਣਿਆਂ ਸਬੰਧੀ ਜਿਹੜੇ ਤੱਤ ਉਭੱਰਦੇ ਹਨ, ਉਨ੍ਹਾਂ ਵਿੱਚ ਗਹਿਣਿਆਂ ਦਾ ਪੁਰਾਤਨ ਪੱਖ, ਇਤਿਹਾਸਕ ਪੱਖ, ਸਮਾਜਕ ਪੱਖ, ਧਾਰਮਿਕ ਪੱਖ, ਮਨੋਵਿਗਿਆਨਕ ਪੱਖ, ਸਭਿਆਚਾਰਕ ਪੱਖ ਅਤੇ ਕਲਾਤਮਕ ਪੱਖ ਆਦਿ ਵਿਸ਼ੇਸ਼ ਹਨ।

ਗਹਿਣਿਆਂ ਸਬੰਧੀ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਪੰਜਾਬ ਦੇ ਗਹਿਣਿਆਂ ਦੇ ਸਮਾਜਿਕ ਸਭਿਆਚਾਰਕ ਅਧਿਐਨ ਲਈ ਸਹਾਇਕ ਹੋ ਸਕਦੇ ਹਨ। ਇਹਨਾਂ ਵਿੱਚੋ ਰਸਕਿਨ ਦੀ ਰਾਇ ਖਾਸ ਵਰਣਨਯੋਗ ਹੈ।

*"ਭਾਰਤੀ ਗਹਿਣਿਆਂ ਦੀ ਖ਼ੂਬਸੂਰਤੀ ਪਰੰਪਰਾਗਤ ਆਕਾਰ ਦੇ ਦੁਹਰਾਉ ਵਿੱਚ ਹੈ। ਹਰ ਗਹਿਣਾ ਹੱਥੀਂ ਘੜਿਆ ਜਾਂਦਾ ਹੈ। ਧਾਤ ਭਾਵੇਂ ਚਾਂਦੀ ਹੋਵੇ ਜਾਂ ਸੋਨਾ, ਉਸ ਨੂੰ ਖ਼ਰੀਦਦਾਰ ਦੀਆਂ ਇੱਛਾਵਾਂ ਤੇ ਰੀਝਾਂ ਮੁਤਾਬਿਕ ਘੜਿਆ ਜਾਂਦਾ ਹੈ। ਇੰਜ ਖ਼ਰੀਦਦਾਰ ਦੀ*

*ਮਿਹਨਤ ਨਾਲ ਕੀਤੀ ਕਮਾਈ ਤੇ ਭਾਰਤੀ ਸੁਨਿਆਰੇ ਦੀ ਉੱਤਮ ਕਾਰੀਗਰੀ ਦਾ ਖ਼ੂਬਸੂਰਤ ਸੁਮੇਲ ਪ੍ਰਗਟ ਹੁੰਦਾ ਹੈ।"* [52]

ਰਸਕਿਨ ਦੇ ਇਹਨਾਂ ਵਿਚਾਰਾਂ ਤੋਂ ਗਹਿਣਿਆਂ ਦੀ ਪਰੰਪਰਾਗਤ ਮਹੱਤਤਾ ਅਤੇ ਸੰਬੰਧਿਤ ਸਮੇਂ ਦੀ ਵਰਤਮਾਨ ਨਵੀਨਤਾ ਵੱਲ ਇੱਕੋ ਵੇਲੇ ਸੰਕੇਤ ਪ੍ਰਾਪਤ ਹੁੰਦਾ ਹੈ।

ਪੰਜਾਬ ਦੇ ਗਹਿਣਿਆਂ ਦੀ ਕਲਾ ਅਤੇ ਵਰਤੋਂ ਬਹੁਤ ਪ੍ਰਾਚੀਨ ਹੋਣ ਕਾਰਨ ਮਨੁੱਖੀ ਸੰਸਕਾਰਾਂ ਦਾ ਸਹਿਜ ਅੰਗ ਹੀ ਬਣ ਜਾਂਦੀ ਹੈ। ਇਕ ਆਮ ਕਹਾਵਤ ਵਿੱਚ ਇਹ ਪ੍ਰਸੰਗ ਇਉਂ ਸਹਿਜ ਸੁਭਾਵਕ ਪੇਸ਼ ਹੁੰਦਾ ਹੈ:

*ਆਦਰ ਤੇਰੀ ਚਾਦਰ ਨੂੰ, ਬਹਿਣਾ ਤੇਰੇ ਗਹਿਣੇ ਨੂੰ।*

ਉਪਰੋਕਤ ਆਧਾਰ ਤੇ ਪੰਜਾਬ ਦੇ ਗਹਿਣਿਆਂ ਦੀ ਪਰਿਭਾਸ਼ਾ ਇਸ ਪ੍ਰਕਾਰ ਮਿੱਥੀ ਜਾ ਸਕਦੀ ਹੈ ਪੰਜਾਬ ਦੇ ਗਹਿਣੇ ਪੰਜਾਬੀਆਂ ਦੇ ਲੋਕ ਜੀਵਨ ਦਾ ਸਹਿਜ ਚਿੰਨ੍ਹ ਹਨ। ਇਹਨਾਂ ਵਿੱਚ ਪੰਜਾਬੀਆਂ ਦੀ ਰੀਝ, ਪੰਜਾਬੀਆਂ ਦੀ ਪ੍ਰਵਿਰਤੀ ਸਮੋਈ ਹੈ, ਜਿਹੜੀ ਪੰਜਾਬ ਦੇ ਸਮਾਜ ਤੇ ਸਭਿਆਚਾਰ ਦਾ ਅਕਸ ਹੈ।[53] ਗਹਿਣੇ ਸ਼ਿੰਗਾਰ ਦੀਆਂ ਅਜਿਹੀਆਂ ਵਸਤਾਂ ਜਾਂ ਕਲਾ-ਕ੍ਰਿਤੀਆਂ ਹਨ ਜਿਨ੍ਹਾਂ ਨੂੰ ਸਜਾਵਟ ਲਈ ਸ਼ਰੀਰ ਤੇ ਪਹਿਨਿਆ ਜਾ ਸਕੇ ਜਿਵੇਂ ਗਲੇ ਲਈ ਹਾਰ ਜਾਂ ਕੈਂਠੀ, ਬਾਹਾਂ ਲਈ ਚੂੜੀਆਂ ਜਾਂ ਬਾਜ਼ੂਬੰਦ, ਕੰਨਾਂ ਲਈ ਵਾਲੇ ਆਦਿ। ਗਹਿਣਿਆਂ ਵਿੱਚ ਕੁੱਝ ਅਜਿਹੀਆਂ ਵਸਤੂਆਂ ਵੀ ਸ਼ਾਮਿਲ ਹਨ ਜਿਹੜੀਆਂ ਸਿਰਫ਼ ਸ਼ਿੰਗਾਰ ਦਾ ਸਾਧਨ ਹੀ ਨਹੀਂ ਸਗੋਂ ਮਨੁੱਖੀ ਲੋੜਾਂ ਲਈ ਉਪਯੋਗੀ ਵੀ ਹਨ, ਜਿਵੇਂ ਬਕਸੂਏ, ਸਿਰ ਦੇ ਵਾਲਾਂ ਦੀਆਂ ਸੂਈਆਂ ਅਤੇ ਕਲਿੱਪ ਆਦਿ। ਸੋਨੇ ਚਾਂਦੀ ਦੇ ਕੁੱਝ ਗਹਿਣਿਆਂ ਨੂੰ ਵਸਤਰਾਂ ਨਾਲ ਟੁੰਗ ਕੇ ਵੀ ਪਹਿਨਿਆ ਜਾਂਦਾ ਹੈ, ਜਿਵੇਂ ਬਟਨ, ਕਲਗ਼ੀ, ਮੁਕਟ ਆਦਿ।

ਗਹਿਣਿਆਂ ਦਾ ਮਹੱਤਵ ਇਸ ਕਲਾ ਦੇ ਵਿਸ਼ਵ ਪੱਧਰ 'ਤੇ ਵਿਕਸਿਤ ਹੋਣ ਕਰਕੇ ਵੀ ਹੈ। ਤਕਨੀਕ, ਸ਼ੈਲੀ ਅਤੇ ਧਾਤਾਂ ਦੀ ਭਿੰਨਤਾਂ ਦੇ ਬਾਵਜੂਦ ਗਹਿਣਿਆਂ ਦੀ ਕਲਾ ਲਗਭਗ ਸਭਨਾਂ ਸਭਿਆਚਾਰਾਂ ਵਿੱਚ ਕੁੱਝ ਇੱਕ ਨੁਕਤਿਆਂ 'ਤੇ ਮੇਲ ਖਾਂਦੀ ਹੈ।[54] ਜਿਵੇਂ ਛੋਟੇ ਆਕਾਰ ਦੇ ਗਹਿਣਿਆਂ 'ਤੇ ਮਹੀਨ ਮੀਨਾਕਾਰੀ ਕੀਤੀ ਜਾਣੀ, ਰੰਗਾਂ ਅਤੇ ਆਕਾਰਾਂ ਦਾ

---

52 *Indian Jewellery*, The Journal of Indian Art and Industries, Vol. XII – 884, p. 157.

53 **ਕੌਰ, ਤੇਜਿੰਦਰ.**(1988), *ਪੰਜਾਬ ਦੇ ਗਹਿਣੇ : ਸਮਾਜ-ਸਭਿਆਚਾਰਕ ਅਧਿਐਨ*, ਅਧਿਆਏ ਪਹਿਲਾ, ਗਹਿਣਿਆਂ ਦੀ ਉਤਪਤੀ ਤੇ ਵਿਕਾਸ, ਪੰਨਾ-4.

54 **Harlod., Newman.** *An Illustrated Dictonary of Jewellry,* P-5 and *Encyclopedia of World Art,* Vol. 3, p. 262.

ਕਲਾਤਮਕ ਸੁਮੇਲ ਅਤੇ ਤਕਨੀਕੀ ਵਿਧੀਆਂ ਵਿੱਚ ਸੂਖਮ, ਨਾਜ਼ੁਕ ਤੇ ਜਿਊਮੈਟਰੀਕਲ ਰੂਪ ਆਕਾਰਾਂ ਦੀ ਬਿਹਤਰ ਤਰਤੀਬ ਨੂੰ ਚੰਗੇਰਾ ਤੇ ਕਲਾਤਮਕ ਮੰਨਿਆ ਜਾਣਾ। ਇਸ ਤੋਂ ਸਪੱਸ਼ਟ ਹੈ ਕਿ ਭਾਵੇਂ ਇਹ ਕਲਾ ਕਿਸੇ ਵੀ ਦੇਸ਼, ਕਿਸੇ ਵੀ ਸਭਿਆਚਾਰ ਵਿੱਚ ਸਿਰਜੀ ਜਾ ਰਹੀ ਹੋਵੇ, ਇਸ ਦੇ ਸੁਹਜ ਸੰਕਲਪ, ਇਸ ਦੀਆਂ ਕਲਾ ਪੱਧਤੀਆਂ ਅਤੇ ਇਸ ਦੇ ਕਲਾਤਮਕ ਮੁੱਲਾਂ ਦੇ ਆਧਾਰ ਵਿੱਚ ਜ਼ਿਆਦਾ ਫ਼ਰਕ ਨਹੀਂ ਹੁੰਦਾ।

ਭਾਰਤੀ ਮੂਲ ਦੇ ਗਹਿਣਿਆਂ ਦੀ ਮਹੱਤਤਾ ਪੱਛਮੀ ਮੂਲ ਦੇ ਗਹਿਣਿਆਂ ਦੀ ਕਲਾ ਨਾਲ ਟਾਕਰਾ ਕਰਨ ਤੇ ਹੋਰ ਵੀ ਵਧੇਰੇ ਤੇ ਪ੍ਰਤੱਖ ਰੂਪ ਵਿੱਚ ਉੱਘੜਦੀ ਹੈ। ਪੰਜਾਬ ਦੇ ਗਹਿਣਿਆਂ ਦਾ ਵਿਸ਼ੇਸ਼ ਮਹੱਤਵ ਇਸ ਕਲਾ ਦੀ ਕਾਰੀਗਰੀ ਦੀ ਵਿਸ਼ਵ ਵਿਆਪੀ ਪਹੁੰਚ, ਪ੍ਰਾਚੀਨਤਾ, ਮੌਲਿਕਤਾ, ਸੂਖਮਤਾ ਅਤੇ ਕਲਾਤਮਕ-ਨਿਰੰਤਰਤਾ ਵਿੱਚ ਹੀ ਸੰਮਿਲਤ ਹੈ। ਪੰਜਾਬੀ ਸਭਿਆਚਾਰ ਵਿੱਚ ਸੰਸਕ੍ਰਿਤੀ ਦੇ ਮੁੱਢਲੇ ਪੜਾਵਾਂ ਤੋਂ ਹੀ ਅਨੇਕ ਜਾਤੀਆਂ ਆਉਂਦੀਆਂ ਰਹੀਆਂ ਅਤੇ ਆਪਣਾ-ਆਪਣਾ ਮੂਲ ਅਤੇ ਪ੍ਰਭਾਵ ਪੰਜਾਬੀ ਸਭਿਆਚਾਰ ਵਿੱਚ ਸੰਮਿਲਤ ਕਰਦੀਆਂ ਰਹੀਆਂ, ਜਿਸ ਕਰਕੇ ਇਸ ਨੂੰ 'ਮਿੱਸਾ ਸਭਿਆਚਾਰ' ਕਿਹਾ ਜਾਂਦਾ ਹੈ।[55] ਬਾਹਰੀ ਸੰਸਕ੍ਰਿਤਿਕ ਪ੍ਰਭਾਵਾਂ ਕਾਰਨ ਪੰਜਾਬ ਦੇ ਗਹਿਣਿਆਂ ਦੀ ਕਲਾ ਦੇ ਵਿਕਸਿਤ ਹੋਣ ਦਾ ਅਨੁਮਾਨ ਗਿਆਨੀ ਗੁਰਦਿੱਤ ਸਿੰਘ ਦੇ ਇਹਨਾਂ ਸ਼ਬਦਾਂ ਤੋਂ ਵੀ ਲਾਇਆ ਜਾ ਸਕਦਾ ਹੈ ਜਿਨ੍ਹਾਂ ਜਾਤੀਆਂ, ਕਬੀਲਿਆਂ ਨੇ ਪੰਜਾਬ ਦੀ ਧਰਤੀ ਉੱਤੇ ਪੈਰ ਪਾਏ, ਉਨ੍ਹਾਂ ਨੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਸੁਚੱਜੇ ਢੰਗ ਵੀ ਕੱਢੇ, ਨਾਲੋ-ਨਾਲ ਪਹਿਲੀਆਂ ਕਾਢਾਂ ਨੂੰ ਆਪਣੀਆਂ ਜ਼ਰੂਰਤਾਂ ਅਨੁਕੂਲ ਅਪਣਾਇਆ।[56] ਪਹਿਲੀ ਸਦੀ ਦੇ ਅੱਧ ਵਿੱਚ ਯੂਨਾਨੀ ਹੁਕਮਰਾਨਾਂ ਦੇ ਬੁੱਤਾਂ ਤੇ ਤਸਵੀਰਾਂ ਵਿੱਚ ਬਹੁਤ ਸਾਰੇ ਭਾਰਤੀ ਗਹਿਣੇ ਵੀ ਵਿਖਾਏ ਗਏ ਹਨ। ਪੰਜਾਬ ਵਿੱਚ 30 ਪੂਰਵ ਈ. ਸਦੀ ਵਿੱਚ ਰਾਜ ਕਰਨ ਵਾਲੇ ਹੁਕਮਰਾਨਾਂ ਦੇ ਬੁੱਤਾਂ ਤੋਂ ਸਾਨੂੰ ਪੰਜਾਬੀ ਪੁਸ਼ਾਕ ਅਤੇ ਗਹਿਣਿਆਂ ਦਾ ਵੇਰਵਾ ਮਿਲਦਾ ਹੈ।[57] ਮੁਸਲਮਾਨਾਂ ਦੇ ਆਉਣ ਨਾਲ ਇਹ ਪ੍ਰਭਾਵ ਮਧਮ ਹੁੰਦੇ ਗਏ। ਇਸਲਾਮ ਵਿੱਚ ਕਿਉਂਕਿ ਮਨੁੱਖੀ ਰੂਪ ਅਕਾਰਾਂ ਨੂੰ ਚਿੱਤਰਣ ਦੀ ਸਖ਼ਤ ਮਨਾਹੀ ਹੈ, ਇਸ ਲਈ ਸਿੱਕਿਆਂ ਤੇ ਹੋਰ ਕਲਾਤਮਕ ਵਸਤਾਂ ਦੀ ਸ਼ੈਲੀ

---

55 **ਕੌਰ, ਤੇਜਿੰਦਰ** (1988), *ਪੰਜਾਬ ਦੇ ਗਹਿਣੇ:ਸਮਾਜ-ਸਭਿਆਚਾਰਕ ਅਧਿਐਨ*, ਅਧਿਆਏ ਪਹਿਲਾ, ਗਹਿਣਿਆਂ ਦੀ ਉਤਪਤੀ ਤੇ ਵਿਕਾਸ, ਪੰਨਾ-4.

56 *ਪੰਜਾਬੀ ਸਭਿਆਚਾਰ*, ਪੰਨਾ-2.

57 **ਕੌਰ, ਤੇਜਿੰਦਰ।** (1988)। *ਪੰਜਾਬ ਦੇ ਗਹਿਣੇ:ਸਮਾਜ-ਸਭਿਆਚਾਰਕ ਅਧਿਐਨ*, ਅਧਿਆਏ ਪਹਿਲਾ ਗਹਿਣਿਆਂ ਦੀ ਉਤਪਤੀ ਤੇ ਵਿਕਾਸ, ਪੰਨਾ-27.

ਵਿੱਚ ਬੜੀ ਭਾਰੀ ਤਬਦੀਲੀ ਹੋਈ। ਹਿੰਦੂਸਤਾਨ 'ਤੇ ਤੁਰਕਾਂ ਦੇ ਤੀਸਰੇ ਹੱਲੇ ਤੋਂ ਬਾਅਦ ਨਾ ਸਿਰਫ਼ ਹੀਰੇ ਜਵਾਹਰਾਤ ਅਤੇ ਗਹਿਣੇ ਹੀ ਇਕੱਠੇ ਕੀਤੇ ਗਏ ਬਲਕਿ ਬਹੁਤ ਸਾਰੇ ਅਜਿਹੇ ਚੋਟੀ ਦੇ ਕਾਰੀਗਰ ਲਿਆਂਦੇ ਗਏ ਜਿਨ੍ਹਾਂ ਨੇ ਭਾਰਤੀ ਸੋਨੇ ਨੂੰ ਇਸਲਾਮਕ ਸ਼ੈਲੀ ਵਿੱਚ ਢਾਲਿਆ।

ਪੰਜਾਬ ਦੇ ਗਹਿਣਿਆਂ ਵਿੱਚ ਪ੍ਰਾਚੀਨਤਾ, ਪਰੰਪਰਾ ਅਤੇ ਨਵੀਨਤਾ ਵਿੱਚ ਇਕਸੁਰਤਾ ਵੇਖਣ ਨੂੰ ਮਿਲਦੀ ਹੈ। ਇਹ ਕਲਾ ਹਮੇਸ਼ਾ ਪਰਿਵਰਤਨਸ਼ੀਲ ਰਹੀ ਹੈ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ ਪੰਜਾਬੀਆਂ ਦੇ ਲੋਕ-ਜੀਵਨ ਵਿੱਚ ਸਮਾਜਿਕ ਅਤੇ ਸੰਸਕ੍ਰਿਤਿਕ ਪੱਖ ਤੋਂ ਬੜੇ ਭਾਰੀ ਪਰਿਵਰਤਨ ਆਏ ਹਨ ਅਤੇ ਇਹਨਾਂ ਦੇ ਜੀਵਨ ਦੀ ਨੁਹਾਰ ਬਦਲਦੀ ਜਾ ਰਹੀ ਹੈ।[58] ਪੰਜਾਬ ਦੇ ਗਹਿਣਿਆਂ ਬਾਰੇ ਮੁੱਢਲੀ ਖੋਜ ਅੰਗ੍ਰੇਜ ਵਿਦਵਾਨਾਂ ਨੇ ਕੀਤੀ। ਸਭ ਤੋਂ ਪਹਿਲਾਂ ਬੈਡਨ ਪਾਵਨ ਨੇ ਪੰਜਾਬ ਦੇ ਗਹਿਣਿਆਂ ਦੇ ਵਿਸਤ੍ਰਿਤ ਸੂਚੀ ਤਿਆਰ ਕੀਤੀ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਗਹਿਣਿਆਂ ਦੀਆਂ ਵਖੋ-ਵੱਖਰੀਆਂ ਕਿਸਮਾਂ ਵੇਖਣ ਨੂੰ ਮਿਲਦੀਆਂ ਹਨ। ਔਰਤਾਂ ਨੇ ਪ੍ਰਚਲਤ ਅਤੇ ਰਿਵਾਇਤੀ ਗਹਿਣੇ ਪਹਿਨੇ ਹੋਏ ਹਨ ਜਿਨ੍ਹਾਂ ਵਿੱਚ ਸੱਗੀ ਫੁੱਲ, ਵਾਲੇ, ਹਾਰ, ਪੰਜੇਬਾਂ ਆਦਿ ਹਨ। ਮਰਦਾਂ ਦੇ ਵੀ ਕੰਨਾਂ ਵਿੱਚ ਵਾਲੇ, ਮੁਰਕੀਆਂ ਆਦਿ ਪਹਿਨੇ ਹੋਏ ਹਨ। ਮਰਦਾਂ ਅਤੇ ਔਰਤਾਂ ਦੇ ਵੱਖੋ-ਵੱਖਰੇ ਗਹਿਣਿਆਂ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ :-

**ਕੰਨਾਂ ਦੇ ਗਹਿਣੇ :**

ਮਰਦ : ਵਾਲਾ, ਮੁਰਕੀ, ਬੀਰਬਲੀਆਂ।

ਔਰਤ : ਬਾਲੀ ਜਾਂ ਗੋਸ਼ਵਾਰਾ, ਕਰਨਫੁੱਲ, ਝੁਮਕਾ, ਪਿੱਪਲ ਵੱਟਾ ਜਾਂ ਪਿੱਪਲ ਪੱਤਾ, ਖਲੀਂ, ਜਲੀਲ, ਫੁੰਮਣੀ, ਮੱਛ-ਮੱਛਲੀਆਂ, ਮੋਰ ਫੁੰਮਣ।

**ਨੱਕ ਦੇ ਗਹਿਣੇ :**

ਔਰਤ : ਨੱਥ, ਬੁਲਾਕ, ਲਟਕਣ, ਮੋਰਨੀ, ਲੌਂਗ, ਫੁੱਲੀ।

**ਗਲ ਦੇ ਗਹਿਣੇ :**

ਮਰਦ : ਮਾਲਾ, ਕੈਂਠਾ ਜਾਂ ਕੈਂਠੀ, ਨਾਮ, ਤਾਵੀਜ਼, ਜ਼ੰਜੀਰੀ।

---

58 ਲੋਕ ਧਾਰਾ ਅਤੇ ਸਾਹਿਤ, ਪੰਨਾ-63.

ਔਰਤ: ਚੰਦਰਹਾਰ, ਮਾਲਾ, ਚੰਪਾਕਲੀ, ਮੋਹਨਮਾਲਾ, ਮੋਹਰਾਂ, ਗੁਲੂਬੰਦ, ਸਿਲਵੱਟਾ, ਅੱਤਰਾਦਾਨ।

**ਬਾਂਹ ਦੇ ਗਹਿਣੇ :**

ਮਰਦ : ਪੋਂਚੀ, ਕੰਗਣ, ਕੜਾ।

ਔਰਤ : ਪੋਚੀਆਂ, ਕੰਗਣ, ਗਜਰਾ, ਚੂੜੀ, ਬੋਣ।

**ਹੱਥਾਂ ਦੇ ਗਹਿਣੇ :**

ਅੰਗੂਠੀ, ਅੰਗੂਠਾ, ਸ਼ਾਹਆਲਮੀ।

**ਪੈਰਾਂ ਦੇ ਗਹਿਣੇ :**

ਪੰਜੇਬਾਂ, ਝਾਂਜਰ, ਖੜੀਆਂ ਜਾਂ ਖਲ-ਖਲ, ਘੁੰਗਰੂ ਅਤੇ ਜ਼ੰਜੀਰੀ।

ਨੱਕ ਦੇ ਗਹਿਣੇ ਯੂਰਪੀਅਨ ਦੇਸ਼ਾਂ ਵਿੱਚ ਨਹੀਂ ਪਹਿਨੇ ਜਾਂਦੇ। ਪੁਰਾਤਨ ਮੂਰਤੀਆਂ ਵੇਖਣ ਤੋਂ ਇਹੋ ਪਤਾ ਚਲਦਾ ਹੈ ਕਿ ਭਾਰਤ ਵਿੱਚ ਵੀ ਨੱਕ ਵਾਸਤੇ ਕੋਈ ਗਹਿਣਾ ਨਹੀਂ ਸੀ ਹੁੰਦਾ। ਇਸ ਦਾ ਰਿਵਾਜ਼ ਜ਼ਰੂਰ ਬਾਅਦ ਵਿੱਚ ਹੀ ਸ਼ੁਰੂ ਹੋਇਆ। ਸਾਡੇ ਸਮਾਜ ਵਿੱਚ ਇਸ ਦੀ ਮਹੱਤਤਾ ਐਨੀ ਵੱਧ ਗਈ ਸੀ ਕਿ ਸੁਹਾਗਣ ਨੂੰ 'ਤੇਰੇ ਨੱਥ ਚੂੜਾ ਬਰਕਰਾਰ ਰਹਿਣ' ਦੀ ਅਸੀਸ ਦਿੱਤੀ ਜਾਂਦੀ ਸੀ, ਬਲਕਿ ਪਿੰਡਾਂ ਵਿੱਚ ਅੱਜ ਵੀ ਦਿੱਤੀ ਜਾਂਦੀ ਹੈ। ਕਈ ਇਲਾਕਿਆਂ ਵਿੱਚ ਚੂੜੇ ਅਤੇ ਨੱਥ ਦੀ ਅਣਹੋਂਦ ਤਰਤੀਬਵਾਰ ਇਸਤਰੀ ਦੇ ਕੁਆਰੀ ਜਾਂ ਵਿਧਵਾ ਹੋਣ ਦੀ ਸੂਚਕ ਮੰਨੀ ਜਾਂਦੀ ਸੀ।

ਪੰਜਾਬ ਵਿੱਚ ਕੇਵਲ ਔਰਤਾਂ ਹੀ ਨੱਕ ਦੇ ਗਹਿਣੇ ਪਹਿਨਦੀਆਂ ਹਨ। ਨੱਕ ਦੇ ਸ਼ਿੰਗਾਰ ਵਾਸਤੇ, ਬਾਹਰਲਿਆਂ ਪਾਸਿਆਂ ਵਿੱਚ 'ਤੇ ਵਿਚਕਾਰ ਤਿੰਨ ਛੇਕ ਕਰਵਾਏ ਜਾਂਦੇ ਹਨ ਜਿਹਨਾਂ ਵਿੱਚ ਨੱਥ, ਤੀਲੀ, ਲੌਂਗ, ਮੱਛਲੀ, ਕੋਕਾ, ਫੁੱਲੀ, ਨੱਥਣੀ ਆਦਿ ਪਹਿਨੇ ਜਾਂਦੇ ਹਨ। ਪੰਜਾਬੀ ਦਾ ਇੱਕ ਅਖਾਣ ਹੈ ਕਿ ਕਿਉਂਕਿ ਨੱਕ ਤੇ ਕੰਨ ਵਿਆਹ ਤੋਂ ਪਹਿਲੋਂ ਵਿੰਨੇ ਜਾਂਦੇ ਸਨ। ਪੁਰਾਣਿਆਂ ਜ਼ਮਾਨਿਆਂ ਵਿੱਚ ਰਾਜਕੁਮਾਰਾਂ ਦੇ ਨੱਕ ਵਿਚਕਾਰੋਂ ਵਿੰਨ੍ਹੇ ਜਾਂਦੇ ਸਨ ਤੇ ਨੱਕ ਵਿੱਚ ਸੁੱਚੇ ਮੋਤੀਆਂ ਵਾਲਾ ਨੁਕਰਾ ਪਾਇਆ ਜਾਂਦਾ ਸੀ ਜੋ ਭੈੜੀਆਂ ਨਜ਼ਰਾਂ ਤੋਂ ਬਚਿਆ ਜਾਵੇ ਅਤੇ ਵਾਸ਼ਨਾਵਾਂ ਸੰਤੁਲਿਤ ਹੋ ਸਕਣਾ ਕਿਉਂਕਿ ਵਿਗਿਆਨੀਆਂ ਦੇ ਮੱਤ ਅਨੁਸਾਰ ਉਗਾਹ ਤੇ ਕਾਮ ਵਾਸ਼ਨਾਵਾਂ ਦਾ ਮੁੱਖ ਬਿੰਦੂ ਨੱਕ ਵਿੱਚ ਹੈ ਤੇ ਨੱਕ ਵਿੰਨ੍ਹ ਦੇਣ ਨਾਲ ਇਹਨਾਂ ਤੇ

ਕਾਬੂ ਰਹਿੰਦਾ ਹੈ।[59] ਨੱਥ ਸੁਹਾਗ ਦੀ ਨਿਸ਼ਾਨੀ ਅਤੇ ਚਿੰਨ੍ਹ ਮੰਨੀ ਜਾਂਦੀ ਹੈ। ਇਹ ਨੱਕ ਦੇ ਖੱਬੇ ਪਾਸੇ ਪਾਈ ਜਾਂਦੀ ਹੈ ਅਤੇ ਵੱਡੇ ਸਾਰੇ ਛੱਲੇ ਵਰਗਾ ਗਹਿਣਾ ਹੁੰਦਾ ਹੈ।

ਨੱਥ ਦਾ ਇੱਕ ਸਿਰਾ ਸਿੱਧਾ ਅਤੇ ਦੂਸਰਾ ਮੁੜਿਆ ਹੋਇਆ ਹੁੰਦਾ ਹੈ। ਵਿਚਕਾਰ ਬਹੁਤ ਸੁਹਣੀਆਂ ਸੋਨੇ ਦੀਆਂ ਪੱਤੀਆਂ ਲੱਗੀਆਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਮੋਤੀ ਲੱਗੇ ਹੁੰਦੇ ਹਨ। ਭਾਰੀ ਹੋਣ ਕਾਰਨ ਕਈਂ ਵਾਰ ਇਸਨੂੰ ਡੋਰੀ ਜਾਂ ਸੋਨੇ ਦੀ ਜੰਜੀਰ ਪਾਈ ਜਾਂਦੀ ਹੈ ਅਤੇ ਸਿਰ ਦੀ ਸੂਈ ਜਾਂ ਵਾਲਾ ਨਾਲ ਟੰਗਿਆ ਜਾਂਦਾ ਹੈ। ਕਈ ਪ੍ਰਕਾਰ ਦੀਆਂ ਨੱਥਾਂ ਪ੍ਰਚਾਲਤ ਹਨ। ਨੱਥ ਪੰਜਾਬੀ, ਨੱਥ ਚੁਟਕੀ ਵਾਲੀ, ਨੱਥ ਮੁਸਲਮਾਨੀ, ਨੱਥ ਰਵਾਲੇਦਾਰ, ਨੱਥ ਸ਼ਿਕਾਰਪੁਰੀ, ਨੱਥ ਪੋਠੋਹਾਰੀ, ਨੱਥ ਕੀਦਾਰ, ਨੱਥ ਛੱਡ ਹਜ਼ਾਰਾਂ (ਤਰਜ ਪਿਸ਼ਾਵਰੀ ਆਦਿ)।[60] ਨੱਥ ਪ੍ਰਚਲਿਤ ਭਾਸ਼ਾ ਦਾ ਪ੍ਰਚਲਿਤ ਸ਼ਬਦ ਹੈ ਜਿਸ ਦਾ ਸ਼ਾਬਦਿਕ ਅਰਥ ਹੈ ''ਜਾਨਵਰਾਂ ਨੂੰ ਕਾਬੂ ਵਿੱਚ ਲਿਆਉਣ ਲਈ ਪਾਈ ਜਾਂਦੀ ਕੁੰਡੀ।'' ਨੱਥ ਮੁਸਲਮਾਨੀ ਸਭਿਆਚਾਰ ਵਿੱਚ ਬਹੁਤ ਪ੍ਰਾਚੀਨ ਹੈ। ਭਾਰਤੀ ਸੰਸਕ੍ਰਿਤੀ ਵਿੱਚ ਸਾਨੂੰ ਇਸ ਤੋਂ ਪੁਰਾਣੇ ਹਵਾਲੇ ਨਹੀਂ ਮਿਲਦੇ, ਜਿਸ ਤੋਂ ਸਿੱਧ ਹੁੰਦਾ ਹੈ ਕਿ ਨੱਥ ਨਾਂ ਦਾ ਗਹਿਣਾ ਮੁਸਲਮਾਨੀ ਸਭਿਆਚਾਰ ਤੋਂ ਪਹਿਲਾਂ ਵੀ ਮੌਜੂਦ ਸੀ। ਚੰਦਨਹਾਰਾ ਹੰਸਾਲੀ ਅਤੇ ਪਾਜ਼ੇਬ ਆਦਿ ਗਹਿਣੇ ਸਾਨੂੰ ਹੜੱਪਾ ਅਤੇ ਮੁਹਿੰਜੋਦਾੜੋ ਦੀਆਂ ਖੁਦਾਈਆਂ ਵਿੱਚੋਂ ਵੀ ਮਿਲਦੇ ਹਨ ਪਰ ਨੱਥ ਦੇ ਤੌਰ ਤੇ ਪਾਏ ਜਾਣ ਵਾਲੇ ਗਹਿਣੇ ਨਹੀਂ ਮਿਲਦੇ।

ਨੱਕ ਦੇ ਗਹਿਣਿਆਂ ਦੇ ਸਬੰਧ ਵਿੰਚ ਬੰਗਾਲ ਦੇ ਰਾਇਲ ਏਸ਼ੀਆਟਿਕ ਸੁਸਾਇਟੀ ਨੇ ਕੁੱਝ ਲੇਖ ਪ੍ਰਕਾਸ਼ਤ ਕੀਤੇ ਸਨ। ਐੱਨ.ਬੀ.ਬੀ. ਡੀਬਾਰੀਆ ਨੇ ਇਸ ਤੱਥ ਤੇ ਜ਼ੋਰ ਦਿੱਤਾ ਸੀ ਕਿ ਸੰਸਕ੍ਰਿਤ ਸਾਹਿਤ ਅਤੇ ਕੋਸ਼ਾਂ ਵਿੱਚ ਨੱਕ ਦੇ ਕਿਸੇ ਵੀ ਗਹਿਣੇ ਦਾ ਉਲੇਖ ਨਹੀਂ ਮਿਲਦਾ। ਜਾਪਦਾ ਹੈ ਕਿ ਨੱਕ ਦੇ ਗਹਿਣੇ ਮੁਸਲਮਾਨ ਸੰਸਕ੍ਰਿਤੀ ਦੀ ਦੇਣ ਹਨ। ਡੀਬਾਰੀਆ ਦੇ ਇਹਨਾਂ ਵਿਚਾਰਾਂ ਦਾ ਖੰਡਨ ਪੰਜ ਸਾਲ ਬਾਅਦ ਕਲਕੱਤਾ ਰੀਵੀਊ ਵਿੱਚ ਦਾਸ ਗੁਪਤਾ ਨੇ ਆਪਣੇ ਇੱਕ ਲੇਖ ਰਾਹੀਂ ਕੀਤਾ।[61]

---

59 **Parmar, Shyam. (Dr.)** (1972). *Folklore of Madhya Pradesh,* National Book Trust India, p. 150.

60 **ਕੌਰ, ਤੇਜਿੰਦਰ,** (1988)**,** *ਪੰਜਾਬ ਦੇ ਗਹਿਣੇ,ਸਮਾਜ-ਸਭਿਆਚਾਰਕ ਅਧਿਐਨ*, ਪੀਐਚ.ਡੀ. ਥੀਸਿਸ, ਗੁਰੂ ਨਾਨਕ ਦੇਵ ਯੂਨਿਵਰਸਿਟੀ, ਅੰਮ੍ਰਿਤਸਰ, ਪੰਨਾ-78.

61 **Ahekar, A.S.** *Dress and Ornaments of Hindu Women***,** Journal of the Benaras Hindu University, Vol.-II, p. 399.

16ਵੀਂ ਸਦੀ ਦੀ ਇੱਕ ਸਚਿੱਤਰ ਹੱਥ ਲਿਖਤ 'ਭਾਗਵਤਪੁਰਾਣ' ਵਿੱਚ ਕੁੱਝ ਔਰਤਾਂ ਨੂੰ ਨੱਕ ਵਿੱਚ ਤਿੰਨ ਮੋਤੀਆਂ ਵਾਲਾ ਨੱਥ ਦਾ ਗਹਿਣਾ ਪਾਇਆ ਦਿਖਾਇਆ ਗਿਆ ਹੈ। ਨੱਥ ਇਤਿਹਾਸਕ ਤੌਰ ਤੇ ਮੁਸਲਮਾਨੀ ਦੇਣ ਹੈ ਜਾਂ ਨਹੀਂ ਇਸ ਬਾਰੇ ਕਿੰਤੂ ਹੋ ਸਕਦਾ ਹੈ ਪਰ ਮੁਸਲਮਾਨਾਂ ਦੇ ਆਉਣ ਤੋਂ ਬਾਅਦ ਇੱਥੇ ਪ੍ਰਚਲਿਤ ਹੋਈ ਨੱਥ ਬਾਰੇ ਕੋਈ ਦੋ ਰਾਇ ਨਹੀਂ ਹੈ। ਮੁਸਲਮਾਨ ਔਰਤਾਂ ਹਿੰਦੂ ਔਰਤਾਂ ਤੋਂ ਉਲਟ ਇਸਨੂੰ ਨੱਕ ਦੇ ਸੱਜੇ ਪਾਸੇ ਪਹਿਨਦੀਆਂ ਹਨ ਜਾਂ ਵਿਚਕਾਰਲੀ ਹੱਡੀ ਨਾਲ ਲਟਕਾ ਲੈਂਦੀਆਂ ਸਨ।

ਪੰਜਾਬ ਵਿੱਚ ਕੇਵਲ ਔਰਤਾਂ ਹੀ ਨੱਕ ਦੇ ਗਹਿਣੇ ਪਹਿਨਦੀਆਂ ਹਨ। ਨੱਕ ਦਾ ਸ਼ਿੰਗਾਰ ਔਰਤਾਂ ਨੂੰ ਬਹੁਤ ਪਸੰਦ ਹੈ ਅਤੇ ਇਸ ਦੇ ਅਨੇਕਾਂ ਨਮੂਨੇ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਚਿੱਤਰਤ ਨਾਰੀ ਦੇ ਪਾਈਆਂ ਨੱਥਾਂ ਵਿੱਚ ਦੇਖੇ ਜਾ ਸਕਦੇ ਹਨ। ਨੱਥਾਂ ਬਾਰੇ ਅਨੇਕਾਂ ਗੀਤ, ਅਖੌਤਾਂ ਅਤੇ ਕਿੱਸੇ ਪ੍ਰਚੱਲਿਤ ਹਨ। 'ਤੀਲੀ ਲੌਂਗ ਦਾ ਝਗੜਾ' ਮਾਲਵੇ ਦਾ ਬਹੁਤ ਹਰਮਨ ਪਿਆਰਾ ਕਿੱਸਾ ਹੈ, ਜਿਸਨੂੰ ਕਈ ਕਿੱਸਾਕਾਰਾਂ ਨੇ ਕਲਮ ਬੰਦ ਕੀਤਾ ਹੈ। ਪੁਰਾਤਨ ਚਿੱਤਰਾਂ ਵਿੱਚ ਪੰਜਾਬ ਦੀਆਂ ਰਾਣੀਆਂ ਤੇ ਸ਼ਾਹੀ ਪਰਿਵਾਰ ਦੀਆਂ ਦੂਸਰੀਆਂ ਤਰੀਮਤਾਂ ਨੂੰ ਅਜਿਹੀਆਂ ਨੱਥ ਪੰਡਾਲੀਆਂ ਪਾਈ ਚਿੱਤਰਤ ਕੀਤਾ ਗਿਆ ਹੈ। ਗੁਰਦੁਆਰਾ ਪੋਥੀਮਾਲਾ ਵਿਖੇ ਚਿੱਤਰਨ ਨਾਰੀਆਂ ਦੇ ਭਿੰਨ-ਭਿੰਨ ਗਹਿਣੇ ਪਹਿਨੇ ਦਿਖਾਏ ਹਨ ਜਿਹਨਾਂ ਵਿੱਚ ਸਿਰ ਤੇ ਸ਼ਿੰਗਾਰ ਪੱਟੀ, ਕੰਨਾਂ ਵਿੱਚ ਵਾਲੇ ਅਤੇ ਕੁੰਡਲ, ਮੱਥੇ ਦੌਣੀ, ਗਲ਼ ਵਿੱਚ ਕੀਮਤੀ ਹਾਰ, ਨੱਕ ਵਿੱਚ ਕੋਕਾ ਅਤੇ ਨੱਥ-ਮੱਛਲੀ ਦਿਖਾਈ ਗਈ ਹੈ। ਸੰਭਵ ਹੈ ਕਿ ਪਹਾੜੀ ਲੋਕਾਂ ਦੇ ਸੰਪਰਕ ਵਿੱਚ ਆਉਣ ਨਾਲ ਨੱਥ ਹਰਮਨ ਪਿਆਰਾ ਗਹਿਣਾ ਹੋ ਗਿਆ ਹੋਵੇ, ਕਿਉਂਕਿ ਪਹਾੜੀ ਇਲਾਕਿਆਂ ਵਿੱਚ ਇਹ ਕਾਫੀ ਪ੍ਰਚਲਤ ਸੀ।[62] ਇਸ ਤੋਂ ਬਿਨਾਂ ਰੇਖ ਜਾਂ ਕੋਕਾ ਨੱਥ ਦੇ ਛੇਕ ਨੂੰ ਖੁੱਲ੍ਹਾ ਰੱਖਣ ਲਈ ਪਹਿਨਿਆਂ ਜਾਂਦਾ ਹੈ। ਸੋਨੇ ਜਾਂ ਚਾਂਦੀ ਦੀ ਤੀਲੀ ਦੇ ਅੱਗੇ ਇੱਕ ਖੋਲ ਜਿਹਾ ਬਣਾਇਆ ਜਾਂਦਾ ਹੈ ਜਿਸ ਵਿੱਚ ਇੱਕ ਨਗ, ਮੋਤੀ ਜਾਂ ਹੀਰਾ ਜੜਿਆ ਜਾਂਦਾ ਹੈ। ਪਹਾੜੀ ਇਲਾਕਿਆਂ ਵਿੱਚ ਚਮਕੀਲਾ ਸ਼ੀਸ਼ਾ ਜੜਿਆ ਹੁੰਦਾ ਸੀ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਚਿੱਤਰਤ ਨਾਰੀਆਂ ਦੇ ਜ਼ਿਆਦਾਤਰ ਕੋਕਾ ਪਹਿਨਿਆ ਹੋਇਆ ਹੈ।

---

62 **Handa., O.C.** *Pahari Jewelary*, Roopa- lekha - Vol. XXXVIII, p. 192.

ਮਰਦ ਆਮ ਤੌਰ ’ਤੇ ਨੱਕ ਵਿੱਚ ਕੋਈ ਗਹਿਣਾ ਨਹੀਂ ਪਾਉਂਦੇ। ਕਦੇ ਕਿਸੇ ਨਜ਼ਾਰ ਟਪਾਰ ਤੋਂ ਬਚਾਉਣ ਲਈ ਜਾਂ ਸੰਪੂਰਨਤਾ ਭੰਗ ਕਰਨ ਲਈ ਕਿਸੇ ਮਰਦ ਦਾ ਨੱਕ ਵਿੰਨ੍ਹ ਦਿੱਤਾ ਜਾਂਦਾ ਹੈ। ਪੁਰਾਣੇ ਜ਼ਮਾਨਿਆਂ ਵਿੱਚ ਰਾਜਕੁਮਾਰਾਂ ਦੇ ਨੱਕ ਵਿੰਨ੍ਹ ਦਿੱਤੇ ਜਾਂਦੇ ਸਨ ਪਰ ਮਰਦਾਂ ਦੇ ਨੱਕ ’ਚ ਪਹਿਨਣ ਵਾਲੇ ਕਿਸੇ ਪਰੰਪਰਾਗਤ ਗਹਿਣੇ ਦਾ ਜ਼ਿਕਰ ਨਹੀਂ ਮਿਲਦਾ। ਕਈ ਮੁਲਸਮਾਨੀ ਧਾਰਮਿਕ ਸਥਾਨਾਂ ਤਕੀਆਂ ਆਦਿ ਦੇ ਗੱਦੀਨਸ਼ੀਨ ਨੱਕ ਵਿੱਚ ਨੱਥ ਪਹਿਨਦੇ ਸਨ। ਪੰਜਾਬ ਦੀਆਂ ਔਰਤਾਂ, ਮਰਦ ਅਤੇ ਬੱਚੇ ਸਾਰੇ ਹੀ ਗੱਲ ਦੇ ਗਹਿਣੇ ਪਹਿਨਣ ਦੇ ਸ਼ੌਕੀਨ ਹਨ। ਗਲ਼ ਦੇ ਗਹਿਣਿਆਂ ਦਾ ਜ਼ਿਕਰ ਸਾਡੀਆਂ ਲੋਕ-ਕਹਾਣੀਆਂ ਵਿੱਚ ਵੀ ਵਿਸ਼ੇਸ਼ ਤੌਰ ’ਤੇ ਹੋਇਆ ਹੈ। ਗਲ ਦੇ ਗਹਿਣੇ ਇੱਕ ਵੱਡੀ ਗਿਣਤੀ ਵਿੱਚ ਨਾਵਾਂ ਦੇ ਰੂਪ, ਆਕਾਰ ਸਮੇਤ ਅਲੋਪ ਹੋ ਗਏ ਹਨ ਜਿਨ੍ਹਾਂ ਨੂੰ ਅੱਜ ਚਿੱਤਰਾਂ ਅਤੇ ਕੰਧ-ਚਿੱਤਰਾਂ ਵਿੱਚ ਦੇਖ ਸਕਦੇ ਹਾਂ। ਇਹ ਹਾਰ ਫੁੱਲਾਂ, ਮਣਕਿਆਂ, ਕੌਡੀਆਂ, ਸੋਨੇ ਚਾਂਦੀ ਤੇ ਹੋਰ ਕਈ ਧਾਤਾਂ ਦੇ ਬਣੇ ਹੋ ਸਕਦੇ ਹਨ। ਇਹਨਾਂ ਨੂੰ ਪਹਿਨਣ ਤੇ ਪਹਿਨਾਉਣ ਦੇ ਮੌਕੇ ਅਤੇ ਮਕਸਦ ਵੀ ਵੱਖੋ-ਵੱਖਰੇ ਹਨ। ਪਰੰਪਰਾਗਤ ਗਹਿਣਿਆਂ ਵਿੱਚ ਵੀ ਹਾਰਾਂ ਦੀਆਂ ਕਈਂ ਕਿਸਮਾਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਸਾਦੇ ਹਾਰ ਵੀ ਹਨ ਤੇ ਜੜਾਊ ਵੀ। ਗ਼ਰੀਬ, ਮੱਧ ਵਰਗੀ ਲੋਕ ਸਾਦੇ ਹਾਰ ਪਹਿਨਦੇ ਸਨ ਅਤੇ ਜੜਾਉ ਅਤੇ ਕਿਸ਼ਤੀ ਹਾਰ ਪਹਿਨਣ ਵਾਲੇ ਖ਼ਾਸ ਲੋਕ ਸਰਦਾਰ ਅਤੇ ਰਾਜੇ ਹੁੰਦੇ ਸਨ। ਖ਼ਾਸ ਰੁਤਬਾ ਰੱਖਣ ਵਾਲੇ ਮਰਦ, ਦੋ ਲੜੀਆਂ ਕੈਂਠਾ ਜੜਾਊਨਾਮਾ ਪਹਿਨਦੇ ਸਨ, ਜਿਵੇਂ ਕਿ ਚਿੱਤਰ ਵਿੱਚ ਵੇਖ ਸਕਦੇ ਹਾਂ।

ਬਾਹਾਂ ਦੇ ਗਹਿਣਿਆਂ ਵਿੱਚ ਔਰਤਾਂ ਨੇ ਕੰਗਣ, ਚੂੜੀਆਂ, ਬਾਜੁਬੰਦ ਆਦਿ ਪਹਿਨੇ ਹੋਏ ਹਨ। ਕੰਗਣ ਦੋਹਾਂ ਹੱਥਾਂ ਵਿੱਚ ਇੱਕ-ਇੱਕ ਪਹਿਨਿਆ ਜਾਂਦਾ ਹੈ। ਚੂੜੀਆਂ ਬਾਰੀਕ ਅਤੇ ਮੋਟੀਆਂ ਦੋਨੋਂ ਹੋ ਸਕਦੀਆਂ ਹਨ। ਇਹਨਾਂ ਦੀਆਂ ਕਈ ਕਿਸਮਾਂ ਵੀ ਹੁੰਦੀ ਹਨ। ਚਿੱਤਰ ਵਿੱਚ ਕਈਆਂ ਔਰਤਾਂ ਨੇ ਬਾਜ਼ੂਬੰਦ ਵੀ ਪਹਿਨਿਆ ਹੋਇਆ ਹੈ। ਇਹ ਅਰਕ ਤੋਂ ਉੱਪਰ ਡੌਲੇ ਤੇ ਪਹਿਨਿਆ ਜਾਣ ਵਾਲਾ ਗਹਿਣਾ ਹੈ। ਹੇਠਾਂ ਰੇਸ਼ਮੀ ਪੱਟੀ ਲੱਗੀ ਹੁੰਦੀ ਹੈ। ਕਈਆਂ ਨਾਲ ਫੁੰਮਣ ਵੀ ਲੱਗੇ ਹੁੰਦੇ ਹਨ। ਇਸਨੂੰ ਕੁੜਤੇ ਦੀ ਬਾਂਹ ਉਪਰੋਂ ਪਹਿਨਿਆ ਜਾਂਦਾ ਹੈ।

ਮਰਦਾਂ ਦੇ ਬਾਂਹ ਦੇ ਗਹਿਣਿਆਂ ਵਿੱਚ ਕੜਾ ਪ੍ਰਮੁੱਖ ਹੈ। ਇਹ ਆਮ ਤੌਰ ’ਤੇ ਸੋਨੇ ਅਤੇ ਲੋਹਾ ਦਾ ਹੁੰਦਾ ਹੈ। ਪੈਰਾਂ ਦੇ ਗਹਿਣਿਆਂ ਵਿੱਚ ਪੰਜੇਬਾ ਸਭ ਤੋਂ ਪ੍ਰਸਿੱਧ ਗਹਿਣਾ ਹੈ।

ਇਹ ਚਾਂਦੀ ਦੀ ਸਗਲਿਆਂ ਵਰਗੀ ਚੌੜੀ ਪੱਟੀ ਹੁੰਦੀ ਹੈ ਪਰ ਇਸਦੇ ਬੋਰ ਸਗਲਿਆਂ ਦੇ ਬੋਰਾਂ ਵਾਂਗ ਪੋਲੇ ਨਹੀਂ ਹੁੰਦੇ, ਸਗੋਂ ਨਿੱਗਰ ਹੁੰਦੇ ਹਨ। ਇਹ ਗਹਿਣਾ ਪੁਰਾਣੇ ਸਮਿਆਂ ਤੋਂ ਚਲਿਆ ਆ ਰਿਹਾ ਹੈ।

**ਪ੍ਰਕਿਰਤੀ ਅਤੇ ਪਸ਼ੂ ਪੰਛੀ ਚਿੱਤਰਨ (Flora and Fauna)**

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਦਰੱਖ਼ਤ, ਪੌਦੇ, ਪਰਬਤ, ਨਦੀਆਂ, ਜੰਗਲਾਂ ਆਦਿ ਦਾ ਕਾਂਗੜਾ/ ਰਾਜਸਥਾਨੀ ਚਿੱਤਰ-ਸ਼ੈਲੀ ਵਾਂਗ ਬਹੁਤ ਸੁੰਦਰ ਚਿੱਤਰਨ ਹੋਇਆ ਹੈ। ਇਹਨਾਂ ਦਾ ਚਿੱਤਰਨ ਵਿਸ਼ੇ ਅਨੁਸਾਰ ਹੀ ਕੀਤਾ ਗਿਆ ਹੈ। ਪ੍ਰਕਿਰਤਕ ਚਿੱਤਰਨ ਦੀ ਚਿੱਤਰ ਵਿਚਲੇ ਵਿਸ਼ੇ ਨਾਲ ਡੂੰਘੀ ਸਾਂਝ ਹੈ। ਕਲਾਕਾਰ ਨੇ ਨਾਇਕ-ਨਾਇਕਾ ਚਿੱਤਰਾਂ ਵਿੱਚ ਉਨ੍ਹਾਂ ਦੇ ਮਨੋਭਾਵਾਂ ਨੂੰ ਪ੍ਰਕਿਰਤੀ ਚਿੱਤਰਨ ਦੁਆਰਾ ਉਘਾੜਨ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਪ੍ਰਕਿਰਤੀ ਚਿੱਤਰਨ ਨੇ ਚਿੱਤਰਾਂ ਵਿੱਚ ਸੁਹਜ ਨੂੰ ਹੋਰ ਵੀ ਨਿਖਾਰਿਆ ਹੈ। ਚਿੱਤਰਕਾਰ ਨੇ ਪ੍ਰਕਿਰਤੀ ਚਿੱਤਰਨ ਵਿੱਚ ਹੁਬਹੂ ਨਕਲ ਨਹੀਂ ਕੀਤੀ ਅਤੇ ਨਾ ਹੀ ਕਲਪਨਾ ਨੂੰ ਪ੍ਰਧਾਨਤਾ ਦਿੱਤੀ ਹੈ। ਸਰੋਤ ਦੋਹਾਂ ਦਾ ਮਿਸ਼ਰਣ ਹੀ ਹੈ। ਸੁੰਦਰਤਾ ਅਸਲੀਅਤ ਅਤੇ ਸੋਚ ਦੋ ਤੱਤਾਂ ਦੀ ਇਕਸੁਰਤਾ ਦੇ ਮਿਸ਼ਨ ਨਾਲ ਬਣਦੀ ਹੈ।[63] ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦਾ ਪ੍ਰਕਿਰਤੀ ਚਿੱਤਰਨ ਬੇਸ਼ਕ ਬਹੁਤ ਸਾਦਾ ਹੈ ਪਰ ਫਿਰ ਵੀ ਆਪਣੀ ਹੋਂਦ ਨੂੰ ਉਘਾੜਨ ਵਿੱਚ ਸਫ਼ਲ ਹੈ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦਾ ਸਿੱਧਾਂ ਨਾਲ ਸੰਵਾਦ ਦਾ ਚਿੱਤਰ, ਗੁਰੂ ਜੀ ਦਾ ਆਪਣੇ ਪੁੱਤਰਾਂ ਨਾਲ ਸੰਵਾਦ ਦਾ ਚਿੱਤਰ, ਰਾਧਾ ਕ੍ਰਿਸ਼ਨ ਨਾਲ ਸੰਬੰਧਤ, ਰਾਮਾਇਣ ਦੇ ਵਿਸ਼ੇ ਜਿਨ੍ਹਾਂ ਵਿੱਚ ਸ੍ਰੀ ਰਾਮ ਅਤੇ ਸੀਤਾ ਨੂੰ ਜੰਗਲ ਵਿੱਚ ਦਿਖਾਇਆ ਗਿਆ ਹੈ। ਸ਼੍ਰੀ ਕ੍ਰਿਸ਼ਨ ਦੇ ਜੰਗਲ ਵਿੱਚ ਬੰਸਰੀ ਬਜਾਉਣ, ਗਵਾਲਿਆਂ ਨਾਲ ਖੇਡਣ ਵਾਲੇ ਕਈ ਚਿੱਤਰਾਂ ਵਿੱਚ ਵੇਖਿਆ ਜਾ ਸਕਦਾ ਹੈ। ਇਸ ਤੋਂ ਬਿਨਾਂ ਦਿਨ ਦੇ ਵੱਖ-ਵੱਖ ਪਹਿਰਾਂ ਦੇ ਚਿੱਤਰਨ ਨੂੰ ਵੀ ਪ੍ਰਕਿਰਤੀ ਤੇ ਪੈਂਦੇ ਰੋਸ਼ਨੀ ਤੇ ਛਾਂ ਦੇ ਪ੍ਰਭਾਵ ਨਾਲ ਚਿੱਤਰਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਚਿੱਤਰਾਂ ਵਿੱਚ ਰੁੱਖਾਂ ਨੂੰ ਛੱਤਰ ਦੇ ਰੂਪ ਵਿੱਚ ਚਿੱਤਰਿਆ ਗਿਆ ਹੈ (ਚਿੱਤਰ 20,21)। ਪ੍ਰਕਿਰਤੀ ਵਿੱਚ ਮਾਨਵਾਕ੍ਰਿਤੀਆਂ ਦੇ ਨਾਲ-ਨਾਲ ਪਸ਼ੂ ਅਤੇ ਪੰਛੀਆਂ ਦਾ ਚਿੱਤਰਨ ਵੀ ਇਹਨਾਂ ਚਿੱਤਰਾਂ ਦਾ ਅਨਿੱਖੜਵਾ ਅੰਗ ਹੈ। ਇਹ ਚਿਤਰਨ ਪਰੰਪਰਾ ਸੁਤੰਤਰ ਰੂਪ ਦੇ ਨਾਲ-ਨਾਲ ਵਿਸ਼ੇ ਦੇ ਸਹਿਯੋਗ ਰੂਪ ਵਿੱਚ ਵੀ

63 **Alexander., Samuel.** (1933). *Beauty and Other Form of Value*, London, p. 12.

ਰਹੀ ਹੈ। ਪਸ਼ੂ ਪੰਛੀਆਂ ਦਾ ਚਿੱਤਰਨ ਭਾਰਤੀ ਕਲਾ ਵਿੱਚ ਵਿਸ਼ਵ ਦੀਆਂ ਹੋਰ ਕਲਾਵਾਂ ਨਾਲੋਂ ਜ਼ਿਆਦਾ ਵਿਆਪਕ ਰੂਪ ਵਿੱਚ ਹੋਇਆ ਹੈ।[64] ਕਲਾ ਵਿੱਚ ਇਸ ਜੀਵ ਜਗਤ ਦੇ ਪ੍ਰਤੀ ਆਕਰਸ਼ਣ ਦੀ ਪ੍ਰੇਰਣਾ ਦਾ ਸਰੋਤ ਸਾਡਾ ਸਾਹਿਤ ਅਤੇ ਸੰਸਕ੍ਰਿਤੀ ਹੈ, ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਜੀਵਨ ਵਿੱਚ ਹੀ ਨਹੀਂ ਸਗੋਂ ਧਰਮ ਵਿੱਚ ਵੀ ਪਸ਼ੂ ਪੰਛੀਆਂ ਦਾ ਮਹੱਤਵਪੂਰਨ ਸਥਾਨ ਹੈ। ਗੁਰੁਦਆਰਾ ਪੋਥੀਮਾਲਾ ਦੇ ਚਿੱਤਰਾਂ ਵਿੱਚ ਪਸ਼ੂ ਚਿੱਤਰਨ ਵਿੱਚ ਆਕ੍ਰਿਤੀਆਂ ਨਾਲ ਜਿਨ੍ਹਾਂ ਪਸ਼ੂਆਂ ਦਾ ਚਿੱਤਰਨ ਕੀਤਾ ਹੈ ਉਹ ਘੋੜੇ, ਕੁੱਤੇ ਅਤੇ ਗਊਆਂ ਆਦਿ ਹਨ, ਜਦਕਿ ਆਲੇਖਨਾਂ ਵਿੱਚ ਬਾਂਦਰਾਂ ਨੂੰ ਹਿੱਸੇਦਾਰ ਬਣਾਇਆ ਗਿਆ ਹੈ। ਘੋੜਾ ਬ੍ਰਾਹਮਣਵਾਦੀ ਹਿੰਦੂ ਸ਼ਾਸਤਰਾਂ ਵਿੱਚ ਸੂਰਜ ਅਤੇ ਵਿਸ਼ਨੂੰ ਨਾਲ ਸੰਬੰਧਤ ਸੀ।[65] ਇਸੇ ਤਰ੍ਹਾਂ ਪੰਛੀਆਂ ਵਿੱਚ ਤੋਤਾ, ਸਾਰਸ, ਮੈਨਾ ਆਦਿ ਨੂੰ ਵਿਭਿੰਨ ਰੂਪਾਂ ਵਿੱਚ ਚਿੱਤਰਿਆ ਹੋਇਆ ਹੈ। ਇਹ ਵਿਸ਼ੇ ਦੀ ਵਿਆਖਿਆਕ੍ਰਮ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਘੋੜੇ ਦਾ ਚਿੱਤਰਨ ਸਿੱਖ ਗੁਰੂਆਂ ਦੇ ਚਿੱਤਰਾਂ ਵਿੱਚ ਕੀਤਾ ਗਿਆ ਹੈ (ਚਿੱਤਰ 22, 23, 24, 26, 27, 29)। ਇਸ ਦੇ ਨਾਲ ਹੀ ਕੁਝ ਵਿੱਚ ਕੁੱਤਾ ਵੀ ਨਜ਼ਰ ਆਉਂਦਾ ਹੈ (ਚਿੱਤਰ 25, 31)।

ਪੰਛੀਆਂ ਵਿੱਚ ਮੋਰ, ਤੋਤਾ, ਮੈਨਾ ਆਦਿ ਬਹੁਤ ਲੋਕਪ੍ਰਿਆ ਹਨ। ਪੰਛੀਆਂ ਨੂੰ ਚਿੱਤਰਕਾਰਾਂ ਨੇ ਸਾਧਾਰਨ ਅਤੇ ਪੂਜਣ ਯੋਗ ਭਾਵਨਾ ਨਾਲ ਪ੍ਰੇਰਿਤ ਹੋ ਕੇ ਵੀ ਚਿੱਤਰਿਆ ਹੈ ਜਿਵੇਂ ਕਿ ਵਿਸ਼ਨੂੰ ਲਕਸ਼ਮੀ ਦੇ ਚਿੱਤਰ ਗਰੁੜ ਨੂੰ ਵੀ ਚਿੱਤਰਿਆ ਗਿਆ ਹੈ। ਗਰੁੜ ਵਿਸ਼ਨੂੰ ਜੀ ਦਾ ਵਾਹਨ ਰੂਪ ਹੈ (ਚਿੱਤਰ 59)। ਹਿੰਦੂ ਧਰਮ ਵਿੱਚ ਗਊਆਂ ਬਹੁਤ ਪੂਜਣ ਯੋਗ ਹੈ ਅਤੇ ਇਹ ਸ਼੍ਰੀ ਕ੍ਰਿਸ਼ਨ ਜੀ ਨਾਲ ਸੰਬੰਧਤ ਵੀ ਹਨ। ਸ਼੍ਰੀ ਕ੍ਰਿਸ਼ਨ ਜੀ ਦੇ ਚਿੱਤਰਾਂ ਵਿੱਚ ਕਿਤੇ-ਕਿਤੇ ਗਊਆਂ ਨੂੰ ਵੀ ਚਿੱਤਰਿਆ ਗਿਆ ਹੈ (ਚਿੱਤਰ ਨੰ: 66,70,78)। ਇਸ ਤਰ੍ਹਾਂ ਕਿਤੇ-ਕਿਤੇ ਸੁੰਤਤਰ ਰੂਪ ਵਿੱਚ ਨਾਇਕਾਵਾਂ ਦੇ ਨਾਲ ਵੀ ਪਸ਼ੂ ਅਤੇ ਪੰਛੀਆਂ ਨੂੰ ਚਿੱਤਰਿਆ ਗਿਆ ਹੈ (ਚਿੱਤਰ 102)। ਇਹਨਾਂ ਦੇ ਚਿੱਤਰਨ ਤੋਂ ਸਪੱਸ਼ਟ ਹੈ ਕਿ ਚਿੱਤਰਕਾਰਾਂ ਦੇ ਮਨ ਵਿੱਚ ਪਸ਼ੂ ਪੰਛੀਆਂ ਪ੍ਰਤੀ ਪਿਆਰ ਦੀ ਭਾਵਨਾ ਵੀ ਸੀ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰਾਂ ਵਿੱਚ ਸ਼੍ਰੀ ਕ੍ਰਿਸ਼ਨ ਜੀ ਦੀ ਆਕ੍ਰਿਤੀ ਨੂੰ ਸਭ ਤੋਂ ਜ਼ਿਆਦਾ ਥਾਂ ਦਿੱਤੀ ਗਈ ਹੈ ਉਸੀ ਤਰ੍ਹਾਂ ਪਸ਼ੂਆਂ ਵਿੱਚ ਗਾਵਾਂ ਦਾ ਚਿੱਤਰਨ ਜ਼ਿਆਦਾ ਹੋਇਆ ਹੈ ਕਿਉਂਕਿ ਗਊ ਅਤੇ ਕ੍ਰਿਸ਼ਨ ਜੀ ਦਾ

---

64 **श्रीवास्तव, प्रदीप (डा.) (2006)** *शेखावटी के भित्ती चित्रों का सांस्कृतिक एंव कलात्मक इतिहास (1750 ऐ.डी.-1950 ऐ.डी.)* जयपुर पब्लिकेशन हाउस, जयपुर, पृ. 74.

65 **Khanam, Zaheda.**(2009). *Birds and Animals in Mughal Miniatures Paintings*, D.K Printworld (P) Ltd., p. 73.

ਆਪਸ ਵਿੱਚ ਡੂੰਘਾ ਸੰਬੰਧ ਹੈ। ਕਿਤੇ ਸ੍ਰੀ ਕ੍ਰਿਸ਼ਨ ਦੀ ਬੰਸਰੀ ਦੀ ਆਵਾਜ ਵਿੱਚ ਮੰਤਰ ਮੁਗਧ ਹੋਈਆਂ ਗਊਆਂ ਕਿਤੇ ਉਨ੍ਹਾਂ ਦੇ ਆਪਣੇ ਸਾਥੀਆਂ ਨਾਲ ਖੇਡ ਦੇ ਦ੍ਰਿਸ਼ਾਂ ਵਿੱਚ ਸ਼ਾਮਿਲ ਹਨ। ਬਾਬਾ ਬੁੱਢਾ ਜੀ ਅਤੇ ਮਾਤਾ ਗੰਗਾ ਜੀ ਦੇ ਚਿੱਤਰ ਵਿੱਚ ਚਿੱਤਰਕਾਰ ਨੇ ਗਊ ਚਿੱਤਰ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਕੀਤਾ ਹੈ। ਸਾਰੀਆਂ ਗਊਆਂ ਇੱਕ ਦੂਸਰੀ ਦੇ ਵਿਪਰੀਤ ਬੈਠੀਆਂ ਹਨ ਅਤੇ ਚਿੱਤਰ ਵਿੱਚ ਲੈਅ ਪੈਦਾ ਕਰਨ ਵਿੱਚ ਸਹਾਈ ਹਨ। ਜੰਗਲ ਦਾ ਦ੍ਰਿਸ਼ ਹੈ ਅਤੇ ਸਾਰੀਆਂ ਗਊਆਂ ਦਰੱਖ਼ਤਾਂ ਹੇਠਾਂ ਆਰਾਮ ਅਤੇ ਮਸਤੀ ਨਾਲ ਬੈਠੀਆਂ ਹਨ। ਇਸ ਤੋਂ ਬਿਨਾਂ ਸਿੱਖ ਗੁਰੂਆਂ ਦੇ ਚਿੱਤਰਾਂ ਵਿੱਚ ਕੁੱਤਾ ਅਤੇ ਘੋੜਾ ਜ਼ਿਆਦਾ ਚਿੱਤਰਿਆ ਗਿਆ। ਆਲੇਖਨਾਂ ਵਿੱਚ ਬਾਂਦਰਾਂ ਦੀ ਮਸਤੀ ਨੂੰ ਉਨ੍ਹਾਂ ਦੀ ਚੰਚਲਤਾ ਨੂੰ ਪੰਛੀਆਂ ਦੇ ਨਾਲ ਚਿੱਤਰਤ ਕੀਤਾ ਗਿਆ ਹੈ (ਚਿੱਤਰ 137,138)। ਇੱਕ ਜਗ੍ਹਾ ਤੇ ਗਿਲਹਿਰੀ ਨੂੰ ਵੀ ਚਿੱਤਰਿਆ ਹੈ (ਚਿੱਤਰ 135)। ਨਾਇਕਾਵਾਂ ਨੂੰ ਪ੍ਰਕਿਰਤੀ ਦੇ ਰੂਪ ਵਿੱਚ ਪਸ਼ੂ ਪੰਛੀਆਂ ਅਤੇ ਫੁੱਲਾਂ ਨਾਲ ਆਲੇਖਨਾ ਦੇ ਰੂਪ ਵਿੱਚ ਵੀ ਚਿੱਤਰਤ ਕੀਤਾ ਹੈ। ਪੰਛੀਆਂ ਵਿੱਚ ਮੋਰ, ਤੋਤਾ, ਮੈਨਾ ਬਹੁਤ ਲੋਕਪ੍ਰਿਯ ਹਨ। ਸੱਸੀ ਪੁਨੂੰ ਦੇ ਚਿੱਤਰ ਵਿੱਚ ਊਂਠ ਨੂੰ ਵੀ ਦਿਖਾਇਆ ਹੈ (ਚਿੱਤਰ 115)। ਬੂੰਦੀ, ਮੇਵਾੜ, ਉਦੈਪੁਰ, ਫ਼ਤਿਹਪੁਰ ਸ਼ੇਖਾਵਟੀ, ਚੁਰੂ ਆਦਿ ਨਗਰਾਂ ਵਿੱਚ ਹਾਥੀਆਂ ਦਾ ਜੋ ਚਿਤਰਨ ਮਿਲਦਾ ਹੈ ਉਹ ਹੋਰ ਸਥਾਨਾਂ ਤੇ ਵੀ ਪਾਇਆ ਜਾਂਦਾ ਹੈ। ਪੁਰਾਣਾਂ ਵਿੱਚ ਹਾਥੀ ਦੀ ਚਰਚਾ ਨਿਰੰਤਰ ਹੀ ਮਿਲਦੀ ਹੈ।[66] ਸਮੁੰਦਰ ਮੰਥਨ ਸਮੇਂ ਇੱਕ ਪ੍ਰਮੁੱਖ ਰਤਨ ਦੇ ਰੂਪ ਵਿੱਚ 'ਏਰਾਵਤ' ਹਾਥੀ ਪ੍ਰਗਟ ਹੋਇਆ ਸੀ (ਚਿੱਤਰ 86), ਚਿੱਤਰ ਵਿੱਚ ਨਜ਼ਰ ਆ ਰਿਹਾ ਹੈ। ਬਿਰਹਾ ਵਿੱਚ ਡੁੱਬੀ ਨਾਇਕਾ ਅਤੇ ਸੰਗੀਤਕਾਰ ਨਾਇਕਾ ਦੇ ਨਾਲ ਪਸ਼ੂ ਅਤੇ ਪੰਛੀ ਦਾ ਅੰਕਨ, ਰਾਧਾ ਕ੍ਰਿਸ਼ਨ ਦੇ ਚਿੱਤਰਾਂ ਵਿੱਚ ਗਊਆਂ ਦਾ ਚਿੱਤਰਨ ਵਿਸ਼ੇਸ਼ ਰੂਪ ਵਿੱਚ ਹੋਇਆ ਹੈ।

**ਹਾਸ਼ੀਏ** (Border)

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਹਾਸ਼ੀਏ ਦਾ ਸੁੰਦਰ ਅਤੇ ਅਦਭੁਤ ਪ੍ਰਯੋਗ ਕੀਤਾ ਗਿਆ ਹੈ। ਇਹਨਾਂ ਵਿੱਚ ਚਿੱਤਰਾਂ ਦੇ ਚਾਰੋ ਪਾਸੇ ਇੱਕ ਨਹੀਂ ਬਲਕਿ ਦੋ ਜਾਂ ਤਿੰਨ ਹਾਸ਼ੀਏ ਬਣਾਏ ਗਏ ਹਨ। ਚਿੱਤਰਾਂ ਦੇ ਆਕਾਰਾਂ ਅਨੁਸਾਰ ਹਾਸ਼ੀਏ ਦਾ ਆਕਾਰ ਵੀ ਭਿੰਨ-ਭਿੰਨ ਹੈ (ਚਿੱਤਰ 49)। ਗੁਰਦੁਆਰਾ ਪੋਥੀਮਾਲਾ ਦੇ ਸਾਰੇ ਕੰਧ-ਚਿੱਤਰਾਂ ਦੇ ਲਗਭਗ

---

66 **श्रीवास्तव, प्रदीप (डा.) (2006)** *शेखावटी के भित्ती चित्रों का सांस्कृतिक एंव कलात्मक इतिहास (1750 ऐ.डी.-1950 ऐ.डी.)* जयपुर पब्लिकेशन हाउस, जयपुर, पृ.75.

ਇੱਕੋ ਹੀ ਤਰ੍ਹਾਂ ਦੇ, ਪਹਿਲਾਂ ਲਾਲ ਜਾਂ ਨੀਲੇ ਰੰਗ ਦੀ ਸਾਧਾਰਨ ਲਾਈਨ, ਫਿਰ ਪੱਟੀਦਾਰ ਹਾਸ਼ੀਏ ਬਣਾਏ ਗਏ ਹਨ ਅਤੇ ਫਿਰ ਆਖ਼ੀਰ ਵਿੱਚ ਪਤਲੀ ਲਾਈਨ ਲਗਾਈ ਗਈ ਹੈ। ਗੁਰਦੁਆਰਾ ਪੋਥੀਮਾਲਾ ਦਾ ਕੋਈ ਵੀ ਚਿੱਤਰ ਛੋਟੇ ਤੋਂ ਛੋਟਾ ਅਤੇ ਵੱਡੇ ਤੋਂ ਵੱਡਾ ਹਾਸ਼ੀਏ ਤੋਂ ਸੱਖਣਾ ਨਹੀਂ ਹੈ। ਵਿਸ਼ਿਆਂ ਨਾਲ ਸੰਬੰਧਤ ਚਿੱਤਰ ਅਤੇ ਵਿਅਕਤੀ ਚਿੱਤਰਾਂ ਤੋਂ ਬਿਨ੍ਹਾਂ ਆਲੇਖਨਾਂ ਦੇ ਚਿੱਤਰਾਂ ਨੂੰ ਵੀ ਹਾਸ਼ੀਏ ਨਾਲ ਚਿੱਤਰਿਆ ਗਿਆ ਹੈ (ਚਿੱਤਰ 131, 132, 143, 144, 145)।

ਕਈ ਥਾਵਾਂ ਤੇ ਸੀਮੇਂਟ ਦੇ ਹੱਲਕੇ ਉਭਾਰਾਂ ਨੂੰ ਵੀ ਹਾਸ਼ੀਏ ਦਾ ਹਿੱਸਾ ਬਣਾ ਲਿਆ ਗਿਆ ਹੈ। ਇਹਨਾਂ ਉੱਪਰ ਦੋਨੋਂ ਪਾਸੇ ਫੁੱਲ ਪੱਤਿਆਂ ਦੀਆਂ ਵੇਲਾਂ ਬਣਾ ਕੇ ਸਜਾਵਟ ਕੀਤੀ ਗਈ ਹੈ ਅਤੇ ਇਸ ਮਹਿਰਾਬ ਦੇ ਅੰਦਰ ਚਿੱਤਰ ਬਣਾਇਆ ਗਿਆ ਹੈ। ਇਮਾਰਤ ਦੀਆਂ ਚਾਰੋ ਦਿਸ਼ਾਵਾਂ ਤੇ ਬਣੀਆ ਵੱਡੀਆਂ ਛੋਟੀਆਂ ਖਿੜਕੀਆਂ ਦੇ ਉੱਪਰ ਅਰਧ ਗੋਲਾਕਾਰ ਡਾਟਾਂ ਜਿਨ੍ਹਾਂ ਉੱਪਰ ਚਿੱਤਰਕਾਰਾਂ ਦੁਆਰਾ ਇਹਨਾਂ ਨੂੰ ਆਲੇਖਨਾਂ ਨਾਲ ਸਜਾਇਆ ਗਿਆ ਹੈ (ਚਿੱਤਰ 138, 155, 156)। ਇਹਨਾਂ ਉੱਪਰ ਵੰਨ-ਸੁਵੰਨੇ ਬੇਲ ਬੁੱਟੇ ਬਣਾਏ ਹੋਏ ਹਨ ਕਈਆਂ ਮਹਿਰਾਬਾਂ ’ਤੇ ਮਾਨਵਾਕ੍ਰਿਤੀਆਂ ਵੀ ਚਿੱਤਰਤ ਕੀਤੀਆਂ ਗਈਆਂ ਹਨ। ਇਹ ਹਾਸ਼ੀਏ ਪੀਲੇ, ਨੀਲੇ ਅਤੇ ਲਾਲ ਰੰਗ ਨਾਲ ਬਣਾਏ ਗਏ ਹਨ। ਗੁਰਦੁਆਰਾ ਪੋਥੀਮਾਲਾ ਦੀ ਇਮਾਰਤ ਦੇ ਅੰਦਰ ਦੋ ਛੋਟੀਆਂ ਅਲਮਾਰੀਆਂ ਵੀ ਹਨ ਜਿਨ੍ਹਾਂ ਦੇ ਲੱਕੜ ਦੇ ਦਰਵਾਜੇ ਸਾਦੇ ਹਨ ਪਰ ਇਹਨਾਂ ਨੂੰ ਆਲੇ ਦੁਆਲਿਉਂ ਖ਼ੂਬਸੂਰਤ ਹਾਸ਼ੀਏ, ਲਾਲ ਅਤੇ ਨੀਲੇ ਰੰਗ ਵਿੱਚ ਬਣੇ ਦੇਖੇ ਜਾ ਸਕਦੇ ਹਨ (ਚਿੱਤਰ 13, 76)। ਹਾਸ਼ੀਏ ਦਾ ਆਕਾਰ ਸਾਰੀਆਂ ਕਲਾ ਕ੍ਰਿਤੀਆਂ ਵਿੱਚ ਇੱਕੋ ਜਿਹਾ ਹੀ ਹੈ। ਕਈ ਪ੍ਰਮੁੱਖ ਚਿੱਤਰਾਂ ਨੂੰ ਦੋ ਜਾਂ ਤਿੰਨ ਤੋਂ ਵੱਧ ਹਾਸ਼ੀਏ ਵਿੱਚ ਵੀ ਬਣਾਇਆ ਗਿਆ ਹੈ। ਇਹ ਅਰਧ ਗੋਲਾਕਾਰ ਵਿੱਚ ਹੁੰਦੇ ਸਨ। ਇਸ ਤੋਂ ਬਿਨਾ ਕਈਆਂ ਵਿੱਚ ਲੈਅਦਾਰ ਬੇਲ ਅਤੇ ਬੂਟਿਆਂ ਦਾ ਵੀ ਪ੍ਰਯੋਗ ਕੀਤਾ ਹੋਇਆ ਹੈ। ਆਮ ਚਿੱਤਰਾਂ ਨੂੰ ਜਿਨ੍ਹਾਂ ਵਿੱਚ ਸੁਤੰਤਰ ਰੂਪ ਵਿੱਚ ਨਾਰੀ ਚਿੱਤਰਨ ਅਤੇ ਹੋਰ ਸੁਤੰਤਰ ਚਿੱਤਰਾਂ ਨੂੰ ਸਾਦੇ ਹਾਸ਼ੀਏ ਵਿੱਚ ਚਿੱਤਰਿਆ ਹੈ। ਇਹ ਵੀ ਲਾਲ ਅਤੇ ਨੀਲੇ ਰੰਗ ਵਿੱਚ ਹਨ। ਇਹਨਾਂ ਅਲੰਕ੍ਰਿਤ ਹਾਸ਼ੀਆਂ ਵਿੱਚ ਖ਼ੂਬਸੂਰਤ ਫੁੱਲ ਪੱਤੀਆਂ ਤੋਂ ਇਲਾਵਾ ਪੰਛੀਆਂ ਨੂੰ ਵੀ ਚਿੱਤਰਤ ਕੀਤਾ ਗਿਆ ਹੈ। ਇਹਨਾਂ ਪੰਛੀਆਂ ਦੀ ਮੌਜੂਦਗੀ ਹਾਸ਼ੀਏ ਨੂੰ ਹੋਰ ਵੀ ਜ਼ਿਆਦਾ ਖ਼ੂਬਸੂਰਤੀ ਪ੍ਰਦਾਨ ਕਰਦੀ ਹੈ। ਇਹ ਹਾਸ਼ੀਏ ਇੱਕ ਦੋ ਰੰਗਾਂ ਤੋਂ ਇਲਾਵਾ ਕਈ ਵਾਰ ਬਹੁਰੰਗਾਂ ਵਿੱਚ

ਵੀ ਚਿੱਤਰੇ ਗਏ ਹਨ। ਗੁਰਦੁਆਰਾ ਪੋਥੀਮਾਲਾ ਇਮਾਰਤ ਦੇ ਚਿੱਤਰਤ ਹਿੱਸੇ ਮੁੱਖ ਕਮਰੇ ਤੇ ਵਿੱਚੋਂ ਵਿੱਚ ਛੋਟੇ ਕਮਰੇ ਦੇ ਅੰਦਰ ਬਣੇ ਚਿੱਤਰਾਂ ਦੇ ਹਾਸ਼ੀਏ ਵੱਖਰੀ ਹੀ ਪਛਾਣ ਅਤੇ ਮਹੱਤਵ ਰੱਖਦੇ ਹਨ। ਇਹਨਾਂ ਦੇ ਰੰਗ ਅੱਜ ਵੀ ਆਪਣੀ ਚਮਕ ਬਰਕਰਾਰ ਰੱਖੇ ਹਨ। ਇਸ ਕਮਰੇ ਅੰਦਰ ਦੋ ਵਿਅਕਤੀ ਚਿੱਤਰ (ਚਿੱਤਰ 32, 33) ਅਤੇ ਇੱਕ ਸ਼੍ਰੀ ਕ੍ਰਿਸ਼ਨ ਦਾ ਚਿੱਤਰ ਹੈ (ਚਿੱਤਰ 169) ਅਤੇ ਬਾਕੀ ਸਾਰਾ ਕਮਰਾ ਖ਼ੂਬਸੂਰਤ ਆਲੇਖਨਾਂ ਅਤੇ ਹਾਸ਼ੀਏ ਨਾਲ ਸਜਾਇਆ ਹੋਇਆ ਹੈ (ਚਿੱਤਰ 170, 171, 172)। ਹਾਸ਼ੀਏ ਦੀ ਇੱਕ ਹੋਰ ਉਦਾਹਰਣ ਗੁਰਦੁਆਰਾ ਪੋਥੀਮਾਲਾ ਦੇ ਸਿਖ਼ਰ ’ਤੇ ਵੀ ਦੇਖੀ ਜਾ ਸਕਦੀ ਹੈ। ਇੱਥੇ ਕੋਈ ਕਮਰਾ ਸੀ ਜਾਂ ਨਹੀਂ ਇਸ ਬਾਰੇ ਪਤਾ ਨਹੀਂ ਲੱਗਾ ਪਰੰਤੂ ਇਹ ਹਿੱਸਾ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ। ਬੱਸ ਇੱਕ ਦੀਵਾਰ ’ਤੇ ਹਲਕੇ ਨੀਲੇ ਰੰਗ ਦੇ ਹਾਸ਼ੀਏ ਬਣੇ ਨਜ਼ਰ ਆ ਰਹੇ ਹਨ (ਚਿੱਤਰ 91)।

**ਵਿਆਖਿਆਤਮਕ ਚਿੱਤਰ (Illustrated Paintings)**

ਗੁਰਦੁਆਰਾ ਪੋਥੀਮਾਲਾ ਦੇ ਕਈ ਕੰਧ-ਚਿੱਤਰਾਂ ਵਿੱਚ ਚਿੱਤਰਤ ਪ੍ਰਮੁੱਖ ਪਾਤਰਾਂ ਦੇ ਨਾਮ ਨਾਲ ਘਟਨਾ ਨੂੰ ਅੰਕਿਤ ਕੀਤਾ ਗਿਆ ਅਤੇ ਕੁੱਝ ਅਜਿਹੇ ਚਿੱਤਰ ਹਨ ਜਿਨ੍ਹਾਂ ਉੱਪਰ ਕੇਵਲ ਪਾਤਰਾਂ ਦੇ ਨਾਮ ਹੀ ਅੰਕਿਤ ਹਨ। ਪ੍ਰਮੁੱਖ ਸਿੱਖ ਸਰਦਾਰਾਂ ਦੇ ਚਿੱਤਰਾਂ ਤੋਂ ਬਿਨਾਂ ਡਾਟਾਂ ਉਪਰ ਚਿੱਤਰਤ ਸਿੱਖ ਪਾਤਰਾਂ ਦੇ ਨਾਵਾਂ ਨੂੰ ਅੰਕਿਤ ਨਹੀਂ ਕੀਤਾ ਗਿਆ (ਚਿੱਤਰ 120, 123, 124, 125, 126)। ਇਸ ਤੋਂ ਬਿਨਾਂ ਛੋਟੇ ਕਮਰੇ ਅੰਦਰ ਬਣੇ ਦੋ ਸਿੱਖ ਪਾਤਰਾਂ ਦੇ ਵਿਅਕਤੀ-ਚਿੱਤਰ ਹਨ ਜਿਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਅਨੁਮਾਨ ਹੈ ਕਿ ਇਹ ਪਰਿਵਾਰ ਦੇ ਮੁੱਖੀ ਹੋ ਸਕਦੇ ਹਨ ਜੋ ਕਿ ਪੋਥੀ ਅਤੇ ਮਾਲਾ ਦੀ ਸੇਵਾ ਵਿੱਚ ਹਾਜ਼ਰ ਹਨ। ਦਸਾਂ ਸਿੱਖ ਗੁਰੂ ਸਾਹਿਬਾਨ ਦੇ ਚਿੱਤਰ ਉਨ੍ਹਾਂ ਦੇ ਨਾਵਾਂ ਨਾਲ ਚਿੱਤਰਤ ਹਨ। ਹਿੰਦੂ ਚਿੱਤਰਾਂ ਵਿੱਚ ਸ਼੍ਰੀ ਕ੍ਰਿਸ਼ਨ ਨਾਲ ਸੰਬੰਧਤ ਚਿੱਤਰਾਂ ਵਿੱਚ ਹਰ ਚਿੱਤਰ ਉੱਪਰ ਸਿਰਲੇਖ ਦਿੱਤਾ ਗਿਆ ਹੈ, ਜਿਵੇਂ ਰਾਧਾ ਕ੍ਰਿਸ਼ਨ ਪਤੰਗ ਉਡਾ ਰਹੇ ਹਨ, ਰਾਧਾ ਕ੍ਰਿਸ਼ਨ ਪੀਂਘ ਝੂਟਦੇ ਹਨ, ਕ੍ਰਿਸ਼ਨ ਜੀ ਪੱਟੀ ਪੜਦੇ ਹਨ, ਰਾਧਾ ਕ੍ਰਿਸ਼ਨ ਕਿੱਕਲੀ ਪਾਉਂਦੇ ਹਨ, ਕ੍ਰਿਸ਼ਨ ਜੀ ਗਵਾਲਿਆ ਨਾਲ ਲੁੱਕਣ ਮਿੱਟੀ ਖੇਡਦੇ ਹਨ, ਕ੍ਰਿਸ਼ਨ ਜੀ ਦੇ ਵਿਆਹ ਦਾ ਦ੍ਰਿਸ਼, ਸ੍ਰੀ ਰਾਮ ਦੇ ਵਿਆਹ ਦਾ ਦ੍ਰਿਸ਼ ਆਦਿ। ਇਸ ਤੋਂ ਬਿਨਾ ਹੀਰ ਰਾਂਝਾ, ਸੱਸੀ ਪੁੰਨੂ ਅਤੇ ਸੋਹਣੀ ਮਹੀਂਵਾਲ ਦੇ ਚਿੱਤਰਾਂ ਵਿੱਚ ਵੀ ਪਾਤਰਾਂ ਦੇ ਨਾਮ ਅੰਕਿਤ ਹਨ। ਕਈ ਨਾਮ ਅਤੇ ਲਿਖਾਵਟ, ਸਮੇਂ ਨਾਲ ਚਿੱਤਰ ਖਰਾਬ ਹੋਣ ਕਾਰਨ ਜਾਂ ਫਿਰ ਰੰਗ ਝੜ ਜਾਣ ਕਾਰਨ ਜਾਂ ਫਿਰ ਲੋਕਾਂ ਦੁਆਰਾ

ਆਪਣੇ ਨਾਮ ਆਦਿ ਉਕੇਰਨ ਕਰਕੇ ਮਿੱਟ ਗਏ ਹਨ, ਜਿਸ ਕਰਕੇ ਪਾਤਰਾਂ ਦੀ ਪਛਾਣ ਮੁਸ਼ਕਿਲ ਹੋ ਗਈ ਹੈ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਉੱਪਰ ਕੀਤੀ ਗਈ ਲਿਖਾਈ ਗੁਰਮੁੱਖੀ ਹੈ। ਚਿੱਤਰਾਂ ਵਿੱਚ 'ਸ' ਦੀ ਥਾਂ ਤੇ 'ਛ' ਦੀ ਵਰਤੋਂ ਕੀਤੀ ਗਈ ਹੈ।

**ਪ੍ਰਤੀਕ** (Symbol)

ਪ੍ਰਤੀਕਾਂ ਦੀ ਵਰਤੋਂ ਹਰੇਕ ਯੁੱਗ ਵਿੱਚ ਕਲਾਕਾਰ ਦੇ ਵਿਸ਼ਿਸ਼ਟ ਮਾਨਸਿਕ ਗਠਨ, ਸੰਸਕਾਰ ਅਤੇ ਅਨੁਭੂਤੀ 'ਤੇ ਨਿਰਭਰ ਕਰਦੀ ਹੈ। ਪ੍ਰਕਿਰਤਕ ਪ੍ਰਤੀਕਾਂ ਦਾ ਪ੍ਰਯੋਗ ਹਰ ਯੁੱਗ ਵਿੱਚ ਹੁੰਦਾ ਆਇਆ ਹੈ। ਮਨ ਦੇ ਪ੍ਰਭਾਵਾਂ ਨੂੰ ਮਾਨਸਿਕ ਬਿੰਬ ਦੇ ਰੂਪ ਵਿੱਚ ਤਬਦੀਲ ਕਰ ਦਿੰਦੀ ਹੈ। ਬਿੰਬ, ਮਨ ਦੇ ਧਰਾਤਲ ਦੀ ਕਿਰਿਆ ਹੈ ਤਾਂ ਪ੍ਰਤੀਕ ਮਨ ਦੀ ਸੂਖਮ ਅਤੇ ਵਧੇਰੇ ਵਿਆਪਕ ਪ੍ਰਕਿਰਿਆ।[67] ਕਲਾ ਵਿੱਚ ਮਾਨਵੀ ਅਤੇ ਦੈਵੀ ਤੱਤਾਂ ਦੇ ਮੱਧ ਵਿੱਚ ਜੋ ਸੰਬੰਧ ਨਜ਼ਰ ਆਉਂਦਾ ਹੈ, ਉਹੀ ਕਲਾ ਦੀ ਆਤਮਾ ਹੈ ਅਤੇ ਉਹ ਆਪਣੀ ਅਭਿਵਿਅਕਤੀ ਵਿੱਚ ਪ੍ਰਤੀਕਾਂ ਅਤੇ ਬੰਬਾਂ ਦਾ ਸਹਾਰਾ ਲੈਂਦੀ ਹੈ। ਬ੍ਰਹਮਾ ਨੇ ਸ੍ਰਿਸ਼ਟੀ ਨੂੰ ਜਨਮ ਦਿੱਤਾ ਸੀ, ਵਿਸ਼ਨੂੰ ਉਸਦਾ ਪਾਲਕ ਅਤੇ ਸ਼ਿਵ ਸੰਹਾਰਕ ਬਣਿਆ। ਸ੍ਰਿਸ਼ਟੀ ਦੇ ਪਾਲਕ ਵਿਸ਼ਨੂੰ ਦੀ ਪਤਨੀ ਸ਼ਕਤੀ ਜੋ ਆਪਣੇ ਵਿਸ਼ੁੱਧ ਸੌਂਦਰਯ ਦੀ ਪ੍ਰਤੀਨਿਧੀ ਦੇ ਰੂਪ ਵਿੱਚ ਲਕਸ਼ਮੀ ਦੇ ਨਾਮ ਨਾਲ ਜਾਣੀ ਜਾਂਦੀ ਹੈ। ਵਿਸ਼ਨੂੰ ਦੀ ਮੂਰਤੀ ਅਤੇ ਚਿੱਤਰਾਂ ਵਿੱਚ ਜਿੰਨਾਂ ਮਹੱਤਵ ਸੰਖ, ਚੱਕਰ, ਗਦਾ ਅਤੇ ਕਮਲ ਦਾ ਹੈ ਉੱਨਾ ਮਹੱਤਵ ਉਨ੍ਹਾਂ ਦੀ ਵੇਸ਼ਭੂਸ਼ਾ ਦਾ ਨਹੀਂ ਹੈ। ਇਹੀ ਚਿੰਨ੍ਹ ਉਨਾਂ ਨੂੰ ਆਪਣੀ ਵਿਅਕਤੀਗਤ ਪਹਿਚਾਨ ਵਿੱਚ ਸੰਪੂਰਨ ਕਰਵਾਉਂਦੇ ਹਨ। ਇਥੇ ਸੰਖ (ਐਸ਼ਵਰਯ), ਚੱਕਰ (ਸੰਗਠਨ), ਗਦਾ (ਵੀਰਤਾ) ਅਤੇ ਕਮਲ (ਵੈਰਾਗ) ਦੇ ਭਾਵ ਨੂੰ ਵਿਅਕਤ ਕਰਦਾ ਹੈ। ਜਦੋਂ ਪਰੰਪਰਾਗਤ ਸੰਸਕ੍ਰਿਤਕ ਵਿਸ਼ੇਸ਼ਤਾਵਾ ਉੱਭਰ ਆਈਆਂ ਅਤੇ ਚਿੱਤਰਕਲਾ ਨੇ ਸਾਹਿਤ ਦੀ ਭਾਸ਼ਾ ਅਤੇ ਸੰਗੀਤ ਦੇ ਸਵਾਂਰ ਨੂੰ ਬਾਰੀਕੀ ਨਾਲ ਸਮਝਿਆ ਅਤੇ ਲੈਆਤਮਕ ਰੇਖਾਵਾਂ ਅਤੇ ਅਦਭੁਤ ਰੰਗ-ਵਿਧਾਨ ਦੁਆਰਾ ਨਾਇਕ ਨਾਇਕਾ ਦੇ ਕੋਮਲ ਮਨੋਭਾਵਾਂ ਨੂੰ ਬੇਹੱਦ ਸੁੰਦਰ ਢੰਗ ਨਾਲ ਅਭਿਵਿਅਕਤ ਕੀਤਾ।

ਚਿੱਤਰਾਂ ਦਾ ਅੰਕਨ ਇੰਨਾ ਸੰਪੂਰਨ ਹੈ ਕਿ ਇਹਨਾਂ ਦੀ ਇੱਕ ਵੀ ਚੀਜ਼ ਫ਼ਾਲਤੂ ਨਹੀਂ ਹੈ ਇਹ ਗਠਨ ਅਗਰ-ਭੂਮੀ ਅਤੇ ਪਿੱਠ-ਭੂਮੀ ਦੋਹਾਂ ਵਿੱਚ ਹੈ। ਪਿੱਠ-ਭੂਮੀ ਵਿੱਚ ਪ੍ਰਕ੍ਰਿਤੀ ਚਿੱਤਰਨ ਬੇਹੱਦ ਸਜੀਵ ਹੈ। ਜਿੱਥੇ ਰਾਧਾ ਅਤੇ ਕ੍ਰਿਸ਼ਨ ਦਾ ਚਿੱਤਰਨ ਹੈ ਉੱਥੇ ਪ੍ਰਕਿਰਤੀ

---

67 **ਗਿੱਲ, ਮਹਿੰਦਰ ਸਿੰਘ. (ਡਾ.)** ਸਤੰਬਰ (1988). *ਪ੍ਰਤੀਕਵਾਦ*, ਖੋਜ-ਪਤ੍ਰਿਕਾ, ਅੰਕ-32.

ਸੰਪੂਰਨ ਰੂਪ ਵਿੱਚ ਉਨ੍ਹਾਂ ਦੀ ਅੰਗ-ਭੰਗੀਮਾਵਾਂ ਦਾ ਪ੍ਰਤੀਕਾਤਮਕ ਰੂਪ ਵਿੱਚ ਪੂਰਾ ਸਮਰਥਨ ਕਰਦੀ ਹੈ। ਧੁੱਪ ਅਤੇ ਵਰਖਾ ਵਿੱਚ ਜਿੱਥੇ ਪ੍ਰਕਿਰਤੀ ਆਪਣਾ ਰੰਗ ਬਦਲਦੀ ਹੈ ਉੱਥੇ ਰਾਧਾ, ਕ੍ਰਿਸ਼ਨ, ਗੋਪੀਆਂ ਗਵਲੇ ਅਤੇ ਗਊਆਂ ਦੀਆਂ ਭੂਮਿਕਾਵਾਂ ਵੀ ਸਹਿਜੇ ਹੀ ਨਿਖਰ ਜਾਂਦੀਆਂ ਹਨ।

ਚਿੱਤਰਕਲਾ ਵਿੱਚ ਆਦਿ ਕਾਲ ਤੋਂ ਹੀ ਪ੍ਰਤੀਕਾਂ ਦਾ ਮਹੱਤਵ ਰਿਹਾ ਹੈ। ਦੇਵੀ ਦੇਵਤੇ, ਗੁਰੂਆਂ, ਸੰਤਾਂ ਆਦਿ ਦੇ ਵਾਹਨਾਂ ਅਤੇ ਅਸਤਰ-ਸ਼ਸਤਰ ਦਾ ਚਿੱਤਰਨ ਪ੍ਰਤੀਕਾਰਤਮਕਤਾ ਦੇ ਆਧਾਰ ਤੇ ਹੈ। ਚਿੱਤਰਕਲਾ ਵਿੱਚ ਪ੍ਰਕਿਰਤੀ ਚਿੱਤਰਨ ਲਈ ਵੀ ਪ੍ਰਤੀਕਾਂ ਨੂੰ ਅਪਨਾਇਆ ਗਿਆ ਹੈ। ਕਈ ਵਾਰ ਪ੍ਰਤੀਕਾਂ ਨੂੰ ਮੋਟਿਫ਼ਾਂ ਦੇ ਸਮਾਨਾਰਥੀ ਵੀ ਮੰਨ ਲਿਆ ਜਾਂਦਾ ਹੈ। ਕਿਸੇ ਸਤਰ ਦੀ ਸਮਾਨੁਰੂਪ ਵਸਤੂ ਦੁਆਰਾ ਕਿਸੇ ਹੋਰ ਸਤਰ ਦੇ ਵਿਸ਼ੇ ਦੀ ਪ੍ਰਤਿਨਿਧਤਾ ਕਰਨ ਵਾਲੀ ਵਸਤੂ ਪ੍ਰਤੀਕ ਹੈ।[68]

ਚਿੱਤਰਕਲਾ ਵਿੱਚ ਮੋਟਿਫ਼ ਅਤੇ ਪ੍ਰਤੀਕ ਤੋਂ ਇਲਾਵਾ, ਚਿੰਨ੍ਹ, ਸੰਕੇਤ, ਬਿੰਬ ਆਦਿ ਦਾ ਵੀ ਇਸਤੇਮਾਲ ਕੀਤਾ ਜਾਂਦਾ ਹੈ। ਚਿੱਤਰਕਲਾ ਵਿੱਚ ਚਿੰਨ੍ਹ ਤਤਕਾਲੀਨ ਪਰਿਸਥਿਤੀ ਬਾਰੇ ਜਾਣੂ ਕਰਵਾਉਂਦੇ ਹਨ। ਸੰਕੇਤ ਪੂਰਵ ਅਨੁਭਵ ਤੋਂ ਬਣਦਾ ਹੈ ਅਤੇ ਲੱਛਣ ਵਿਸ਼ੇਸ਼ ਪਰਿਸਥਿਤੀਆਂ ਦਾ ਪ੍ਰਮਾਣ ਹਨ। ਬਿੰਬ, ਸੰਕੇਤ ਤੋਂ ਵੀ ਵੱਧ ਪ੍ਰਤੀਕ ਦੇ ਨੇੜੇ ਹੈ। ਪ੍ਰਤੀਕਾਂ ਨੂੰ ਤਿੰਨ ਭਾਗਾਂ - ਵਿਅਕਤੀਗਤ, ਪ੍ਰਕ੍ਰਿਤਿਕ ਅਤੇ ਕਲਾਤਮਿਕ ਪ੍ਰਤੀਕਾਂ ਵਿੱਚ ਵੰਡਿਆ ਜਾਂਦਾ ਹੈ। ਇਹਨਾਂ ਦੀ ਵਰਤੋਂ ਕਲਾਕਾਰ ਆਪਣੀ ਲੋੜ ਅਨੁਸਾਰ ਕਰਦਾ ਹੈ। ਕਲਾਕਾਰ ਦੇ ਵਿਸ਼ਿਸ਼ਟ ਮਾਨਸਿਕ ਗਠਨ, ਸੰਸਕਾਰ ਅਤੇ ਅਨੁਭੂਤੀ ਤੇ ਨਿਰਭਰ ਕਰਦੀ ਰਚਨਾ ਵਿਅਕਤੀਗਤ ਪ੍ਰਤੀਕ ਹੈ। ਪ੍ਰਕ੍ਰਿਤਿਕ ਪ੍ਰਤੀਕਾਂ ਦਾ ਪ੍ਰਯੋਗ ਹਰ ਯੁੱਗ ਦੀ ਕਲਾ ਵਿੱਚ ਹੁੰਦਾ ਆਇਆ ਹੈ। ਜੇ ਬਿੰਬ ਮਨ ਦੇ ਧਰਾਤਲ ਦੀ ਕਿਰਿਆ ਹੈ ਤਾਂ ਪ੍ਰਤੀਕ ਮਨ ਦੀ ਵਿਆਪਕ ਪ੍ਰਕਿਰਿਆ।[69]

ਕਲਾਤਮਕ ਪ੍ਰਤੀਕ ਵਿੱਚ, ਜੋ ਕਲਾਕਾਰ ਦੁਆਰਾ ਨਿਰਮਿਤ ਕੀਤੇ ਜਾਂਦੇ ਹਨ, ਅਤੇ ਹੋਰਨਾਂ ਪ੍ਰਤੀਕਾਂ ਵਿੱਚ ਡੂੰਘੀ ਅਸਮਾਨਤਾ ਹੁੰਦੀ ਹੈ। ਕਲਾ ਵਿਚਲੇ ਇਹ ਪ੍ਰਤੀਕ ਕਿਸੇ ਸਹਾਰੇ ਨੂੰ ਲੈ ਕੇ ਚਿੱਤਰੇ ਜਾਂਦੇ ਹਨ। ਚਿੱਤਰਕਲਾ ਵਿੱਚ ਪ੍ਰਤੀਕ ਅਜਿਹੀ ਇਕਾਈ ਹੈ ਜਿਸ ਦੀ

---

68 **ਮਧੁਕਰ,ਗੋਪਾਲ,** *ਭਾਰਤੀਯ ਚਿੱਤਰਕਲਾ,* ਪੰਨਾ-109.

69 **ਗਿੱਲ, ਮਹਿੰਦਰ ਸਿੰਘ, (ਡਾ.)** ਸਤੰਬਰ (1988), *ਪ੍ਰਤੀਕਵਾਦ,* ਖੋਜ-ਪਤ੍ਰਿਕਾ, ਅੰਕ-32, ਪੰਨਾ-148.

ਮਦਦ ਨਾਲ ਚਿੱਤਰਕਾਰ ਚਿੱਤਰ ਵਿੱਚ ਸੁਹਜਾਤਮਕ ਮੁੱਲਾਂ ਦੀ ਉਸਾਰੀ ਕਰਦਾ ਹੈ। ਇਸ ਦਾ ਮੁੱਖ ਕਾਰਜ ਪ੍ਰਤੀਕ ਅੰਦਰ ਲੁਪਤ ਯਥਾਰਥ ਨੂੰ ਪੇਸ਼ ਕਰਨਾ ਹੁੰਦਾ ਹੈ।

ਚਿੱਤਰਕਲਾ ਮਾਨਵੀ ਜੀਵਨ ਢੰਗ, ਆਚਾਰ ਵਿਹਾਰ, ਪੈਟਰਨਾਂ ਅਤੇ ਪਰੰਪਰਾਗਤ ਰੂੜ੍ਹੀਆ ਦਾ ਸਮੂਹ ਹੈ। ਹਰ ਕਲਾ ਦਾ ਆਧਾਰ ਕੁੱਝ ਵਿਸ਼ੇਸ਼ ਮੋਟਿਫ਼ ਜਾਂ ਰੁੜੀਆਂ ਹੁੰਦੇ ਹਨ ਜੋ ਉਸ ਸਮੂਹ ਦੇ ਚਿਹਨ, ਚਰਿੱਤਰ, ਜੀਵਨ-ਵਿਹਾਰ, ਸੰਸਕ੍ਰਿਤਿਕ, ਸਮੂਹਿਕ ਅਨੁਭਵ ਅਤੇ ਸੰਘਰਸ਼ ਵਿੱਚੋਂ ਜਨਮ ਲੈਂਦੇ ਹਨ। ਜਦ ਤੱਕ ਇਹਨਾਂ ਬੁਨਿਆਦੀ ਮੋਟਿਫ਼ਾਂ ਦਾ ਵਿਸ਼ਲੇਸ਼ਣ ਅਤੇ ਅਧਿਐਨ ਕਰਕੇ ਉਨ੍ਹਾਂ ਦੇ ਪਾਸਾਰ ਦੀ ਸ਼ਕਤੀ ਅਤੇ ਇਤਿਹਾਸਕ ਸਫ਼ਰ ਦਾ ਠੀਕ ਤਰ੍ਹਾਂ ਗਿਆਨ ਨਹੀਂ ਹੋ ਜਾਂਦਾ, ਉਦੋਂ ਤੱਕ ਕਿਸੇ ਵੀ ਕਲਾ ਦਾ ਅਧਿਐਨ ਉਸ ਦੀ ਆਂਤਰਿਕ ਡੂੰਘਾਈ ਤੱਕ ਨਹੀਂ ਪਹੁੰਚ ਸਕਦਾ।

ਮੋਟਿਫ[70] ਚਿੱਤਰ ਦੀ ਸਰੰਚਨਾ ਵਿੱਚ ਇੱਕ ਆਧਾਰ-ਤੱਤ ਵਜੋਂ ਸਮਾਇਆ ਰਹਿੰਦਾ ਹੈ। ਕਲਾ-ਰਚਨਾ ਦੇ ਛੋਟੇ ਤੋਂ ਛੋਟੇ ਯੂਨਿਟਾਂ ਜਾਂ ਇਕਾਈ ਨੂੰ ਮੋਟਿਫ਼ ਕਹਿੰਦੇ ਹਾਂ ਜਿਸ ਨੂੰ ਅੱਗੇ ਟੁਕੜਿਆਂ ਵਿੱਚ ਨਹੀਂ ਵੰਡਿਆ ਜਾ ਸਕਦਾ। ਚਿੱਤਰਾਂ ਵਿੱਚ ਮੋਟਿਫ਼ ਵਿੱਚ ਕੋਈ ਵਸਤੂ ਦਾ ਪ੍ਰਤੀਰੂਪ ਕਿਸੇ ਸਮਾਨ ਸਥਿਤੀ ਵਿੱਚ ਬਾਰ-ਬਾਰ ਦੁਹਰਾਇਆ ਜਾਂਦਾ ਹੈ, ਜਿਵੇਂ ਕਿ ਇਹ ਦੁਹਰਾਓ ਪ੍ਰਕਿਰਤੀ ਚਿੱਤਰਨ ਜਾਂ ਫਿਰ ਕਈ ਵਾਰ ਪਸ਼ੂਆਂ ਪੰਛੀਆਂ ਦੇ ਰੂਪ ਵਿੱਚ ਵੀ ਹੋ ਸਕਦਾ ਹੈ। ਚਿੱਤਰਾਂ ਦਾ ਮੁਕੰਮਲ ਪ੍ਰਭਾਵ ਮੋਟਿਫਾਂ ਦੇ ਸਿਰ ਹੁੰਦਾ ਹੈ।

ਰਾਮਾਇਣ ਅਤੇ ਮਹਾਂਭਾਰਤ ਮਹਾਂਕਾਵਿ ਵਿਚੋਂ ਲਈਆਂ ਸ਼੍ਰੀ ਰਾਮ ਅਤੇ ਸ਼੍ਰੀ ਕ੍ਰਿਸ਼ਨ ਨਾਲ ਸੰਬੰਧਤ ਮਹਤਵਪੂਰਨ ਘਟਨਾਵਾਂ ਵੀ ਮੋਟਿਫ਼ਾਂ ਦੀ ਇੱਕ ਕਿਸਮ ਹੈ, ਜਿਨਾਂ ਦਾ ਚਿੱਤਰਨ ਹੱਥ-ਲਿਖਤਾਂ, ਖਰੜਿਆਂ ਵਿੱਚ ਕਲਮੀ-ਚਿੱਤਰਾਂ ਅਤੇ ਕੰਧ-ਚਿੱਤਰਾਂ ਦੇ ਰੂਪ ਵਿੱਚ ਹੋਇਆ ਹੈ। ਉਨ੍ਹਾਂ ਦੀ ਕਲਾਤਮਿਕ ਮਾਨਸਿਕਤਾ ਨੂੰ ਵੀ ਸਮਝਣਾ ਜਰੂਰੀ ਹੁੰਦਾ ਹੈ, ਜੋ ਉਸਦੀ ਆਪਣੀ ਆਤਮਿਕ ਚੇਤਨਾ ਵਿਚੋਂ ਪੈਦਾ ਹੁੰਦੀ ਹੈ।

**ਦਿਸਹੱਦਾ (Horizon)**

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਭੂ-ਦ੍ਰਿਸ਼ਾਂ ਨੂੰ ਦਰਸਾਉਣ ਲਈ ਕਈ ਤਰ੍ਹਾਂ ਦੇ ਦਿੱਗਮੰਡਲਾਂ ਦੀ ਵਰਤੋਂ ਕੀਤੀ ਗਈ ਹੈ। ਇਹਨਾਂ ਵਿੱਚ ਹੱਦਾਂ ਨੂੰ ਦਰਸਾਉਣ ਲਈ

---

70 "Motif is a recurrent theme or pattern in a work of out: The repition may take place in the same work, as for example in a decorative border or textile design. It may also be a recurrent subject in a paiticular artist's work."
**Seddon., Reynolds.** *Illustrated Dictionary & Art Terms.* p.109.

ਕਿਤੇ ਪੇੜ ਪੌਦੇ, ਬੱਦਲ, ਨਦੀਆਂ ਆਦਿ ਦਾ ਪ੍ਰਯੋਗ ਕੀਤਾ ਗਿਆ ਹੈ ਅਤੇ ਕਿਤੇ ਦੂਰ-ਦੁਰਾਡੇ ਦਿਸਹੱਦੇ ਦਾ ਚਿੱਤਰਨ ਕੀਤਾ ਹੈ ਜਿਸ ਕਾਰਨ ਅਸਮਾਨ ਬਹੁਤ ਘੱਟ ਨਜ਼ਰ ਆਉਂਦਾ ਹੈ (ਚਿੱਤਰ 30, 41, 43, 66, 67, 77, 78, 81, 98)। ਕਈਆਂ ਚਿੱਤਰਾਂ ਵਿੱਚ ਇਹ ਨਜ਼ਰ ਹੀ ਨਹੀਂ ਆਉਂਦਾ (ਚਿੱਤਰ 44, 68, 80, 85, 93, 113, 114)। ਕਈ ਚਿੱਤਰਾਂ ਵਿੱਚ ਆਕ੍ਰਿਤੀਆਂ ਦੇ ਪਿਛਲੇ ਪਾਸੇ ਇੱਕ ਸਿੱਧੀ ਲਾਇਨ ਲਗਾ ਕੇ ਇਮਾਰਤ ਦੀ ਕੰਧ ਹੋਣ ਦੀ ਝਲਕ ਦੇ ਦਿੱਤੀ ਜਾਂਦੀ ਹੈ ਅਤੇ ਇੱਕ ਦੋ ਦਰੱਖ਼ਤ ਦਿਖਾ ਦਿੱਤੇ ਜਾਂਦੇ ਸਨ। ਭੂ-ਦਿਸ਼੍ਰਾਂ ਦੀ ਪ੍ਰਸਤੁਤੀਕਰਨ ਵਿੱਚ ਦਿਨ ਦੇ ਵੱਖੋ-ਵੱਖਰੇ ਪਹਿਰਾਂ ਨੂੰ ਕੰਧ-ਚਿੱਤਰਾਂ ਵਿੱਚ ਖ਼ੂਬਸੂਰਤੀ ਨਾਲ ਚਿੱਤਰਿਆ ਗਿਆ ਹੈ। ਇਹਨਾਂ ਕੰਧ-ਚਿੱਤਰਾਂ ਵਿੱਚ ਅੰਦਰੂਨੀ (*indoor*) ਅਤੇ ਬਾਹਰੀ (*out door*) ਦੋਨੋਂ ਪ੍ਰਕਾਰ ਦੇ ਦ੍ਰਿਸ਼ ਚਿੱਤਰੇ ਗਏ ਹਨ। ਕੰਧ ਚਿੱਤਰਾਂ ਵਿੱਚ ਜਿੱਥੇ ਰਾਧਾ ਕ੍ਰਿਸ਼ਨ ਦੇ ਚਿੱਤਰਾਂ ਵਿੱਚ ਦਿੱਸਹੱਦਾਂ ਦਾ ਚਿਤਰਨ ਬਾਖ਼ੂਬੀ ਚਿੱਤਰਿਆ ਗਿਆ ਹੈ ਉੱਥੇ ਸਿੱਖ ਗੁਰੂਆਂ ਦੇ ਚਿੱਤਰਾਂ ਵਿੱਚ ਇਸ ਨੂੰ ਜ਼ਿਆਦਾ ਮਹੱਤਵ ਨਹੀਂ ਦਿੱਤਾ ਗਿਆ। ਰਾਮਾਇਣ ਦੇ ਚਿੱਤਰਾਂ ਵਿੱਚ ਇਸ ਦਾ ਸਾਧਾਰਨ ਰੂਪ ਵਿੱਚ ਹੀ ਚਿੱਤਰਨ ਕੀਤਾ ਹੋਇਆ ਹੈ।

**ਸੰਯੋਜਨ (Composition)**[71]

ਵਿਸ਼ਨੂੰ ਧਰਮੋਤਪੁਰਾਨ ਦੇ ਚਿੱਤਰਸੂਤਰ ਅਨੁਸਾਰ ਚਿੱਤਰ ਦੇ ਅੱਠ ਗੁਣ ਮੰਨੇ ਗਏ ਹਨ।[72] ਸੰਪੂਰਨ ਤੌਰ ਤੇ ਚਿੱਤਰ ਨੂੰ ਅੰਤਰਾਲ ਅਤੇ ਆਕਾਰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ।[73] ਕੰਧ-ਚਿੱਤਰਾਂ ਦੇ ਸੰਯੋਜਨ ਨੂੰ ਭਾਵੇਂ ਕਿਸੇ ਸਥਿਰ ਨਿਯਮਾਂ 'ਤੇ ਆਧਾਰਤ ਨਹੀ ਸੀ ਕੀਤਾ ਜਾਂਦਾ ਪਰ ਫਿਰ ਵੀ ਇਹਨਾਂ ਦਾ ਅਧਿਐਨ ਦਸਦਾ ਹੈ ਕਿ ਚਿੱਤਰਕਾਰ ਕੁੱਝ ਤਕਨੀਕੀ ਸਿਧਾਤਾਂ ਨੂੰ ਮੁੱਖ ਰੱਖ ਕੇ ਹੀ ਚਿੱਤਰਾਂ ਨੂੰ ਸਿਰਜਦੇ ਸਨ। ਸੰਯੋਜਨ ਤੋਂ ਭਾਵ ਚਿੱਤਰ ਵਿੱਚ ਵਿਖਾਈਆ ਅਕ੍ਰਿਤੀਆਂ ਅਤੇ ਦੂਸਰੀਆਂ ਵਸਤੂਆਂ ਨੂੰ ਉਚਿੱਤ ਤਰਤੀਬ ਤੇ ਵਿਉਂਤ ਅਨੁਸਾਰ ਸਿਰਜਣਾ ਹੈ। ਅਜਿਹਾ ਕਰਦੇ ਸਮੇਂ ਉਨ੍ਹਾਂ ਦੀ ਇਕਸੁਰਤਾ, ਏਕੀਕਰਣ ਤੇ ਆਲੋਚਨਾਤਮਕ ਪੱਖ ਨਾਲ ਕੀਤਾ ਗਿਆ ਵਿਸ਼ਲੇਸ਼ਣ ਨਤੀਜੇ ਵਜੋਂ ਸਾਹਮਣੇ ਹੁੰਦਾ ਹੈ।

---

71 **ਚਮਨ, ਸਰੋਜ, (ਡਾ.)** (1997)। *ਸੌਂਦਰਯ ਸ਼ਾਸਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ., ਪਟਿਆਲਾ, ਪੰਨਾ-124.

72 **श्रीवास्तवा, प्रदीप (डा) (2006)।** *शेखवाटी के भित्तिचित्रों का सांस्कृतिक एंव कलात्मक इतिहास (1750 ऐ.डी.-1950 ऐ.डी.)* नयपुर पब्लकेसिन हाऊस, जयपुर, पृ. 90.

73 वही, पृ. 90.

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੇ ਸੰਯੋਜਨ ਵਿੱਚ ਕਲਾਕਾਰ ਨੇ ਆਪਣੇ ਉਦੇਸ਼, ਭਾਵਾਂ ਅਤੇ ਵਿਚਾਰਾਂ ਨੂੰ ਬਾਖ਼ੂਬੀ ਚਿੱਤਰਿਆ ਹੈ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰਾਂ ਨੂੰ ਬਣਾਉਣ ਤੋਂ ਪਹਿਲਾ ਇਹਨਾਂ ਦੀ ਡਰਾਇੰਗ ਕੀਤੀ ਗਈ ਅਤੇ ਇਸ ਵਿੱਚ ਵੀ ਤਸਵੀਰੀ ਸਿਧਾਤਾਂ ਦੀ ਪਾਲਨਾ ਕੀਤੀ ਗਈ ਹੈ ਤਾਂ ਜੋ ਉਹ ਕੰਧ ਦੀ ਧਰਾਤਲ ਤੇ ਬਣੇ ਖ਼ਾਨਿਆਂ ਦੀ ਵਿੱਥ ਅਨੁਕੂਲ ਸਮਾਅ ਜਾਣ। ਵਿਸ਼ਿਆਂ ਦੀ ਚੋਣ ਇਹਨਾਂ ਦੇ ਆਪਸੀ ਸੰਬੰਧ ਤੇ ਆਧਾਰਤ ਨਹੀਂ ਹੈ ਜੋ ਕਿ ਇੱਕ ਹੀ ਵਿਸ਼ੇ ਦੀ ਲੜੀ ਨੂੰ ਫ਼ਿਲਮ-ਨੁਮਾ ਤਰਤੀਬ ਵਿੱਚ ਦਰਸਾਇਆ ਗਿਆ ਹੋਵੇ। ਗੁਰਦੁਆਰਾ ਪੋਥੀਮਾਲਾ ਦੀਆਂ ਕੰਧਾਂ ’ਤੇ ਸੋਢੀ ਮਿਹਰਬਾਨ ਜੀ ਦੀ ਬਾਣੀ ‘ਸੁਖਮਨੀ ਸਹੰਸ੍ਰਨਾਮਾ’ ਵਿੱਚ ਵਰਣਿਤ ਘਟਨਾਵਾਂ ਨੂੰ ਚਿੱਤਰਿਆ ਗਿਆ ਹੈ ਅਤੇ ਇਹਨਾਂ ਘਟਨਾਵਾਂ ਦਾ ਅਧਿਐਨ ਕਰ ਚਿੱਤਰਕਾਰ ਨੇ ਕਲਪਨਾ ਦੇ ਆਧਾਰ ’ਤੇ ਚਿੱਤਰਾਂ ਨੂੰ ਅੰਕਿਤ ਕੀਤਾ ਹੈ। ਇਹਨਾਂ ਦਾ ਸੰਯੋਜਨ ਸਹੀ ਤਰਤੀਬ ਵਿੱਚ ਹੈ। ਚਿੱਤਰਾਂ ਦੇ ਸੰਯੋਜਨ ਵਿੱਚ ਵਿਸ਼ੇ ਦੀ ਲੋੜ ਅਨੁਸਾਰ ਗਤੀ ਦਾ ਪ੍ਰਗਟਾਵਾ ਵੀ ਇਹਨਾਂ ਚਿੱਤਰਾਂ ਦੀ ਵਿਸ਼ੇਸ਼ਤਾ ਹੈ। ਖ਼ਾਸ ਤੌਰ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੋ ਸਾਹਿਬਜ਼ਾਦਿਆਂ ਨੂੰ ਮੈਦਾਨ-ਏ-ਜੰਗ ਵਿੱਚ ਦਰਸਾਉਂਦਾ ਕੰਧ-ਚਿੱਤਰ, ਸਮੁੰਦਰ ਮੰਥਨ ਆਦਿ ਚਿੱਤਰਾਂ ਵਿੱਚ ਚਿੱਤਰਕਾਰ ਦੀ ਮੁਹਾਰਤ ਵੇਖੀ ਜਾ ਸਕਦੀ ਹੈ। ਚਾਰੋ ਸਾਹਿਬਜ਼ਾਦੇ ਸਰਪਟ ਦੌੜਦੇ ਘੋੜਿਆਂ ਤੇ ਸਵਾਰ ਹਨ ਅਤੇ ਇਹਨਾਂ ਦੀ ਰਫ਼ਤਾਰ ਨੂੰ ਕਰਦੇ ਕੁੱਤਿਆਂ ਦੇ ਆਕਾਰ ਨੇ ਨਾ ਕੇਵਲ ਹੋਰ ਸਜੀਵ ਕਰ ਦਿੱਤਾ ਹੈ ਸਗੋਂ ਕਿਸੇ ਹੱਦ ਤੱਕ ਜੰਗ ਦਾ ਲੋੜੀਂਦਾ ਚਿੱਤਰਮਈ ਮਾਹੌਲ ਵੀ ਪੈਦਾ ਕੀਤਾ ਹੈ।

ਗੁਰਦੁਆਰੇ ਦੀਆਂ ਕੰਧਾਂ, ਜੋ ਕਿ ਚਿੱਤਰਾਂ ਦੇ ਧਰਾਤਲ ਲਈ ਵਰਤੀਆਂ ਗਈਆਂ ਹਨ, ਨੂੰ ਜਿਓਮੈਟਰੀਕਲ ਆਕਾਰਾਂ ਵਿੱਚ ਵਿਭਾਜਿਤ ਕਰਕੇ ਇਹਨਾਂ ਉਪਰ ਚਿੱਤਰ ਉਲੀਕਣ ਤੋਂ ਪਹਿਲਾਂ ਕਾਗ਼ਜ਼ ਤੇ ਰੇਖਾ ਚਿੱਤਰ ਬਣਾ ਲਿਆ ਜਾਂਦਾ ਹੈ ਤਾਂ ਕਿ ਕੰਧ ਉੱਪਰ ਚਿੱਤਰਾਂ ਦਾ ਵਿਭਾਜਨ ਸਹੀ ਹੋ ਸਕੇ। ਇਸ ਪ੍ਰਕਾਰ ਚਿੱਤਰਕਾਰ ਨੇ ਵੱਖੋ-ਵੱਖਰੇ ਆਕਾਰਾਂ ਵਿੱਚ ਉਪਲੱਭਧ ਕੰਧਾਂ ਤੇ ਚਿੱਤਰਾਂ ਨੂੰ ਬਹੁਤ ਸੁੰਦਰਤਾ ਨਾਲ ਪੇਸ਼ ਕੀਤਾ ਹੈ (ਚਿੱਤਰ 62, 71, 95)। ਉਨ੍ਹਾਂ ਲਗਭਗ ਸਮਤਲ ਆਕਾਰ ਦੀਆਂ ਕੰਧਾਂ ਨੂੰ ਆਇਤਾਕਾਰ ਅਤੇ ਤ੍ਰੀਭੁਜਆਕਾਰੀ ਖੰਡਾਂ ਨੂੰ ਭਿੰਨ-ਭਿੰਨ ਆਕਾਰਾਂ ਵਿੱਚ ਵੰਡਿਆ ਅਤੇ ਇਹਨਾਂ ਨੂੰ ਛੱਤ ਦੇ ਨਾਲ ਦਰਵਾਜ਼ਿਆਂ ਉਪਰਲੀਆਂ ਡਾਟਾਂ ਤੇ ਕੰਧਾਂ ਦੀ ਰੂਪਰੇਖਾ ਅਨੁਸਾਰ ਵਿਸ਼ੇ ਚਿੱਤਰੇ ਗਏ ਹਨ। ਇੱਕ ਜਗ੍ਹਾ ਤੇ ਦੇਵਤਿਆਂ ਦੀਆਂ ਆਕ੍ਰਿਤੀਆਂ ਨੂੰ ਵੱਖੋਂ ਵੱਖਰੇ ਸਾਜ਼ਾਂ ਦੇ ਨਾਲ ਡਿਜ਼ਾਇਨਾਂ

ਵਿੱਚ ਚਿੱਤਰਿਆ ਗਿਆ ਹੈ (ਚਿੱਤਰ 142)। ਇਸ ਤੋਂ ਬਿਨ੍ਹਾਂ ਮਹਿਰਾਬ ਉੱਪਰ ਗੋਲਾਕਾਰ (Circular) ਅਤੇ ਅੰਡਾਕਾਰ (oval) (ਚਿੱਤਰ 17, 126, 127, 128, 129, 130) ਸੰਯੋਜਨ ਵਿੱਚ ਚਿੱਤਰਨ ਕੀਤਾ ਗਿਆ ਹੈ।

ਗੁਰਦੁਆਰੇ ਦੀ ਜ਼ਮੀਨੀ ਮੰਜ਼ਿਲ, (Ground Floor) ਜਿੱਥੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਮਾਨ ਹਨ, ਤੇ ਵੀ ਕੰਧ-ਚਿੱਤਰ ਹੋਣ ਬਾਰੇ ਮੌਜੂਦਾ ਗੱਦੀਨਸ਼ੀਨ, ਸੋਢੀ ਯੁਵਰਾਜ ਦੇ ਮਾਤਾ ਜੀ ਨੇ ਦੱਸਿਆ, ਪ੍ਰੰਤੂ ਹੁਣ ਇਸ ਕਮਰੇ ਵਿੱਚ ਕੋਈ ਵੀ ਕੰਧ-ਚਿੱਤਰ ਨਹੀਂ ਹੈ। ਅਰਧਗੋਲਾਕਾਰ ਵਾਲੀਆਂ ਮਹਿਰਾਬਾਂ ਉੱਪਰ ਚੋਬਦਾਰਾਂ ਦੇ ਚਿੱਤਰ ਜੋ ਕਿ ਖੜ੍ਹੀ ਮੁਦਰਾਂ ਵਿੱਚ ਹਨ, ਬਣੇ ਹੋਏ ਹਨ। ਇੱਕ ਜਗ੍ਹਾ ’ਤੇ ਰਾਧਾ ਅਤੇ ਕ੍ਰਿਸ਼ਨ ਨੂੰ ਵੀ ਖਿੜਕੀ ਦੇ ਦੋਵੇ ਪਾਸੇ ਲੰਮੀਆਂ ਕੰਧਾਂ (Vertical walls) ’ਤੇ ਬਣਾਇਆ ਗਿਆ ਹੈ। ਬਾਕੀ ਖਿੜਕੀਆਂ ਦੀਆਂ ਪਾਸੇ ਵਾਲੀਆਂ ਲੰਮੀਆਂ ਕੰਧਾਂ ਉੱਪਰ ਆਲੇਖਨ ਬਣਾਏ ਗਏ ਹਨ (ਚਿੱਤਰ 155,156)। ਗੁਰਦੁਆਰੇ ਦੀਆਂ ਮਹਿਰਾਬਦਾਰ ਕੰਧਾਂ ਉਪਰ ਗੋਲ, ਅੰਡਾਕਾਰ ਅਤੇ ਆਇਤਾਕਾਰ ਫ੍ਰੇਮ ਵਿੱਚ ਸਿੱਖ ਕਿਰਦਾਰਾਂ, ਭਗਤਾਂ, ਦੇਵੀ-ਦੇਵਤਿਆਂ ਦੇ ਚਿੱਤਰ ਸੰਯੋਜਤ ਕੀਤੇ ਗਏ ਹਨ। ਕੰਧਾਂ ਤੇ ਚਿੱਤਰਾਂ ਲਈ ਚੌਰਸ ਤੇ ਆਇਤਾਕਾਰ ਖ਼ਾਨਿਆਂ ਦੀ ਵੰਡ ਦੀ ਕਠੋਰਤਾ ਵੀ ਆਕ੍ਰਿਤੀਆਂ ਵਿੱਚ ਲਿਆਂਦੀਆਂ ਗੁਲਾਈਆਂ ਨਾਲ ਕੁੱਝ ਹੱਦ ਤੱਕ ਫਿੱਕੀ ਪੈ ਜਾਂਦੀ ਹੈ। ਇਹਨਾਂ ਕੰਧ-ਚਿੱਤਰਾਂ ਨੂੰ ਵਿਭਿੰਨ ਆਕਾਰਾਂ ਵਿੱਚ ਵੀ ਵਿਭਾਜਿਤ ਕੀਤਾ ਗਿਆ ਹੈ ਜਿਸ ਵਿੱਚ ਧਰਤੀ ਪੇੜ, ਪੌਦੇ, ਪੰਛੀ, ਪਸ਼ੂ, ਭਵਨ ਨਿਰਮਾਣ, ਜੰਗਲ, ਨਦੀਆਂ, ਪਰਬਤ ਅਤੇ ਵਿਅਕਤੀ-ਆਕਾਰਾ ਨੂੰ ਵਿਸ਼ੇ ਅਨੁਸਾਰ ਸੰਯੋਜਿਤ ਕੀਤਾ ਗਿਆ ਹੈ। ਹਰ ਆਕਾਰ ਦਾ ਆਪਣਾ ਵੱਖਰਾ ਪ੍ਰਭਾਵ ਅਤੇ ਮਹੱਤਵ ਹੈ ਅਤੇ ਸੰਯੋਜਨ ਨੂੰ ਅਰਥ ਭਰਪੂਰ ਬਣਾਉਂਦਾ ਹੈ।

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ, ਸੰਯੋਜਨ ਦੇ ਸ਼ਾਹਕਾਰ ਨਮੂਨੇ ਹਨ ਇਸ ਦਾ ਸ਼ਕਤੀਸ਼ਾਲੀ ਸੰਯੋਜਨ ਕਮਾਲ ਦਾ ਹੈ। ਚਿੱਤਰਾਂ ਦੇ ਸੰਯੋਜਨ ਵਿੱਚ ਪ੍ਰਮੁੱਖ-ਨਾਇਕ ਜਾਂ ਚਰਿੱਤਰ ਦਾ ਪ੍ਰਭਾਵ ਤੇ ਰੋਅਬ ਰੱਖਣ ਲਈ ਕਈ ਵੇਰ ਪਿੱਠਭੂਮੀ ਦੇ ਵਿਸਥਾਰ ਨੂੰ ਘਟਾ ਦਿੱਤਾ ਗਿਆ ਹੈ ਪਰ ਜਿਨ੍ਹਾਂ ਚਿੱਤਰਾਂ ਵਿੱਚ ਪਿੱਠਭੂਮੀ ਨੂੰ ਸਵਿਸਥਾਰ ਉਲੀਕਿਆ ਗਿਆ ਹੈ ਉੱਥੇ ਪ੍ਰਮੁੱਖ ਚਰਿੱਤਰਾਂ ਦੇ ਮਹੱਤਵ ਨੂੰ ਵਿਸ਼ੇਸ਼ ਰੰਗ ਲਾ ਕੇ ਆਕ੍ਰਿਤੀਆਂ ਤੱਕ ਹੀ ਸੀਮਿਤ ਰੱਖਿਆ ਗਿਆ ਹੈ।

ਸੰਤੁਲਨ ਦੇ ਨਿਯਮਾਂ ਵਿੱਚ ਹਰ ਇੱਕ ਨੂੰ ਵੱਧ ਤਰਜੀਹ ਦਿੱਤੀ ਗਈ ਹੈ, ਕਿਉਂਕਿ ਬਹੁਤ ਸਾਰੇ ਵਿਸ਼ੇ ਆਪਣੇ ਤਸਵੀਰੀ ਚਰਿੱਤਰ ਦੇ ਆਧਾਰ ਤੇ ਸੁਭਾਵਿਕ ਹੀ ਸਮਰੂਪੀ ਸੰਤੁਲਨ ਦੀ ਮੰਗ ਕਰਦੇ ਹਨ।[74] ਇਹਨਾਂ ਵਿਸ਼ਿਆਂ ਵਿੱਚ ਵੀ ਪ੍ਰਮੁੱਖ ਚਰਿੱਤਰ ਨੂੰ ਕੇਂਦਰ ਵਿੱਚ ਰੱਖ ਕੇ ਉਪਚਰਿੱਤਰਾਂ ਨੂੰ ਪਾਸਿਆਂ ਤੇ ਉਲੀਕਿਆ ਜਾਂਦਾ ਹੈ। ਇਸ ਪ੍ਰਬੰਧ ਦੀ ਸਭ ਤੋਂ ਪ੍ਰਚਲਤ ਉਦਾਹਰਣ ਗੁਰੂ ਨਾਨਕ ਦੇਵ ਜੀ ਦੇ ਕੰਧ-ਚਿੱਤਰ ਆਉਂਦੇ ਹਨ (ਚਿੱਤਰ 20,21)। ਇਹਨਾਂ ਚਿੱਤਰਾਂ ਵਿੱਚ ਗੁਰੂ ਜੀ ਨੂੰ ਮੱਧ ਵਿੱਚ ਅਤੇ ਅੱਗੇ ਪਿੱਛੇ ਦੋਹੀਂ ਪਾਸੀ ਬਾਕੀਆਂ ਨੂੰ ਚਿੱਤਰਿਆ ਗਿਆ ਹੈ। ਸਿੱਧ ਨਾਥਾਂ ਨਾਲ ਸੰਵਾਦ ਅਤੇ ਬਾਬਾ ਸ੍ਰੀਚੰਦ ਅਤੇ ਲੱਖਮੀ ਚੰਦ ਜੀ ਨਾਲ ਸੰਵਾਦ ਦੇ ਚਿੱਤਰਾਂ ਵਿੱਚ ਇਹੀ ਪ੍ਰਬੰਧ ਵੇਖਣ ਨੂੰ ਮਿਲਦਾ ਹੈ। ਇਹੀ ਪ੍ਰਬੰਧ ਪੰਜਾਬ ਦੇ ਹੋਰ ਕਈ ਥਾਵਾਂ ਤੇ ਵੇਖੇ ਜਾ ਸਕਦੇ ਹਨ।

ਮਨੁੱਖੀ ਆਕ੍ਰਿਤੀਆਂ ਦਾ ਆਕਾਰ ਕੰਧ ਤੇ ਬਣਾਏ ਚਿੱਤਰ ਪੈਨਲ ਦੇ ਮਾਪ ਅਨੁਸਾਰ ਛੋਟਾ ਵੱਡਾ ਰੱਖਿਆ ਜਾਂਦਾ ਹੈ। ਕਈਆਂ ਆਕ੍ਰਿਤੀਆਂ ਨੂੰ ਆਦਮਕੱਦ ਵੀ ਬਣਾਇਆ ਗਿਆ ਹੈ (ਚਿੱਤਰ 32, 33, 39, 40, 59, 60, 61)। ਕਿਸੇ-ਕਿਸੇ ਚਿੱਤਰ ਵਿੱਚ ਆਕ੍ਰਿਤੀਆਂ ਦੀ ਗਿਣਤੀ ਮਿੱਥੀ ਜਾਂਦੀ ਹੈ, ਜਿਵੇਂ ਕਿ ਕ੍ਰਿਸ਼ਨ ਜੀ ਦੇ ਵਿਆਹ ਦੇ ਚਿੱਤਰ ਵਿੱਚ ਅਨੇਕਾਂ ਦੇਵੀ ਦੇਵਤਿਆ ਨੂੰ ਚਿੱਤਰਿਆ ਗਿਆ ਹੈ। ਪੋਰਟਰੇਟ ਚਿੱਤਰ ਦੋ ਪ੍ਰਕਾਰ ਦੇ ਬਣਾਏ ਗਏ ਹਨ। ਇੱਕ ਚਸ਼ਮ ਅਤੇ ਦੋ ਚਸ਼ਮ। ਪੁਰਸ਼-ਆਕ੍ਰਿਤੀਆਂ ਅਤੇ ਨਾਰੀ-ਆਕ੍ਰਿਤੀਆਂ ਦੋਹੀਂ ਇਸੀ ਪ੍ਰਕਾਰ ਬਣਾਏ ਗਏ ਹਨ। ਪਸ਼ੂਆਂ ਨੂੰ ਇੱਕ ਚਸ਼ਮ ਵਿੱਚ ਚਿਤਰਿਆ ਗਿਆ ਹੈ। ਪ੍ਰਮੁੱਖ ਹਸਤੀਆਂ ਵਿਸ਼ੇਸ਼ ਕਰ ਗੁਰੂ ਸਾਹਿਬਾਨ ਅਤੇ ਦੇਵੀ-ਦੇਵਤਿਆਂ ਦੇ ਕੰਧ-ਚਿੱਤਰਾਂ ਵਿੱਚ ਉਨ੍ਹਾਂ ਦੇ ਚਿਹਰਿਆ ਤੇ ਪ੍ਰਭਾ-ਮੰਡਲ ਬਣਾਇਆ ਗਿਆ ਹੈ।

ਗੁਰਦੁਆਰਾ ਪੋਥੀਮਾਲਾ ਦੇ ਕੁੱਝ ਕੰਧ-ਚਿੱਤਰ ਅਜਿਹੇ ਵੀ ਹਨ ਜਿਨ੍ਹਾਂ ਨੂੰ ਇੱਕ ਧਰਾਤਲ ਉੱਪਰ ਵੱਖੋ-ਵੱਖਰੇ ਵਿਸ਼ੇ ਨੂੰ ਇਕੱਠੇ ਸੰਯੋਜਤ ਕੀਤਾ ਗਿਆ ਹੈ, ਜਿਵੇਂ ਕਿ ਇੱਕ ਚਿੱਤਰ ਵਿੱਚ ਉੱਪਰ ਵਾਲੇ ਪਾਸੇ ਕ੍ਰਿਸ਼ਨ ਅਤੇ ਰੁਕਮਾ ਦੇ ਯੁੱਧ ਦਾ ਚਿੱਤਰਨ ਹੈ ਇਕ ਪਾਸੇ ਬਲਭੱਦਰ ਰੁਕਮਨੀ ਨੂੰ ਰੱਥ ਵਿੱਚ ਬਿਠਾ ਕੇ ਲੈ ਕੇ ਜਾ ਰਹੇ ਹਨ ਅਤੇ ਇਸੇ ਦੇ ਹੇਠਲੇ ਪਾਸੇ ਕ੍ਰਿਸ਼ਨ ਜੀ ਦੇ ਰੁਕਮਨੀ ਨਾਲ ਵਿਆਹ ਦਾ ਚਿੱਤਰ ਹੈ। ਇਸ ਸੰਪੂਰਨ ਚਿੱਤਰ ਦੀ ਲੰਬਾਈ

---

74 **ਕੰਗ, ਕੰਵਰਜੀਤ ਸਿੰਘ (ਡਾ.)** (1988),*ਪੰਜਾਬ ਦੇ ਕੰਧ ਚਿੱਤਰ*, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ,ਪੰਨਾ-56.

ਅਤੇ ਚੌੜਾਈ 9' 8"×7' (ਬਿਨਾਂ ਫਰੇਮ) ਹੈ। ਸੰਪੂਰਨ ਚਿੱਤਰ ਦਾ ਸੰਯੋਜਨ ਬਹੁਤ ਖ਼ੂਬਸੂਰਤ ਹੈ। ਇਸੇ ਤਰ੍ਹਾਂ ਇਸ ਦੀ ਨਾਲ ਲਗਦੀ ਖੱਬੇ ਹੱਥ ਦੀ ਦੀਵਾਰ ਉਪਰ ਵੀ ਇੱਕ ਹੋਰ ਚਿੱਤਰ ਵਿੱਚ ਇਸ ਦੇ ਉੱਪਰ ਵਾਲੇ ਭਾਗ ਵਿੱਚ ਭਗਤ ਧੰਨਾ ਜੀ ਦੀ ਸਾਖੀ ਨੂੰ ਚਿੱਤਰਿਆ ਹੋਇਆ ਹੈ ਅਤੇ ਹੇਠਲੇ ਪਾਸੇ ਭਗਤ ਗੰਗਾ ਜੀ ਦਾ ਚਿੱਤਰ ਹੈ। ਗੁਰਦੁਆਰਾ ਪੋਥੀਮਾਲਾ ਦੇ ਇਹਨਾਂ ਚਿੱਤਰਤ ਕੰਧ-ਚਿੱਤਰਾਂ ਵਿਚੋਂ ਤਿੰਨ ਕੰਧ-ਚਿੱਤਰ ਜਿਨ੍ਹਾਂ ਵਿੱਚ ਵਿਸ਼ਨੂੰ, ਸਰਸਵਤੀ ਅਤੇ ਗਰੁੜ, ਕ੍ਰਿਸ਼ਨ ਵਿਆਹ ਦਾ ਚਿੱਤਰ ਅਤੇ ਭਗਤ ਧੰਨਾ ਦੇ ਚਿੱਤਰ ਆਕਾਰ ਵਿੱਚ ਸਭ ਤੋਂ ਵੱਡੇ ਹਨ ਅਤੇ ਇਹ ਚਿੱਤਰ ਛੋਟੇ ਕਮਰੇ ਦੀਆਂ ਬਾਹਰੀ ਦੀਵਾਰਾਂ ਉੱਪਰ ਸੁਸ਼ੋਭਿਤ ਹਨ। ਤਿੰਨਾਂ ਚਿੱਤਰਾਂ ਨੂੰ ਖ਼ੂਬਸੂਰਤ ਆਲੇਖਨਾਂ ਨਾਲ ਸਜਾਇਆ ਗਿਆ ਹੈ। ਇਹਨਾਂ ਚਿੱਤਰਾਂ ਉਪਰ ਸੰਬੰਧਤ ਚਿੱਤਰਤ ਕਿਰਦਾਰਾਂ ਦੇ ਨਾਮ ਵੀ ਅੰਕਿਤ ਕੀਤੇ ਹੋਏ ਹਨ ਜੋ ਕਿ ਇਹਨਾਂ ਦੇ ਸੰਯੋਜਨ ਦਾ ਹੀ ਅੰਗ ਹੋ ਨਿਬੜੇ ਹਨ।

ਸੋ ਉਪਰੋਕਤ ਤੱਥਾਂ ਤੋਂ ਸਪੱਸ਼ਟ ਹੈ ਕਿ ਗੁਰਦੁਆਰਾ ਪੋਥੀਮਾਲਾ ਦੇ ਇਹਨਾਂ ਕੰਧ-ਚਿੱਤਰਾਂ ਦੇ ਰਚਨਹਾਰਾਂ ਦਾ ਸੰਯੋਜਨ ਪ੍ਰਤੀ ਅਦਭੁਤ ਪ੍ਰਯੋਗ ਰਿਹਾ ਹੈ। ਸੰਯੋਜਨ ਚਿੱਤਰਕਲਾ ਵਿੱਚ ਰਸਾਸਵਾਦਨ ਪੈਦਾ ਕਰਦਾ ਹੈ ਅਤੇ ਚਿੱਤਰਕਲਾ ਵਿੱਚ ਸਾਨੂੰ ਜੋ ਆਨੰਦ ਮਿਲਦਾ ਹੈ ਉਸਦਾ ਆਧਾਰ ਸੰਯੋਜਨ ਹੀ ਹੈ।[75]

## ਪਰਿਪੇਖ (Perspective)[76]

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਪਰਿਪੇਖ ਦਾ ਇਸਤੇਮਾਲ ਬੇਹੱਦ ਸਾਵਧਾਨੀ ਨਾਲ ਕੀਤਾ ਗਿਆ। ਚਿੱਤਰਾਂ ਵਿੱਚ ਛੋਟੇ ਅਤੇ ਵੱਡੇ ਆਕਾਰਾਂ ਦਾ ਵੀ ਪ੍ਰਯੋਗ ਸਫਲਤਾ ਨਾਲ ਕੀਤਾ ਗਿਆ ਹੈ। ਪਰਿਪੇਖ ਸੰਬੰਧੀ ਭਾਵੇ ਚਿੱਤਰਕਾਰਾਂ ਨੂੰ ਪੱਛਮ ਵਿੱਚ ਅਪਣਾਈ ਗਈ ਤਕਨੀਕ ਦੀ ਜਾਣਕਾਰੀ ਨਹੀਂ ਸੀ ਪਰ ਉਨ੍ਹਾਂ ਨੂੰ ਇਸ ਤੋਂ ਅਣਜਾਣ ਵੀ ਨਹੀਂ ਆਖਿਆ ਜਾ ਸਕਦਾ। ਦੂਰ ਨੇੜੇ ਦੀ ਦੋ ਆਯਾਮ ਧਰਾਤਲ ਉੱਤੇ ਸਪੱਸ਼ਟਤਾ ਨੂੰ ਉਹ ਕੁੱਝ ਹੱਦ ਤੱਕ ਭਵਨਾਂ ਅਤੇ ਇਮਾਰਤਾਂ ਦੀਆਂ ਰੇਖਾਵਾਂ ਨੂੰ ਇੱਕ ਪਾਸੇ ਵਲ ਮੇਲਵੀਆ ਉਲੀਕਕੇ ਅਤੇ ਪਿੱਠ-ਭੂਮੀ ਵਿੱਚ ਪਰਸਪਰ ਛੋਟੀਆਂ ਆਕ੍ਰਿਤੀਆਂ ਜਾਂ ਫਿਰ ਰੁੱਖਾਂ ਨੂੰ ਛੋਟਾ

---

75 **शुक्त, राम चन्द्र** (1962) ***चित्रकला का रासासवादन (Appreciation of Art)*** (हिन्दी) प्रचारक पुस्कालय, वाराणसी, पृ. 115.

76 **ਚਮਨ, ਸਰੋਜ (ਡਾ.)** (1997), *ਸੋਂਦਰਯ ਸ਼ਾਸਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ-67.

ਉਲੀਕਕੇ ਦਰਸਾਉਂਦੇ ਹਨ।[77] ਇਸ ਦੀ ਸਫ਼ਲ ਉਦਾਹਰਣ (ਚਿੱਤਰ 30,66,67,70, 85,93) ਵਿੱਚ ਵੇਖ ਜਾ ਸਕਦੀ ਹੈ। ਚਿੱਤਰਾਂ ਵਿੱਚ ਰੇਖਾ ਪਰਿਪੇਖ ਦਾ ਪ੍ਰਯੋਗ ਕਰਕੇ ਨੇੜਲੇ ਭਵਨ ਆਕਾਰ ਵਿੱਚ ਵੱਡੇ ਅਤੇ ਦੂਰ ਛੋਟੇ ਦਿਖਾਏ ਗਏ ਹਨ। ਮਾਨਵ ਆਕ੍ਰਿਤੀਆਂ ਵਿੱਚ ਪਰਿਪੇਖ ਜ਼ਿਆਦਾ ਦੇਖਣ ਨੂੰ ਨਹੀਂ ਮਿਲਦਾ। ਕਿਤੇ-ਕਿਤੇ ਰੰਗਾਂ ਨਾਲ ਵੀ ਇਸ ਦਾ ਆਭਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸੇ ਤਰ੍ਹਾਂ ਚਿੱਤਰ ਨੰ. 30 ਵਿੱਚ ਮਾਤਾ ਗੰਗਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਅਗਰ-ਭੂਮੀ ਵਿੱਚ ਰੱਖਕੇ ਆਕਾਰ ਵਿੱਚ ਵੱਡਾ ਦਿਖਾਇਆ ਗਿਆ ਹੈ ਅਤੇ ਪਿੱਠ-ਭੂਮੀ ਵਿੱਚ ਭਵਨ, ਪੇੜ ਪੌਦੇ ਆਕਾਰ ਵਿੱਚ ਛੋਟੇ ਦਿਖਾਏ ਗਏ ਹਨ। ਇਸ ਤੋਂ ਬਿਨਾਂ ਕਈ ਚਿੱਤਰਾਂ ਨੂੰ ਦੇਖ ਪ੍ਰਤੀਤ ਹੁੰਦਾ ਹੈ ਕਿ ਇਹ ਉੱਪਰੋਂ ਵੇਖ ਕੇ ਬਣਾਏ ਗਏ ਹਨ। ਕੰਧ-ਚਿੱਤਰਾਂ ਦੀ ਸ਼ੈਲੀ ਸੰਬੰਧੀ ਰੂਪ ਕ੍ਰਿਸ਼ਨ ਨੇ ਜੋ ਟਿੱਪਣੀ ਦਿੱਤੀ ਸੀ ਉਹ ਧਿਆਨ ਦੇਣ ਯੋਗ ਹੈ।1926 ਈ. ਵਿੱਚ ਪ੍ਰਕਾਸ਼ਤ ਇੱਕ ਲੇਖ ਅਨੁਸਾਰ ਜੇਕਰ ਲਾਹੌਰ ਦੇ ਕੰਧ-ਚਿੱਤਰਾਂ ਨੂੰ ਚਿੱਤਰਕਾਰਾਂ ਦੇ ਦ੍ਰਿਸ਼ਟੀਕੋਣ ਤੋਂ ਦੇਖੀਏ ਅਤੇ ਉਨ੍ਹਾਂ ਰਿਵਾਇਤਾਂ ਨੂੰ ਧਿਆਨ ਵਿੱਚ ਰੱਖੀਏ ਜਿਨਾਂ ਦੇ ਚਿਤਰਣ ਅਤੇ ਪ੍ਰਗਟਾਵੇ ਲਈ ਸੇਵਾ ਦਿੱਤੀ ਸੀ ਤਾਂ ਸਾਨੂੰ ਯਕੀਨਨ ਹੀ ਚੋਖੇ ਕਲਾ-ਤੱਤਾਂ ਦੀ ਹੋਂਦ ਅਤੇ ਸੁੰਦਰਤਾ ਨਜ਼ਰ ਆਵੇਗੀ।[78] ਕੰਧ-ਚਿੱਤਰਾਂ ਦਾ ਉਚਿਤ ਮੁਲਾਂਕਣ ਇਹਨਾਂ ਉੱਤੇ ਯਥਾਰਥਕ ਚਿੱਤਰਣ ਦਾ ਮਿਆਰ ਲਾਗੂ ਕਰਕੇ ਹੀ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਮਿਆਰ ਕੇਵਲ ਓਪਰਾ ਹੀ ਨਹੀਂ ਵਿਪੱਖੀ ਵੀ ਹੈ।

**ਸ਼ੈਲੀ (Style)[79]**

ਚਿੱਤਰ ਵਿੱਚ ਜਿਸ ਢੰਗ ਅਤੇ ਤਰੀਕੇ ਨਾਲ ਮਾਧਿਅਮ ਨੂੰ ਵਰਤਿਆ ਜਾਂਦਾ ਹੈ ਉਸੀ ਨੂੰ ਤਕਨੀਕੀ ਬੋਲੀ ਵਿੱਚ ਸ਼ੈਲੀ ਆਖਿਆ ਜਾਂਦਾ ਹੈ।[80] ਸ਼ੈਲੀ ਕਲਾਕ੍ਰਿਤ ਦਾ ਦਰਜਾ ਵਧਾਉਦੀ ਘਟਾਉਂਦੀ ਹੈ। ਕਲਾਕਾਰ ਦੀ ਪਛਾਣ ਸ਼ੈਲੀ ਹੀ ਘੜਦੀ ਹੈ। 19ਵੀਂ ਸਦੀ ਦੇ ਚਿੱਤਰਾਂ ਨੂੰ ਵਿਲੱਖਣ ਦਰਜਾ ਸ਼ੈਲੀ ਦੀ ਮੁਹਾਰਤ ਨਾਲ ਹੀ ਮਿਲਿਆ ਹੈ।[81] ਕੰਧ-ਚਿੱਤਰਾਂ ਦੀ

---

77 **ਕੰਗ, ਕੰਵਰਜੀਤ ਸਿੰਘ (ਡਾ.)** (1988), *ਪੰਜਾਬ ਦੇ ਕੰਧ ਚਿੱਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-58.

78 ਉਹੀ ਪੰਨਾ-52.

79 **ਚਮਨ, ਸਰੋਜ (ਡਾ.)** (1997) *ਸੌਂਦਰਯ ਸ਼ਾਸਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ-125.

80 ਉਹੀ।

81 **ਚਮਨ, ਸਰੋਜ (ਡਾ.)** (1997) *ਸੌਂਦਰਯ ਸ਼ਾਸਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ-125.

ਸ਼ੈਲੀ ਪ੍ਰਤੀ ਟਿੱਪਣੀ ਚਿੱਤਰਣ ਕਾਲ ਦੀ ਕਲਾਤਮਕ ਰਵਾਇਤ ਦੇ ਪਿਛੋਕੜ ਦੇ ਸੰਦਰਭ ਵਿੱਚ ਹੀ ਕਰਨੀ ਉਚਿਤ ਹੈ। ਪਰੰਪਰਾਗਤ ਸ਼ੈਲੀ ਵਿੱਚ ਚਿੱਤਰੇ ਗਏ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੇ ਵਿਆਪਕ ਲੱਛਣਾਂ ਨੂੰ ਸਜਾਵਟੀ ਜਾਂ ਅਲੰਕਰਿਕ ਹੀ ਆਖਿਆ ਜਾ ਸਕਦਾ ਹੈ। ਪੰਜਾਬ ਵਿੱਚ ਪ੍ਰਚਲਤ ਇੱਕ ਅਣਵਿਕਸਤ ਕੰਧ-ਚਿੱਤਰ ਸ਼ੈਲੀ ਦਾ ਵਿਕਸਤ ਰੂਪ ਜਿਨ੍ਹਾਂ ਵਿੱਚ ਪਹਾੜੀ ਰਿਆਸਤਾਂ ਅਤੇ ਨੇੜਲੇ ਰਾਜਸਥਾਨੀ ਇਲਾਕਿਆਂ ਦੀਆਂ ਕੰਧ-ਚਿੱਤਰ ਸ਼ੈਲੀਆਂ ਦੇ ਤੱਤਾਂ ਨਾਲ ਮੇਲ ਹੁੰਦਾ ਰਿਹਾ।

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਕਿਸੇ ਵਿਅਕਤੀਗਤ ਸ਼ੈਲੀ ਦੀ ਝਲਕ ਨਜ਼ਰ ਨਹੀਂ ਆਉਂਦੀ, ਕਿਉਂਕਿ ਪੰਜਾਬ ਦੇ ਕੰਧ-ਚਿੱਤਰਾਂ ਵਿੱਚ ਵਿਅਕਤੀਗਤ ਸ਼ੈਲੀ ਦੇ ਵਿਕਾਸ ਦੀ ਝਲਕ ਘਟਦੀ ਨਜ਼ਰ ਆਈ ਹੈ। ਕੰਧ-ਚਿੱਤਰਕਾਰੀ ਦੇ ਬਹੁਤੇ ਚਿਤੇਰੇ ਰਚਨਾਤਮਕ ਪਰੰਪਰਾ ਅਨੁਸਾਰ ਅਗਿਆਤ ਰਹੇ ਜਾਂ ਫਿਰ ਇਹ ਇੱਕ ਚਿਤੇਰੇ ਦਾ ਕੰਮ ਨਾ ਹੋ ਕੇ ਸਮੂਹ ਦਾ ਕੰਮ ਹੁੰਦਾ ਸੀ। ਇਸ ਲਈ ਸ਼ੈਲੀ ਸੰਬੰਧੀ ਵਿਆਪਕ ਤੱਤਾਂ ਦਾ ਹੀ ਨਰੀਖਣ ਕੀਤਾ ਜਾ ਸਕਦਾ ਹੈ।

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਇੱਕੋ ਚਿੱਤਰਕਾਰ ਦੁਆਰਾ ਨਹੀਂ ਬਣਾਏ ਗਏ ਹਨ। ਇਹ ਕੰਧ-ਚਿੱਤਰ ਵੱਖ-ਵੱਖ ਚਿੱਤਰਕਾਰਾਂ ਦੀ ਪ੍ਰਤਿਭਾ ਦਾ ਨਮੂਨਾ ਹਨ ਅਤੇ ਜੋ ਕਿ ਇਤਿਹਾਸਕ ਘਟਨਾਵਾ, ਪ੍ਰੀਤ ਗਾਥਾਵਾਂ, ਇਤਿਹਾਸਕ ਵਿਅਕਤੀਆਂ ਦੇ ਚਿੱਤਰ ਅਤੇ ਆਲੇਖਨਾ ਦੇ ਰੂਪ ਵਿੱਚ ਉਨ੍ਹਾਂ ਦੇ ਹੁਨਰ ਨੂੰ ਸਾਡੇ ਸਾਹਮਣੇ ਰੱਖਦੇ ਹਨ। ਇਹਨਾਂ ਕੰਧ-ਚਿੱਤਰਾਂ ਦਾ ਵਿਸ਼ਾ ਹਿੰਦੂ ਅਤੇ ਸਿੱਖ ਦੋਵੇਂ ਹੀ ਹਨ। ਚਿੱਤਰਕਾਰਾਂ ਨੂੰ ਹਿੰਦੂ ਅਤੇ ਸਿੱਖ ਘਟਨਾਵਾਂ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਸੀ, ਜਿਸ ਕਰਕੇ ਉਨ੍ਹਾਂ ਨੇ ਘਟਨਾਵਾਂ ਨੂੰ ਉਸੀ ਤਰ੍ਹਾਂ ਚਿੱਤਰਿਆ ਹੈ ਜਿਸ ਤਰ੍ਹਾਂ ਇਹ ਵਾਪਰੀਆਂ ਸਨ। ਚਿੱਤਰਕਾਰ ਨੇ ਆਪਣੀ ਕਲਪਨਾ ਨੂੰ ਵਿਸ਼ੇ ਅਨੁਸਾਰ ਢਾਲ ਕੇ ਚਿੱਤਰ ਦੀ ਰਚਨਾ ਕੀਤੀ ਹੈ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੀ ਸ਼ੈਲੀ ਰਾਜਸਥਾਨੀ ਅਤੇ ਕਾਗੜਾ ਸਿੱਖ ਸ਼ੈਲੀ ਵਾਲੀ ਹੈ। ਮਿਹਰਬਾਨ ਜੀ ਦੀ ਸਰਬ ਸ੍ਰੇਸ਼ਟ ਰਚਨਾ ਸੁਖਮਨੀ ਸਹੰਸ੍ਰਨਾਮਾ ਇਹਨਾਂ ਕੰਧ-ਚਿੱਤਰਾਂ ਦਾ ਆਧਾਰ ਹੈ। ਚਿੱਤਰਕਾਰਾਂ ਦੁਆਰਾ ਇਸ ਬਾਣੀ ਦਾ ਬਾਰੀਕੀ ਨਾਲ ਆਧਿਐਨ ਕਰਕੇ ਕੰਧ-ਚਿੱਤਰਾਂ ਵਿੱਚ ਵਿਸ਼ੇ ਨੂੰ ਉਤਾਰਿਆ ਹੈ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਵੱਖ-ਵੱਖ ਸ਼ੈਲੀਆਂ ਦਾ ਸੁਮੇਲ ਮਿਲਦਾ ਹੈ ਜਿੱਥੇ ਮਾਨਵ ਆਕ੍ਰਿਤੀਆਂ ਦੇ ਵਿਸ਼ਿਆਂ ਆਦਿ ਦੀ ਆਪਣੀ ਸ਼ੈਲੀ ਹੈ

ਉੱਥੇ ਹੀ ਡਾਟਾਂ ਉੱਪਰ ਕੀਤੀ ਗਈ ਚਿੱਤਰਕਾਰੀ, ਜਿਸ ਵਿੱਚ ਆਕ੍ਰਿਤੀਆਂ (ਨਰ ਅਤੇ ਨਾਰੀ) ਨੂੰ ਆਲੇਖਨਾਂ ਦਾ ਹਿੱਸਾ ਬਣਾਇਆ ਗਿਆ,ਤੇ ਯੂਰਪੀਅਨ ਸ਼ੈਲੀ ਦਾ ਪ੍ਰਭਾਵ ਸਾਫ਼ ਨਜ਼ਰ ਆਉਂਦਾ ਹੈ, ਜਿਵੇਂ ਕਿ ਉਨ੍ਹਾਂ ਦੇ ਪਹਿਰਾਵੇ, ਸਿਰ 'ਤੇ ਮੁਕਟ ਅਤੇ ਖ਼ਾਸ ਕਰਕੇ ਉਨ੍ਹਾਂ ਦੇ ਖੰਭਾਂ ਤੋਂ ਇਹ ਪ੍ਰਭਾਵ ਸਪੱਸ਼ਟ ਹੁੰਦਾ ਹੈ। ਪੁਰਸ਼ ਆਕ੍ਰਿਤੀਆਂ ਦੇ ਵਾਲ ਘੁੰਗਰਾਲੇ ਹਨ, ਖੰਭ ਲੱਗੇ ਹੋਏ ਅਤੇ ਆਕਾਸ਼ ਵੱਲ ਨੂੰ ਉੱਡ ਰਹੇ ਹਨ ਹੱਥ ਵਿੱਚ ਤੀਰ ਕਮਾਨ ਹਨ। ਇਸਤਰੀ ਆਕ੍ਰਿਤੀਆਂ ਤੇ ਖੁੱਲ੍ਹੇ ਪਜਾਮੇ, ਸ਼ਰਟ ਅਤੇ ਹੱਥ ਵਿੱਚ ਵੱਖ-ਵੱਖ ਚੀਜ਼ਾਂ ਫੜੀਆਂ ਹੋਈਆਂ ਹਨ।

ਕੰਧ-ਚਿੱਤਰਾਂ ਦੇ ਕਲਾਤਮਕ ਮੁਲਾਂਕਣ ਨੂੰ ਜਾਂ ਕੰਮ ਦੇ ਕਲਾਤਮਕ ਅਧਿਐਨ ਨੂੰ, ਉਸ ਵਿੱਚ ਵਰਤੀ ਸਾਮੱਗਰੀ, ਤਕਨੀਕ, ਮਾਧਿਅਮ, ਜਾਂ ਕੀਤੇ ਖ਼ਰਚੇ 'ਤੇ ਹੀ ਆਧਾਰਿਤ ਨਹੀਂ ਕੀਤਾ ਜਾ ਸਕਦਾ, ਇਹਨਾਂ ਗੱਲਾਂ ਤੇ ਆਧਾਰਿਤ ਮੁਲਾਂਕਣ ਇਕ ਪਾਸੜ ਹੋਵੇਗਾ। ਵਾਸਤਵਿਕ ਕਲਾਤਮਕ ਅਧਿਐਨ ਇਸ ਦੇ ਸੁਹਜਵਾਦ 'ਤੇ ਆਧਾਰਿਤ ਹੋਵੇਗਾ ਅਤੇ ਇਹ ਸੁਹਜਵਾਦ ਵੱਖ-ਵੱਖ ਚੌਗਿਰਦੇ, ਮਾਹੌਲ, ਸਮਾਜਕ ਵਾਤਾਵਰਣ ਅਨੁਸਾਰ ਵੱਖਰਾ ਹੁੰਦਾ ਹੈ ਅਤੇ ਇਸ ਦੀ ਸੁੰਦਰਤਾ ਨੂੰ ਮਾਣਨ ਲਈ ਇਸ ਮਾਹੌਲ ਵਿੱਚ ਇੱਕ ਸੁਰ ਹੋਣ ਦੀ ਲੋੜ ਹੁੰਦੀ ਹੈ। ਧਾਰਮਿਕ ਆਰਥਿਕ ਹਾਲਤਾਂ, ਰਹਿਣ-ਸਹਿਣ ਦਿਆਂ ਢੰਗਾਂ ਅਤੇ ਆਦਤਾਂ, ਰਸਮਾਂ, ਰਿਵਾਜਾਂ, ਦਿਨ ਦਿਹਾੜਿਆਂ, ਵਹਿਮਾਂ-ਭਰਮਾਂ ਦੇ ਪ੍ਰਸੰਗ ਵਿੱਚ ਵਿਗਸੀ ਕਾਲਾਤਮਕ ਸੂਝ ਨੂੰ ਸਮੀਕਰਣ ਕਰਨ ਦੀ ਸਮਰੱਥਾ ਪੈਦਾ ਕਰਨੀ ਆਵੱਸ਼ਕ ਹੁੰਦੀ ਹੈ। ਇਸ ਤੋਂ ਬਿਨਾਂ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦਾ ਕਲਾਤਮਕ ਅਧਿਐਨ ਅਤੇ ਸੁਹਜਾਤਮਕ ਅਧਿਐਨ ਕਰਨਾ ਸੰਭਵ ਨਹੀਂ ਹੋ ਸਕਦਾ।

# ਅਧਿਆਇ–ਪੰਜਵਾਂ

# ਤੁਲਨਾਤਮਕ ਅਧਿਐਨ

ਤੁਲਨਾਤਮਕ ਅਧਿਐਨ ਦਾ ਮਹੱਤਵ ਬਹੁਪੱਖੀ ਹੈ। ਇਸ ਰਾਹੀਂ ਜਿੱਥੇ ਕਲਾਤਮਕ ਗੁਣਾਂ ਦੀ ਚੰਗੀ ਸੂਝ ਹਾਸਲ ਹੁੰਦੀ ਹੈ ਉੱਥੇ ਕਲਾ ਦੇ ਮੁਲਾਂਕਣ ਲਈ ਸੁਚੱਜੀ ਕਸੌਟੀ ਦਾ ਪਤਾ ਲੱਗਦਾ ਹੈ। ਇਸ ਦੀ ਅਸਲ ਵਿਧੀ ਹੀ ਇਹ ਹੈ ਕਿ ਵਿਸ਼ਵ ਵਿਆਪੀ ਢੰਗਾਂ ਨੂੰ ਵਰਤ ਕੇ ਵਿਸ਼ੇ ਦਾ ਸੰਪੂਰਨ ਤੌਰ ਤੇ ਅਧਿਐਨ ਕਰਨਾ। ਤੁਲਨਾਤਮਕ ਅਧਿਐਨ ਵੱਖ-ਵੱਖ ਰਾਜਾਂ, ਕੌਮਾਂ ਤੇ ਸਭਿਆਚਾਰਾਂ ਦੇ ਲੋਕਾਂ ਦੇ ਸਾਹਿਤ, ਕਲਾ ਆਦਿ ਬਾਰੇ ਜਾਣਨ ਦਾ ਇੱਕ ਸ਼ਕਤੀਸ਼ਾਲੀ ਸਾਧਨ ਹੈ। ਕਲਾ ਵਿੱਚ ਸੰਬੰਧਤ ਇਲਾਕੇ ਦੇ ਲੋਕਾਂ ਦੀ ਸਮੁੱਚੀ ਸੋਚ ਤੇ ਸਭਿਆਚਾਰਕ ਵਿਸ਼ੇਸ਼ਤਾ ਮੌਜੂਦ ਹੁੰਦੀ ਹੈ। ਜਿਸ ਦਾ ਤੁਲਨਾਤਮਕ ਦ੍ਰਿਸ਼ਟੀ ਤੋਂ ਅਧਿਐਨ ਕਰਕੇ ਅਸੀਂ ਮਹੱਤਵਪੂਰਨ ਨਤੀਜੇ ਪ੍ਰਾਪਤ ਕਰ ਸਕਦੇ ਹਾਂ। ਟੀ.ਐੱਸ.ਇਲੀਅਟ ਨੇ 'ਤੁਲਨਾ ਤੇ ਵਿਸ਼ਲੇਸ਼ਣ' ਨੂੰ ਆਲੋਚਕ ਦੇ ਦੋ ਮੁੱਲਵਾਨ ਸੰਦ ਪ੍ਰਵਾਨ ਕੀਤੇ ਹਨ। ਕੰਧ-ਚਿੱਤਰਾਂ ਦੇ ਖੇਤਰ ਵਿੱਚ ਸਹੀ ਆਲੋਚਨਾਤਮਕ ਸੋਧ ਦੁਆਰਾ ਅਸੀਂ ਕੰਧ-ਚਿੱਤਰਾਂ ਦੇ ਅੰਤਰ ਸੰਬੰਧਾਂ ਤੇ ਸੁਹਜਾਤਮਕ ਪੱਖਾਂ ਬਾਰੇ ਚੰਗੀ ਸੂਝ ਹਾਸਲ ਕਰ ਸਕਦੇ ਹਾਂ। ਕੰਧ-ਚਿੱਤਰਾਂ ਦਾ ਕੀਤਾ ਤੁਲਨਾਤਮਕ ਅਧਿਐਨ ਕਲਾ ਦੇ ਖੇਤਰ ਵਿੱਚ ਬਹੁਤ ਮਹੱਤਵ ਰੱਖਦਾ ਹੈ।

ਗੁਰਦੁਆਰਾ ਪੋਥੀਮਾਲਾ, ਗੁਰੂ ਹਰਸਹਾਇ ਦੇ ਕੰਧ ਚਿੱਤਰਾਂ ਵਾਂਗ, ਹਿੰਦੂ ਅਤੇ ਸਿੱਖ ਵਿਸ਼ਿਆਂ ਨਾਲ ਸੰਬੰਧਤ ਕੰਧ-ਚਿੱਤਰ ਹੋਰ ਕਈ ਗੁਰਦੁਆਰਿਆਂ, ਅਖਾੜਿਆਂ, ਸਮਾਧਾਂ, ਮੰਦਰਾਂ ਅਤੇ ਧਰਮਸ਼ਾਲਾਵਾਂ ਵਿੱਚ ਵੀ ਮਿਲਦੇ ਹਨ। ਇਹਨਾਂ ਵਿਸ਼ਿਆਂ ਨਾਲ ਸੰਬੰਧਤ ਚਿੱਤਰ ਅੰਮ੍ਰਿਤਸਰ ਦੇ ਰਾਜਾਸਾਂਸੀ ਵਿਖੇ ਗੁਰਦੁਆਰਾ ਬਾਬਾ ਬੀਰ ਸਿੰਘ, ਗੁਰਦੁਆਰਾ ਸ਼ਹੀਦਾਂ ਅਤੇ ਅੰਮ੍ਰਿਤਸਰ ਦਰਬਾਰ ਸਾਹਿਬ ਲਾਗੇ ਬੁੰਗਾ ਰਾਮਗੜ੍ਹੀਆਂ, ਗੁਰਦੁਆਰਾ ਬਾਬਾ ਬਕਾਲਾ, ਗੁਰਦੁਆਰਾ ਬਾਬਾ ਅਟੱਲ ਰਾਏ ਜੀ ਅੰਮ੍ਰਿਤਸਰ, ਅਖਾੜਾ ਬਾਲਾ ਨੰਦ ਅੰਮ੍ਰਿਤਸਰ, ਅਖਾੜਾ ਚਿੱਟਾ ਅੰਮ੍ਰਿਤਸਰ, ਅਖਾੜਾ ਕਾਸ਼ੀਵਾਲਾ ਅਤੇ ਸਮਾਧ ਮਹੰਤ ਮੰਗਨੀ ਰਾਮ, ਟਾਂਡਾ ਸਥਿਤ ਬਾਬਾ ਮੋਹਰ ਸਿੰਘ ਦੀ ਸਮਾਧ, ਹੁਸ਼ਿਆਰਪੁਰ ਸਥਿਤ ਰਾਮਟਟਵਾਲੀ ਪਿੰਡ ਦਾ ਬੈਰਾਗੀਆਂ ਦਾ ਮੰਦਰ ਆਦਿ ਵਿੱਚ ਵੇਖੇ ਜਾ ਸਕਦੇ ਹਨ, ਪਰ ਇਹਨਾਂ ਵਿੱਚ ਕਈਆਂ ਥਾਵਾਂ ਦੇ ਕੰਧ-ਚਿੱਤਰ, ਜਿਨ੍ਹਾਂ ਬਾਰੇ ਪਹਿਲੇ ਖੋਜਕਾਰਾਂ ਨੇ ਜ਼ਿਕਰ ਕੀਤਾ ਹੈ, ਨਸ਼ਟ ਹੋ ਚੁੱਕੇ ਹਨ ਅਤੇ ਖੋਜ ਕਾਰਜ ਦੌਰਾਨ ਜਦੋਂ ਸੰਬੰਧਤ ਥਾਵਾਂ ਤੇ ਜਾ ਕੇ ਵੇਖਿਆ ਗਿਆ ਤਾਂ ਉਨ੍ਹਾਂ ਉੱਪਰ ਸਫ਼ੇਦੀ ਫੇਰੀ ਜਾ ਚੁੱਕੀ ਹੈ ਅਤੇ ਕਈ ਦੁਰਲੱਭ ਚਿੱਤਰ ਆਪਣੀ ਹੋਂਦ ਹੀ ਮਿਟਾ ਬੈਠੇ ਹਨ। ਇਸ ਲਈ ਜੋ ਕੰਧ-ਚਿੱਤਰ ਬਚੇ ਹਨ ਉਹਨਾਂ ਨਾਲ ਹੀ ਅਸੀਂ ਤੁਲਨਾਤਮਕ ਅਧਿਐਨ ਕਰ ਸਕਦੇ ਹਾਂ।

ਜੇ ਅਸੀਂ ਵਿਸ਼ੇ ਦੇ ਆਧਾਰ ’ਤੇ ਗੱਲ ਕਰੀਏ ਤਾਂ ਸਿੱਖ ਵਿਸ਼ੇ ਤਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਿੱਤਰ ਬਹੁਤ ਥਾਵਾਂ ’ਤੇ ਬਣਾਏ ਗਏ ਹਨ। 19ਵੀਂ ਸ਼ਤਾਬਦੀ ਦੇ ਆਰੰਭ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਿੱਤਰ ਪ੍ਰਾਪਤ ਸਾਮਗੱਰੀ ਦੇ ਆਧਾਰ ਤੇ ਬਣਨੇ ਸ਼ੁਰੂ ਹੋ ਗਏ ਸਨ।[1] ਕੰਧ-ਚਿੱਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੇ ਦੋ ਤਰ੍ਹਾਂ ਦੇ ਚਿੱਤਰ ਮਿਲਦੇ ਹਨ। ਪਹਿਲੀ ਤਰ੍ਹਾਂ ਦੇ ਚਿੱਤਰਾਂ ਵਿੱਚ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨੂੰ ਜਨਮ ਸਾਖੀਆਂ ਦੇ ਆਧਾਰ ਤੇ ਹੀ ਚਿੱਤਰਿਆ ਗਿਆ ਹੈ। ਜਨਮ ਸਾਖੀਆਂ ’ਤੇ ਆਧਾਰਤ ਚਿੱਤਰ ਅੰਮ੍ਰਿਤਸਰ ਵਿਖੇ ਗੁਰਦੁਆਰਾ ਬਾਬਾ ਅਟੱਲ ਰਾਏ ਅਤੇ ਊਨੇ ਵਿਖੇ ਗੁਰਦੁਆਰਾ ਕਲਾਧਾਰੀ ਵਿਖੇ ਮਿਲਦੇ ਹਨ। ਅੰਮ੍ਰਿਤਸਰ ਵਿਖੇ ਗੁਰਦੁਆਰਾ ਬਾਬਾ ਅਟੱਲ ਰਾਏ ਹੀ ਇੱਕ ਐਸੀ ਇਮਾਰਤ ਹੈ ਜਿਸਦੀਆਂ ਕੰਧਾਂ ਉਪਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਲੜੀਬੱਧ ਰੂਪ ਵਿੱਚ ਚਿੱਤਰਿਆ ਗਿਆ ਹੈ ਅਤੇ ਇਹਨਾਂ ਉੱਪਰ ਲਿਖ਼ਤ ਵੀ ਮੌਜੂਦ ਹੈ।[2] ਇਸ ਤੋਂ ਬਿਨਾਂ ਊਨੇ ਵਿਖੇ ਗੁਰਦੁਆਰਾ ਕਲਾਧਾਰੀ ਦੇ ਕੰਧ-ਚਿੱਤਰ, ਜੋ ਕਿ ਬਿਲਕੁਲ ਨਸ਼ਟ ਹੋ ਚੁੱਕੇ ਹਨ, ਵੀ ਜਨਮਸਾਖੀਆਂ ਨਾਲ ਸੰਬੰਧ ਚਿੱਤਰ ਸਨ।[3] ਇਸ ਤੋਂ ਇਲਾਵਾ ਬਾਬਾ ਬਕਾਲਾ, ਬਾਬਾ ਮੇਹਰ ਸਿੰਘ ਦੀ ਸਮਾਧ, ਟਾਂਡਾ, ਹੁਸ਼ਿਆਰਪੁਰ ਆਦਿ ਵਿੱਚ ਵੀ ਚਿੱਤਰਨ ਹੋਇਆ ਹੈ ਪਰ ਜ਼ਿਆਦਾਤਰ ਚਿੱਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਭਾਈ ਬਾਲਾ ਅਤੇ ਮਰਦਾਨਾ ਜੀ ਦੇ ਨਾਲ ਦਿਖਾਇਆ ਗਿਆ ਹੈ। ਇਸ ਦੇ ਨਾਲ ਹੀ ਕਈਆਂ ਥਾਵਾਂ ਤੇ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਸਪੁੱਤਰਾਂ ਬਾਬਾ ਸ੍ਰੀਚੰਦ ਅਤੇ ਲੱਖਮੀ ਚੰਦ ਜੀ ਨਾਲ ਵੀ ਚਿੱਤਰਿਆ ਗਿਆ ਹੈ।

ਗੁਰਦੁਆਰਾ ਪੋਥੀਮਾਲਾ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਚਿੱਤਰ ਹੀ ਹਨ। ਇੱਕ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਨਾਲ ਸੰਵਾਦ ਰਚਾਉਂਦੇ ਦਿਖਾਇਆ ਗਿਆ ਹੈ। ਇਸ ਤਰ੍ਹਾਂ ਦਾ ਇੱਕ ਚਿੱਤਰ ਅੰਮ੍ਰਿਤਸਰ ਦੇ ਅਖਾੜਾ ਬਾਲਾਨੰਦ ਵਿਖੇ ਵੀ ਚਿੱਤਰਿਆ ਹੋਇਆ ਹੈ। ਦੂਜੇ ਚਿੱਤਰ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਪੁੱਤਰਾਂ ਨਾਲ ਚਿੱਤਰਿਆ ਗਿਆ ਹੈ ਜਿਸ ਦੀ ਦੂਜੀ ਉਦਾਹਰਣ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਨੌਰੰਗਾਬਾਦ ਦੇ

---

1 **Kang., Kanwarjeet Singh. (Dr.)** (1985). *Wall Painting of Punjab and Haryana,* Atma Ram and sons, Kashmeree Gate, H.O. New Delhi, p. 76.

2 **Arshi., P.S.**(1986). *Sikh Architecture*, Intellectual Pub. House, New Delhi, Plate No. 107 (Now Demoused)

3 **ਰਾਜ਼ਦਾਨ, ਰੁਪਾਲੀ,** *ਗੁਰਦੁਆਰਾ ਬਾਬਾ ਅਟੱਲ ਕੇ ਭੀਤੀ ਚਿੱਤਰ,* ਪੀਐਚ.ਡੀ. ਥੀਸਿਸ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ-156.

ਗੁਰਦੁਆਰਾ ਬਾਬਾ ਬੀਰ ਸਿੰਘ ਵਿਖੇ ਮਿਲਦੀ ਹੈ। ਇਸ ਚਿੱਤਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਦੋਹਾਂ ਪੁੱਤਰਾਂ ਨੂੰ ਚਿੱਤਰਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸ੍ਰੀਚੰਦ ਜੀ ਦਾ ਜਨਮ ਸੰਮਤ 1551 (1494 ਈ:) ਵਿੱਚ ਸੁਲਤਾਨਪੁਰ ਵਿਖੇ ਅਤੇ ਦੇਹਾਂਤ 118 ਵਰ੍ਹੇ ਦੀ ਆਯੂ ਵਿੱਚ ਸੰਮਤ 1669(1612 ਈ:) ਨੂੰ ਹੋਇਆ ਸੀ। ਉਹ ਉਦਾਸੀ ਮੱਤ ਦੇ ਪ੍ਰਚਾਰਕ ਮਹਾਨ ਸਿੱਧ ਹੋਏ ਹਨ। ਛੋਟੇ ਸਪੁੱਤਰ ਲੱਖਮੀ ਚੰਦ ਦਾ ਜਨਮ ਸੰਮਤ 1553 (1496 ਈ:) ਨੂੰ ਸੁਲਤਾਨਪੁਰ ਵਿਖੇ ਅਤੇ ਦੇਹਾਂਤ ਕਰਤਾਰਪੁਰ ਵਿਖੇ ਸੰਮਤ 1612 (1555 ਈ) ਨੂੰ ਹੋਇਆ। ਇਸ ਚਿੱਤਰ ਦਾ ਸੰਯੋਜਨ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਨਾਲੋਂ ਵੱਖਰਾ ਹੈ। ਜਿੱਥੇ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਗੁਰੂ ਨਾਨਕ ਦੇਵ ਜੀ ਦੀ ਆਕ੍ਰਿਤੀ ਨੂੰ ਵਿਚੋਂ-ਵਿੱਚ ਚਿੱਤਰਿਆ ਹੋਇਆ ਹੈ ਜਦ ਕਿ ਨੌਰੰਗਾਬਾਦ ਦੇ ਗੁਰਦੁਆਰਾ ਬਾਬਾ ਬੀਰ ਸਿੰਘ ਦੇ ਕੰਧ-ਚਿੱਤਰ ਵਿੱਚ ਗੁਰੂ ਸਾਹਿਬ ਨੂੰ ਖੱਬੇ ਹੱਥ ਦਿਖਾਇਆ ਹੈ ਅਤੇ ਲੱਖਮੀ ਚੰਦ ਜੀ ਅਤੇ ਸ੍ਰੀਚੰਦ ਜੀ ਨੂੰ ਉੱਪਰ ਥੱਲੇ ਦਰਸਾਇਆ ਗਿਆ ਹੈ। ਲੱਖਮੀ ਚੰਦ ਜੀ ਦੇ ਸਾਹਮਣੇ ਭਾਈ ਮਰਦਾਨਾ ਜੀ ਦੀ ਆਕ੍ਰਿਤੀ ਸਫ਼ੇਦ ਲਿਬਾਸ ਵਿੱਚ ਚਿੱਤਰਿਆ ਗਿਆ ਹੈ, ਉਨ੍ਹਾਂ ਦੇ ਪਿਛਲੇ ਪਾਸੇ ਇੱਕ ਸਿੱਖ ਜੋ ਪ੍ਰਸਾਦ ਲੈ ਕੇ ਆਇਆ ਹੈ, ਦੀ ਆਕ੍ਰਿਤੀ ਹੈ। ਗੁਰੂ ਸਾਹਿਬ ਦੇ ਪਿੱਛੇ ਭਾਈ ਬਾਲਾ ਨੂੰ ਚੌਰ ਕਰਦੇ ਚਿੱਤਰਿਆ ਗਿਆ ਹੈ। ਦੋਹਾਂ ਚਿੱਤਰਾਂ ਵਿੱਚ ਸ੍ਰੀਚੰਦ ਜੀ ਨੂੰ ਉਦਾਸੀ ਰੂਪ ਅਤੇ ਲੱਖਮੀ ਦਾਸ ਸ਼ਸਤਰਬੱਧ ਚਿੱਤਰੇ ਗਏ ਹਨ। ਬਾਬਾ ਬੀਰ ਸਿੰਘ ਦੇ ਚਿੱਤਰ ਵਿੱਚ ਉਹਨਾਂ ਦੇ ਹੱਥ ਗੁਰੂ ਨਾਨਕ ਦੇਵ ਜੀ ਵੱਲ ਜੋੜੇ ਹੋਏ ਹਨ। ਇੱਕ ਵੱਡੇ ਆਲੇ ਕਾਰਣ ਇਹ ਚਿੱਤਰ ਦੋ ਭਾਗਾਂ ਵਿੱਚ ਉਲੀਕਿਆ ਗਿਆ ਸੀ। ਇਮਾਰਤ ਦੇ ਆਪਣੇ ਜ਼ਰੂਰੀ ਅੰਗਾਂ ਬੂਹੇ, ਬਾਰੀਆਂ ਤੇ ਆਲਿਆਂ ਕਾਰਣ ਕਈ ਚਿੱਤਰ ਦੋ ਹਿੱਸਿਆਂ ਵਿੱਚ ਵੰਡ ਕੇ ਉਲੀਕੇ ਹਨ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਬਾਬਾ ਸ੍ਰੀ ਚੰਦ ਅਤੇ ਲੱਖਮੀ ਚੰਦ ਦੇ ਸਿਰ ਪਿਛੇ ਪ੍ਰਕਾਸ਼ ਮੰਡਲ ਨਹੀਂ ਚਿੱਤਰਿਆ ਹੈ। ਬਾਬਾ ਸ੍ਰੀਚੰਦ ਜੀ ਨੇ ਗਲੇ ਵਿੱਚ ਪਰਨਾ ਪਾਇਆ ਹੋਇਆ ਹੈ, ਜਦ ਕਿ ਦੂਜੇ ਚਿੱਤਰ ਵਿਚ ਕੰਨਾਂ ਵਿੱਚ ਸਿਰਫ਼ ਵਾਲੀਆਂ ਪਾਈਆਂ ਹਨ। ਦੋਹਾਂ ਚਿੱਤਰਾਂ ਵਿੱਚ ਪੋਥੀ ਦਿਖਾਈ ਗਈ ਹੈ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਗੁਰੂ ਸਾਹਿਬ ਦੀਆਂ ਖੜਾਵਾਂ ਅਤੇ ਇੱਕ ਗੰਗਾਸਾਗਰ ਵੀ ਚਿੱਤਰਿਆ ਹੈ। ਜਦੋਂ ਕਿ ਬਾਬਾ ਬੀਰ ਸਿੰਘ ਜੀ ਦੇ ਗੁਰਦੁਆਰੇ ਵਿਖੇ ਚਿੱਤਰ ਵਿੱਚ ਦੋ ਗੰਗਾਸਾਗਰ ਚਿੱਤਰੇ ਗਏ ਹਨ। ਭਾਈ ਮਰਦਾਨਾ ਦੀ ਆਕ੍ਰਿਤੀ ਸੱਜੇ ਪਾਸੇ ਵੱਲ ਦੇਖ ਰਹੀ ਹੈ

ਜਦ ਕਿ ਗੁਰਦੁਆਰਾ ਪੋਥੀਮਾਲਾ ਵਿੱਚ ਭਾਈ ਮਰਦਾਨਾ ਜੀ ਦੀ ਖੱਬੇ ਪਾਸੇ ਵੱਲ ਨਜ਼ਰ ਹੈ। ਸਾਰੀਆਂ ਆਕ੍ਰਿਤੀਆਂ ਇੱਕ ਚਸ਼ਮ ਚਿੱਤਰੀਆਂ ਗਈਆਂ ਹਨ। ਕੇਵਲ ਗੁਰੂ ਜੀ ਦੀ ਆਕ੍ਰਿਤੀ ਹੀ ਸਨਮੁੱਖ ਹੈ। ਦੂਜਾ ਵਿਸ਼ਾ ਗੁਰੂ ਨਾਨਕ ਦੇਵ ਜੀ ਦਾ ਸਿੱਧਾਂ ਨਾਲ ਸੰਵਾਦ ਦਾ ਹੈ ਜੋ ਕਿ ਬਹੁਤ ਪ੍ਰਮੁੱਖ ਅਤੇ ਪ੍ਰਚੱਲਤ ਵਿਸ਼ਾ ਰਿਹਾ ਹੈ। ਇਹ ਵਿਸ਼ਾ ਪੰਜਾਬ ਦੇ ਕਈਆਂ ਥਾਵਾਂ ਤੇ ਚਿੱਤਰਿਆ ਗਿਆ ਹੈ, ਜਿਨ੍ਹਾਂ ਵਿਚੋਂ ਇੱਕ ਅਖਾੜਾ ਬਾਲਾ ਨੰਦ ਵੀ ਹੈ ਜਿਸ ਵਿੱਚ ਸਿੱਧ ਗੋਸ਼ਟਿ ਦਾ ਚਿੱਤਰ ਹੈ। ਇਹਨਾਂ ਦੋਹਾਂ ਚਿੱਤਰਾਂ ਦੇ ਸੰਯੋਜਨ, ਆਕ੍ਰਿਤੀ ਚਿੱਤਰਨ, ਰੂਪ ਭੇਦ ਆਦਿ ਵਿੱਚ ਬਹੁਤ ਅਸਮਾਨਤਾ ਹੈ। ਦੋਹਾਂ ਕੰਧ-ਚਿੱਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਸਿੱਧਾਂ ਦਾ ਪ੍ਰਮੁੱਖ ਆਹਮੋ-ਸਾਹਮਣੇ ਬੈਠੇ ਹਨ। ਦੋਹਾਂ ਨੂੰ ਹੀ ਗੋਸ਼ਟਿ ਦੀ ਭਾਵਨਾਂ ਅਨੁਸਾਰ ਬਰਾਬਰ ਅੰਕਿਤ ਕੀਤਾ ਗਿਆ ਹੈ ਦੋਹਾਂ ਚਿੱਤਰਾਂ ਵਿੱਚ ਦੋਵੇਂ ਚਟਾਈ ਉੱਤੇ ਬੈਠੇ ਹਨ, ਪਰ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਕੇਵਲ ਗੁਰੂ ਜੀ ਦੇ ਹੀ ਚੌਰ ਕੀਤਾ ਜਾ ਰਿਹਾ ਹੈ, ਜਦ ਕਿ ਅਖਾੜਾ ਬਾਲਾ ਨੰਦ ਦੇ ਚਿੱਤਰ ਵਿੱਚ ਸਿੱਧਾਂ ਦੇ ਨਾਮ ਅੰਕਿਤ ਨਹੀਂ ਕੀਤੇ ਗਏ ਸਿੱਧਾਂ ਦਾ ਸੇਵਾਦਾਰ ਚੌਰ ਵੀ ਕਰ ਰਿਹਾ ਹੈ। ਦੋਹਾਂ ਦੇ ਪਿੱਛੇ ਤਕੀਏ ਹਨ। ਦੋਨਾਂ ਚਿੱਤਰਾਂ ਵਿੱਚ ਦੋਹਾਂ ਦੇ ਸਿਰ ਦੁਆਲੇ ਪ੍ਰਕਾਸ਼-ਮੰਡਲ ਹੈ। ਚਿੱਤਰਾਂ ਦੇ ਸੰਯੋਜਨ ਦੀ ਲੋੜ ਅਨੁਸਾਰ ਭਾਈ ਬਾਲੇ ਅਤੇ ਹੋਰ ਸਿੱਧਾਂ ਨਾਲ ਯੋਗੀਆਂ ਨੂੰ ਹੇਠਾਂ ਦਰਸਾਇਆ ਗਿਆ ਹੈ। ਅਖਾੜਾ ਬਾਲਾ ਨੰਦ ਦੇ ਚਿੱਤਰ ਵਿੱਚ ਦਰੱਖ਼ਤ ਨਾਲ ਇੱਕ ਪਿੰਜਰਾ ਵੀ ਲਟਕ ਰਿਹਾ ਹੈ। ਸਿੱਧਾਂ ਦੀਆਂ ਇਹ ਆਕ੍ਰਿਤੀਆਂ ਸੰਭਵਤ ਕਿਸੇ ਕ੍ਰਮ ਅਨੁਸਾਰ ਹੀ ਉਲੀਕੀਆ ਹੋਣਗੀਆਂ। ਲਗਭਗ ਸਾਰੀਆਂ ਸਿੱਧ ਆਕ੍ਰਿਤੀਆਂ ਦਿਆਂ ਕੰਨਾਂ ਵਿੱਚ ਕਨਪੇਟ ਯੋਗੀਆਂ ਵਾਲੀਆਂ ਮੁੰਦਰਾਂ ਪਾਈਆਂ ਹੋਈਆਂ ਹਨ। ਇਹ ਉਨ੍ਹਾਂ ਦਾ ਸਥਾਪਿਤ ਪਰੰਪਰਾਵਾਦੀ ਚਿੰਨ੍ਹ ਸੀ। ਦੋਹਾਂ ਚਿੱਤਰਾਂ ਵਿੱਚ ਪ੍ਰਮੁੱਖ ਆਕ੍ਰਿਤੀ ਜੋ ਗੁਰੂ ਨਾਨਕ ਸਾਹਿਬ ਦੀ ਹੈ, ਪਿੱਛੇ ਛਾਂਦਾਰ ਦਰੱਖ਼ਤ ਚਿੱਤਰਿਆ ਹੋਇਆ ਹੈ। ਦੋਹਾਂ ਵਿੱਚੋਂ ਇੱਕ ਆਕ੍ਰਿਤੀ ਅਸਮਾਨ ਵਿੱਚ ਉੱਡਦੀ ਦਿਖਾਈ ਗਈ ਹੈ।

ਗੁਰੂ ਨਾਨਕ ਦੇਵ ਜੀ ਨੂੰ ਦਰਸਾਉਂਦੇ ਕੰਧ-ਚਿੱਤਰਾਂ ਵਿੱਚ ਉਨ੍ਹਾਂ ਦੇ ਸਾਥੀ ਭਾਈ ਬਾਲੇ ਅਤੇ ਮਰਦਾਨੇ ਨੂੰ ਦਿਖਾਉਣਾ, ਗੁਰੂ ਸਾਹਿਬ ਦੇ ਤਸਵੀਰੀ ਰੂਪ ਨੂੰ ਸਾਕਾਰ ਕਰਨ ਲਈ ਇੱਕ ਵਿਸ਼ੇਸ਼ ਅੰਗ ਬਣ ਗਿਆ ਸੀ। ਕੇਵਲ ਉਹਨਾਂ ਚਿੱਤਰਾਂ ਵਿੱਚ ਹੀ ਇਹਨਾਂ ਦੀ ਅਣਹੋਂਦ ਹੈ ਜਿਨਾਂ ਵਿੱਚ ਸਾਰੇ ਸਿੱਖ ਗੁਰੂ ਸਾਹਿਬਾਨ ਨੂੰ ਇੱਕਠਿਆਂ ਚਿੱਤਰਿਆ ਗਿਆ ਹੋਵੇ।

ਗੁਰਦੁਆਰਾ ਪੋਥੀਮਾਲਾ ਵਿਖੇ ਗੁਰੂ ਨਾਨਕ ਦੇਵ ਜੀ ਅਤੇ ਮਰਦਾਨਾ ਦੋਨਾਂ ਨੂੰ ਬਿਰਧ ਅਵਸਥਾ ਵਿੱਚ ਦਿਖਾਇਆ ਗਿਆ ਹੈ ਜਦ ਕਿ ਬਾਲਾ ਜੀ ਨੂੰ ਜਵਾਨ ਚਿੱਤਰਿਆ ਗਿਆ ਹੈ। ਇਸੇ ਤਰ੍ਹਾਂ ਸਮਾਧ ਅਖਾੜਾ ਚਿੱਟਾ, ਸਮਾਧ ਮਹੰਤ ਮੰਗਨੀ ਰਾਮ, ਨੌਰੰਗਾਬਾਦ ਸਥਿਤ ਬਾਬਾ ਬੀਰ ਸਿੰਘ, ਅਖਾੜਾ ਬਾਲਾ ਨੰਦ ਅੰਮ੍ਰਿਤਸਰ, ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਨਸ਼ਟ ਹੋ ਚੁੱਕੀ ਦੀਵਾਰ ’ਤੇ ਵੀ ਗੁਰੂ ਸਾਹਿਬ ਅਤੇ ਮਰਦਾਨਾ ਦੋਹਾਂ ਨੂੰ ਬਿਰਧ ਅਤੇ ਭਾਈ ਬਾਲਾ ਨੂੰ ਯੁਵਾ ਅਵਸਥਾ ਵਿੱਚ ਵਿਖਾਇਆ ਗਿਆ ਸੀ। ਇਸ ਤੋਂ ਉਲਟ ਹਰਿਗੋਬਿੰਦਪੁਰਾ ਦੇ ਗੁਰਦੁਆਰਾ ਸਤਿ ਕਰਤਾਰੀਆਂ ਵਿੱਚ ਭਾਈ ਮਰਦਾਨਾ ਨੂੰ ਯੁਵਾ ਦਿਖਾਇਆ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਸਥਿਤ ਰਾਮਗੜ੍ਹੀਆ ਬੁੰਗਾ ਦੀ ਨਸ਼ਟ ਹੋ ਚੁੱਕੀ ਇਮਾਰਤ ਦੇ ਕੰਧ-ਚਿੱਤਰ ਵਿੱਚ ਗੁਰੂ ਸਾਹਿਬ ਨੂੰ ਬਿਰਧ ਅਤੇ ਮਰਦਾਨਾ ਨੂੰ ਯੁਵਾ ਦਿਖਾਇਆ ਗਿਆ ਸੀ।[4]

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸਭ ਤੋਂ ਜ਼ਿਆਦਾ ਕੰਧ-ਚਿੱਤਰ ਸ੍ਰੀ ਗੁਰੂ ਗੋਬਿੰਦ ਸਿਘ ਜੀ ਦੇ ਹੀ ਮਿਲਦੇ ਹਨ। ਸ੍ਰੀ ਗੁਰੂ ਗੋਬਿੰਦ ਸਿਘ ਜੀ ਦੇ ਕੰਧ-ਚਿੱਤਰ ਗੁਰਦੁਆਰਾ ਪੋਥੀਮਾਲਾ ਤੋਂ ਇਲਾਵਾ ਹੁਸ਼ਿਆਰਪੁਰ ਦੇ ਰਾਮਟਟਵਾਲੀ, ਫ਼ਤਿਹਬਾਦ ਅਤੇ ਰਾਹੋਂ ਵਿਖੇ ਤਾਰਾ ਸਿੰਘ ਗੈਬਾ ਦੀ ਸਮਾਧ ਤੇ ਮਿਲਦੇ ਹਨ। ਸ਼੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਰਸੂਲਪੁਰ  ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਚਿੱਤਰ ਮਿਲਦਾ ਹੈ, ਜਿਸ ਵਿੱਚ ਗੁਰੂ ਜੀ ਨੂੰ ਸਿੰਘਾਂ ਦੇ ਨਾਲ ਚਿੱਤਰਿਆ ਗਿਆ ਹੈ (ਚਿੱਤਰ 182)। ਕਈ ਕੰਧ-ਚਿੱਤਰਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੂੰ ਚਾਰੇ ਸਾਹਿਬਜ਼ਾਦਿਆਂ ਨਾਲ ਜਾਂ ਫਿਰ ਪੰਜ ਪਿਆਰਿਆਂ ਨਾਲ ਚਿੱਤਰਿਆ ਗਿਆ। ਗੁਰਦੁਆਰਾ ਪੋਥੀਮਾਲਾ ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਿੰਘਾਂ ਦੇ ਨਾਲ ਪੂਰੀ ਸ਼ਾਨੋ-ਸ਼ੌਕਤ ਨਾਲ ਚਿੱਤਰਿਆ ਗਿਆ ਹੈ। ਇਸ ਵਿੱਚ ਹੋਰਨਾਂ ਨਾਲੋਂ ਇੱਕ ਖ਼ਾਸ ਅੰਤਰ ਇਹ ਹੈ ਇਸ ਵਿੱਚ ਥੱਲੇ ਇੱਕ ਸਿੰਘ ਨੂੰ ਬੰਦੂਕ ਨਾਲ ਦਰਸਾਇਆ ਗਿਆ ਹੈ। ਰਸੂਲਪੁਰ ਵਿਖੇ ਉਲੀਕੇ ਇਸ ਵਿਸ਼ੇ ਦੇ ਚਿੱਤਰ ਦੇ ਰੰਗ ਗੂੜੇ, ਚਮਕਦਾਰ ਹਨ ਅਤੇ ਅੱਜ ਵੀ ਇਹਨਾਂ ਦੀ ਚਮਕ ਬਰਕਰਾਰ ਹੈ। ਇਸ ਵਿੱਚ ਜ਼ਿਆਦਾਤਰ ਸੁਨਿਹਰੀ, ਕੇਸਰੀ ਰੰਗ ਦੀ ਪ੍ਰਧਾਨਤਾ ਹੈ। ਗੁਰੂ ਸਾਹਿਬ ਦੇ ਸੁਨਿਹਰੀ ਰੰਗ ਦਾ ਚੋਗ਼ਾ

---

4 **Singh, Patwant.** *The Golden Temple*, Time Books International New Delhi, Painting Published, p. 24.

ਪਹਿਨਿਆ ਹੋਇਆ ਹੈ ਅਤੇ ਇਸੇ ਤਰ੍ਹਾਂ ਦਾ ਚੋਗ਼ਾ ਅੱਗੇ-ਅੱਗੇ ਚੱਲ ਰਹੇ ਸਿੱਖ ਸੇਵਾਦਾਰ ਦੇ ਵੀ ਪਹਿਨਿਆ ਹੋਇਆ ਹੈ, ਜਿਸ ਨੇ ਕੇਸਰੀ ਨਿਸ਼ਾਨ ਸਾਹਿਬ ਚੁੱਕਿਆ ਹੋਇਆ ਹੈ। ਚੌਰ ਕਰ ਰਹੇ ਸੇਵਾਦਾਰ ਨੇ ਗੇਰੂਏ ਰੰਗ ਦੀ ਚੂੜੀਦਾਰ ਪਜਾਮੀ ਪਹਿਨੀ ਹੋਈ ਹੈ ਅਤੇ ਹਰੇ ਰੰਗ ਦਾ ਚੋਗ਼ਾ ਪਹਿਨਿਆ ਹੈ, ਜਦਕਿ ਗੁਰੂ ਜੀ ਅਤੇ ਅੱਗੇ ਚਲ ਰਹੇ ਸੇਵਾਦਾਰ ਦੇ ਹਰੇ ਰੰਗ ਦੀ ਚੂੜੀਦਾਰ ਪਜਾਮੀ ਪਹਿਨੀ ਹੋਈ ਹੈ। ਇਸ ਦੇ ਵਿਪਰੀਤ ਜਦੋਂ ਅਸੀਂ ਗੁਰਦੁਆਰਾ ਪੋਥੀਮਾਲਾ ਦਾ ਚਿੱਤਰ ਵੇਖਦੇ ਹਾਂ ਤਾਂ ਉਸ ਵਿੱਚ ਨੀਲੇ ਰੰਗ ਦੀ ਪ੍ਰਧਾਨਤਾ ਨਜ਼ਰ ਆਉਂਦੀ ਹੈ ਅਤੇ ਉਸ ਪਿੱਛੋਂ ਸੁਨਿਹਰੀ ਰੰਗ ਆਉਂਦਾ ਹੈ। ਗੁਰੂ ਸਾਹਿਬ ਦੇ ਸੁਨਿਹਰੀ ਚੋਗ਼ਾ ਅਤੇ ਸਫ਼ੇਦ ਰੰਗ ਦੀ ਪਜਾਮੀ ਪਹਿਨੀ ਹੋਈ ਹੈ। ਇਸ ਚਿੱਤਰ ਵਿੱਚ ਸਫੈਦ ਰੰਗ ਦਾ ਘੋੜਾ ਚਿੱਤਰਿਆ ਹੈ, ਜਿਸ ਕਰਕੇ ਪਿੱਠਭੂਮੀ ਤੋਂ ਇਹ ਜ਼ਿਆਦਾ ਉੱਭਰ ਕੇ ਬਾਹਰ ਨਹੀਂ ਆਉਂਦਾ। ਦੂਜੇ ਪਾਸੇ ਘੋੜਾ ਹਲਕਾ ਨੀਲੇ ਰੰਗ ਦਾ ਚਿੱਤਰਿਆ ਗਿਆ ਹੈ। ਗੁਰਦੁਆਰਾ ਪੋਥੀਮਾਲਾ ਦੇ ਇਸ ਚਿੱਤਰ ਵਿੱਚ ਚਾਰ ਸੇਵਾਦਾਰਾਂ ਨੇ ਤਾਂ ਚੋਲਾ ਅਤੇ ਕਛਹਿਰਾ ਪਹਿਨਿਆ ਹੋਇਆ ਹੈ ਅਤੇ ਕੇਵਲ ਇੱਕ ਨੇ ਚੂੜੀਦਾਰ ਪਜਾਮੀ ਪਹਿਨੀ ਹੋਈ ਹੈ। ਜੇਕਰ ਰੇਖਾਤਮਕ ਸੁੰਦਰਤਾ ਦੀ ਗਲ ਕੀਤੀ ਜਾਵੇ ਤਾਂ ਦੋਹਾਂ ਚਿੱਤਰਾਂ ਵਿੱਚ ਇਹ ਸੁੰਦਰਤਾ ਲੈਸ ਭਰਪੂਰ ਹੈ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਚਿੱਤਰਕਾਰ ਨੇ ਪਰਿਪੇਖ ਨੂੰ ਦਿਖਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ, ਪਰ ਰਸੂਲਪੁਰ ਦੇ ਚਿੱਤਰ ਦੀ ਪਿੱਠਭੂਮੀ ਬਿਲਕੁਲ ਸਾਦੀ ਹੈ।

ਸ਼੍ਰੀ ਗੁਰੂ ਗੋਬਿੰਦ ਜੀ ਨੂੰ ਦਰਸਾਉਂਦਾ ਇੱਕ ਹੋਰ ਚਿੱਤਰ ਜ਼ਿਲ੍ਹਾ ਸੰਗਰੂਰ ਵਿੱਚ ਬਰਨਾਲੇ ਵਿਖੇ ਸਥਿਤ ਬਾਬਾ ਦਿਆਲ ਦਾਸ ਦੀ ਸਮਾਧ ਵਿਖੇ ਵੀ ਵੇਖਣ ਨੂੰ ਮਿਲਿਆ ਹੈ। ਇਸ ਚਿੱਤਰ ਵਿੱਚ ਗੁਰੂ ਜੀ ਨੂੰ ਅੰਕਿਤ ਕਰਨ ਲਈ ਨਿਰਧਾਰਤ ਤਸਵੀਰੀ ਨਿਯਮਾਂ ਦੀ ਪਾਲਣਾ ਕੀਤੀ ਗਈ ਹੈ। ਇਸ ਸੰਯੋਜਨ ਅਨੁਸਾਰ ਉੱਲੀਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਦੇ ਹੋਰ ਕੰਧ-ਚਿੱਤਰਾਂ ਦੀਆਂ ਉਦਾਹਰਣਾਂ ਜਿਲ੍ਹਾ ਹੁਸ਼ਿਆਰਪੁਰ ਵਿੱਚ ਟਾਂਡਾ ਸਥਿਤ ਬਾਬਾ ਮੋਹਨ ਸਿੰਘ ਦੀ ਸਮਾਧ ਅਤੇ ਰਾਮਟਟਵਾਲੀ ਦੇ ਬੈਰਾਗੀ ਠਾਕੁਰਦੁਆਰੇ ਵਿੱਚ ਦੇਖੀਆਂ ਗਈਆਂ ਹਨ, ਜੋ ਕਿ ਅੱਜ ਚੰਗੀ ਹਾਲਤ ਵਿੱਚ ਨਹੀਂ ਹਨ। ਇਸ ਦੀ ਇੱਕ ਹੋਰ ਬਹੁਤ ਉੱਤਮ ਉਦਾਹਰਣ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਸੁਰੱਖਿਅਤ ਹੈ। ਇਹਨਾਂ ਚਿੱਤਰਾਂ ਵਿੱਚ ਘੋੜੇ ਉੱਤੇ ਸਵਾਰ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਸ਼ਾਸਤਰਾਂ, ਢਾਲ, ਤਲਵਾਰ, ਤੀਰ-ਕਮਾਨ, ਆਦਿ ਨਾਲ ਲੈਸ ਚਿੱਤਰਿਆ ਗਿਆ ਹੈ। ਗੁਰੂ ਜੀ ਨਾਲ ਚਾਰ ਪੰਜ ਸਿੰਘ ਸੇਵਾਦਾਰ ਵਜੋਂ

ਉਲੀਕੇ ਗਏ ਸਨ ਜਿਨ੍ਹਾਂ 'ਚੋਂ ਇੱਕ ਹਮੇਸ਼ਾ ਅਗਾਂਹ ਨਿਸ਼ਾਨ ਸਾਹਿਬ ਚੁੱਕੀ ਜਾਂਦਾ ਚਿੱਤਰਿਆ ਹੋਇਆ ਹੈ। ਰਸੂਲਪੁਰ ਸਥਿਤ ਚਿੱਤਰੇ ਚਿੱਤਰ ਵਿੱਚ ਕੇਵਲ ਦੋ ਸੇਵਾਦਾਰਾਂ ਨੂੰ ਚਿੱਤਰਿਆ ਗਿਆ ਹੈ। ਸਾਰੀਆਂ ਆਕ੍ਰਿਤੀਆਂ ਇੱਕ ਚਸ਼ਮ ਹੀ ਹਨ। ਇਸੇ ਸੰਯੋਜਨ ਦੀ ਸਮਰੂਪਤਾ ਪੰਜਾਬ ਵਿੱਚ ਪ੍ਰਚਲਤ ਰਿਵਾਇਤ ਤੋਂ ਕੰਧ-ਚਿੱਤੇਰਿਆ ਦੀ ਪਰਸਪਰ ਨਿਰਭਰਤਾ ਦਾ ਸੰਕੇਤ ਮਿਲਦਾ ਹੈ।

ਗੁਰਦੁਆਰਾ ਪੋਥੀਮਾਲਾ ਵਿੱਚ ਬਾਕੀ ਗੁਰੂਆਂ ਦੇ ਕੰਧ-ਚਿੱਤਰ ਵੀ ਬਣਾਏ ਗਏ ਹਨ ਪਰੰਤੂ ਬਾਕੀ ਸਿੱਖ ਗੁਰੂਆਂ ਨੂੰ ਦਰਸਾਉਂਦੇ ਕੰਧ-ਚਿੱਤਰ ਜ਼ਿਆਦਾ ਥਾਵਾਂ 'ਤੇ ਨਹੀਂ ਹਨ। ਇਹ ਜਿੱਥੇ ਕਿਤੇ ਵੀ ਚਿੱਤਰੇ ਨਜ਼ਰ ਆਉਂਦੇ ਹਨ ਇਹਨਾਂ ਨੂੰ ਆਪਣੇ ਸਿੱਖਾਂ ਦੇ ਨਾਲ ਬੈਠੇ ਹੋਏ ਦਿਖਾਇਆ ਗਿਆ ਹੈ, ਪਿਛਲੇ ਪਾਸੇ ਇੱਕ ਸਿੱਖ ਚੌਰ ਕਰ ਰਿਹਾ ਹੁੰਦਾ ਹੈ। ਇਹ ਇੱਕ ਪ੍ਰਕਾਰ ਦਾ ਪ੍ਰਮਾਣਿਕ ਚਿੱਤਰਮਈ ਢੰਗ ਸੀ ਜਿਸਨੂੰ ਬਹੁਤੇ ਚਿੱਤਰਕਾਰਾਂ ਨੇ ਸਵੀਕਾਰ ਕੀਤਾ ਹੋਇਆ ਸੀ। ਦਸਾਂ ਗੁਰੂ ਸਾਹਿਬਾਨ ਦਾ ਚਿੱਤਰਨ ਬੇਸ਼ਕ ਹੋਰ ਵੀ ਸਥਾਨਾਂ 'ਤੇ ਕੀਤਾ ਗਿਆ ਹੈ ਪਰੰਤੂ ਗੁਰਦੁਆਰਾ ਪੋਥੀਮਾਲਾ ਵਿੱਚ ਜ਼ਿਆਦਾਤਰ ਗੁਰੂਆਂ ਨੂੰ ਘੋੜੇ 'ਤੇ ਸਵਾਰ ਦਰਸਾਇਆ ਗਿਆ ਹੈ। ਇੱਕ ਚਿੱਤਰ ਵਿੱਚ ਸ਼੍ਰੀ ਗੁਰੂ ਅੰਗਦ ਦੇਵ ਜੀ ਅਤੇ ਸ਼੍ਰੀ ਗੁਰੂ ਅਮਰਦਾਸ ਜੀ ਨੂੰ ਇੱਕ ਪੈਨਲ ਵਿੱਚ ਇਕੱਠੇ ਦਰਸਾਇਆ ਗਿਆ ਹੈ।

ਸਿੱਖ ਗੁਰੂਆਂ ਤੋਂ ਬਾਅਦ ਜਿਨ੍ਹਾਂ ਵਿਸ਼ਿਆਂ ਨੂੰ ਜ਼ਿਆਦਾ ਚਿੱਤਰਿਆ ਗਿਆ ਉਹ ਹਨ ਸਿੱਖ ਸ਼ਹੀਦਾਂ, ਸਰਦਾਰਾਂ ਅਤੇ ਸਰਪ੍ਰਸਤਾਂ ਦੇ ਚਿੱਤਰ। ਇਹਨਾਂ ਵਿੱਚ ਇੱਕ ਪ੍ਰਸਿੱਧ ਵਿਸ਼ਾ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦਾ ਚਿੱਤਰ ਹੈ। ਗੁਰਦੁਆਰਾ ਪੋਥੀਮਾਲਾ ਵਿਖੇ ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ, ਫ਼ਤਿਹ ਸਿੰਘ ਅਤੇ ਜ਼ੋਰਾਵਰ ਸਿੰਘ ਨੂੰ ਦਰਸਾਉਂਦਾ ਇੱਕ ਚਿੱਤਰ ਹੈ, ਜਿਸ ਵਿੱਚ ਇਹਨਾਂ ਨੂੰ ਘੋੜਸਵਾਰੀ ਕਰਦੇ ਹੋਏ ਦਰਸਾਇਆ ਗਿਆ ਹੈ। ਸਾਹਿਬਜ਼ਾਦਿਆਂ ਦਾ ਘੋੜਸਵਾਰੀ ਦਾ ਇੱਕ ਚਿੱਤਰ ਅੰਮ੍ਰਿਤਸਰ ਵਿਖੇ ਗੁਰਦੁਆਰਾ ਬਾਬਾ ਅਟੱਲ ਰਾਏ ਦੀ ਦੀਵਾਰ 'ਤੇ ਵੀ ਮਿਲਿਆ ਹੈ ਪਰ ਇਸ ਵਿੱਚ ਸਾਹਿਬਜ਼ਾਦਿਆਂ ਨੂੰ ਇੱਕ ਕਤਾਰ ਵਿੱਚ ਦਰਸਾਇਆ ਗਿਆ ਹੈ। ਸਿੱਖ ਸਰਦਾਰਾਂ ਦੇ ਚਿੱਤਰਾਂ ਵਿੱਚ ਮਹਾਰਾਜਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ, ਸੰਧਾਵਾਲੀਆ ਸਰਦਾਰਾਂ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਅਤੇ ਸਰਦਾਰ ਲਹਿਣਾ ਸਿੰਘ ਮਜੀਠੀਆ ਨੂੰ ਚਿੱਤਰਿਆ ਹੈ। ਇਹਨਾਂ ਦੇ ਵਿਅਕਤੀਗਤ ਚਿੱਤਰ ਨਹੀਂ ਮਿਲਦੇ, ਪਰ ਅੰਮ੍ਰਿਤਸਰ ਦੇ ਅਖਾੜਾ ਬਾਲਾ

ਨੰਦ ਵਿਖੇ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਮਹਾਰਾਜਾ ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਦੇ ਚਿੱਤਰ ਜ਼ਰੂਰ ਉਪਲੱਬਧ ਹਨ।

ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਕਿੱਸਿਆਂ ਨੂੰ ਵੀ ਵਿਸ਼ੇਸ਼ ਥਾਂ ਦਿੱਤੀ ਗਈ ਹੈ। ਇਸ ਵਿੱਚ ਸੋਹਣੀ ਮਹੀਂਵਾਲ, ਹੀਰ ਰਾਂਝਾ ਅਤੇ ਸੱਸੀ ਪੁੰਨੂ ਨੂੰ ਚਿੱਤਰਿਆ ਗਿਆ ਹੈ। ਪੰਜਾਬ ਦੇ ਪ੍ਰੀਤ ਕਿੱਸੇ ਜਿਨ੍ਹਾਂ ਵਿੱਚ ਹੀਰ ਰਾਂਝਾ, ਮਿਰਜ਼ਾ ਸਾਹਿਬਾ, ਸੋਹਣੀ ਮਹੀਂਵਾਲ, ਰਾਜਾ ਰਸਾਲੂ ਕਈ ਇਮਾਰਤਾਂ ਦੀਆਂ ਕੰਧਾਂ ਉੱਪਰ ਬਣੇ ਦੇਖੇ ਜਾ ਸਕਦੇ ਹਨ। ਇਹਨਾਂ ਵਿਸ਼ਿਆਂ ਨੂੰ ਗੁਰਦੁਆਰਾ ਪੋਥੀਮਾਲਾ ਤੋਂ ਇਲਾਵਾ, ਸਮਾਧ ਬਾਬਾ ਮਾਨ ਸਿੰਘ ਸੋਢੀਵਾਲਾ ਜ਼ੀਰਾ ਵਿੱਚ ਵੀ ਵੇਖਿਆ ਜਾ ਸਕਦਾ ਹੈ। ਇਸ ਤੋਂ ਬਿਨਾਂ ਕੁੱਝ ਪ੍ਰੀਤ ਕਿੱਸੇ ਘਨੂਪੁਰ (ਚਿੱਤਰ 183), ਅਹਿਮਦਗੜ੍ਹ ਦੇ ਨੇੜੇ ਪਿੰਡ ਛਪਾਰ ਦੇ ਗੁੱਗਾ ਪੀਰ, ਪੰਚ ਮੰਦਰ ਫ਼ਤਿਹਗੜ੍ਹ ਚੂੜੀਆਂ (ਚਿੱਤਰ 184) ਵਿਖੇ ਵੀ ਦੇਖੇ ਜਾ ਸਕਦੇ ਹਨ।[5] ਜ਼ਿਲ੍ਹਾ ਅੰਮ੍ਰਿਤਸਰ, ਵਿੱਚ ਤਰਨਤਾਰਨ-ਪੱਟੀ ਸੜਕ ਉੱਤੇ ਪਿੰਡ ਜੌੜਾ ਨੇੜੇ ਸਥਿਤ ਪਲਕਿਆਣਾ ਸਾਹਿਬ ਮੰਦਿਰ ਦਾ ਇੱਕ ਕੰਧ-ਚਿੱਤਰ ਮਿਰਜ਼ਾ ਸਾਹਿਬਾ ਦੇ ਪ੍ਰਸਿੱਧ ਕਿੱਸੇ ਨੂੰ ਚਿੱਤਰਤ ਕਰਦਾ ਹੈ ਅਤੇ ਮਿਰਜ਼ੇ ਨੂੰ ਸਾਹਿਬਾ ਦੇ ਭਰਾਵਾਂ ਦੁਆਰਾ ਮਾਰ ਦੇਣ ਦੀ ਪ੍ਰਮੁੱਖ ਘਟਨਾ ਨੂੰ ਬਿਆਨਦਾ ਹੈ। ਗੁਰਦੁਆਰਾ ਪੋਥੀਮਾਲਾ ਵਿੱਚ ਹੀਰ ਰਾਂਝਾ, ਸੋਹਣੀ ਮਹੀਂਵਾਲ ਅਤੇ ਸੱਸੀ ਪੁਨੂੰ ਦੇ ਕਿੱਸਿਆਂ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਲੜੀਵਾਰ ਚਿੱਤਰਿਆ ਗਿਆ ਹੈ।

ਕਿੱਸਾ ਚਿੱਤਰਨ ਦੀ ਹੋਰ ਉਦਾਹਰਣ ਘਨੂਪੁਰ (ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਸਰਦਾਰ ਲਾਲ ਸਿੰਘ ਦੀ ਸਮਾਧ ਵਿਖੇ ਵੀ ਵੇਖਣ ਨੂੰ ਮਿਲਦੀ ਹੈ। ਇਸ ਚਿੱਤਰ ਵਿੱਚ ਮਹੀਂਵਾਲ ਨੂੰ ਬੰਸਰੀ ਵਜਾਉਂਦੇ ਹੋਏ ਵਿਖਾਇਆ ਗਿਆ ਹੈ ਅਤੇ ਮੱਝਾਂ ਦਾ ਚਿੱਤਰਨ ਵੀ ਵੱਖਰੇ ਹੀ ਢੰਗ ਨਾਲ ਕੀਤਾ ਹੋਇਆ ਹੈ। ਇਹ ਬੱਕਰੀਆਂ ਵਾਂਗ ਆਕਾਰ ਵਿੱਚ ਛੋਟੀਆਂ ਹਨ ਅਤੇ ਇਹਨਾਂ ਦੇ ਸਿੰਗ ਵੀ ਕੁੰਡਲਦਾਰ ਹਨ ਜਦ ਕਿ ਪੋਥੀਮਾਲਾ ਵਿਖੇ ਚਿੱਤਰੇ ਸੋਹਣੀ ਮਹੀਂਵਾਲ ਦੇ ਚਿੱਤਰ ਵਿੱਚ ਜਾਨਵਰਾਂ ਨੂੰ ਚਿੱਤਰਿਆ ਹੀ ਨਹੀਂ ਗਿਆ। ਮਹੀਂਵਾਲ ਨਦੀ ਦੇ ਕਿਨਾਰੇ ਝੌਂਪੜੀ ਅੱਗੇ ਦਰੀ ਤੇ ਬੈਠਾ ਹੈ ਅਤੇ ਸੋਹਣੀ ਨੇ ਗਹਿਣੇ ਵੀ ਪਹਿਨੇ ਹੋਏ ਹਨ, ਜਦ ਕਿ ਘਨੂਪੁਰ ਵਿਖੇ ਚਿੱਤਰੇ ਚਿੱਤਰ ਵਿੱਚ ਸੋਹਣੀ ਦੇ ਕੰਨਾਂ ਵਿੱਚ ਵਾਲੀਆਂ ਹੀ ਪਹਿਨੀਆਂ ਹੋਈਆਂ ਹਨ ਅਤੇ ਹੱਥਾਂ ਵਿੱਚ ਚੂੜੀਆਂ ਹਨ। ਇਸ ਚਿੱਤਰ ਵਿੱਚ ਇੱਕ ਹੋਰ ਆਕ੍ਰਿਤੀ ਦੂਜੇ ਬੰਨੇ 'ਤੇ ਝੌਂਪੜੀ

---

5 **Kang, Kanwarjeet Singh. (Dr)** (1985).*Wall Paintings of Punjab & Haryana*, Atma Ram and Sons, p. 87.

ਵਿੱਚ ਬੈਠੀ ਦਿਖਾਈ ਦੇ ਰਹੀ ਹੈ। ਚਿੱਤਰਨ ਬਿਲਕੁਲ ਸਾਦਾ ਹੈ। ਗੁਰਦੁਆਰਾ ਪੋਥੀਮਾਲਾ ਵਿਖੇ ਬਣੇ ਸੋਹਣੀ ਮਹੀਂਵਾਲ ਚਿੱਤਰ ਦੇ ਮੁਕਾਬਲੇ ਇਹ ਚਿੱਤਰ ਜ਼ਿਆਦਾ ਪ੍ਰਭਾਵਸ਼ਾਲੀ ਨਹੀਂ ਹੈ। ਕਿੱਸਿਆਂ ਨਾਲ ਸੰਬੰਧਤ ਚਿੱਤਰ ਬੇਸ਼ਕ ਜ਼ਿਆਦਾ ਥਾਵਾਂ ਤੇ ਨਹੀਂ ਮਿਲਦੇ ਪਰੰਤੂ ਜਿੱਥੇ ਕਿਤੇ ਵੀ ਇਹ ਚਿੱਤਰਨ ਵੇਖਣ ਨੂੰ ਮਿਲਿਆ ਹੈ, ਉਨ੍ਹਾਂ ਵਿਚੋਂ ਖ਼ੂਬਸੂਰਤ ਅਤੇ ਪ੍ਰਭਾਵਸ਼ਾਲੀ ਚਿੱਤਰਨ ਪੋਥੀਮਾਲਾ ਦੇ ਕੰਧ-ਚਿੱਤਰ ਵਿੱਚ ਹੈ। ਘਨੂਪੁਰ ਦਾ ਇਹ ਚਿੱਤਰ ਲਘੂ ਚਿੱਤਰਾਂ ਦੇ ਵਧੇਰੇ ਨੇੜੇ ਹੈ। ਸੁਨਿਹਰੀ ਰੰਗ ਦੇ ਆਲੇਖਨ ਕਾਰਨ ਚਿੱਤਰ ਬਹੁਤ ਪ੍ਰਭਾਵਸ਼ਾਲੀ ਬਣ ਜਾਂਦਾ ਹੈ ਅਤੇ ਚਿੱਤਰ ਵਿੱਚ ਸੁਨਿਹਰੀ ਰੰਗ ਦੀ ਪ੍ਰਧਾਨਤਾ ਹੈ ਇਸਦੇ ਵਿਪਰਿਤ ਪੋਥੀਮਾਲਾ ਦਾ ਚਿੱਤਰ ਵਿੱਚ ਨੀਲੇ ਰੰਗ ਦੀ ਅਤੇ ਹਲਕੇ ਰੰਗ ਦੀ ਪ੍ਰਧਾਨਤਾ ਹੈ। ਘਨੂਪੁਰ ਦਾ ਚਿੱਤਰ ਸਮਤਲ ਆਕਾਰ ਵਿੱਚ ਹੈ ਅਤੇ ਗੁਰਦੁਆਰਾ ਪੋਥੀਮਾਲਾ ਦਾ ਚਿੱਤਰ ਖੜ੍ਹਵੇਂ ਆਕਾਰ ਵਿੱਚ ਹੈ। ਇਸ ਚਿੱਤਰ ਵਿੱਚ ਰੇਖਾਤਮਕ ਸੁੰਦਰਤਾ ਸਾਫ਼ ਨਜ਼ਰ ਆਉਂਦੀ ਹੈ ਅਤੇ ਰੇਖਾ ਲੈਅਭਰਪੂਰ ਹੈ। ਦਰਿਆ ਦੇ ਪਾਣੀ ਨੂੰ ਘੁਮਾਵਦਾਰ ਰੇਖਾਵਾਂ ਨਾਲ ਦਰਸਾਇਆ ਗਿਆ ਹੈ ਅਤੇ ਪਿੱਠਭੂਮੀ 'ਤੇ ਛੋਟੇ-ਛੋਟੇ ਦਰੱਖ਼ਤਾਂ ਨੂੰ ਚਿੱਤਰਿਆ ਗਿਆ ਹੈ। ਘਨੂਪੁਰ ਦੇ ਚਿੱਤਰ ਵਿੱਚ ਘੁਮਾਵਦਾਰ ਰੇਖਾਵਾਂ ਦੀ ਥਾਂ ਤੇ ਸਿੱਧੀਆਂ ਰੇਖਾਵਾਂ ਨੂੰ ਚਿੱਤਰਿਆ ਗਿਆ ਹੈ। ਦਰਿਆ ਵਿੱਚ ਜਾਨਵਰਾਂ ਦੀਆਂ ਆਕ੍ਰਿਤੀਆਂ ਵੀ ਚਿੱਤਰੀਆਂ ਗਈਆਂ ਹਨ। ਚਿੱਤਰ ਨੂੰ ਸੁਨਿਹਰੀ ਅਤੇ ਲਾਲ ਬੇਲ ਬੂਟਿਆਂ ਦੇ ਹਾਸ਼ੀਏ ਨਾਲ ਸ਼ਿੰਗਾਰਿਆ ਹੈ, ਜਦ ਕਿ ਪੋਥੀਮਾਲਾ ਦੇ ਚਿੱਤਰ ਲਾਲ ਰੰਗ ਦੇ ਸਾਦੇ ਹਾਸ਼ੀਏ ਵਿੱਚ ਹਨ। ਘਨੂਪੁਰ ਦੇ ਮੁਕਾਬਲੇ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਦੇ ਰੰਗ ਕਾਫ਼ੀ ਘਸਮੈਲੇ ਹੋ ਚੁੱਕੇ ਹਨ।

ਹੀਰ ਰਾਂਝੇ ਦੇ ਕਿੱਸੇ ਨੂੰ ਦਰਸਾਉਂਦਾ ਇੱਕ ਹੋਰ ਚਿੱਤਰ ਪੰਚ ਮੰਦਿਰ, ਫ਼ਤਿਹਗੜ੍ਹ ਚੂੜੀਆਂ ਅੰਮ੍ਰਿਤਸਰ ਵਿਖੇ ਬਣਿਆ ਹੋਇਆ ਹੈ। ਇਸ ਚਿੱਤਰ ਵਿੱਚ ਰਾਂਝੇ ਨੂੰ ਗੋਰਖਨਾਥ ਦੇ ਨਾਲ ਦਿਖਾਇਆ ਗਿਆ ਹੈ, ਜਦੋਂ ਕਿ ਗੁਰਦੁਆਰਾ ਪੋਥੀਮਾਲਾ ਵਿੱਚ ਹੀਰ ਅਤੇ ਰਾਂਝੇ ਨੂੰ ਜੰਗਲ ਵਿੱਚ ਦਰਸਾਇਆ ਹੈ ਅਤੇ ਕੈਦੋਂ ਚੂਰੀ ਲੈ ਕੇ ਭੱਜ ਰਿਹਾ ਹੈ। ਚਿੱਤਰ ਦਾ ਸੰਯੋਜਨ ਅਤੇ ਆਕ੍ਰਿਤੀਆਂ ਦੀ ਬਣਤਰ ਬਿਲਕੁਲ ਸਹੀ ਹੈ। ਦੂਜੇ ਚਿੱਤਰਨ ਨਾਲ ਤੁਲਨਾ ਕੀਤੀ ਜਾਵੇ ਤਾਂ ਗੁਰੂਦੁਆਰਾ ਪੋਥੀਮਾਲਾ ਦੇ ਚਿੱਤਰਕਾਰ ਦੁਆਰਾ ਚਿਤਰੇ ਕਿੱਸੇ ਵਿੱਚ ਜ਼ਿਆਦਾ ਸੁਭਾਵਿਕਤਾ ਨਜ਼ਰ ਆਉਂਦੀ ਹੈ। ਕਿੱਸਿਆਂ ਨੂੰ ਚਿੱਤਰਤ ਕਰਦਾ ਮਿਰਜ਼ਾ ਸਾਹਿਬਾ ਦਾ ਕਿੱਸਾ ਗੁਰਦੁਆਰਾ ਪਲਕਿਆਣਾ ਸਾਹਿਬ ਅੰਮ੍ਰਿਤਸਰ ਵਿਖੇ ਵੀ ਚਿੱਤਰਿਆ ਗਿਆ ਹੈ ਇਸ

ਵਿੱਚ ਸਾਹਿਬਾ ਦੇ ਭਰਾਵਾਂ ਵਲੋਂ ਮਿਰਜ਼ੇ ਨੂੰ ਮਾਰਨ ਦਾ ਦ੍ਰਿਸ਼ ਚਿੱਤਰਿਆ ਗਿਆ ਹੈ। ਪੰਚ ਮੰਦਰ, ਫ਼ਤਿਹਗੜ੍ਹ ਚੂੜੀਆਂ ਦੇ ਚਿੱਤਰ ਵਿੱਚ ਰਾਂਝੇ ਦਾ ਜੋਗ ਲੈਣ ਲਈ ਗੋਰਖਨਾਥ ਕੋਲ ਜਾਣ ਦਾ ਦ੍ਰਿਸ਼ ਚਿੱਤਰਿਆ ਹੈ ਪਰੰਤੂ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਹੋਰ ਘਟਨਾ ਨੂੰ ਚਿੱਤਰਿਆ ਹੈ। ਇਸ ਵਿੱਚ ਰਾਂਝੇ ਨੇ ਸਿਰ ਤੇ ਪਗੜੀ, ਧੋਤੀ, ਪਰਨਾ ਅਤੇ ਗਲੇ ਵਿੱਚ ਮੋਤੀਆਂ ਦੀਆਂ ਮਾਲਾਵਾਂ ਵੀ ਪਹਿਨੀਆਂ ਹੋਈਆਂ ਹਨ, ਜਦ ਕਿ ਪੰਚ ਮੰਦਰ ਦੇ ਇਸ ਚਿੱਤਰ ਵਿੱਚ ਰਾਂਝੇ ਦਾ ਸਿਰ ਮੁੰਨਿਆ ਹੋਇਆ ਹੈ ਅਤੇ ਸ਼ਰੀਰ ਤੇ ਕੱਪੜੇ ਵੀ ਘੱਟ ਹਨ, ਗਲੇ ਵਿੱਚ ਮਾਲਾ ਜ਼ਰੂਰ ਪਹਿਨੀ ਹੈ। ਕਲਾਤਮਕ ਤੌਰ ਤੇ ਗੁਰਦੁਆਰਾ ਪੋਥੀਮਾਲਾ ਦਾ ਚਿੱਤਰ ਵਧੇਰੇ ਸੁੰਦਰ ਹੈ ਅਤੇ ਗਤੀ ਭਰਪੂਰ ਹੈ, ਪਰ ਰੰਗ, ਸੰਯੋਜਨ ਦੇ ਅਧਾਰ ’ਤੇ ਪੰਚ ਮੰਦਰ ਦਾ ਚਿੱਤਰ ਵਧੇਰੇ ਢੁੱਕਵਾਂ ਹੈ। ਚਿੱਤਰ ਵਿੱਚ ਚਟਕ ਗੇਰੂਏਂ ਰੰਗ ਦੀ ਪ੍ਰਧਾਨਤਾ ਸਾਫ਼ ਨਜ਼ਰ ਆ ਰਹੀ ਹੈ। ਹਾਸ਼ੀਏ ਦਾ ਚਿੱਤਰਨ ਵੀ ਪੰਚ ਮੰਦਰ ਦੇ ਚਿੱਤਰ ਦਾ ਵਧੇਰੇ ਖ਼ੂਬਸੂਰਤ ਹੈ ਜਿਸ ਦੇ ਮੁਕਾਬਲੇ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਦੇ ਰੰਗ ਘਸਮੈਲੇ ਪੈ ਚੁੱਕੇ ਹਨ ਅਤੇ ਹਾਸ਼ੀਏ ਵੀ ਸਾਦੇ ਹਨ।

ਗੁਰਦੁਆਰਾ ਪੋਥੀਮਾਲਾ ਦੇ ਵਿੱਚ ਭਗਤਾਂ ਦੇ ਕਈ ਚਿੱਤਰ ਹਨ ਜਿਨਾਂ ਵਿੱਚ ਇੱਕ ਚਿੱਤਰ ਭਗਤ ਕਬੀਰ ਦਾ ਵੀ ਹੈ। ਇਸਦੇ ਨਾਲ ਮਿਲਦਾ-ਜੁਲਦਾ ਚਿੱਤਰ ਰਸੂਲਪੁਰ ਵਿਖੇ ਬਣਿਆ ਹੋਇਆ ਹੈ (ਚਿੱਤਰ 185)। ਜੇ ਇਸਦੀ ਤੁਲਨਾ ਗੁਰੂਦੁਆਰਾ ਪੋਥੀਮਾਲਾ ਵਿੱਚ ਬਣੇ ਭਗਤ ਕਬੀਰ ਦੇ ਚਿੱਤਰ ਨਾਲ ਕਰੀਏ ਤਾਂ ਪਤਾ ਲੱਗਾ ਹੈ ਕਿ ਇਹ ਚਿੱਤਰ ਆਪਸ ਵਿੱਚ ਕਾਫ਼ੀ ਸਮਾਨਤਾ ਰੱਖਦੇ ਹਨ ਪਰ ਇਹ ਚਿੱਤਰ, ਦੂਜੇ ਤੋਂ ਉਲਟ ਚਿੱਤਰਿਆ ਗਿਆ ਹੈ ਅਤੇ ਇਹਨਾਂ ਦੇ ਸੰਯੋਜਨ ਵਿੱਚ ਅਸਮਾਨਤਾ ਹੈ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਕਬੀਰ ਜੀ ਖੱਬੇ ਪਾਸੇ ਨੂੰ ਖੱਡੀ ਤੇ ਕੱਪੜਾ ਬੁਣ ਰਹੇ ਹਨ ਜਦਕਿ ਦੂਜੇ ਚਿੱਤਰ ਵਿੱਚ ਇਹ ਸੱਜੇ ਪਾਸੇ ਨੂੰ ਹੈ। ਗੁਰੂਦੁਆਰਾ ਪੋਥੀਮਾਲਾ ਵਾਲੇ ਚਿੱਤਰ ਵਿੱਚ ਦੋ ਸਾਧੂ ਸੱਜੇ ਪਾਸੇ ਬੈਠੇ ਹਨ ਪਰੰਤੂ ਦੂਜੇ ਚਿੱਤਰ ਵਿੱਚ ਖੱਬੇ ਪਾਸੇ ਹਨ। ਦੋਹਾਂ ਵਿੱਚ ਭਗਤ ਕਬੀਰ ਦੀ ਪਤਨੀ ਲੋਈ ਚਰਖ਼ਾ ਕੱਤ ਰਹੀ ਹੈ। ਇਹ ਭਗਤ ਨਾਮਦੇਵ ਤੇ ਭਗਤ ਕਬੀਰ ਦਾ ਸਾਂਝਾ ਚਿੱਤਰ ਹੈ। ਇੱਕ ਹੋਰ ਚਿੱਤਰ ਭਗਤ ਕਬੀਰ ਦਾ ਅਖਾੜਾ ਬਾਲਾ ਨੰਦ ਤੋਂ ਮਿਲਦਾ ਹੈ (ਚਿੱਤਰ 186)। ਇਹ ਵੀ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਨਾਲ ਕਾਫ਼ੀ ਸਮਾਨਤਾ ਰੱਖਦਾ ਹੈ। ਇਸ ਵਿੱਚ ਪੋਥੀਮਾਲਾ ਦੇ ਚਿੱਤਰ ਵਾਂਗ ਰਬਾਬੀ ਸ਼ਬਦ ਗਾਉਂਦੇ ਦਰਸਾਏ ਗਏ ਹਨ ਪਰ ਇਹ ਸਾਧੂਆਂ

ਦੀ ਥਾਵੇਂ ਦਿਖਾਏ ਗਏ ਹਨ। ਇਹਨਾਂ ਵਿੱਚ ਭਗਤ ਕਬੀਰ ਦਾ ਪੁੱਤਰ ਕਮਾਲ ਤਾਣੇ ਨੂੰ ਪਾਣ ਲਾਉਂਦੇ ਹੋਏ ਦਰਸਾਇਆ ਗਿਆ ਹੈ। ਇਹਨਾਂ ਤਿੰਨਾਂ ਚਿੱਤਰਾਂ ਵਿੱਚ ਕਬੀਰ, ਲੋਈ ਤੇ ਕਮਾਲ ਲਗਭਗ ਇੱਕੋ ਜਿਹੇ ਚਿੱਤਰੇ ਗਏ ਹਨ। ਮੁੱਖ ਤੌਰ 'ਤੇ ਇਹਨਾਂ ਤਿੰਨਾਂ ਚਿੱਤਰਾਂ ਵਿੱਚ ਇੱਕ ਖ਼ਾਸ ਗੱਲ ਵੇਖਣ ਵਿੱਚ ਆਈ ਹੈ ਕਿ ਅਖਾੜਾ ਬਾਲਾਨੰਦ ਦੇ ਚਿੱਤਰ ਵਿੱਚ ਰਬਾਬੀ ਅਤੇ ਅਤੇ ਰਸੂਲਪੁਰ ਦੇ ਚਿੱਤਰ ਵਿੱਚ ਸਾਧੂਆਂ ਨੂੰ ਚਿੱਤਰਿਆ ਗਿਆ ਹੈ ਜਦਕਿ ਗੁਰਦੁਆਰਾ ਪੋਥੀਮਾਲਾ ਵਿੱਚ ਇੱਕੋ ਚਿੱਤਰ ਵਿੱਚ ਦੋਹਾਂ ਨੂੰ ਵਿਖਾਇਆ ਗਿਆ ਹੈ। ਰੰਗ-ਯੋਜਨਾ ਦੀ ਜੇ ਗੱਲ ਕਰੀਏ ਤਾਂ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਦੇ ਰੰਗ ਫਿੱਕੇ ਪੈ ਚੁੱਕੇ ਹਨ, ਜਦਕਿ ਰਸੂਲਪੁਰ ਅਤੇ ਅਖਾੜਾ ਬਾਲਾ ਨੰਦ ਦੇ ਚਿੱਤਰ ਕਾਫ਼ੀ ਹੱਦ ਤੱਕ ਸੁਰੱਖਿਅਤ ਹਨ ਅਤੇ ਇਹਨਾਂ ਦੀ ਰੰਗ-ਯੋਜਨਾ ਵੀ ਕਮਾਲ ਦੀ ਹੈ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਚਿੱਤਰਕਾਰ ਨੇ ਪਰਿਪੇਖ ਲਈ ਦੂਰ ਹੋਰ ਝੌਂਪੜੀਆਂ ਨੂੰ ਉਲੀਕਿਆ ਹੈ। ਜਿਸ ਦੇ ਵਿਪਰਿਤ ਅਖਾੜਾ ਬਾਲਾਨੰਦ ਦੇ ਚਿੱਤਰ ਵਿੱਚ ਪਰਿਪੇਖ ਵੱਲ ਕੋਈ ਜ਼ਿਆਦਾ ਧਿਆਨ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਅਤੇ ਰਸੂਲਪੁਰ ਵਿਖੇ ਵਿਚਲੇ ਚਿੱਤਰ ਦੀ ਪਿੱਠਭੂਮੀ ਵੀ ਸਾਦੀ ਹੀ ਹੈ। ਇਹਨਾਂ ਵਿੱਚ ਵਿਰੋਧੀ ਰੰਗਾਂ ਦੀ ਵਰਤੋਂ ਕੀਤੀ ਗਈ ਹੈ। ਰਸੂਲਪੁਰ ਦੇ ਚਿੱਤਰ ਕੰਧ ਦੇ ਅੰਦਰਲੇ ਪਾਸੇ ਆਲੇ ਵਰਗੀ ਜਗ੍ਹਾ 'ਤੇ ਚਿੱਤਰੇ ਹਨ ਜਿਸ ਦੇ ਆਲੇ-ਦੁਆਲੇ ਖ਼ੂਬਸੂਰਤ ਬੇਲਬੂਟਿਆਂ ਦੇ ਹਾਸ਼ੀਏ ਉਲੀਕੇ ਹੋਏ ਹਨ, ਇਹ ਲਾਲ ਅਤੇ ਨੀਲੇ ਰੰਗ ਵਿੱਚ ਹਨ। ਅਖਾੜਾ ਬਾਲਾਨੰਦ ਦਾ ਇਹ ਚਿੱਤਰ ਖੜ੍ਹਵੇਂ ਆਕਾਰ ਵਿੱਚ ਹੈ, ਜਿਸ ਦੇ ਇੱਕ ਪਾਸੇ ਨੀਲੇ ਅਤੇ ਦੂਜੇ ਪਾਸੇ ਲਾਲ ਰੰਗ ਦੇ ਹਾਸ਼ੀਏ ਬਣਾਏ ਹੋਏ ਹਨ। ਅਖਾੜਾ ਬਾਲਾ ਨੰਦ ਅਤੇ ਰਸੂਲਪੁਰ ਦੇ ਚਿੱਤਰ ਵਿੱਚ ਭਗਤ ਕਬੀਰ ਜੀ ਅਤੇ ਉਨ੍ਹਾਂ ਦੀ ਪਤਨੀ ਦੀ ਆਕ੍ਰਿਤੀ ਸੱਜੇ ਪਾਸੇ ਹੈ, ਜਦਕਿ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਇਹ ਦੋਵੇਂ ਖੱਬੇ ਪਾਸੇ ਹਨ।

ਗੁਰਦੁਆਰਾ ਪੋਥੀਮਾਲਾ ਵਿੱਚ ਇੱਕ ਚਿੱਤਰ ਭਗਤ ਨਾਮਦੇਵ ਜੀ ਦਾ ਹੈ। ਇਸੇ ਵਿਸ਼ੇ ਦਾ ਚਿੱਤਰ ਰਸੂਲਪੁਰ ਵਿੱਚ ਵੀ ਮਿਲਦਾ ਹੈ (ਚਿੱਤਰ 186)। ਗੁਰਦੁਆਰਾ ਪੋਥੀਮਾਲਾ ਵਾਲੇ ਚਿੱਤਰ ਵਿੱਚ ਮੰਦਰ ਦਾ ਦਰਵਾਜ਼ਾ ਸਪੱਸ਼ਟ ਤੌਰ 'ਤੇ ਨਾਮਦੇਵ ਜੀ ਵੱਲ ਦਰਸਾਇਆ ਗਿਆ ਹੈ ਅਤੇ ਗੁੰਬਦ ਗੋਲ ਬਣਾਇਆ ਗਿਆ ਹੈ ਜਦਕਿ ਦੂਜੇ ਵਿੱਚ ਮੰਦਰ ਤੀਕੋਣਾ ਹੈ। ਗੁਰਦੁਆਰਾ ਪੋਥੀਮਾਲਾ ਵਾਲੇ ਚਿੱਤਰ ਵਿੱਚ ਇੱਕ ਵਿਅਕਤੀ ਇੱਕ ਚਸ਼ਮ ਰੂਪ ਵਿੱਚ

ਦਰਸਾਇਆ ਗਿਆ ਹੈ, ਜਦੋਂ ਕਿ ਦੂਜੇ ਵਿੱਚ ਇਸ ਨੂੰ ਪਿੱਠ ਵੱਲੋਂ ਚਿੱਤਰਿਆ ਗਿਆ ਹੈ ਅਤੇ ਇਸ ਚਿੱਤਰ ਉੱਪਰਲੀ ਲਿਖ਼ਤ ਸਾਫ਼ ਅਤੇ ਸਪੱਸ਼ਟ ਹੈ। ਗੁਰਦੁਆਰਾ ਪੋਥੀਮਾਲਾ ਵਾਲੇ ਚਿੱਤਰ ਵਿੱਚ ਭਗਤ ਨਾਮਦੇਵ ਤੋਂ ਦੂਜੇ ਪਾਸੇ ਇੱਕ ਪੰਡਤ ਦਿਖਾਇਆ ਗਿਆ ਹੈ, ਜਦੋਂ ਕਿ ਦੂਜੇ ਚਿੱਤਰ ਵਿੱਚ ਦੋ ਪੰਡਤ ਦਰਸਾਏ ਗਏ ਹਨ। ਇੱਕ ਹੋਰ ਵੀ ਅੰਤਰ ਹੈ ਕਿ ਸ਼੍ਰੀ ਕ੍ਰਿਸ਼ਨ, ਜੋ ਕਿ ਵਿਸ਼ਨੂੰ ਭਗਵਾਨ ਦੇ ਹੀ ਅਵਤਾਰ ਹਨ, ਦੀਆਂ ਸਪੱਸ਼ਟ ਤੌਰ ਤੇ ਚਾਰ ਬਾਹਾਂ ਹਨ ਜਦ ਕਿ ਦੂਜੇ ਵਿੱਚ ਦੋ ਬਾਹਾਂ ਬਣਾਈਆਂ ਗਈਆਂ ਹਨ। ਦੋਨਾਂ ਚਿੱਤਰਾਂ ਵਿੱਚ ਸ਼੍ਰੀ ਕ੍ਰਿਸ਼ਨ ਅਤੇ ਭਗਤ ਨਾਮਦੇਵ ਜੀ ਦੇ ਚਿੱਤਰਨ ਵਿੱਚ ਜ਼ਿਆਦਾ ਅੰਤਰ ਨਹੀਂ ਹੈ।

ਗੁਰਦੁਆਰਾ ਪੋਥੀਮਾਲਾ ਦੀਆਂ ਕੰਧਾਂ ’ਤੇ ਸ਼੍ਰੀ ਰਾਮਚੰਦਰ ਅਤੇ ਸ੍ਰੀ ਕ੍ਰਿਸ਼ਨ ਦੀ ਜੀਵਨ-ਕਥਾ ਵਿਸਥਾਰ ਨਾਲ ਚਿੱਤਰੀ ਗਈ ਹੈ ਪਰੰਤ ਵਿਸ਼ਨੂੰ ਅਵਤਾਰ ਬਾਰੇ ਸੰਖਿਪਤ ਪਰਿਚਯ ਹੀ ਹੈ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰਾਂ ਨਾਲ ਉਨ੍ਹਾਂ ਸਾਰੀਆਂ ਇਮਾਰਤਾਂ ਦੇ ਚਿੱਤਰਾਂ ਵਿੱਚ ਅਸਮਾਨਤਾ ਇਸ ਪੱਖੋਂ ਵੀ ਹੈ ਕਿ ਬਾਕੀ ਇਮਾਰਤਾਂ ਵਿੱਚ ਸ੍ਰੀ ਰਾਮਚੰਦਰ ਅਤੇ ਸ੍ਰੀ ਕ੍ਰਿਸ਼ਨ ਦੀ ਜੀਵਨ ਕਥਾ ਦੇ ਨਾਲ-ਨਾਲ ਬਾਕੀ ਅਵਤਾਰਾਂ ਨਾਲ ਸੰਬੰਧਤ ਪ੍ਰਮੁੱਖ ਘਟਨਾਵਾਂ ਦਾ ਵਰਣਨ ਵੀ ਮਿਲਦਾ ਹੈ। ਸੋਢੀ ਮਿਹਰਬਾਨ ਜੀ ਨੇ ਆਪਣੀ ਪ੍ਰਸਿੱਧ ਬਾਣੀ ‘ਸੁਖਮਨੀ ਸਹੰਸ੍ਰਨਾਮਾ’ ਵਿੱਚ ਇਹਨਾਂ ਦੋਨਾਂ ਪ੍ਰਮੁੱਖ ਅਵਤਾਰਾਂ ਦੀ ਕਥਾ ਨੂੰ ਵਿਸਥਾਰ ਪੂਰਵਕ ਚਿੱਤਰਿਆ ਹੈ ਅਤੇ ਬਾਕੀ ਅੰਸ਼ਿਕ ਵਰਣਨ ਹੈ। ਸ੍ਰੀ ਕ੍ਰਿਸ਼ਨ ਜੋ ਕਿ ਕੰਧ-ਚਿੱਤਰਕਾਰੀ ਲਈ ਹਰਮਨ-ਪਿਆਰਾ ਵਿਸ਼ਾ ਹੈ, ਨਾਲ ਸੰਬੰਧਤ ਵਿਸ਼ੇ ਲਗਭਗ ਹਰ ਇਮਾਰਤ ਵਿੱਚ ਮਿਲਦੇ ਹਨ, ਬੱਸ ਇਹਨਾਂ ਦੇ ਚਿੱਤਰਨ ਵਿੱਚ ਹੀ ਭਿੰਨਤਾ ਨਜ਼ਰ ਆਉਂਦੀ ਹੈ। ਸ਼੍ਰੀ ਕ੍ਰਿਸ਼ਨ-ਜਨਮ ਨਾਲ ਸੰਬੰਧਤ ਚਿੱਤਰ ਬੀਰ ਭਾਨ ਦੇ ਸ਼ਿਵਾਲੇ ਅਤੇ ਠਾਕੁਰਦੁਆਰਾ ਅੰਮ੍ਰਿਤਸਰ ਆਦਿ ਥਾਵਾਂ ਤੇ ਵੇਖਿਆ ਜਾ ਸਕਦਾ ਹੈ(ਚਿੱਤਰ 187) ਅਤੇ (ਚਿੱਤਰ 188)।ਗੁਰਦੁਆਰਾ ਪੋਥੀਮਾਲਾ ਵਿੱਚ ਚਿੱਤਰੇ ਕ੍ਰਿਸ਼ਨ-ਜਨਮ ਚਿੱਤਰ ਅਤੇ ਦੂਜੇ ਚਿੱਤਰ ਵਿੱਚ ਆਕਾਰ ਦਾ ਫ਼ਰਕ ਹੈ ਅਤੇ ਬੀਰ ਭਾਨ ਦੇ ਸ਼ਿਵਾਲੇ ਵਿੱਚ ਇਹ ਚਿੱਤਰ ਇਮਾਰਤ ਦੇ ਬਾਹਰ ਬਣਿਆ ਹੋਣ ਕਾਰਨ ਇਸ ਦੀ ਮੌਜੂਦਾ ਹਾਲਤ ਬਹੁਤ ਖ਼ਰਾਬ ਹੈ। ਤਿੰਨੋਂ ਥਾਵਾਂ ਦੇ ਚਿੱਤਰਾਂ ਵਿੱਚ ਵਾਸੂਦੇਵ ਦੇ ਵਸਤਰਾਂ ਵਿੱਚ ਬਹੁਤ ਅੰਤਰ ਹੈ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਵਾਸੂਦੇਵ ਦੇ ਵਸਤਰ ਵਧੇਰੇ ਚੰਗੇ ਅਤੇ ਗਹਿਣੇ ਪਹਿਨੇ ਹੋਏ ਹਨ। ਇਸ ਦੇ ਵਿਪਰੀਤ ਬੀਰ ਭਾਨ ਵਿਖੇ ਚਿੱਤਰਤ ਚਿੱਤਰ ਬਹੁਤ ਸਾਦਾ ਹੈ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰਾਂ

ਵਿੱਚ ਸਜਾਵਟੀ ਪੱਖ ਵਧੇਰੇ ਨਜ਼ਰ ਆਉਂਦਾ ਹੈ ਪਰੰਤੂ ਹੋਰਨਾਂ ਥਾਵਾਂ ਦੇ ਚਿੱਤਰਾਂ ਵਿੱਚ ਅਜਿਹਾ ਘੱਟ ਵੇਖਣ ਨੂੰ ਮਿਲਦਾ ਹੈ। ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੇ ਚਿਤੇਰਿਆਂ ਨੂੰ ਸਰਪ੍ਰਸਤਾਂ ਵਲੋਂ ਆਰਥਿਕ ਤੌਰ ਤੇ ਵਧੇਰੇ ਖੁੱਲ੍ਹ ਸੀ ਜਿਸ ਕਰਕੇ ਉਨ੍ਹਾਂ ਨੇ ਇਹਨਾਂ ਚਿੱਤਰਾਂ ਨੂੰ ਖ਼ੂਬਸੂਰਤੀ ਨਾਲ ਅਤੇ ਬੜੀ ਹੀ ਰੀਝ ਨਾਲ ਚਿੱਤਰਿਆ ਹੈ। ਕਲਾਤਮਕ ਪੱਖ ਤੋਂ ਵੇਖਿਆ ਜਾਵੇ ਤਾਂ ਗੁਰਦੁਆਰਾ ਪੋਥੀਮਾਲਾ ਦੇ ਚਿੱਤਰਾਂ ਵਿੱਚ ਚੰਗੇ ਚਿੱਤਰ ਹੋਣ ਦੀਆਂ ਸਾਰੀਆਂ ਖ਼ੂਬੀਆਂ ਮੌਜੂਦ ਹਨ। ਤਿੰਨਾਂ ਸਥਾਨਾਂ ਦੇ ਚਿੱਤਰਾਂ ਵਿੱਚੋਂ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਦੀ ਰੰਗ ਯੋਜਨਾ ਵਧੇਰੇ ਪ੍ਰਭਾਵਸ਼ਾਲੀ ਹੈ ਪਰੰਤੂ ਬੀਰਭਾਨ ਦੇ ਚਿੱਤਰ ਦੀ ਰੰਗ-ਯੋਜਨਾ ਬਹੁਤ ਹੀ ਸਾਦੀ ਹੈ। ਠਾਕੁਰਦੁਆਰਾ ਦੇ ਚਿੱਤਰਾਂ ਵਿੱਚ ਗੂੜ੍ਹੇ ਲਾਲ ਰੰਗ ਦੇ ਪ੍ਰਭਾਵਸ਼ਾਲੀ ਹਾਸ਼ੀਏ ਨਾਲ ਅਤੇ ਨੀਲੇ ਰੰਗ ਦੀ ਵਰਤੋਂ ਕਰਕੇ ਪ੍ਰਭਾਵ ਵਧਾਉਣ ਦੀ ਸਫਲ ਕੋਸ਼ਿਸ਼ ਕੀਤੀ ਗਈ ਹੈ। ਠਾਕੁਰਦੁਆਰਾ ਦਾ ਇਹ ਚਿੱਤਰ ਵਰਗਾਕਾਰ ਹੈ, ਜਦਕਿ ਗੁਰਦੁਆਰਾ ਪੋਥੀਮਾਲਾ ਅਤੇ ਬੀਰਭਾਨ ਦਾ ਚਿੱਤਰ ਸਮਤਲ ਆਕਾਰ ਵਿੱਚ ਚਿੱਤਰਿਆ ਗਿਆ ਹੈ।

ਇਸ ਤੋਂ ਬਿਨਾਂ ਸ੍ਰੀ ਕ੍ਰਿਸ਼ਨ ਦੀਆਂ ਗੋਪੀਆਂ ਨਾਲ ਲੀਲ੍ਹਾਵਾਂ, ਬਾਲ ਲੀਲ੍ਹਾਵਾਂ, ਕ੍ਰਿਸ਼ਨ ਜੀ ਦੇ ਵਿਆਹ ਦਾ ਚਿੱਤਰਨ, ਕ੍ਰਿਸ਼ਨ ਰੁਕਮਾ ਦਾ ਯੁੱਧ, ਤੋਂ ਬਿਨਾਂ ਕ੍ਰਿਸ਼ਨ ਅਤੇ ਰਾਧਾ ਦੇ ਕਈ ਚਿੱਤਰ, ਜਿਨ੍ਹਾਂ ਵਿੱਚ ਕਿਤੇ ਉਹ ਬਾਗ਼ ਵਿੱਚ ਕਿੱਕਲੀ ਪਾ ਰਹੇ ਹਨ, ਕਿਤੇ ਪੀਂਘ ਝੁਟਦੇ ਹੋਏ, ਚੌਪਟ ਖੇਡਦੇ ਹੋਏ, ਬਰਸਾਤ ਦੇ ਮੌਸਮ ਦਾ ਆਨੰਦ ਮਾਣਦੇ ਹੋਏ ਅਤੇ ਕ੍ਰਿਸ਼ਨ ਰਾਧਾ ਦਾ ਸਿਰ ਵਾਹੁੰਦੇ ਹੋਏ ਆਦਿ ਅਜਿਹੇ ਚਿੱਤਰ ਵੀ ਹਨ ਜੋ ਬਾਕੀ ਥਾਵਾਂ ਤੇ ਘੱਟ ਹੀ ਵੇਖਣ ਨੂੰ ਮਿਲਦੇ ਹਨ। ਇੱਕ ਚਿੱਤਰ ਵਿੱਚ ਸ਼੍ਰੀ ਕ੍ਰਿਸ਼ਨ ਅਰਜਨ ਨੂੰ ਉਪਦੇਸ਼ ਦੇ ਰਹੇ ਹਨ ਇਹ ਵਿਸ਼ਾ ਬੀਰ ਭਾਨ ਅਤੇ ਚਿੱਟਾ ਅਖਾੜਾ ਅੰਮ੍ਰਿਤਸਰ (ਚਿੱਤਰ 189) ਵਿਖੇ ਵੀ ਚਿੱਤਰਿਆ ਗਿਆ ਹੈ। ਸ਼੍ਰੀ ਕ੍ਰਿਸ਼ਨ ਜੀ ਦੇ ਚਿੱਤਰਨ ਵਿੱਚ ਉਨ੍ਹਾਂ ਦੀ ਵੇਸ਼ਭੂਸ਼ਾ ਆਦਿ ਵਿੱਚ ਸਮਾਨਤਾ ਹੈ ਪਰੰਤੂ ਅਰਜਨ ਨੂੰ ਦੋਨੋਂ ਥਾਵਾਂ ਤੇ ਵੱਖੋ-ਵੱਖਰੇ ਢੰਗ ਨਾਲ ਚਿੱਤਰਿਆ ਗਿਆ ਹੈ। ਬੀਰਭਾਨ ਦੇ ਸ਼ਿਵਾਲੇ ਵਿਖੇ ਵੀ ਇਸ ਵਿਸ਼ੇ ਨੂੰ ਚਿੱਤਰਿਆ ਗਿਆ ਹੈ। ਅਖਾੜਾ ਚਿੱਟਾ ਅੰਮ੍ਰਿਤਸਰ ਦਾ ਇਹ ਚਿੱਤਰ ਕਈ ਤਰ੍ਹਾਂ ਦੇ ਹਾਸ਼ੀਏ ਨਾਲ ਸ਼ਿੰਗਾਰਿਆ ਗਿਆ ਹੈ, ਜੋ ਕਿ ਲਾਲ ਅਤੇ ਨੀਲੇ ਰੰਗ ਵਿੱਚ ਉਲੀਕੇ ਗਏ ਹਨ। ਇਸ ਚਿੱਤਰ ਵਿਚਲਾ ਸੁਨਿਹਰੀ ਰੰਗ ਕਾਫ਼ੀ ਖ਼ਰਾਬ ਹੋ ਚੁੱਕਾ ਹੈ, ਪਰੰਤੂ ਆਪਣੀ ਮੋਜੂਦਗੀ ਦਰਸਾ ਰਿਹਾ ਹੈ। ਦੂਜੇ ਪਾਸੇ ਗੁਰਦੁਆਰਾ

ਪੋਥੀਮਾਲਾ ਦਾ ਇਹ ਚਿੱਤਰ ਕਾਫ਼ੀ ਹੱਦ ਤੱਕ ਸੁਰੱਖਿਅਤ ਹੈ। ਇਸ ਦੀ ਪਿੱਠ ਭੂਮੀ ਤੇ ਸੁਨਿਹਰੀ ਰੰਗ ਕੀਤਾ ਗਿਆ ਹੈ। ਉੱਪਰ ਪਰਦਿਆਂ ਨੂੰ ਉਲੀਕਿਆ ਗਿਆ ਹੈ। ਇਸ ਵਿੱਚ ਸ੍ਰੀ ਕਿਸ਼ਨ ਅਤੇ ਅਰਜਨ ਖੜੇ ਹਨ। ਅਰਜਨ ਸ੍ਰੀ ਕ੍ਰਿਸ਼ਨ ਅੱਗੇ ਹੱਥ ਜੋੜੀ ਖੜ੍ਹਾ ਹੈ। ਅਖਾੜਾ ਚਿੱਟਾ ਦੇ ਇਸ ਚਿੱਤਰ ਵਿੱਚ ਦੋਵਾਂ ਨੂੰ ਬੈਠੇ ਚਿੱਤਰਿਆ ਗਿਆ ਹੈ। ਅਰਜਨ ਦੇ ਹੱਥ ਵਿੱਚ ਤੀਰ ਕਮਾਨ ਹੈ ਅਤੇ ਵੇਸ਼ਭੂਸ਼ਾ ਵੀ ਯੁੱਧ ਦੌਰਾਨ ਪਹਿਨੀ ਜਾਣ ਵਾਲੀ ਹੈ। ਦੋਵਾਂ ਦੀਆਂ ਆਕ੍ਰਿਤੀਆਂ ਦੇ ਪਿੱਛੇ ਗੋਲ ਤਕੀਏ ਚਿੱਤਰੇ ਗਏ ਹਨ। ਇਸ ਚਿੱਤਰ ਵਿੱਚ ਸ੍ਰੀ ਕ੍ਰਿਸ਼ਨ ਨੇ ਮੁਕੁਟ ਪਹਿਨਿਆ ਹੋਇਆ ਹੈ ਅਤੇ ਸੁਨਿਹਰੀ ਰੰਗ ਦਾ ਚੋਗ਼ੇ ਨਾਲ ਗਲੇ ਵਿੱਚ ਪਰਨਾ ਪਹਿਨਿਆ ਹੋਇਆ ਹੈ, ਜਦਕਿ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਸੁਨਿਹਰੀ ਰੰਗ ਦੀ ਧੋਤੀ ਅਤੇ ਗਲੇ ਵਿੱਚ ਪਰਨਾ ਅਤੇ ਮੁਕੁਟ ਪਹਿਨਿਆ ਹੋਇਆ ਹੈ। ਦੋਵਾਂ ਥਾਵਾਂ ਦੇ ਚਿੱਤਰਕਾਰ ਨੂੰ ਟੋਨ ਦਾ ਪੂਰਾ ਗਿਆਨ ਹੋਣ ਬਾਰੇ ਪਤਾ ਚਲਦਾ ਹੈ।

'ਸ਼ਾਮ ਸਾਖੀ' ਦਾ ਇੱਕ ਚਿੱਤਰ ਜੋ ਕਿ ਗੁਰਦੁਆਰਾ ਪੋਥੀਮਾਲਾ ਦੀ ਇਮਾਰਤ ਵਿੱਚ ਵੇਖਿਆ ਗਿਆ ਹੈ। ਬਿਲਕੁਲ ਇਸੇ ਤਰ੍ਹਾਂ ਦਾ ਸ਼੍ਰੀ ਕ੍ਰਿਸ਼ਨ ਅਤੇ ਰਾਧਾ ਦਾ ਚਿੱਤਰ ਚਿੱਟਾ ਅਖਾੜਾ ਅੰਮ੍ਰਿਤਸਰ ਵਿੱਚ ਵੇਖਣ ਨੂੰ ਮਿਲਦਾ ਹੈ। ਇਹਨਾਂ ਦੋਹਾਂ ਚਿੱਤਰਾਂ ਦੇ ਸੰਯੋਜਨ ਵਿੱਚ ਸਮਾਨਤਾਵਾਂ ਹਨ, ਕ੍ਰਿਸ਼ਨ ਅਤੇ ਰਾਧਾ ਦੇ ਬੈਠਣ ਅਤੇ ਉਨ੍ਹਾਂ ਦੇ ਵਸਤਰਾਂ, ਆਭੂਸ਼ਣਾਂ ਅਤੇ ਚਿੱਤਰਨ-ਸ਼ੈਲੀ ਵਿੱਚ ਕਾਫ਼ੀ ਸਮਾਨਤਾ ਹੈ (ਚਿੱਤਰ 190)।

ਮਹਾਂਭਾਰਤ ਨਾਲ ਸੰਬੰਧਤ ਇੱਕੋ-ਇੱਕ ਚਿੱਤਰ ਦ੍ਰੋਪਦੀ-ਚੀਰਹਰਨ ਦਾ ਵਿਸ਼ਾ ਹੈ ਜੋ ਕਿ ਪੋਥੀਮਾਲਾ ਦੀਆਂ ਕੰਧਾਂ 'ਤੇ ਚਿੱਤਰਿਆ ਗਿਆ ਹੈ। ਇਸ ਦੀ ਇਕ ਹੋਰ ਉਦਾਹਰਣ ਠਾਕੁਰਦੁਆਰਾ ਅੰਮ੍ਰਿਤਸਰ, ਅਖਾੜਾ ਬਾਲਾ ਨੰਦ ਅੰਮ੍ਰਿਤਸਰ ਵਿਖੇ ਵੀ ਮਿਲਦੀ ਹੈ (ਚਿੱਤਰ 191 ਅਤੇ 192)। ਅਖਾੜਾ ਬਾਲਾ ਨੰਦ ਦਾ ਚਿੱਤਰ ਵਧੇਰੇ ਸਜਾਵਟੀ ਹੈ ਅਤੇ ਚੰਗੀ ਹਾਲਤ ਵਿੱਚ ਹੈ, ਜਦਕਿ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਦੇ ਰੰਗ ਝੜ ਚੁੱਕੇ ਹਨ। ਚਿੱਤਰ ਵਿੱਚ ਦੁਸ਼ਾਸਨ ਦ੍ਰੋਪਦੀ ਦਾ ਚੀਰਹਰਨ ਕਰ ਰਿਹਾ ਹੈ, ਪੰਜੇ ਪਾਂਡਵ ਨੀਵੀਂ ਪਾਈ ਬੈਠੇ ਹਨ, ਸਾਹਮਣੇ ਚੌਪਟ ਅਤੇ ਸ਼ਸਤਰ ਵੀ ਪਏ ਹਨ। ਪਿਛਲੇ ਪਾਸੇ ਮਹਿਲ ਦਾ ਕੁੱਝ ਹਿੱਸਾ ਨਜ਼ਰ ਆ ਰਿਹਾ ਹੈ। ਅੰਮ੍ਰਿਤਸਰ ਸਥਿਤ ਅਖਾੜਾ ਬਾਲਾ ਨੰਦ ਦਾ ਇਹ ਕੰਧ ਚਿੱਤਰ ਮਹਾਂਭਾਰਤ ਮਹਾਕਾਵਿ ਵਿੱਚੋਂ ਹੈ, ਜਿਸ ਵਿੱਚ ਜੂਏ ਵਿੱਚ ਹਾਰੇ ਪਾਂਡਵ ਆਪਣੇ ਹਥਿਆਰ ਸੁੱਟ ਕੇ ਨਿਰਾਸ਼ ਬੈਠੇ ਦਿਖਾਏ ਹਨ ਜਦੋਂ ਕਿ ਜਿੱਤੇ ਹੋਏ ਕੋਰਵ ਦਰੋਪਦੀ ਨੂੰ ਨਗਨ ਕਰਨ ਦਾ ਯਤਨ

ਕਰ ਰਹੇ ਹਨ। ਦਰਸ਼ਕਾਂ ਲਈ ਆਕ੍ਰਿਤੀਆਂ ਦੀ ਸ਼ਨਾਖ਼ਤ ਲਈ ਚਿੱਤਰਕਾਰ ਨੇ ਸੰਬੰਧਤ ਨਾ ਵੀ ਗੁਰਮੁਖੀ ਅੱਖਰਾਂ ਵਿੱਚ ਆਕ੍ਰਿਤੀਆਂ ਦੇ ਨਾਲ-ਨਾਲ ਲਿਖੇ ਹਨ। ਰੰਗ-ਯੋਜਨਾ ਦੇ ਆਧਾਰ ਤੇ ਗੱਲ ਕੀਤੀ ਜਾਵੇ ਤਾਂ ਅਖਾੜਾ ਬਾਲਾਨੰਦ ਦੇ ਚਿੱਤਰ ਦੀ ਰੰਗ-ਯੋਜਨਾ ਗੁਰਦੁਆਰਾ ਪੋਥੀਮਾਲਾ ਅਤੇ ਠਾਕੁਰਦੁਆਰਾ ਦੇ ਚਿੱਤਰ ਨਾਲੋਂ ਵਧੇਰੇ ਚੰਗੀ ਹੈ। ਇਹਨਾਂ ਤਿੰਨਾਂ ਚਿੱਤਰਾਂ ਵਿਚੋਂ ਠਾਕੁਦੁਆਰਾ ਦੇ ਚਿੱਤਰ ਦੀ ਹਾਲਤ ਵੇਹੱਦ ਤਰਸਯੋਗ ਹੈ ਅਤੇ ਆਕ੍ਰਿਤੀਆਂ ਜ਼ਿਆਦਾ ਸਪੱਸ਼ਟ ਵੀ ਨਹੀਂ ਹਨ। ਅਖਾੜਾ ਬਾਲਾ ਨੰਦ ਦੇ ਚਿੱਤਰ ਵਿੱਚ ਦੁਰਯੋਧਨ ਨੂੰ ਸਿੰਘਾਸਨ ’ਤੇ ਬੈਠਿਆਂ ਖੱਬੇ ਪਾਸੇ ਚਿੱਤਰਿਆ ਹੈ, ਜਦਕਿ ਗੁਰਦੁਆਰਾ ਪੋਥੀਮਾਲਾ ਵਿੱਚ ਸੱਜੇ ਪਾਸੇ ਚਿੱਤਰਿਆ ਗਿਆ ਹੈ, ਦੁਰਯੋਧਨ ਸਿੰਘਾਸਨ ਤੇ ਬੈਠਾ ਹੈ ਅਤੇ ਪਿੱਛੇ ਦੋ ਸੇਵਾਦਾਰ ਖੜ੍ਹੇ ਹਨ। ਦੋਹਾਂ ਚਿੱਤਰਾਂ ਵਿੱਚ ਪਾਡਵਾਂ ਨੂੰ ਹੇਠਲੇ ਪਾਸੇ ਇੱਕ ਕਤਾਰ ਵਿੱਚ ਚਿੱਤਰਿਆ ਗਿਆ ਹੈ। ‘ਦਰੋਪਦੀ ਚੀਰ-ਹਰਨ’ ਦਾ ਇਹ ਕੰਧ-ਚਿੱਤਰ ਨਾਰੀ ਦੀ ਸਮਾਜ ਵਿੱਚ ਸਦੀਆ ਤੋਂ ਚਲੀ ਆ ਰਹੀ ਦੁਰਦਸ਼ਾ ਵਲ ਇਸ਼ਾਰਾ ਕਰਦਾ ਹੈ। ਨਕੋਦਰ ਵਿਖੇ ਲਾਲਾ ਚੂਹੜ ਮੱਲ ਦੇ ਠਾਕੁਰਦੁਆਰੇ ਵਿੱਚ ਵੀ ਮਹਾਭਾਰਤ ਦੇ ਨਾਲ ਸੰਬੰਧਤ ਕੰਧ-ਚਿੱਤਰ ਮਿਲਦੇ ਹਨ।[6]

ਗੁਰਦੁਆਰਾ ਪੋਥੀਮਾਲਾ ਵਿੱਚ ਵਿਸ਼ਨੂੰ ਦੇ ਅਵਤਾਰ ਭਗਵਾਨ ਪਰਸੂਰਾਮ ਦੇ ਦੁਆਰਾ ਸਹਸਤਰਬਾਹੂ ਦੇ ਬੱਧ ਦਾ ਚਿੱਤਰ ਹੈ। ਪਰਸੂਰਾਮ ਦੁਆਰਾ ਸਹਸਤਰਬਾਹੂ ਦੇ ਬੱਧ ਨਾਲ ਸੰਬੰਧਤ ਇੱਕ ਚਿੱਤਰ ਠਾਕੁਰਦੁਆਰਾ ਅੰਮ੍ਰਿਤਸਰ (ਚਿੱਤਰ 193), ਮਹੰਤ ਮੰਗਣੀ ਰਾਮ ਦੀ ਸਮਾਧ ਅਤੇ ਸ਼ੀਸ਼ ਮਹਿਲ ਪਟਿਆਲਾ ਵਿਖੇ ਵੀ ਮਿਲਦਾ ਹੈ। ਇਹਨਾਂ ਚਿੱਤਰਾਂ ਵਿੱਚ ਜਿੱਥੇ ਵਿਸ਼ੇ ਦੀ ਸਮਾਨਤਾ ਹੈ, ਉੱਥੇ ਸੰਯੋਜਨ ਵਿੱਚ ਕਾਫ਼ੀ ਫ਼ਰਕ ਹੈ। ਗੁਰਦੁਆਰਾ ਪੋਥੀਮਾਲਾ ਦਾ ਚਿੱਤਰ ਕਾਫ਼ੀ ਹੱਦ ਤੱਕ ਖ਼ਰਾਬ ਹੋ ਚੁੱਕਾ ਹੈ। ਚਿੱਤਰ ਦੀਆਂ ਆਕ੍ਰਿਤੀਆਂ ਸਪੱਸ਼ਟ ਨਹੀਂ ਹਨ। ਪੋਥੀਮਾਲਾ ਦੇ ਚਿੱਤਰ ਵਿੱਚ ਪਰਸੂਰਾਮ ਨੂੰ ਹੇਠਾਂ ਸਹਸਤਰਬਾਹੂ ਦਾ ਬੱਧ ਕਰਦੇ ਦਿਖਾਇਆ ਗਿਆ ਹੈ। ਅਸਮਾਨ ਵਿੱਚ ਕਾਮਧੇਨੂੰ ਗਾਂ ਅਤੇ ਕਲਪ ਬ੍ਰਿਛ ਦਿਖਾਈ ਦੇ ਰਹੇ ਹਨ, ਜਦ ਕਿ ਦੂਜੇ ਚਿੱਤਰ ਦਾ ਸੰਯੋਜਨ ਉਲਟ ਹੈ। ਸੰਯੋਜਨ ਬੇਸ਼ਕ ਤਿੰਨੋ ਚਿੱਤਰਾਂ ਵਿੱਚ ਵੱਖ-ਵੱਖ ਹੈ, ਸਮਾਨਤਾ ਇਸ ਵਿੱਚ ਹੈ ਕਿ ਇੱਕ ਹੀ ਕੰਧ ਦੇ ਚੋਖਟੇ ਵਿੱਚ ਇੱਕ ਕਹਾਣੀ ਨੂੰ ਦੋ ਜਾਂ ਤਿੰਨ ਭਾਗਾਂ ਵਿੱਚ ਵੰਡ ਕੇ ਚਿੱਤਰਤ ਕਰਨ ਦਾ ਵੀ ਰਿਵਾਜ ਸੀ। ਤਿੰਨਾਂ ਚਿੱਤਰਾਂ

6 **Kang., Kanwerjeet Singh. (Dr.)** (1985). *Wall Paintings of Punjab and Haryana*, p. 76.

ਵਿੱਚ ਸਾਰੀ ਕਥਾ ਨੂੰ ਦੋ ਪੜਾਵਾਂ ਵਿੱਚ ਅੰਕਿਤ ਕੀਤਾ ਗਿਆ ਹੈ। ਮਹੰਤ ਮੰਗਨੀ ਰਾਮ ਦੀ ਸਮਾਧ ਦੇ ਇਸ ਚਿੱਤਰ ਵਿੱਚ ਸੱਜੇ ਪਾਸੇ ਦੇ ਭਾਗ ਵਿੱਚ ਰਿਸ਼ੀ ਜਮਦਗਨੀ ਦੀ ਉਸਦੇ ਆਸ਼ਰਮ ਅੱਗੇ ਮ੍ਰਿਤਕ ਦੇਹ ਉਸਦੀ ਪਤਨੀ ਰੇਣੁਕਾ ਦੀ ਗੋਦ ਵਿੱਚ ਦਰਸਾਈ ਗਈ ਹੈ। ਕਾਮਧੇਨੂੰ ਗਾਂ ਆਸ਼ਰਮ ਦੇ ਪਿੱਛੇ ਚਿੱਤਰਤ ਹੈ। ਇਸ ਚਿਤਰ ਵਿੱਚ ਆਸ਼ਰਮ ਨੂੰ ਪੱਕੇ ਘਰ ਵਾਂਗ ਚਿਤਰਿਆ ਗਿਆ ਹੈ ਅਤੇ ਰਿਸ਼ੀ ਜਮਦਗਨੀ ਅਤੇ ਉਸ ਦੀ ਪਤਨੀ ਦੇ ਵਸਤਰ ਬਹੁਤ ਸਜਾਵਟੀ ਹਨ। ਰਿਸ਼ੀ ਦੇ ਸਿਰ ਤੇ ਮੁਕਟ ਅਤੇ ਗਲੇ ਵਿੱਚ ਮਾਲਾਵਾਂ ਵੀ ਪਹਿਨੀਆਂ ਹਨ ਅਤੇ ਸ਼ਰੀਰ ਉੱਪਰ ਦਿੱਤੀ ਹੋਈ ਚਾਦਰ ਵੀ ਪਾਰਦਰਸ਼ੀ ਹੈ, ਰਿਸ਼ੀ ਦੇ ਹੱਥ ਵਿੱਚ ਮਾਲਾ ਨਜ਼ਰ ਆ ਰਹੀ ਹੈ, ਜਦਕਿ ਗੁਰਦੁਆਰਾ ਪੋਥੀਮਾਲਾ ਅਤੇ ਠਾਕੁਰਦੁਆਰਾ ਦੇ ਚਿੱਤਰ ਇਸ ਤੋਂ ਬਿਲਕੁਲ ਉਲਟ ਹਨ। ਇਹਨਾਂ ਚਿੱਤਰ ਦਾ ਸੰਯੋਜਨ ਖੜੋਤ ਵਿੱਚ ਹੈ ਜਦਕਿ ਮਹੰਤ ਮੰਗਨੀ ਰਾਮ ਦੇ ਚਿੱਤਰ ਦਾ ਸੰਯੋਜਨ ਦਿਗ-ਮੰਡਲੀ ਹੈ। ਜਿੱਥੇ ਇਸ ਚਿੱਤਰ ਵਿੱਚ ਆਸ਼ਰਮ ਪੱਕੇ ਘਰ ਵਾਂਗ ਚਿੱਤਰਿਆ ਹੈ ਉੱਥੇ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਇਹ ਇੱਕ ਕੁਟੀਆ ਵਾਂਗ ਚਿੱਤਰਿਆ ਗਿਆ ਹੈ ਅਤੇ ਠਾਕੁਰਦੁਆਰਾ ਦੇ ਚਿੱਤਰ ਵਿੱਚ ਇਹ ਇੱਕ ਕੂੱਪ ਵਾਂਗ ਨਜ਼ਰ ਆ ਰਿਹਾ ਹੈ। ਰੇਣੁਕਾ ਅਤੇ ਜਮਦਗਨੀ ਦੀ ਆਕ੍ਰਿਤੀ ਕੁਟੀਆ ਦੇ ਮੁਕਾਬਲੇ ਬਰਾਬੁਰ ਦੀ ਹੀ ਹੈ। ਇਹਨਾ ਥਾਵਾਂ ਦੇ ਚਿੱਤਰਾਂ ਵਿੱਚ ਰੇਣਕੁਾ ਅਤੇ ਜਮਦਗਨੀ ਦਾ ਚਿੱਤਰਨ ਬਹੁਤ ਸਾਦਾ ਹੈ ਅਤੇ ਦੋਹਾਂ ਵਿੱਚ ਰੇਣੁਕਾ ਆਪਣੇ ਸਿਰ ਤੇ ਹੱਥ ਰੱਖੀ ਦੁਖੀ ਅਵਸਥਾ ਵਿੱਚ ਬੈਠੀ ਹੈ। ਠਾਕੁਰਦੁਆਰਾ ਦੇ ਚਿੱਤਰ ਵਿੱਚ ਕਾਮਧੇਨੂੰ ਗਾਂ ਨੂੰ ਸਭ ਤੋਂ ਉੱਪਰ ਦਿਖਾਇਆ ਹੈ ਜਦਕਿ ਬਾਕੀਆਂ ਵਿੱਚ ਕੁੱਟੀਆ ਦੇ ਪਿਛੇ ਚਿੱਤਰ ਦੇ ਦੂਜੇ ਭਾਗ ਵਿੱਚ ਪਰਸੂਰਾਮ ਸਹਸਤਰਬਾਹੂ ਨਾਲ ਯੁੱਧ ਕਰ ਰਿਹਾ ਹੈ। ਗੁਰਦੁਆਰਾ ਪੋਥੀਮਾਲਾ ਵਿੱਚ ਇਹ ਯੁੱਧ ਦਾ ਦ੍ਰਿਸ਼ ਹੇਠਾਂ ਦਿਖਾਇਆ ਗਿਆ ਹੈ, ਜਦਕਿ ਠਾਕੁਰਦੁਆਰਾ ਦੇ ਚਿੱਤਰ ਵਿੱਚ ਯੁੱਧ ਦਾ ਦ੍ਰਿਸ਼ ਉਪਰਲੇ ਪਾਸੇ ਹੈ ਅਤੇ ਮਹੰਤ ਮੰਗਨੀ ਰਾਮ ਵਿਖੇ ਚਿਤਰੇ ਚਿੱਤਰ ਵਿੱਚ ਇਹ ਦ੍ਰਿਸ਼ ਖੱਬੇ ਪਾਸੇ ਵੱਲ ਹੈ। ਇਹਨਾਂ ਚਿੱਤਰਾਂ ਵਿੱਚ ਇੱਕ ਵਿਸ਼ੇਸ਼ ਅੰਤਰ ਇਹ ਵੀ ਹੈ ਕਿ ਮਹੰਤ ਮੰਗਨੀ ਰਾਮ ਦੇ ਚਿੱਤਰ ਵਿੱਚ ਸਹਸਤਰਬਾਹੂ ਨਾਲ ਉਸਦੀ ਸੈਨਾ ਵੀ ਨਜ਼ਰ ਆ ਰਹੀ ਹੈ, ਜਦਕਿ ਬਾਕੀ ਥਾਵਾਂ ਦੇ ਦੋਹਾਂ ਚਿੱਤਰਾਂ ਵਿੱਚ ਅਜਿਹਾ ਕੁੱਝ ਨਹੀਂ ਹੈ। ਪਰਸੂਰਾਮ ਸਹਸਤਰਬਾਹੂ ਨੂੰ ਕੇਸਾਂ ਤੋਂ ਫੜ ਕੇ ਮਾਰ ਰਹੇ ਹਨ ਅਤੇ ਹੇਠਾਂ ਉਸਦੀਆਂ ਕਟੀਆਂ ਹੋਈਆਂ ਬਾਹਾਂ ਨਜ਼ਰ ਆ ਰਹੀਆਂ ਹਨ।

ਇਸ ਤੋਂ ਬਾਅਦ ਸਮੁੰਦਰ ਮੰਥਨ ਦਾ ਵਿਸ਼ਾ ਬਹੁਤ ਹੀ ਪ੍ਰਚਲਤ ਵਿਸ਼ਾ ਹੈ। ਇਹ ਵਿਸ਼ਾ ਅੰਮ੍ਰਿਤਸਰ ਦੇ ਬੀਰ ਭਾਨ ਦੇ ਸ਼ਿਵਾਲੇ (ਚਿੱਤਰ 194), ਸ਼ੀਸ਼ ਮਹੱਲ ਪਟਿਆਲਾ, ਹੁਸ਼ਿਆਰਪੁਰ ਦੇ ਰਾਮਟਟਵਾਲੀ ਆਦਿ ਥਾਵਾਂ ਤੇ ਵੇਖਿਆ ਜਾ ਸਕਦਾ ਹੈ। ਇਹਨਾਂ ਸਾਰਿਆਂ ਵਿੱਚ ਸ਼ੀਸ਼ ਮਹੱਲ ਪਟਿਆਲਾ ਦਾ ਚਿੱਤਰ ਵਧੇਰੇ ਪ੍ਰਭਾਵਸ਼ਾਲੀ ਹੈ ਅਤੇ ਗੁਰਦੁਆਰਾ ਪੋਥੀਮਾਲਾ ਦਾ ਚਿੱਤਰ ਦੂਸਰੇ ਸਥਾਨ ਤੇ ਆਉਂਦਾ ਹੈ। ਚਿੱਤਰ ਸੰਯੋਜਨ ਵਿੱਚ ਕਾਫ਼ੀ ਸਮਾਨਤਾ ਹੈ ਚਿੱਤਰ ਵਿੱਚ 14 ਰਤਨਾਂ ਨੂੰ ਪ੍ਰਗਟ ਹੁੰਦੇ ਵਿਖਾਇਆ ਗਿਆ ਹੈ, ਵਿਚਾਲੇ ਵਿਸ਼ਨੂੰ ਨੂੰ ਕੱਛੂ-ਅਵਤਾਰ ਦੇ ਰੂਪ ਵਿੱਚ ਚਿੱਤਰਿਆ ਗਿਆ ਹੈ। ਬੀਰਭਾਨ ਦੇ ਸ਼ਿਵਾਲਾ ਕੰਧ-ਚਿੱਤਰਾਂ ਦੇ ਇਸ ਚਿੱਤਰ ਅਤੇ ਗੁਰਦੁਆਰਾ ਪੋਥੀਮਾਲਾ ਦੇ ਚਿੱਤਰ ਵਿੱਚ ਆਕਾਰ ਦਾ ਫ਼ਰਕ ਹੈ, ਬੇਸ਼ੱਕ ਇਹ ਦੋਨੋ ਹੀ ਦਿਗਮੰਡਲੀ ਚਿੱਤਰ ਹਨ। ਦੋਹਾਂ ਚਿੱਤਰਾਂ ਵਿੱਚ ਵਿਸ਼ਨੂੰ ਦੀ ਆਕ੍ਰਿਤੀ ਮੱਧ ਵਿੱਚ ਚਿੱਤਰੀ ਗਈ ਹੈ ਅਤੇ ਇਕ ਪਾਸੇ ਦਾਨਵ ਅਤੇ ਦੂਜੇ ਪਾਸੇ ਦੇਵਤੇ ਸ਼ੇਸ਼ਨਾਗ ਸਮੁੰਦਰ ਮੰਥਨ ਕਰਕੇ ਅੰਮ੍ਰਿਤ ਦੀ ਪ੍ਰਾਪਤੀ ਵਿੱਚ ਯਤਨਸ਼ੀਲ ਹਨ। ਗੁਰਦੁਆਰਾ ਪੋਥੀਮਾਲਾ ਦਾ ਚਿੱਤਰ ਪੂਰੀ ਤਰ੍ਹਾਂ ਨਾਲ ਖ਼ਰਾਬ ਹੋ ਚੁੱਕਾ ਹੈ, ਇਸ ਚਿੱਤਰ ਦੇ ਰੰਗ ਬਿਲਕੁਲ ਝੜ ਚੁੱਕੇ ਹਨ ਜਿਸ ਕਰਕੇ ਇਹ ਚਿੱਤਰ ਜਿਆਦਾ ਸਪੱਸ਼ਟ ਨਹੀਂ ਹੈ। ਬੀਰ ਭਾਨ ਦੇ ਸ਼ਿਵਾਲੇ ਵਿਚਲਾ ਇਹ ਚਿੱਤਰ ਬਾਹਰ ਵਾਲੀ ਦੀਵਾਰ ਤੇ ਚਿੱਤਰਤ ਹੈ ਅਤੇ ਇਹ ਵੀ ਬਹੁਤ ਜ਼ਿਆਦਾ ਸਪੱਸ਼ਟ ਨਹੀਂ ਹੈ, ਪਰੰਤੂ ਧਿਆਨ ਨਾਲ ਵੇਖਣ ਤੇ ਸ਼ਿਵ ਜੀ ਅਤੇ ਬ੍ਰਹਮਾ ਜੀ ਦੀ ਆਕ੍ਰਿਤੀ ਅਤੇ ਇੱਕ ਦੋ ਹੋਰ ਦੇਵਤਿਆਂ ਦੀਆਂ ਆਕ੍ਰਿਤੀਆਂ ਨਜ਼ਰ ਆਉਂਦੀਆਂ ਹਨ। ਦੋਹਾਂ ਚਿੱਤਰਾਂ ਦੀ ਰੰਗ-ਯੋਜਨਾ ਸਾਦੀ ਹੈ।

ਗੁਰਦੁਆਰਾ ਪੋਥੀਮਾਲਾ ਵਿੱਚ ਬ੍ਰਹਮਾ, ਵਿਸ਼ਨੂੰ, ਸ਼ਿਵ ਅਤੇ ਉਹਨਾਂ ਦੀਆਂ ਦੀ ਪਤਨੀਆਂ ਦੇ ਆਦਮ ਕੱਦ ਚਿੱਤਰ ਬਣੇ ਹੋਏ ਹਨ। ਇਸੇ ਤਰ੍ਹਾਂ ਦੇ ਵੱਡੇ ਆਕਾਰ ਦੇ ਚਿੱਤਰ ਅੰਮ੍ਰਿਤਸਰ ਦੇ ਠਾਕੁਰਦੁਆਰਾ ਵਿਖੇ ਵੀ ਵੇਖੇ ਜਾ ਸਕਦੇ ਹਨ (ਚਿੱਤਰ 195 ਅਤੇ 196) ਇਹ ਭਾਵੇਂ ਬਹੁਤ ਖ਼ਰਾਬ ਹੋ ਚੁੱਕੇ ਹਨ, ਪਰ ਫਿਰ ਵੀ ਜੇਕਰ ਇਹਨਾਂ ਦੇ ਸੰਯੋਜਨ ਵਿੱਚ ਕੋਈ ਖਾਸ ਅੰਤਰ ਨਜ਼ਰ ਨਹੀਂ ਆਉਂਦਾ, ਇਹ ਕੇਵਲ ਉਲਟ ਦਿਸ਼ਾ ਵਿੱਚ ਚਿੱਤਰੇ ਗਏ ਹਨ। ਗੁਰਦੁਆਰਾ ਪੋਥੀਮਾਲਾ ਵਿੱਚ ਸ਼ਿਵ ਪਾਰਵਤੀ, ਰਾਧਾ ਕ੍ਰਿਸ਼ਨ, ਰਾਮ ਸੀਤਾ ਤੋਂ ਬਿਨਾਂ ਭਗਤਾਂ ਅਤੇ ਦੇਵੀ ਦੇਵਤਿਆਂ ਨੂੰ ਡਾਟਾਂ ਉੱਪਰ ਗੋਲ ਆਕਾਰ ਵਿੱਚ ਵੀ ਚਿੱਤਰਿਆ ਗਿਆ ਹੈ।

ਸੂਰਜ ਦਾ ਚਿੱਤਰ ਜੋ ਕਿ ਗੁਰਦੁਆਰਾ ਪੋਥੀਮਾਲਾ ਦੀ ਛੱਤ, ਡਾਟਾਂ ਅਤੇ ਮਿਹਰਾਬਾਂ ਤੇ ਦਿਖਾਈ ਦਿੰਦਾ ਹੈ (ਚਿੱਤਰ 143)। ਉਹੀ ਸਾਨੂੰ ਕਰਤਾਰਪੁਰ ਸਥਿਤ ਸਮਾਧ ਬੀਬੀ ਭਾਨੀ, ਬਾਬਾ ਅਟੱਲ ਰਾਏ ਜੀ ਅਤੇ ਅੰਮ੍ਰਿਤਸਰ ਸਥਿਤ ਮਾਈ ਟਿੱਕੀ ਦੇ ਮੰਦਰ ਵਿੱਚ, ਠਾਕੁਰਦੁਆਰਾ ਅੰਮ੍ਰਿਤਸਰ, ਅਖਾੜਾ ਚਿੱਟਾ ਦੀ ਛੱਤ ਤੇ ਵੇਖਿਆ ਜਾ ਸਕਦਾ ਹੈ (ਚਿੱਤਰ 197 ਅਤੇ 198), ਪਰ ਇਹਨਾਂ ਸਾਰਿਆਂ ਦੇ ਆਕਾਰ, ਰੰਗ, ਵੇਸ਼ਭੂਸ਼ਾ ਆਦਿ ਵਿੱਚ ਅੰਤਰ ਹੈ। ਜਿੱਥੇ ਪੋਥੀਮਾਲਾ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਜੀ ਦੇ ਅਤੇ ਅਖਾੜਾ ਚਿੱਟਾ ਦੇ ਸੂਰਜ ਦੇ ਮੱਥੇ 'ਤੇ ਤਿਲਕ ਅਤੇ ਸਹਿਜ ਭਾਵ ਹਨ ਉੱਥੇ ਸਮਾਧ ਬੀਬੀ ਭਾਨੀ ਦੇ ਸੂਰਜ ਦੇ ਚਿਹਰੇ ਤੇ ਕ੍ਰੋਧ ਦੇ ਭਾਵ ਸਾਫ਼ ਦਿਖਾਈ ਦੇ ਰਹੇ ਹਨ। ਅਖਾੜਾ ਚਿੱਟਾ ਵਿਖੇ ਸੂਰਜ ਗੋਲ ਛੱਤ ਦੇ ਮੱਧ ਵਿੱਚ ਬਣਾਇਆ ਗਿਆ ਹੈ ਬਾਬਾ ਅਟੱਲ ਰਾਏ ਜੀ ਵਿਖੇ ਸੂਰਜ ਛੱਤ ਤੇ ਹੈ ਪਰ ਇਹ ਮੱਧ ਵਿੱਚ ਨਹੀਂ ਹੈ। ਗੁਰਦੁਆਰਾ ਪੋਥੀਮਾਲਾ ਦਾ ਸੂਰਜ ਇੱਕ ਦੀਵਾਰ ਤੇ ਹੈ ਅਤੇ ਛੱਤਾਂ ਦੇ ਮੱਧ ਵਿੱਚ ਵੀ ਚਿੱਤਰਿਆ ਗਿਆ ਹੈ। ਇਸ ਨੂੰ ਕਿਤੇ-ਕਿਤੇ ਮਹਿਰਾਬਾਂ ਦੇ ਮੱਧ ਵਿੱਚ ਵੀ ਚਿੱਤਰਿਆ ਗਿਆ ਹੈ।

ਗੁਰਦੁਆਰਾ ਪੋਥੀਮਾਲਾ ਦੇ ਧਾਰਮਿਕ ਕੰਧ-ਚਿੱਤਰਾਂ ਵਿੱਚ ਮਹਾਪੁਰਸ਼ਾਂ ਦੇ ਪੋਰਟਰੇਟਸ ਉਨ੍ਹਾਂ ਦੇ ਚਿਹਰਿਆਂ ਪਿੱਛੇ ਪ੍ਰਕਾਸ਼-ਮੰਡਲ ਬਣਾਇਆ ਗਿਆ ਹੈ। ਇਹ ਚਿਹਰੇ ਪਿੱਛੇ ਪੀਲੇ ਰੰਗ ਦਾ, ਜਿਸ ਵਿੱਚ ਸੂਰਜ ਦੀਆਂ ਕਿਰਨਾਂ ਪ੍ਰਕਾਸ਼ਮਾਨ ਹੁੰਦੀਆਂ ਸਨ। ਉਦਾਹਰਣ ਦੇ ਤੌਰ ਤੇ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਕੇਵਲ ਗੁਰੂਆਂ ਦੇ ਚਿੱਤਰਾਂ ਵਿੱਚ ਚਿਹਰਿਆਂ ਦੇ ਪਿੱਛੇ ਪ੍ਰਕਾਸ਼-ਮੰਡਲ ਚਿੱਤਰਿਆ ਗਿਆ ਹੈ ਅਤੇ ਇਹ ਪੀਲੇ ਰੰਗ ਵਿੱਚ ਹੈ, ਪਰੰਤੂ ਅੰਮ੍ਰਿਤਸਰ ਸਥਿਤ ਗੁਰਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕੰਧ-ਚਿੱਤਰਾਂ ਵਿੱਚ ਇਹ ਪ੍ਰਕਾਸ਼-ਚੱਕਰ ਕਾਲੇ ਰੰਗ ਵਿੱਚ ਚਿੱਤਰਿਆ ਗਿਆ ਸੀ।[7] ਅੰਮ੍ਰਿਤਸਰ ਦੇ ਹੀ ਅਖਾੜਾ ਚਿੱਟਾ ਵਿੱਚ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਪਿਛੇ ਲਾਲ ਰੰਗ ਦਾ ਪ੍ਰਕਾਸ਼-ਮੰਡਲ ਹੈ ਜਿਸ ਵਿਚੋਂ ਪੀਲੇ ਰੰਗ ਦੀਆਂ ਕਿਰਨਾਂ ਨਿਕਲਦੀਆਂ ਦਿਖਾਈਆਂ ਹਨ।

ਨਾਰੀਆਂ ਨਾਲ ਸੰਬੰਧਤ ਕੰਧ-ਚਿੱਤਰਾਂ ਵਿੱਚ ਹਿੰਦੂ ਦੇਵੀਆਂ, ਪੰਜਾਬ ਦੀਆਂ ਰੋਮਾਂਸਵਾਦੀ ਕਹਾਣੀਆਂ ਦੇ ਮੁੱਖ ਇਸਤਰੀ ਪਾਤਰ ਅਤੇ ਸਥਾਨਕ ਮਸ਼ਹੂਰੀ ਦੀਆਂ ਔਰਤਾਂ

---

7 **ਕੰਗ, ਕੰਵਰਜੀਤ ਸਿੰਘ, (ਡਾ.)** (1988) *ਪੰਜਾਬ ਦੇ ਕੰਧ ਚਿੱਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-58.

ਚਿੱਤਰੀਆਂ ਗਈਆਂ ਹਨ। ਇਹ ਚਿੱਤਰਨ ਸੁਤੰਤਰ ਵੀ ਹੈ ਅਤੇ ਸਮੂਹ ਵਿੱਚ ਵੀ। ਗੁਰਦੁਆਰਾ ਪੋਥੀਮਾਲਾ ਤੋਂ ਬਿਨਾਂ ਪੰਜਾਬ ਦੀਆਂ ਕਈ ਇਮਾਰਤਾਂ ਵਿੱਚ ਇਹ ਚਿੱਤਰਨ ਨਜ਼ਰ ਆਇਆ ਹੈ। ਇਹ ਚਿੱਤਰ ਜ਼ਿਆਦਾਤਰ ਇੱਕ ਚਸ਼ਮ ਸ਼ੈਲੀ ਵਿੱਚ ਉਲੀਕੇ ਗਏ ਹਨ। ਵੱਖ-ਵੱਖ ਵਿਸ਼ਿਆਂ ਦੇ ਪ੍ਰਗਟਾਵੇ ਦੇ ਨਾਲ-ਨਾਲ ਹੀ ਇਹ ਕੰਧ-ਚਿੱਤਰ ਨਾਰੀਆਂ ਦੇ ਸਮਕਾਲੀਨ ਹਾਰ ਸ਼ਿੰਗਾਰ, ਵਿਸ਼ੇਸ਼ਕਰ ਗਹਿਣਿਆਂ ਦੇ ਪ੍ਰਯੋਗ ਦਾ ਸਮਾਜਿਕ ਅਧਿਐਨ ਵੀ ਪੇਸ਼ ਕਰਦਾ ਹੈ। ਗਹਿਣਿਆਂ ਵਿੱਚ ਸਿਰ-ਮਾਰਾ, ਚੰਦਨ ਹਾਰ, ਬਾਜ਼ੂਬੰਦ ਆਦਿ ਦੀਆਂ ਸਥਾਨਕ ਵੰਨਗੀਆ ਦੇਖੀਆਂ ਜਾ ਸਕਦੀਆਂ ਹਨ। ਜਿੱਥੇ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਅਜੇ ਕਾਫ਼ੀ ਹੱਦ ਤੱਕ ਠੀਕ ਹਨ ਉੱਥੇ ਦੂਜੀਆਂ ਥਾਵਾਂ ਦੇ ਇਹ ਨਾਰੀ ਚਿੱਤਰ ਜਿਨ੍ਹਾਂ ਵਿੱਚ ਜਲੰਧਰ ਵਿੱਚ ਸਥਿਤ ਬਾਬਾ ਹਰੀਹਰ ਦੇ ਮੰਦਰ ਦੇ ਇਹ ਕੰਧ-ਚਿੱਤਰ ਹੁਣ ਆਪਣੀ ਸੁੰਦਰਤਾ ਤੋਂ ਵਾਂਝੇ ਹੋ ਚੁੱਕੇ ਹਨ। ਪ੍ਰਾਚੀਨ ਸਮੇ ਤੋਂ ਹੀ ਮੰਦਰਾਂ, ਹਵੇਲੀਆਂ ਵਿੱਚ ਦੁਆਰਪਾਲ ਦੀਆਂ ਮੂਰਤੀਆਂ ਬਣਾਉਣ ਦੀ ਪ੍ਰਥਾ ਚਲੀ ਆ ਰਹੀ ਹੈ। ਇਹ ਦੁਆਰਪਾਲ ਇਮਾਰਤ ਦੇ ਮੁੱਖ ਪ੍ਰਵੇਸ਼ ਵਾਲੀ ਥਾਂ ਤੇ ਰੱਖਿਆ ਲਈ ਸੰਕੇਤਕ ਮੂਰਤੀਆਂ ਦੇ ਰੂਪ ਵਿੱਚ ਬਣਾਏ ਜਾਂਦੇ ਸਨ। ਬਾਅਦ ਵਿੱਚ ਜਦੋਂ ਮੂਰਤੀਆਂ ਬਣਨੀਆਂ ਬੰਦ ਹੋ ਗਈਆਂ ਤਾਂ ਕੰਧ-ਚਿੱਤਰਾਂ ਦੀ ਪਰੰਪਰਾ ਦੇ ਜ਼ੋਰ ਫੜਨ ਨਾਲ ਕੰਧ-ਚਿੱਤਰਾਂ ਦੇ ਰੂਪ ਵਿੱਚ ਦੁਆਰਪਾਲ ਉਲੀਕੇ ਜਾਣ ਲੱਗੇ ਅਤੇ ਇਹ ਚਿੱਤਰ ਕੇਵਲ ਮੰਦਰਾਂ ਵਿੱਚ ਹੀ ਨਹੀਂ ਸਗੋਂ ਸਮਾਧਾਂ, ਅਖਾੜਿਆਂ, ਡੇਰਿਆਂ, ਅਤੇ ਗੁਰਦੁਆਰਿਆਂ ਵਿੱਚ ਵੀ ਬਣਨੇ ਆਰੰਭ ਹੋ ਗਏ। ਗੁਰਦੁਆਰਾ ਪੋਥੀਮਾਲਾ ਤੋਂ ਬਿਨਾਂ ਹੁਸ਼ਿਆਰਪੁਰ ਦੇ ਟਾਂਡਾ ਵਿਖੇ ਬਾਬਾ ਮੋਹਰ ਸਿੰਘ ਦੀ ਸਮਾਧ ਆਦਿ ਥਾਵਾਂ ਤੇ ਵੀ ਦੁਆਰਪਾਲ ਉਲੀਕੇ ਗਏ ਹਨ। ਸਿੱਖ ਧਾਰਮਿਕ ਸਥਾਨਾਂ ਦੀਆਂ ਕੰਧਾਂ ਉੱਤੇ ਇਹ ਦੁਆਰਪਾਲ ਪਰੰਪਰਾ ਅਨੁਸਾਰ ਹੀ ਬਣਾਏ ਗਏ। ਇਹ ਅਕਸਰ ਨਿਹੰਗਾਂ ਦੇ ਰੂਪ ਵਿੱਚ ਚਿੱਤਰੇ ਹਨ, ਜੋ ਸਮਕਾਲੀ ਸਮਾਜਿਕ ਤੱਥ ਦੀ ਸਾਖੀ ਭਰਦੇ ਹਨ। ਇਹ ਕਈਆਂ ਥਾਂਵਾਂ ਤੇ ਆਦਮ-ਕੱਦ ਦੇ ਉਲੀਕੇ ਗਏ ਹਨ, ਜਿਵੇਂ ਟਾਂਡਾ ਵਿਖੇ ਬਾਬਾ ਮੋਹਰ ਸਿੰਘ ਦੀ ਸਮਾਧ ਦੇ ਚਿੱਤਰ ਵੇਖੇ ਜਾ ਸਕਦੇ ਹਨ। ਗੁਰਦੁਆਰਾ ਪੋਥੀਮਾਲਾ ਦੇ ਦੁਆਰਪਾਲ ਚਿੱਤਰ ਵੱਡੇ ਅਤੇ ਛੋਟੇ ਦੋਵੇਂ ਪ੍ਰਕਾਰ ਦੇ ਹਨ। ਇਹਨਾਂ ਨੂੰ ਚੋਬਦਾਰ ਅਤੇ ਦੁਆਰਪਾਲ ਲਿਖਿਆ ਗਿਆ ਹੈ। ਦੋਹਾਂ ਚਿੱਤਰਾਂ ਵਿੱਚ ਵਿਸ਼ੇਸ਼ ਅੰਤਰ ਇਹ ਹੈ ਕਿ ਬਾਬਾ ਮੋਹਰ ਸਿੰਘ ਦੀ ਸਮਾਧ ਦੇ ਚਿੱਤਰ ਵਿੱਚ ਦੁਆਰਪਾਲ ਨੰਗੀ ਤਲਵਾਰ ਫੜੀ ਖੜ੍ਹੇ ਹਨ, ਜਦਕਿ ਗੁਰਦੁਆਰਾ

ਪੋਥੀਮਾਲਾ ਦੇ ਦੁਆਰਪਾਲ ਹੱਥ ਵਿੱਚ ਚੋਬ ਫੜੀ ਖੜੇ ਹਨ। ਦੋਹਾਂ ਦੇ ਪਹਿਰਾਵਿਆਂ ਵਿੱਚ ਵੀ ਬਹੁਤ ਅੰਤਰ ਹੈ। ਬਾਬਾ ਮੋਹਰ ਸਿੰਘ ਦੀ ਸਮਾਧ ਦੇ ਚਿੱਤਰ ਵਿੱਚਲੇ ਨਿਹੰਗ ਸਿੰਘ ਦੀ ਪਗੜੀ ਉਤੇ ਚੱਕਰ ਲੱਗੇ ਹੋਏ ਹਨ ਅਤੇ ਤੁਰਲਾ ਵੀ ਛੱਡਿਆ ਹੋਇਆ ਹੈ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰਾਂ ਵਿੱਚ ਚੋਬਦਾਰ ਅਤੇ ਦੁਆਰਪਾਲ ਵੱਖੋ ਵੱਖਰੇ ਤੌਰ ਤੇ ਚਿੱਤਰੇ ਹਨ।

ਮਨੁੱਖੀ ਆਕ੍ਰਿਤੀਆਂ ਦੇ ਨਾਲ ਨਾਲ ਅਨੇਕਾਂ ਪ੍ਰਕਾਰ ਦੇ ਪਸ਼ੂ, ਪੰਛੀਆਂ ਦੀਆਂ ਆਕ੍ਰਿਤੀਆਂ ਵੀ ਵੱਖ-ਵੱਖ ਇਮਾਰਤਾਂ ਦੀਆਂ ਕੰਧਾਂ ਤੇ ਨਜ਼ਰ ਆਉਦੀਆਂ ਹਨ। ਇਹਨਾਂ ਦੀ ਬੇਹਰੀਨ ਉਦਾਹਰਣ ਗੁਰਦੁਆਰਾ ਪੋਥੀਮਾਲਾ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਦੇਖੀ ਜਾ ਸਕਦੀ ਹੈ। ਬਹੁਤੀ ਵੇਰ ਪੰਛੀਆਂ ਨੂੰ ਦਰਸਾਉਦੇ ਚਿੱਤਰ ਕੰਧਾਂ ਦੇ ਉਹਨਾਂ ਭਾਗਾਂ ਉੱਤੇ ਚਿੱਤਰੇ ਜਾਂਦੇ ਸਨ ਜਿੱਥੇ ਧਰਾਤਲ ਦੀ ਲੋੜ ਅਜਿਹੀ ਹੋਵੇ, ਜਿਵੇਂ ਕੰਧਾਂ ਦੀ ਬਚੀ ਘੱਟ ਥਾਂ ਨੂੰ ਸਚਿੱਤਰ ਕਰਨ ਲਈ। ਅਜਿਹੀਆਂ ਛੋਟੀਆਂ ਥਾਵਾਂ ਉੱਤੇ ਤਿੱਤਰ, ਘੁੱਗੀ, ਮੋਰ ਆਦਿ ਤੋਂ ਇਲਾਵਾ ਕਈ ਵਾਰ ਬਾਂਦਰ, ਗਿਲਹਰੀਆਂ ਆਦਿ ਨੂੰ ਵੀ ਆਸਾਨੀ ਨਾਲ ਚਿੱਤਰਿਆ ਜਾਂਦਾ ਹੈ, ਪਰ ਗੁਰਦੁਆਰਾ ਪੋਥੀਮਾਲਾ ਵਿੱਚ ਪੰਛੀਆਂ ਦੇ ਇਹ ਆਲੇਖਨ-ਚਿੱਤਰ ਕੰਧ-ਚਿੱਤਰਾਂ ਦੀ ਪ੍ਰੱਮੁਖ ਪ੍ਰਵਾਨਗੀ ਦਾ ਹੀ ਭਾਗ ਹਨ ਅਤੇ ਇਹਨਾਂ ਨੂੰ ਵੀ ਦੂਸਰੇ ਚਿੱਤਰਾਂ ਸਮਾਨ ਹੀ ਥਾਂ ਮਿਲੀ ਹੈ ਅਤੇ ਇਹ ਚਿੱਤਰ ਗਿਣਤੀ ਵਿੱਚ ਵੀ ਵੱਧ ਹਨ। ਤਰਨਤਾਰਨ ਨੇੜੇ ਨੌਰੰਗਾਬਾਦ ਵਿੱਚ ਬਾਬਾ ਬੀਰ ਸਿੰਘ, ਫ਼ਤਿਹਗੜ੍ਹ ਚੂੜੀਆਂ ਵਿਖੇ ਮਹਾਰਾਣੀ ਚੰਦ ਕੌਰ ਦਾ ਮੰਦਰ ਅਜਿਹੀਆਂ ਇਮਾਰਤਾਂ ਦੀ ਵਧੀਆ ਉਦਾਹਰਣ ਹਨ। ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਗੁਰਦੁਆਰਾ ਪੋਥੀਮਾਲਾ ਇਸ ਪ੍ਰਕਾਰ ਦੀ ਇਮਾਰਤ ਦੀ ਸਭ ਤੋਂ ਉੱਤਮ ਉਦਾਹਰਣਾਂ ਹਨ।

ਗੁਰਦੁਆਰਾ ਪੋਥੀਮਾਲਾ ਵਿੱਚ ਕੰਧ-ਚਿੱਤਰਾਂ ਦੇ ਚੌਗਿਰਦੇ ਕੀਤੀ ਜਾਣ ਵਾਲੀ ਨੱਕਾਸ਼ੀ, ਬੇਲ ਬੂਟੇ, ਹਾਸ਼ੀਏ ਵਿੱਚ ਵੀ ਹੋਰਨਾਂ ਕੰਧ-ਚਿੱਤਰਾਂ ਦੇ ਨਾਲ ਸਮਾਨਤਾਵਾਂ ਦੇਖਣ ਵਿੱਚ ਮਿਲਦੀਆਂ ਹਨ। ਇਹਨਾਂ ਦੇ ਚਿੱਤਰਨ ਦੀ ਖ਼ੂਬਸੂਰਤ ਉਦਾਹਰਨ ਗੁਰਦੁਆਰਾ ਦਰਸ਼ਨੀ ਡਿਉੜੀ (ਚਿੱਤਰ 199) ਅਤੇ ਠਾਕੁਰਦੁਆਰਾ ਅੰਮ੍ਰਿਤਸਰ (ਚਿੱਤਰ 200) ਵਿਖੇ ਹੈ। ਇਹਨਾਂ ਵਿੱਚ ਇੱਕੋ ਸਮਾਨ ਤੇਜ਼ ਲਾਲ, ਨੀਲਾ, ਪੀਲਾ ਅਤੇ ਸਫ਼ੇਦ ਰੰਗ ਪ੍ਰਯੋਗ ਕੀਤਾ ਗਿਆ ਹੈ। ਇਹਨਾਂ ਕੰਧ-ਚਿੱਤਰਾਂ ਨੂੰ ਕਲਪਨਾ ਦੇ ਆਧਾਰ ’ਤੇ ਹੀ ਚਿੱਤਰਿਆ ਗਿਆ ਹੈ, ਭਾਵੇਂ ਉਹ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਹੋਣ ਜਾਂ ਫਿਰ ਹੋਰ ਕਿਸੇ ਥਾਂ ਦੇ।

ਗੁਰੂਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਵਿੱਚ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਕੁੱਝ ਚਿੱਤਰਾਂ ਵਿੱਚ ਪ੍ਰਮੁੱਖ ਪਾਤਰਾਂ ਦੇ ਨਾਲ ਸਹਾਇਕ ਪਾਤਰਾਂ ਨੂੰ ਵੀ ਸਜਾਵਟੀ ਚਿੱਤਰਿਆ ਗਿਆ ਹੈ ਜਿਵੇਂ ਕਿ ਗੁੱਜਰੀਆਂ ਦੇ ਚਿੱਤਰ ਵਿੱਚ ਸ਼੍ਰੀ ਕ੍ਰਿਸ਼ਨ ਅਤੇ ਗੁੱਜਰੀਆਂ ਦੋਹਾਂ ਦੀ ਵੇਸ਼ਭੂਸ਼ਾ ਖ਼ੂਬਸੂਰਤ ਹੈ। ਗੁੱਜਰੀਆਂ ਨੂੰ ਵੀ ਕੀਮਤੀ ਲਿਬਾਸ ਅਤੇ ਗਹਿਣਿਆਂ ਵਿੱਚ ਚਿੱਤਰਿਆ ਗਿਆ ਹੈ। ਕੁੱਝ ਚਿੱਤਰਾਂ ਨੂੰ ਛੱਡ ਕੇ ਬਾਕੀਆਂ ਵਿੱਚ ਅੰਤਰ ਸਪੱਸ਼ਟ ਹੋ ਹੀ ਜਾਂਦਾ ਹੈ।

ਸੋ, ਸੰਪੂਰਨ ਤੌਰ 'ਤੇ ਜਦੋਂ ਅਸੀਂ ਗੁਰੂਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੀ ਤੁਲਨਾ ਬਾਕੀ ਕੇਂਦਰਾਂ ਨਾਲ ਕਰਦੇ ਹਾਂ ਤਾਂ ਉੱਥੇ ਸਾਨੂੰ ਇਹਨਾਂ ਚਿੱਤਰਾਂ ਵਿੱਚ ਸਮਾਨਤਾ ਅਤੇ ਅਸਮਾਨਤਾ ਦੋਵੇਂ ਨਜ਼ਰ ਆਉਦੀਆਂ ਹਨ।

ਸਮਾਨਤਾ ਦੀ ਗੱਲ ਕਰੀਏ ਤਾਂ ਇਹ ਵਿਸ਼ੇ ਦੀ ਚੌਣ ਵਿੱਚ ਹੈ ਕਿਉਂਕਿ ਹਰ ਚਿੱਤਰਤ ਇਮਾਰਤ ਬੇਸ਼ਕ ਉਹ ਧਾਰਮਿਕ ਹੋਵੇ ਜਾਂ ਫਿਰ ਗ਼ੈਰ-ਧਾਰਮਿਕ, ਵਿਸ਼ਾ ਇਕੋ ਜਿਹਾ ਹੀ ਲਿਆ ਗਿਆ ਹੈ, ਜਿਨ੍ਹਾਂ ਵਿੱਚ ਹਿੰਦੂ ਮਿਥਿਹਾਸਕ ਕਥਾਵਾਂ, ਗੁਰੂਆਂ, ਭਗਤਾਂ ਦੇ ਚਿੱਤਰ, ਮਹਾਰਾਜਿਆਂ, ਸਰਪ੍ਰਸਤਾਂ, ਮਿਸਲਦਾਰਾਂ, ਜੰਗਾਂ ਦੇ ਚਿੱਤਰਾਂ ਦੇ ਨਾਲ ਪ੍ਰਸਿੱਧ ਪ੍ਰੀਤ ਗਾਥਾਵਾਂ ਨੂੰ ਵੀ ਚਿੱਤਰਿਆ ਹੈ। ਇਹਨਾਂ ਤੋਂ ਬਿਨਾਂ ਕੁੱਝ ਅਜਿਹੇ ਚਿੱਤਰ ਵੀ ਹਨ ਜੋ ਕੇਵਲ ਸਜਾਵਟੀ ਸ਼੍ਰੇਣੀ ਵਿੱਚ ਆਉਂਦੇ ਹਨ। ਪ੍ਰਕਿਰਤੀ ਚਿੱਤਰਨ ਦੇ ਨਾਲ ਮਾਨਵੀ ਚਿੱਤਰਨ ਵੀ ਬੇਹੱਦ ਅਚੰਭਿਤ ਕਰ ਦੇਣ ਵਾਲੇ ਢੰਗ ਨਾਲ ਬਣਾਏ ਗਏ ਹਨ। ਕਿਤੇ ਕਿਤੇ ਸੁਤੰਤਰ ਰੂਪ ਵਿੱਚ ਇਸਤਰੀ ਅਤੇ ਪੁਰਸ਼ ਦਾ ਚਿੱਤਰਨ ਵੀ ਹੈ। ਜਿੱਥੇ ਇਸਤਰੀਆਂ ਨੂੰ ਗੁਜਰੀ, ਸੰਗੀਤਕਾਰ, ਪ੍ਰੇਮਿਕਾ ਅਤੇ ਮਾਂ ਦੇ ਰੂਪ ਵਿੱਚ ਚਿੱਤਰਿਆ ਹੈ ਉੱਥੇ ਪੁਰਸ਼ ਨੂੰ ਨਿਹੰਗਾਂ, ਚੋਪਦਾਰਾਂ, ਦੁਆਰਪਾਲ ਜਾਂ ਸੇਨਾਪਤੀ ਆਦਿ ਦੇ ਰੂਪ ਵਿੱਚ ਚਿੱਤਰਿਆ ਹੈ।

ਵਿਸ਼ਿਆਂ ਵਿੱਚ ਜਿੱਥੇ ਕਾਫ਼ੀ ਹੱਦ ਤੱਕ ਸਮਾਨਤਾ ਹੈ ਉੱਥੇ ਆਕ੍ਰਿਤੀ ਚਿੱਤਰਨ, ਸੰਯੋਜਨ ਅਤੇ ਪ੍ਰਕਿਰਤੀ ਚਿੱਤਰਨ ਵਿੱਚ ਅਸਮਾਨਤਾ ਨਜ਼ਰ ਆਉਂਦੀ ਹੈ। ਗੁਰਦੁਆਰਾ ਪੋਥੀਮਾਲਾ ਦੇ ਚਿੱਤਰਕਾਰਾਂ ਨੂੰ ਵਿਅਕਤੀ ਚਿੱਤਰਨ, ਪਸ਼ੂ-ਪੰਛੀ ਚਿੱਤਰਨ, ਉਨ੍ਹਾਂ ਦੇ ਸੁਭਾਅ ਬਾਰੇ ਚੰਗਾ ਗਿਆਨ ਹਾਸਲ ਸੀ ਜਿਸ ਕਰਕੇ ਇਹ ਰੂਪ ਸਹੀ ਅਨੁਪਾਤ ਵਿੱਚ ਚਿੱਤਰੇ ਹੋਏ ਹਨ। ਆਕ੍ਰਿਤੀਆਂ ਦੇ ਨੈਣ-ਨਕਸ਼ ਖ਼ੂਬਸੂਰਤ ਹਨ ਅਤੇ ਵੱਡੇ ਆਕਾਰ ਦੇ ਚਿੱਤਰਾਂ ਵਿੱਚ ਪੂਰੀ ਗਾਥਾ ਨੂੰ ਬਹੁਤ ਸੂਝਵਾਨ ਤਰੀਕੇ ਨਾਲ ਲੜੀਬੱਧ ਕੀਤਾ ਹੈ। ਇਸ ਤਰਾਂ ਦਾ ਸੰਯੋਜਨ

ਬਾਕੀ ਕੇਂਦਰਾਂ ਵਿੱਚ ਵੇਖਣ ਨੂੰ ਘੱਟ ਹੀ ਮਿਲਦਾ ਹੈ। ਦਸਾਂ ਗੁਰੂ ਸਾਹਿਬਾਨ ਨੂੰ ਆਪਣੇ ਸੇਵਕਾਂ ਨਾਲ ਚਿੱਤਰਿਆ ਹੈ। ਇਹਨਾਂ ਨਾਲ ਬਾਬਾ ਪ੍ਰਿਥੀਚੰਦ, ਬਾਬਾ ਮਹਾਂਦੇਵ, ਬਾਬਾ ਮਿਹਰਬਾਨ ਨੂੰ ਵੀ 'ਗੁਰੂ' ਰੂਪ ਵਿੱਚ ਚਿੱਤਰਿਆ ਹੈ, ਇਸ ਕਰਕੇ ਵੀ ਗੁਰਦੁਆਰਾ ਪੋਥੀਮਾਲਾ ਇੱਕ ਵਿਲੱਖਣ ਪਹਿਚਾਣ ਰੱਖਦਾ ਹੈ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਕਲਾਤਮਕ ਪੱਖ ਤੋਂ ਉੱਚ ਪੱਧਰ ਦੇ ਹਨ।

# ਨਿਚੋੜ

ਭਾਵੇਂ ਪੰਜਾਬ ਵਿੱਚ ਕੰਧ-ਚਿੱਤਰਾਂ ਦੀ ਪਰੰਪਰਾ ਕਾਫ਼ੀ ਪੁਰਾਣੀ ਹੈ ਪਰ ਸਰਹੱਦੀ ਸੂਬਾ ਹੋਣ ਕਰਕੇ ਇੱਥੇ ਲਗਾਤਾਰ ਹਮਲੇ ਹੁੰਦੇ ਰਹੇ ਹਨ, ਇਸ ਲਈ ਇੱਥੇ ਦੇ ਕੰਧ-ਚਿੱਤਰ ਨਸ਼ਟ ਹੁੰਦੇ ਰਹੇ ਹਨ। ਸਿੱਖ ਰਾਜ ਵੇਲੇ ਕੁਝ ਸ਼ਾਂਤੀ ਦਾ ਮਾਹੌਲ ਬਣਿਆ ਤੇ ਕੰਧ-ਚਿੱਤਰ ਪਰੰਪਰਾ ਵੱਧੀ ਫੁੱਲੀ। ਮਹਾਰਾਜਿਆਂ ਦੇ ਨਾਲ ਉਹਨਾਂ ਦੇ ਵਜ਼ੀਰਾਂ ਅਤੇ ਜਗੀਰਦਾਰਾਂ ਨੇ ਵੀ ਚਿੱਤਰਕਾਰਾਂ ਦੀ ਸਰਪ੍ਰਸਤੀ ਕੀਤੀ, ਜਿਸ ਨਾਲ ਧਰਮਸ਼ਾਲਾਵਾਂ, ਮੰਦਰਾਂ, ਗੁਰਦੁਆਰਿਆਂ, ਠਾਕੁਰਦੁਆਰਿਆਂ, ਸਮਾਧਾਂ, ਅਖਾੜਿਆਂ, ਮਹਿਲਾਂ, ਹਵੇਲੀਆਂ ਆਦਿ ਵਿੱਚ ਕੰਧ-ਚਿੱਤਰ ਬਣਾਏ ਗਏ। ਪੰਜਾਬ ’ਤੇ ਅੰਗਰੇਜੀ ਰਾਜ ਹੋਣ ਤੇ ਇਹਨਾਂ ਦੇਸੀ ਕਲਾਕਾਰਾਂ ਨੂੰ ਬਹੁਤ ਧੱਕਾ ਵੱਜਾ। ਹਰੇਕ ਵਸਤੂ ’ਤੇ ਅੰਗਰੇਜ਼ੀ ਪ੍ਰਭਾਵ ਨਜ਼ਰ ਆਉਣ ਲੱਗਾ। ਚਿੱਤਰਕਲਾ ਅਤੇ ਇਮਾਰਤੀ ਕਲਾ ’ਤੇ ਵੀ ਇਸਦੀ ਛਾਪ ਪਈ। ਨਵੀਂ ਤਰ੍ਹਾਂ ਨਾਲ ਇਮਾਰਤਾਂ ਬਣਨ ਲੱਗੀਆਂ ਜਿਹਨਾਂ ਵਿੱਚ ਕੰਧ-ਚਿੱਤਰਾਂ ਨੂੰ ਕੋਈ ਥਾਂ ਨਹੀਂ ਸੀ। ਪੁਰਾਣੀਆਂ ਇਮਾਰਤਾਂ ਦੀ ਕੋਈ ਸੰਭਾਲ ਨਾ ਰਹੀ। ਇਸ ਲਈ ਇਹਨਾਂ ਦੇ ਕੰਧ-ਚਿੱਤਰ ਖ਼ਰਾਬ ਹੋਣ ਲੱਗੇ। ਪੰਜਾਬ ਦੇ ਬਚੇ ਹੋਏ ਕੰਧ-ਚਿੱਤਰਾਂ ਵਿੱਚੋਂ ਇੱਕ ਹਨ, ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ। ਖ਼ਾਸ ਤੌਰ ਤੇ ਮਾਲਵੇ ਦੇ ਖੇਤਰ ਵਿੱਚ ਬਣਾਏ ਗਏ ਕੰਧ-ਚਿੱਤਰਾਂ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਚਿੱਤਰ ਕਿਸੇ ਇਮਾਰਤ ਵਿੱਚ ਨਹੀਂ ਮਿਲਦੇ, ਇਸ ਲਈ ਵੀ ਇਹਨਾਂ ਦੀ ਖ਼ਾਸ ਮਹੱਤਤਾ ਹੈ।

ਖੋਜ ਅਧਿਐਨ ਦੋਰਾਨ ਜੋ ਖ਼ਾਸ ਨਤੀਜੇ ਸਾਹਮਣੇ ਆਏ ਹਨ, ਉਹ ਇਸ ਪ੍ਰਕਾਰ ਹਨ।

**ਵਿਸ਼ਾ-ਵਸਤੂ:** ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਆਪਣੇ ਵਿਸ਼ਾ-ਵਸਤੂ ਕਾਰਨ ਵੀ ਬਾਕੀ ਸਥਾਨਾਂ ਨਾਲੋਂ ਵਿਲੱਖਣ ਹਨ। ਇਹਨਾਂ ਕੰਧ-ਚਿੱਤਰਾਂ ਵਿੱਚ ਪੰਜਾਬੀ ਸਭਿਆਚਾਰ ਦੇ ਮੁੱਖ ਵਿਸ਼ੇ, ਹਿੰਦੂ ਮਿਥਿਹਾਸਕ ਵਿਸ਼ੇ, ਪ੍ਰੇਮ ਗਾਥਾਵਾਂ, ਸਿੱਖ ਗੁਰੂ ਸਾਹਿਬਾਨ, ਮੁੱਖ ਸਰਦਾਰ ਦਰਬਾਰੀ, ਨਿਹੰਗਾਂ ਆਦਿ ਦੇ ਚਿੱਤਰ ਚਿੱਤਰੇ ਗਏ ਹਨ। ਇਸ ਤਰ੍ਹਾਂ ਇਹਨਾਂ ਨੂੰ ਅਸੀਂ ਪੰਜਾਬੀ ਸਭਿਆਚਾਰ ਦਾ ਦਰਪਣ ਕਹਿ ਸਕਦੇ ਹਾਂ। ਸਿੱਖ ਧਾਰਮਿਕ ਸਥਾਨ ਵਿਖੇ ਹਿੰਦੂ ਧਾਰਮਿਕ ਵਿਸ਼ੇ ਦੇ ਚਿੱਤਰਾਂ ਨੂੰ ਖ਼ਾਸ ਸਥਾਨ ਦੇਣਾ ਆਪਣੇ ਆਪ ਵਿੱਚ ਬਹੁਤ ਮਹੱਤਵਪੂਰਨ ਗੱਲ ਹੈ, ਜੋ ਹੋਰ ਕਿਤੇ ਵੀ ਵੇਖਣ ਨੂੰ ਨਹੀਂ ਮਿਲਦੀ, ਕਿਉਂਕਿ ਹਿੰਦੂ ਅਤੇ ਸਿੱਖ ਵਿਸ਼ੇ ਬੇਸ਼ੱਕ ਕਈਆਂ ਥਾਵਾਂ ਤੇ ਚਿੱਤਰੇ ਗਏ ਹਨ ਪਰੰਤੂ ਸਿੱਖ ਧਾਰਮਿਕ ਸਥਾਨ ਤੇ ਹਿੰਦੂ-ਚਿੱਤਰਨ ਬਹੁਤ ਘੱਟ ਹੀ ਮਿਲਦਾ ਹੈ।

ਗੁਰਦੁਆਰਾ ਪੋਥੀਮਾਲਾ ਵਿਖੇ ਸਾਨੂੰ ਕੁੱਝ ਦੁਰਲੱਭ ਕੰਧ-ਚਿੱਤਰ ਮਿਲਦੇ ਹਨ ਜੋ ਹੋਰ ਕਿਤੇ ਨਹੀਂ ਮਿਲਦੇ। ਦਸਾਂ ਗੁਰੂ ਸਾਹਿਬਾਨ ਦਾ ਚਿੱਤਰਨ ਬੇਸ਼ੱਕ ਹੋਰ ਵੀ ਸਥਾਨਾਂ ਤੇ ਕੀਤਾ ਗਿਆ ਹੈ ਪਰੰਤੂ ਗੁਰਦੁਆਰਾ ਪੋਥੀਮਾਲਾ ਵਿੱਚ ਜ਼ਿਆਦਾਤਰ ਗੁਰੂਆਂ ਨੂੰ ਘੋੜੇ ਤੇ ਸਵਾਰ ਦਰਸਾਇਆ ਗਿਆ ਹੈ। ਇਹਨਾਂ ਕੰਧ-ਚਿੱਤਰਾਂ ਵਿੱਚ ਬਾਬਾ ਬੁੱਢਾ ਜੀ ਦਾ ਚਿੱਤਰ ਵੀ ਮਿਲਦਾ ਹੈ, ਜਿਸ ਵਿੱਚ ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਤੋਂ ਵਰ ਲੈਣ ਦਾ ਦ੍ਰਿਸ਼ ਚਿੱਤਰਤ ਹੈ। ਇਸੇ ਸੰਯੋਜਨ ਵਿੱਚ ਇਸ ਵਿਸ਼ੇ ਨੂੰ ਬਾਅਦ ਵਿੱਚ ਕਲੰਡਰਾਂ ਵਿੱਚ ਵੀ ਚਿੱਤਰਿਆ ਗਿਆ ਹੈ (ਚਿੱਤਰ 201)। ਇੱਕ ਹੋਰ ਦੁਰਲੱਭ ਚਿੱਤਰ ਜੋ ਗੁਰੂ ਹਰਿਗੋਬਿੰਦ ਜੀ ਬਾਰੇ ਹੈ, ਛਾਪਿਆ ਜਿਸ ਵਿੱਚ ਮਾਈ ਸੁਲੱਖਣੀ ਜੀ ਨੂੰ ਆਸ਼ਿਰਵਾਦ ਦੇ ਰਹੇ ਹਨ, ਜੋ ਕਿ ਅੱਜ ਕਾਫ਼ੀ ਹੱਦ ਤੱਕ ਨਸ਼ਟ ਹੋ ਚੁੱਕਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਚਾਰੋ ਸਾਹਿਬਜ਼ਾਦੇ, ਨਿਹੰਗਾਂ ਅਤੇ ਸਿੱਖ ਸਰਦਾਰਾਂ ਦੇ ਵਿਅਕਤੀ-ਚਿੱਤਰ ਵੀ ਹਨ, ਜੋ ਬਹੁਤ ਦੁਰਲੱਭ ਹਨ।

**ਵਿਵਾਦਤ ਵਿਸ਼ਾ:** ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਸੋਢੀ ਪ੍ਰਿਥੀਚੰਦ ਨਾਲ ਸੰਬੰਧਤ ਇਸ ਅਸਥਾਨ 'ਤੇ ਸਿੱਖ ਗੁਰੂਆਂ ਦੇ ਚਿੱਤਰਾਂ ਦੇ ਨਾਲ ਹੀ, ਸੋਢੀ ਪ੍ਰਿਥੀਚੰਦ, ਸੋਢੀ ਮਹਾਂਦੇਵ ਅਤੇ ਸੋਢੀ ਮਿਹਰਬਾਨ ਨੂੰ ਵੀ 'ਗੁਰੂ' ਰੂਪ ਵਿੱਚ ਚਿੱਤਰਿਆ ਹੈ, ਜੋ ਕਿ ਬੇਸ਼ੱਕ ਇੱਕ ਵਿਵਾਦਤ ਵਿਸ਼ਾ ਹੈ। ਅਜਿਹੇ ਚਿੱਤਰ ਹੋਰ ਕਿਤੇ ਵੇਖਣ ਵਿੱਚ ਨਹੀਂ ਆਏ। ਜਿਸ ਦਾ ਕਾਰਨ ਸਪਸ਼ਟ ਹੈ ਕਿ ਚਿੱਤਰਕਾਰਾਂ ਨੇ ਸੰਬੰਧਤ ਪਰਿਵਾਰ ਦੀ ਰਹਿਨੁਮਾਈ ਅਤੇ ਸਰਪ੍ਰਸਤੀ ਹੇਠ ਹੀ ਕਾਰਜ ਕੀਤਾ। ਇਹਨਾਂ ਚਿੱਤਰਾਂ ਕਰਕੇ ਵੀ ਗੁਰਦੁਆਰਾ ਪੋਥੀਮਾਲਾ ਦੀ ਵੱਖਰੀ ਪਹਿਚਾਨ ਹੈ।

**ਹਿੰਦੂ ਪ੍ਰਭਾਵ:** ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਹਿੰਦੂ ਮਿਥਿਹਾਸ ਦਾ ਪ੍ਰਭਾਵ ਵੀ ਦਰਸਾਉਂਦੇ ਹਨ। ਸੋਢੀ ਮਿਹਰਬਾਨ ਦੀ ਰਚਨਾ 'ਸੁਖਮਨੀ ਸਹੰਸ੍ਰਨਾਮਾ' ਵਿੱਚ ਹਿੰਦੂ ਅਵਤਾਰਾਂ ਬਾਰੇ, ਉਹਨਾਂ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਦਰਸਾਈਆਂ ਗਈਆਂ ਹਨ। ਇਸ ਰਚਨਾ ਵਿੱਚ ਵਿਸ਼ਨੂੰ ਦੇ ਸਾਰੇ ਅਵਤਾਰਾਂ ਬਾਰੇ ਬਿਆਨ ਕੀਤਾ ਹੋਇਆ ਹੈ। ਇਹ ਕਹਿਣਾ ਗਲਤ ਨਹੀਂ ਕਿ ਚਿੱਤਰਕਾਰ ਨੇ ਮਿਹਰਬਾਨ ਜੀ ਦੀ ਬਾਣੀ ਸੁਖਮਨੀ ਸਹੰਸ੍ਰਨਾਮਾ ਨੂੰ ਆਧਾਰ ਮੰਨ ਕੇ ਕੰਧ-ਚਿੱਤਰਕਾਰੀ ਕੀਤੀ ਹੈ। ਇਹਨਾਂ ਚਿੱਤਰਾਂ ਨੂੰ ਵੇਖਕੇ ਸਾਫ਼ ਜ਼ਾਹਿਰ ਹੁੰਦਾ ਹੈ ਕਿ ਇਸ ਸੰਪ੍ਰਦਾਇ 'ਤੇ ਹਿੰਦੂ ਪੌਰਾਣਕ ਗ੍ਰੰਥਾਂ ਦਾ ਕਾਫ਼ੀ ਪ੍ਰਭਾਵ

ਸੀ। ਇਸ ਲਈ ਵਿਸ਼ਨੂੰ ਦੇ ਪ੍ਰਮੁੱਖ ਅਵਤਾਰਾਂ, ਸ਼੍ਰੀ ਕ੍ਰਿਸ਼ਨ ਅਤੇ ਸ਼੍ਰੀ ਰਾਮਚੰਦਰ ਦੇ ਚਿੱਤਰ ਵੱਡੀ ਗਿਣਤੀ ਵਿੱਚ ਬਣੇ ਹੋਏ ਹਨ।

**ਕੰਧ-ਚਿੱਤਰਾਂ ਦਾ ਸਮਾਂ:** ਪੰਜਾਬ ਦੇ ਕੰਧ-ਚਿੱਤਰਾਂ ਨੂੰ ਕਾਲ ਅਨੁਸਾਰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। 18ਵੀਂ ਸਦੀ ਦੇ ਕੰਧ-ਚਿੱਤਰ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੋਈ ਕੰਧ-ਚਿੱਤਰਕਲਾ ਅਤੇ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਦੇ ਕੰਧ-ਚਿੱਤਰ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੇ ਹਨ, ਇਹ ਚਿੱਤਰਕਾਰੀ 1831 ਤੋਂ 1851 ਈ: ਦੌਰਾਨ ਕੀਤੀ ਗਈ।[1] ਇਸ ਸਮੇਂ ਪੰਜਾਬ ਵਿੱਚ ਕਈ ਹਿੰਦੂ ਚਿੱਤਰਕਾਰ ਪਹਾੜੀ ਇਲਾਕਿਆਂ ਤੋਂ ਆ ਕੇ ਵਸੇ। ਸਿੱਖ ਸਰਪ੍ਰਸਤਾਂ ਹੇਠ ਜਿੱਥੇ ਸਿੱਖ ਵਿਸ਼ਿਆਂ ਨੂੰ ਚਿੱਤਰਿਆ ਉੱਥੇ ਨਾਲ ਹੀ ਇਹਨਾਂ ਚਿੱਤਰਕਾਰਾਂ ਨੇ ਹਿੰਦੂ ਵਿਸ਼ਿਆਂ ਨੂੰ ਵੀ ਕਾਫ਼ੀ ਚਿੱਤਰਿਆ ਜਿਸਦਾ ਪ੍ਰਮਾਣ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਤੋਂ ਸਪਸ਼ਟ ਰੂਪ ਵਿੱਚ ਮਿਲਦਾ ਹੈ।

**ਚਿੱਤਰਕਾਰ:** ਜੇ ਅਸੀਂ ਪੋਥੀਮਾਲਾ ਦੇ ਕੰਧ-ਚਿੱਤਰਾਂ ਦੇ ਚਿੱਤਰਕਾਰ ਦੀ ਗੱਲ ਕਰੀਏ ਤਾਂ ਇਸ ਬਾਰੇ ਸਾਨੂੰ ਠੋਸ ਸਬੂਤ ਨਹੀਂ ਮਿਲਦਾ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ 'ਤੇ ਕਿਸੇ ਚਿੱਤਰਕਾਰ ਦਾ ਨਾਮ ਨਹੀ ਲਿਖਿਆ ਮਿਲਦਾ ਪਰ ਇਹਨਾਂ ਦੇ ਅਧਿਐਨ ਤੋਂ ਅਸੀਂ ਇਸ ਬਾਰੇ ਕੁੱਝ ਅੰਦਾਜ਼ਾ ਜ਼ਰੂਰ ਲੱਗਾ ਸਕਦੇ ਹਾਂ ਕਿ ਇਹ ਕੰਮ ਕਿਸੇ ਇੱਕ ਚਿੱਤਰਕਾਰ ਦਾ ਨਹੀ ਹੈ। ਪੰਜਾਬ ਦੀ ਕੰਧ-ਚਿੱਤਰਕਾਰੀ ਦੇ ਵਿਕਾਸ ਅਤੇ ਨਿਰਮਾਣ ਵਿੱਚ ਪੰਜਾਬ ਦੇ ਨਾਲ ਪੰਜਾਬ ਦੇ ਪਹਾੜੀ ਖੇਤਰ ਦੇ ਚਿੱਤਰਕਾਰਾਂ ਦਾ ਵੀ ਕਾਫ਼ੀ ਯੋਗਦਾਨ ਰਿਹਾ ਪਰ ਪੋਥੀਮਾਲਾ ਦੇ ਕੰਧ-ਚਿੱਤਰ ਕਿਸੇ ਪੰਜਾਬੀ ਚਿੱਤਰਕਾਰਾਂ ਦੇ ਬਣਾਏ ਲੱਗਦੇ ਹਨ ਕਿਉਂਕਿ ਇਹਨਾਂ ਚਿੱਤਰਾਂ ਉੱਪਰ ਪਾਤਰਾਂ ਦੇ ਨਾਮ ਅਤੇ ਘਟਨਾ ਬਾਰੇ ਗੁਰਮੁਖੀ ਲਿਪੀ ਵਿੱਚ ਲਿਖਿਆ ਗਿਆ ਹੈ। ਚਿੱਤਰਾਂ ਵਿੱਚ 'ਸ਼' ਦੀ ਥਾਂ ਤੇ 'ਛ' ਵਰਤਿਆ ਗਿਆ ਹੈ। ਇਸ ਲਿਖਾਵਟ ਤੋਂ ਮਲਵਈ ਭਾਸ਼ਾ ਦੀ ਝਲਕ ਨਜ਼ਰ ਆਉਂਦੀ ਹੈ। ਇਸ ਕਾਰਨ ਇਹੋ ਲੱਗਦਾ ਹੈ ਕਿਉਂਕਿ ਇਹ ਇਮਾਰਤ ਮਾਲਵੇ ਦੇ ਇਲਾਕੇ ਵਿੱਚ ਹੈ 'ਤੇ ਸੰਭਵਤਾ ਚਿੱਤਰਕਾਰ ਵੀ ਮਾਲਵੇ ਦਾ ਹੀ ਹੋਵੇਗਾ। ਚਿੱਤਰਕਾਰ ਨੇ ਚਿੱਤਰ ਬਣਾਉਣ ਲਈ ਕੰਧਾਂ ਨੂੰ ਖ਼ੂਬਸੂਰਤੀ ਨਾਲ ਵਖੋ-ਵੱਖਰੇ ਪੈਨਲਾਂ ਵਿੱਚ ਸਹੀ ਮਾਪ ਵਿੱਚ ਵੰਡ ਕੇ ਚਿੱਤਰਿਆ ਹੈ। ਤਿੰਨ ਚਿੱਤਰ ਜੋ ਕਿ

1 ਪੱਤਰ ਵਿੱਚ ਇਹਨਾਂ ਦਾ ਸਮਾਂ 1831 ਤੋਂ 1851 ਦੱਸਿਆ ਗਿਆ ਹੈ।

ਬਹੁਤ ਹੀ ਵੱਡੇ ਆਕਾਰ ਵਿੱਚ ਚਿੱਤਰੇ ਗਏ ਹਨ, ਉਸਦੇ ਵਿਪਰੀਤ ਛੱਤਾਂ ਦੀਆਂ ਨੁੱਕਰਾਂ ਉੱਪਰ ਬਹੁਤ ਹੀ ਛੋਟੇ ਆਕਾਰ ਵਿੱਚ ਭਗਤਾਂ ਦੇ ਚਿੱਤਰਨ ਦਾ ਬਹੁਤ ਅਦਭੁਤ ਕੰਮ ਹੈ। ਚਿੱਤਰਕਾਰ ਨੇ ਹਰ ਪੱਖ ਤੋਂ ਆਪਣੀ ਕਾਰੀਗਰੀ ਅਤੇ ਨਿਪੁੰਨਤਾ ਦਰਸਾਉਣ ਦਾ ਯਤਨ ਕੀਤਾ ਹੈ ਅਤੇ ਉਹ ਸਫ਼ਲ ਵੀ ਹੋਇਆ ਹੈ।

**ਸ਼ੈਲੀ:** ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦਾ ਵਿਸ਼ਾ, ਚਿੱਤਰਨ ਕਾਲ ਜਿੱਥੇ ਪੰਜਾਬ ਦੇ ਹੋਰਨਾਂ ਕੰਧ-ਚਿੱਤਰਾਂ ਤੋਂ ਕੁਝ ਵੱਖ ਹੈ, ਉੱਥੇ ਇਸ ਦੀ ਚਿੱਤਰਨ ਸ਼ੈਲੀ ਵਿੱਚ ਵੀ ਕੱਝ ਭਿੰਨਤਾ ਹੈ। ਇਹ ਕੰਧ-ਚਿੱਤਰ 18ਵੀਂ ਸ਼ਤਾਬਦੀ ਦੇ ਪੰਜਾਬ ਵਿੱਚ ਪ੍ਰਚਲਿਤ ਇੱਕ ਅਵਿਕਸਿਤ ਕੰਧ-ਚਿੱਤਰਨ ਸ਼ੈਲੀ ਦਾ ਇੱਕ ਵਿਕਸਿਤ ਰੂਪ ਸੀ ਜਿਸ ਵਿੱਚ ਪੰਜਾਬ ਦੀਆਂ ਪਹਾੜੀ ਰਿਆਸਤਾਂ ਅਤੇ ਰਾਜਸਥਾਨੀ ਇਲਾਕਿਆਂ ਦੀ ਚਿੱਤਰਨ ਸ਼ੈਲੀ ਦੇ ਤੱਤਾਂ ਦਾ ਸੁਮੇਲ ਹੁੰਦਾ ਰਹਿੰਦਾ ਸੀ।[2] ਵੈਸੇ ਪੰਜਾਬ ਦੇ ਕੰਧ-ਚਿੱਤਰਾਂ ਦੀ ਸ਼ੈਲੀ ਕਾਫ਼ੀ ਹੱਦ ਤੱਕ ਇਕੋ ਜਿਹੀ ਹੀ ਹੈ ਪਰ ਫਿਰ ਵੀ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਇਹਨਾਂ ਉਪਰੋਕਤ ਸਥਾਨਾਂ ਦੀ ਸ਼ੈਲੀ ਤੋਂ ਭਿੰਨ ਹਨ। ਇਹਨਾਂ ਵਿੱਚ ਕਿਤੇ-ਕਿਤੇ ਵਿਦੇਸ਼ੀ ਪ੍ਰਭਾਵ ਦੀ ਝਲਕ ਵੀ ਪੈਂਦੀ ਹੈ ਜਿਵੇਂ ਕਿ ਡਾਟਾਂ ਉਪਰ ਸਜਾਵਟੀ ਆਲੇਖਨਾਂ ਵਿੱਚ ਬਣਾਈਆ ਪਰੀਆਂ ਦਾ ਚਿੱਤਰਨ ਇਹਨਾਂ ਦੀ ਵੇਸ਼ਭੂਸ਼ਾ ਤੋਂ ਵਿਦੇਸ਼ੀ ਪ੍ਰਭਾਵ ਸਾਫ਼ ਝਲਕਦਾ ਹੈ। ਜਦ ਕਿ ਅਖਾੜਾ ਚਿੱਟਾ, ਸਮਾਧ ਮਾਈ ਕੌਲਾਂ, ਗੁਰਦਾਸਪੁਰ ਦੇ ਪਿੰਡ ਘੁਮਾਣ ਆਦਿ ਦੇ ਚਿੱਤਰ ਲੋਕ-ਕਲਾ ਦੇ ਨੇੜੇ ਹਨ ਅਤੇ ਬਾਬਾ ਅਟੱਲ ਰਾਏ ਜੀ ਦੇ ਕੰਧ-ਚਿੱਤਰਾਂ ’ਤੇ ਵੀ ਗੁਰਦੁਆਰਾ ਪੋਥੀਮਾਲਾ ਵਾਂਗ ਪੱਛਮੀ ਪ੍ਰਭਾਵ ਜ਼ਿਆਦਾ ਝਲਕਦਾ ਹੈ।

**ਰਾਜਨੀਤਿਕ ਉਥੱਲ-ਪੁਥੱਲ:** ਪੰਜਾਬ ਦੀ ਰਾਜਨੀਤਿਕ ਉੱਥਲ ਪੁਥੱਲ ਕਾਰਨ ਅਰਥ-ਵਿਵਸਥਾ ਸਥਿਰ ਨਾ ਹੋਣ ਕਾਰਨ ਕਲਾ ਦਾ ਬਹੁਤ ਸਾਰਾ ਹਿੱਸਾ ਨਸ਼ਟ ਹੋ ਗਿਆ ਹੈ ਪਰ ਫਿਰ ਵੀ ਅੱਜ ਸਾਡੇ ਕੋਲ ਕਲਾ ਦੇ ਜੋ ਵੀ ਅੰਸ਼ ਬਚੇ ਹਨ ਉਹ ਪਾਰੰਪਰਿਕ ਚਿੱਤਰਕਲਾ ਦੀ ਦਾਸਤਾਂ ਸੁਣਾਉਂਦੇ ਹਨ। ਗੁਰਦੁਆਰਾ ਪੋਥੀਮਾਲਾ ਦੀ ਤਰ੍ਹਾਂ ਹੋਰ ਵੀ ਕਈ ਅਜਿਹੀਆਂ ਇਮਾਰਤਾਂ ਹਨ ਜਿਨ੍ਹਾਂ ਵਿੱਚ ਕੰਧ-ਚਿੱਤਰਕਲਾ ਦੇ ਖ਼ੂਬਸੂਰਤ ਨਮੂਨੇ ਚਿੱਤਰੇ ਗਏ ਹਨ, ਜੋ ਕਿ ਕਲਾ ਦੇ ਖੇਤਰ ਵਿੱਚ ’ਤੇ ਇਤਿਹਾਸਕ ਤੌਰ ਤੇ ਬਹੁਤ ਮਹੱਤਵ ਰੱਖਦੇ ਹਨ, ਪਰੰਤੂ ਅੱਜ

2 **ਕੰਗ, ਕੰਵਰਜੀਤ ਸਿੰਘ (ਡਾ.)**, (1988), *ਪੰਜਾਬ ਦੇ ਕੰਧ ਚਿੱਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ-53.

ਇਹਨਾਂ ਇਮਾਰਤਾਂ ਦੀ ਕੋਈ ਦੇਖਭਾਲ ਨਾ ਹੋਣ ਕਾਰਨ ਇਹ ਕਲਾ ਦਾ ਬਹੁਮੁੱਲਾ ਖ਼ਜ਼ਾਨਾ ਸਮਾਪਤ ਹੋਣ ਦੀ ਕਗਾਰ 'ਤੇ ਖੜ੍ਹਾ ਹੈ।

**ਕੰਧ-ਚਿੱਤਰਾਂ ਦੀ ਸਾਂਭ ਸੰਭਾਲ:** ਗੁਰਦੁਆਰਾ ਪੋਥੀਮਾਲਾ ਇਮਾਰਤ ਵਿੱਚ ਬਣੇ ਇਹਨਾਂ ਕੰਧ-ਚਿੱਤਰਾਂ ਨੂੰ ਸੰਭਾਲਣ ਲਈ ਬੇਸ਼ੱਕ ਮੌਜੂਦਾ ਪਰਿਵਾਰ ਕਾਫ਼ੀ ਯਤਨ ਕਰ ਰਹੇ ਹਨ। ਮੌਜੂਦਾ ਗੱਦੀ ਨਸ਼ੀਨ ਸੋਢੀ ਯੁਵਰਾਜ ਸਿੰਘ ਅਤੇ ਉਨ੍ਹਾਂ ਦੇ ਮਾਤਾ ਸ੍ਰੀਮਤੀ ਹਰਜਿੰਦਰ ਕੌਰ ਜੀ ਸੋਢੀ ਇਸ ਕੀਮਤੀ ਅਤੇ ਬਹੁਮੁੱਲੇ ਖ਼ਜ਼ਾਨੇ ਨੂੰ ਬਚਾਉਣ ਲਈ ਬਹੁਤ ਵਾਰ ਸਰਕਾਰ ਅਤੇ ਪੁਰਾਤੱਤਵ ਵਿਭਾਗ ਨੂੰ ਚਿੱਠੀਆਂ ਰਾਹੀਂ ਅਤੇ ਖ਼ੁਦ ਜਾ ਕੇ ਸੰਪਰਕ ਕਰ ਚੁੱਕੇ ਹਨ, ਜਿਸ ਦਾ ਪ੍ਰਮਾਣ ਉਨ੍ਹਾਂ ਕੋਲ 1980 ਈ: ਦੇ ਦਹਾਕਿਆਂ ਵਿੱਚ ਪੋਥੀਮਾਲਾ ਵਿਖੇ ਕਈ ਸਕਾਲਰਾਂ ਵਲੋਂ ਕੀਤੇ ਅਧਿਐਨ ਅਤੇ ਇਹਨਾਂ ਚਿੱਤਰਾਂ ਦੇ ਮਹੱਤਵਪੂਰਨ ਹੋਣ ਸੰਬੰਧੀ ਚਿੱਠੀਆਂ ਮੌਜੂਦ ਹਨ। ਇਸ ਸਭ ਕਾਸੇ ਦੇ ਬਾਵਜੂਦ ਇਸ ਧਰੋਹਰ ਨੂੰ ਸੰਭਾਲਣ ਲਈ ਅੱਜ ਤੱਕ ਕੋਈ ਠੋਸ ਕਦਮ ਨਹੀਂ ਚੁੱਕਿਆ ਜਾ ਸਕਿਆ। ਖੋਜ-ਕਾਰਜ ਲਈ ਇਸ ਇਮਾਰਤ ਦਾ ਚੋਣ ਕਰਨ ਵਿੱਚ ਮੇਰਾ ਉਦੇਸ਼ ਇਹੀ ਸੀ ਕਿ ਕਲਾ ਦੇ ਇਸ ਵੱਡਮੁੱਲੇ ਖ਼ਜ਼ਾਨੇ ਨੂੰ ਗੁਮਨਾਮੀ ਦੇ ਹਨੇਰੇ ਵਿੱਚ ਕੱਢ ਕੇ ਸਾਹਮਣੇ ਲੈ ਕੇ ਆਉਣਾ, ਤਾਂ ਜੋ ਇਸ ਵੱਲ ਗੰਭੀਰਤਾ ਪੂਰਵਕ ਧਿਆਨ ਦਿੱਤਾ ਜਾ ਸਕੇ। ਇਸ ਲਈ ਵੀਡੀਓਗ੍ਰਾਫ਼ੀ ਅਤੇ ਸਲਾਈਡਾਂ ਆਦਿ ਦੀ ਸਹਾਇਤਾ ਲਈ ਜਾ ਸਕਦੀ ਹੈ ਅਤੇ ਇਹ ਉਪਰਾਲੇ ਇਸ ਅਦਭੁੱਤ ਕਲਾ ਅਤੇ ਸੰਸਕ੍ਰਿਤੀ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ। ਪੰਜਾਬ ਦੇ ਕੰਧ-ਚਿੱਤਰਾਂ ਵਿੱਚ ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰ ਇਤਿਹਾਸਕ ਅਤੇ ਧਾਰਮਿਕ ਹੋਣ ਕਾਰਨ ਵਿਸ਼ੇਸ਼ ਮਹੱਤਵ ਰੱਖਦੇ ਹਨ।

**ਕੰਧ-ਚਿੱਤਰਾਂ ਦੀ ਸੁਰੱਖਿਆ ਲਈ ਸੁਝਾਅ:** ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਨੂੰ ਸੁਰੱਖਿਅਤ ਰੱਖਣ ਤੇ ਇਹਨਾਂ ਦਾ ਮਹੱਤਵ ਦੁਨੀਆ ਨੂੰ ਦੱਸਣ ਲਈ ਭਾਰਤ ਜਾਂ ਪੰਜਾਬ ਸਰਕਾਰ ਨੂੰ ਸੰਜੀਦਾ ਉੱਦਮ ਕਰਨਾ ਚਾਹੀਦਾ ਹੈ, ਨਹੀਂ ਤਾਂ ਇਹ ਕਲਾ ਦਾ ਵੱਡਮੁੱਲਾ ਖ਼ਜ਼ਾਨਾ ਸਮੇਂ ਦੇ ਪ੍ਰਭਾਵ ਨਾਲ ਸਮਾਂ ਪਾ ਕੇ ਨਸ਼ਟ ਹੋ ਜਾਵੇਗਾ। ਖੋਜ ਕਾਰਜ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਗੁਰੂ ਹਰਸਹਾਇ, ਫ਼ਿਰੋਜ਼ਪੁਰ ਦੇ ਇਸ ਅਸਥਾਨ, ਗੁਰਦੁਆਰਾ ਪੋਥੀਮਾਲਾ ਵਿੱਚ ਬਣੇ ਕੰਧ-ਚਿੱਤਰ ਆਪਣੇ ਸਮੇਂ ਦੀ ਬਹੁਤ ਖ਼ੂਬਸੂਰਤ ਉਦਾਹਰਣ ਰਹੇ ਹੋਣਗੇ। ਅੱਜ ਵਰਤਮਾਨ ਸਮੇਂ ਵਿੱਚ ਇਸ ਸਥਾਨ ਦੇ ਕੰਧ-ਚਿੱਤਰਾਂ ਦੀ ਹਾਲਤ ਬਹੁਤ ਤਰਸਯੋਗ ਹੈ। ਇਹਨਾਂ ਚਿੱਤਰਾਂ ਦੀ ਵਰਤਮਾਨ ਹਾਲਤ ਵੇਖਕੇ ਬਹੁਤ ਦੁੱਖ

ਹੁੰਦਾ ਹੈ ਕਿ ਇਹ ਕੰਧ-ਚਿੱਤਰਾਂ ਦੀ ਅਨਮੋਲ ਧਰੋਹਰ ਦਿਨ ਪ੍ਰਤੀ ਦਿਨ ਅਲੋਪ ਹੁੰਦੀ ਜਾ ਰਹੀ ਹੈ। ਖੋਜ ਕਾਰਜ ਦੇ ਆਰੰਭ ਤੋਂ ਅੰਤ ਤੱਕ ਕੁੱਝ ਸਾਲਾਂ ਵਿੱਚ ਹੀ ਬਹੁਤ ਸਾਰੇ ਅਜਿਹੇ ਚਿੱਤਰ ਹਨ ਜੋ ਬਿਲਕੁਲ ਹੀ ਅਲੋਪ ਹੋ ਗਏ ਹਨ। ਵਰਤਮਾਨ ਸਰਕਾਰ ਦਾ ਅਜੇ ਤੱਕ ਵੀ ਇਸ ਕਲਾ ਪ੍ਰਤੀ ਜਾਗਰੂਕ ਨਾ ਹੋਣਾ ਇਸ ਗੱਲ ਦਾ ਪ੍ਰਗਟਾਵਾ ਕਰਦਾ ਹੈ ਕਿ ਜਿਨ੍ਹਾਂ ਕੰਧ-ਚਿੱਤਰਾਂ ਦੇ ਨਿਰਮਾਣ, ਸਿਰਜਣਾ ਲਈ ਧਨ ਦਾ ਪ੍ਰਯੋਗ ਹੋਇਆ ਅਤੇ ਜਿੰਨਾਂ ਸਮਾਂ ਇਹਨਾਂ ਨੂੰ ਬਣਾਉਣ ਵਿੱਚ ਲੱਗਾ ਹੋਵੇਗਾ, ਇਸ ਗੱਲ ਦਾ ਅਨੁਮਾਨ ਲਗਾਉਣਾ ਵੀ ਕਠੀਨ ਹੈ। ਆਧੁਨਿਕ ਯੁੱਗ ਵਿੱਚ ਇਸ ਕੰਧ-ਚਿੱਤਰਕਲਾ ਨੂੰ ਬਣਦਾ ਸਨਮਾਨ ਵੀ ਨਹੀਂ ਮਿਲ ਰਿਹਾ। ਗੁਰਦੁਆਰਾ ਪੋਥੀਮਾਲਾ ਦੇ ਕੰਧ-ਚਿੱਤਰਾਂ ਦੀ ਜਿੱਥੇ ਹਾਲਤ ਵਿਗੜਦੀ ਜਾ ਰਹੀ ਹੈ ਉੱਥੇ ਇਸ ਦੇ ਨਾਲ ਲਗਦਾ ਕਿਲ੍ਹਾ ਬਿਲਕੁਲ ਹੀ ਢਹਿ ਚੁੱਕਾ ਹੈ, ਜਿਸ ਵਿੱਚ ਵੀ ਕੰਧ-ਚਿੱਤਰ ਹੋਣ ਦੇ ਅੰਸ਼ ਮਿਲੇ ਹਨ। ਇਸ ਖੋਜ-ਪ੍ਰਬੰਧ ਦੇ ਸੰਪੂਰਨ ਲਿਖੇ ਜਾਣ ਤੱਕ ਕਈ ਚਿੱਤਰ ਕਾਫ਼ੀ ਹੱਦ ਤੱਕ ਖ਼ਰਾਬ ਹੋ ਗਏ ਹਨ। ਬੇਸ਼ੱਕ, ਇਸ ਧਰੋਹਰ ਨੂੰ ਬਚਾਉਣ ਦੀ ਕੋਸ਼ਿਸ਼ ਮੋਜੂਦਾ ਪਰਿਵਾਰ ਵੀ ਕਰ ਰਿਹਾ ਹੈ। ਇਹਨਾਂ ਚਿੱਤਰਾਂ ਦਾ ਵਿਸ਼ਾ ਬਹੁਤ ਵਿਸ਼ਾਲ ਹੈ। ਕਲਾ ਦਾ ਉਦੇਸ਼ ਸੀਮਿਤ ਨਹੀਂ ਹੁੰਦਾ। ਇਸ ਦੇ ਵਿਭਿੰਨ ਵਿਸ਼ੇ ਭਵਿੱਖ ਵਿੱਚ ਖੋਜਾਰਥੀਆਂ ਲਈ ਖੋਜ ਸੰਬੰਧੀ ਕਾਰਜ ਲਈ ਸਹਾਇਕ ਸਿੱਧ ਹੋਣਗੇ। ਸੋ, ਇਹਨਾਂ ਦੀ ਸੁਰੱਖਿਆ ਬਹੁਤ ਜ਼ਰੂਰੀ ਹੈ। ਇਹਨਾਂ ਚਿੱਤਰਾਂ ਦੀ ਸੁਰੱਖਿਆ ਦਾ ਫਰਜ਼ ਸਮਾਜ, ਵਿਸ਼ਵਵਿੱਦਿਆਲਿਆਂ ਦੇ ਖੋਜ ਕੇਂਦਰਾਂ ਦਾ ਤਾਂ ਹੈ ਹੀ, ਪਰ ਨਾਲ ਹੀ ਰਾਜ ਸਰਕਾਰ ਦਾ ਵੀ ਅਹਿਮ ਫਰਜ਼ ਬਣਦਾ ਹੈ। ਇਹਨਾਂ ਕੰਧ-ਚਿੱਤਰਾਂ ਦੀ ਸੁਰੱਖਿਆ ਲਈ ਕੁੱਝ ਉਪਾਅ ਨਿਮਨ ਦਰਜ ਸੁਝਾਅ ਅਨੁਸਾਰ ਵੀ ਸੰਭਵ ਹਨ :-

1. ਸਭ ਤੋਂ ਪਹਿਲਾਂ ਤਾਂ ਰਾਜ ਸਰਕਾਰ ਨੂੰ ਇਹਨਾਂ ਚਿੱਤਰਾਂ ਦੀ ਪ੍ਰਤੀਆਂ ਬਣਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਇਹ ਕੰਮ ਜਲਦੀ ਤੋਂ ਜਲਦੀ ਆਰੰਭ ਕਰਨਾ ਚਾਹੀਦਾ ਹੈ।
2. ਰਾਜ ਸਰਕਾਰ ਨੂੰ ਕੰਧ-ਚਿੱਤਰਕਲਾ ਨਾਲ ਸੰਬੰਧਤ ਖੋਜ਼ ਕੇਂਦਰਾਂ ਦੀ ਸਥਾਪਨਾ ਕਰਨੀ ਚਾਹੀਦੀ ਹੈ, ਜੋ ਕਿ ਕੰਧ-ਚਿੱਤਰਾਂ ਸੰਬੰਧੀ ਬੇਹਤੱਰ ਖੋਜ ਕਰਵਾਉਣ ਦੇ ਨਾਲ-ਨਾਲ ਇਹਨਾਂ ਚਿੱਤਰਾਂ ਦੀ ਸੁਰੱਖਿਆ ਲਈ ਕਦਮ ਚੁੱਕੇ ਜਾਣ ਅਤੇ ਗੁਮਨਾਮੀ ਵਿੱਚ ਜਾ ਚੁੱਕੇ ਹੋਰ ਕਈ ਥਾਵਾਂ ਦੇ ਕੰਧ-ਚਿੱਤਰਾਂ ਨੂੰ ਖੋਜ ਕੇ ਸੰਭਾਲਿਆ ਜਾ ਸਕੇ।

3. ਪੁਰਾਤੱਤਵ ਵਿਭਾਗ ਦੁਆਰਾ ਇਹਨਾਂ ਚਿੱਤਰਤ ਥਾਵਾਂ ਨੂੰ ਆਪਣੇ ਅਧਿਕਾਰ ਹੇਠ ਲੈਣਾ ਚਾਹੀਦਾ ਹੈ ਤਾਂ ਜੋ ਇਹਨਾਂ ਸਥਾਨਾਂ ਦਾ ਸਮੁੱਚਾ ਰੱਖ-ਰਖਾਵ ਕੀਤਾ ਜਾ ਸਕੇ।
4. ਕਈ ਅਜਿਹੀਆਂ ਥਾਵਾਂ ਵੀ ਹਨ ਜਿਨ੍ਹਾਂ ਨੂੰ ਆਪਣੇ ਅਧਿਕਾਰ ਵਿੱਚ ਲੈਣਾ ਸੰਭਵ ਨਹੀਂ ਹੈ ਕਿਉਂਕਿ ਉਹ ਖੰਡਰ ਬਣਦੇ ਜਾ ਰਹੇ ਹਨ। ਅਜਿਹੇ ਸਥਾਨਾਂ ਦੇ ਕੰਧ-ਚਿੱਤਰਾਂ ਨੂੰ ਉੱਥੋਂ ਚੁਕਵਾ ਕੇ ਅਜਾਇਬ ਘਰ ਵਿੱਚ ਸੁਰੱਖਿਅਤ ਰੱਖਿਆ ਜਾ ਸਕਦਾ ਹੈ ਜਿਵੇਂ ਕਿ ਗੁਰਦੁਆਰਾ ਪੋਥੀਮਾਲਾ ਦਾ ਇੱਕ ਪੈਨਲ ਪੁਰਾਤੱਤਵ ਵਿਭਾਗ ਨਵੀਂ ਦਿੱਲੀ ਵਿਖੇ ਸੁਰੱਖਿਅਤ ਰੱਖਿਆ ਗਿਆ ਹੈ ਅਤੇ ਇਸ ਇਮਾਰਤ ਨੂੰ ਵੀ ਆਪਣੇ ਅਧੀਨ ਲੈ ਲਿਆ ਗਿਆ ਹੈ।

# ਚਿੱਤਰਾਂ ਦੀ ਸੂਚੀ

## ਚਿੱਤਰ-ਸੂਚੀ

1. ਗੁਰਦੁਆਰਾ ਪੋਥੀਮਾਲਾ ਇਮਾਰਤ ਦੀ ਨਵੀਂ ਦਿੱਖ।
2. ਗੁਰਦੁਆਰਾ ਪੋਥੀਮਾਲਾ ਦੀ ਇਮਾਰਤ ਦੀ ਪੁਰਾਣੀ ਦਿੱਖ।
3. ਬਾਬਾ ਪ੍ਰਿਥੀਚੰਦ ਜੀ।
4. ਬਾਬਾ ਮਿਹਰਬਾਨ ਸੋਢੀ।
5. ਬਾਬਾ ਮਹਾਂਦੇਵ ਸੋਢੀ।
6. ਗੁਰਦੁਆਰਾ ਪੋਥੀਮਾਲਾ ਦਾ ਗੁੰਬਦ।
7. ਚਿੱਤਰਤ ਕਮਰੇ ਵਿੱਚ ਬਣੇ ਛੋਟੇ ਕਮਰੇ ਅੰਦਰ ਬਣੇ ਗੁੰਬਦ ਦਾ ਦ੍ਰਿਸ਼।
8. ਪੋਰਚ ਵਿਚਲੀ ਸਜਾਵਟੀ ਛੱਤ।
9. ਚਿੱਤਰਤ ਕਮਰੇ ਵਿੱਚ ਸਜਾਵਟੀ ਛੱਤਾਂ ਵਿਚੋਂ ਇੱਕ ਛੱਤ।
10. ਛੱਤਾਂ ਉੱਪਰ ਕੀਤੀ ਗਈ ਚਿੱਤਰਕਾਰੀ।
11. ਇਮਾਰਤ ਅੰਦਰਲੀ ਖ਼ੂਬਸੂਰਤ ਲੱਕੜ ਦੀ ਛੱਤ ਜਿਸ ਦੀਆਂ ਟਾਈਲਾਂ ਨੂੰ ਫੁੱਲਾਂ ਦੇ ਖ਼ੂਬਸੂਰਤ ਆਲੇਖਨਾਂ ਨਾਲ ਸਜਾਇਆ ਗਿਆ ਹੈ।
12. ਛੱਤ ਦਾ ਇੱਕ ਹੋਰ ਚਿੱਤਰ।
13. ਖਿੜਕੀ ਉੱਪਰ (ਡਾਟਾਂ) ਅਤੇ ਕੰਧ ਤੇ ਕੀਤੀ ਗਈ ਚਿੱਤਰਕਾਰੀ।
14. ਖਿੜਕੀਆਂ 'ਤੇ ਕੀਤਾ ਗਿਆ ਲੱਕੜੀ ਦਾ ਕੰਮ।
15. ਡਾਟ ਦੀ ਚਿੱਤਰਕਾਰੀ।
16. ਡਾਟਾਂ ਉੱਪਰ ਕੀਤੀ ਗਈ ਫੁੱਲਾਂ, ਬੇਲ ਬੂਟਿਆਂ ਦੀ ਚਿੱਤਰਕਾਰੀ।
17. ਮਿਹਰਾਬ ਉੱਪਰ ਬਣਾਏ ਗਏ ਸਿੱਖ ਸਰਦਾਰਾਂ ਦੇ ਲਘੂ ਚਿੱਤਰ ਅਤੇ ਸਜਾਵਟੀ ਆਲੇਖਨ।
18. ਗੁਰਦੁਆਰਾ ਪੋਥੀਮਾਲਾ ਦਾ ਪ੍ਰਵੇਸ਼ ਦੁਆਰਾ ਜਿਸਦੇ ਮੱਥੇ ਉੱਪਰ ਸ੍ਰੀ ਗਣੇਸ਼ ਦੀ ਆਕ੍ਰਿਤੀ ਚਿੱਤਰਤ ਹੈ।
19. ਗੁਰਦੁਆਰਾ ਪੋਥੀਮਾਲਾ ਅੰਦਰਲੇ ਛੋਟੇ ਕਮਰੇ ਦਾ ਦਰਵਾਜ਼ਾ।
20. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਧ ਯੋਗੀਆਂ ਨਾਲ ਸੰਵਾਦ (ਗੋਸ਼ਟਿ) ਦਾ ਦ੍ਰਿਸ਼।
21. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਪਣੇ ਪੁੱਤਰਾਂ ਨਾਲ ਸੰਵਾਦ ਦਾ ਚਿੱਤਰ।

22. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਪਣੇ ਸਿੱਖ ਸੇਵਕਾਂ ਨਾਲ ਚਿੱਤਰ।

23. ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਸਾਂਝਾ ਚਿੱਤਰ ਜਿਸ ਵਿੱਚ ਉਨ੍ਹਾਂ ਨੂੰ ਘੋੜਿਆਂ ’ਤੇ ਸਵਾਰ ਦਿਖਾਇਆ ਗਿਆ ਹੈ ਅਤੇ ਨਾਲ ਸਿੱਖ ਸ਼ਰਧਾਲੂ ਹਨ।

24. ਸ੍ਰੀ ਗੁਰੂ ਰਾਮ ਦਾਸ ਜੀ ਦਾ ਚਿੱਤਰ।

25. ਸ੍ਰੀ ਗੁਰੂ ਹਰਗੋਬਿੰਦ ਜੀ ਆਪਣੇ ਸ਼ਰਧਾਲੂਆਂ ਨਾਲ (ਇਸ ਚਿੱਤਰ ਦਾ ਉੱਪਰਲਾ ਭਾਗ ਪੂਰੀ ਤਰ੍ਹਾਂ ਖ਼ਰਾਬ ਹੋ ਚੁੱਕਾ ਹੈ, ਕੇਵਲ ਸਿੱਖ ਸੇਵਕਾਂ ਦੀਆਂ ਆਕ੍ਰਿਤੀ ਵਾਲਾ ਭਾਗ ਬਚਿਆ ਹੈ।)

26. ਸ੍ਰੀ ਗੁਰੂ ਹਰਿਰਾਏ ਸਾਹਿਬ ਜੀ।

27. ਸ੍ਰੀ ਗੁਰੂ ਹਰਕ੍ਰਿਸ਼ਨ ਜੀ।

28. ਸਿੱਖ ਵਿਸ਼ੇ ਨਾਲ ਸੰਬੰਧਤ ਇੱਕ ਚਿੱਤਰ ਜੋ ਕਿ ਕਾਫ਼ੀ ਹੱਦ ਤੱਕ ਖਰਾਬ ਹੋ ਚੁੱਕਾ ਹੈ।

29. ਸ੍ਰੀ ਗੁਰੂ ਤੇਗ਼ ਬਹਾਦਰ ਜੀ।

